Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Ad Space Available
Call 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 07, February 17, 2018 20451 N. Plum Grove Rd., Palatine, IL 60074 Ph:847-359-0746, Fax:847-705-9388

# ਮੌੜ ਧਮਾਕੇ ਦੀ ਸੂਈ ਡੇਰਾ ਸਿਰਸਾ ਵੱਲ ਘੁੰਮੀ

## ਬੇਅਦਬੀ ਕਾਂਡ ਦੀ ਜਾਂਚ ਵੀ ਡੇਰੇ ਵੱਲ ਜਾਣ ਦੇ ਚਰਚੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਮੌੜ ਬੰਬ ਧਮਾਕੇ ਦੀ ਪੈੜ ਡੇਰਾ ਸਿਰਸਾ ਪੁੱਜ ਗਈ ਹੈ। ਇਸ ਬੰਬ ਧਮਾਕੇ ਲਈ ਵਰਤੀ ਗਈ ਕਾਰ ਨੂੰ ਡੇਰਾ ਸਿਰਸਾ ਦੀ ਵੀ.ਆਈ.ਪੀ. ਵਰਕਸ਼ਾਪ ਵਿਚ ਰੰਗ ਹੋਇਆ ਸੀ। ਪੰਜਾਬ ਪੁਲਿਸ ਨੇ ਹਰਿਆਣਾ ਵਿਚੋਂ ਚਾਰ ਵਿਅਕਤੀ ਹਿਰਾਸਤ ਵਿਚ ਲਏ ਹਨ, ਜਿਨ੍ਹਾਂ ਵਿਚੋਂ ਦੋ ਡੇਰਾ ਸਿਰਸਾ ਦੀ ਵਰਕਸ਼ਾਪ ਦੇ ਪੇਂਟਰ ਤੇ ਡੈਂਟਰ ਹਨ।

ਯਾਦ ਰਹੇ, ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 31 ਜਨਵਰੀ, 2017 ਦੀ ਰਾਤ ਮੌੜ ਮੰਡੀ ਵਿਚ ਮਾਰੂਤੀ ਕਾਰ ਵਿਚ ਬੰਬ ਧਮਾਕਾ ਹੋਇਆ ਸੀ, ਜਿਸ ਵਿਚ ਚਾਰ ਬੱਚਿਆਂ ਸਣੇ ਸੱਤ ਜਣੇ ਮਾਰੇ ਗਏ ਸਨ। ਇਹ ਧਮਾਕਾ ਡੇਰਾ ਮੁਖੀ ਦੇ ਰਿਸ਼ਤੇਦਾਰ ਅਤੇ ਕਾਂਗਰਸੀ ਆਗੂ ਹਰਮਿੰਦਰ ਜੱਸੀ ਦੀ ਰੈਲੀ ਦੌਰਾਨ ਹੋਇਆ ਸੀ। ਧਮਾਕੇ ਵਾਲੀ ਕਾਰ ਵਿਚ ਵਰਤੀ ਬੈਟਰੀ ਵੀ ਸਿਰਸਾ ਤੋਂ ਖਰੀਦੀ ਗਈ ਸੀ। ਪੁਲਿਸ ਤੇ ਜਾਂਚ ਏਜੰਸੀਆਂ ਹੁਣ ਤੱਕ ਇਸ ਨੂੰ ਗਰਮਖਿਆਲੀਆਂ ਦਾ ਕਾਰਾ ਮੰਨ ਕੇ ਜਾਂਚ ਵਿਚ ਜੁਟੀਆਂ ਰਹੀਆਂ ਹਨ, ਪਰ ਨਵੇਂ ਖੁਲਾਸੇ ਨੇ ਜਾਂਚ ਦਾ ਰੁਖ ਹੀ ਬਦਲ ਦਿੱਤਾ।

ਇਹ ਵੀ ਪਤਾ ਲੱਗਾ ਹੈ ਕਿ ਜਿਸ ਵਰਕਸ਼ਾਪ ਵਿਚ ਇਸ ਮਾਰੂਤੀ ਕਾਰ ਨੂੰ ਰੰਗ ਹੋਇਆ, ਉਸ 'ਚ ਸਿਰਫ ਡੇਰਾ ਮੁਖੀ ਅਤੇ ਹਨੀਪ੍ਰੀਤ ਦਾ ਹੀ

*(ਬਾਕੀ ਸਫਾ 6 ਉਤੇ)*



### ਕੈਪਟਨ ਨੂੰ ਜਾਗਿਆ ਡੇਰੇ ਦਾ ਮੋਹ

**ਬਠਿੰਡਾ:** ਸਿਆਸੀ ਧਿਰਾਂ ਦਾ ਡੇਰਾ ਸਿਰਸਾ ਤੋਂ ਮੋਹ ਭੰਗ ਨਹੀਂ ਹੋ ਰਿਹਾ। ਕੈਪਟਨ ਅਮਰਿੰਦਰ ਸਰਕਾਰ ਨੇ ਚੁੱਪ ਚੁਪੀਤੇ ਡੇਰਾ ਪ੍ਰਬੰਧਕਾਂ ਨੂੰ ਨਾਮ ਚਰਚਾ ਕਰਨ ਲਈ ਜਬਾਨੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ। ਡੇਰਾ ਸਿਰਸਾ ਦੇ ਪੰਜਾਬ 'ਚ ਸਲਾਬਤਪੁਰਾ ਸਥਿਤ ਮੁਖ ਡੇਰੇ ਵਿਚ 14 ਜਨਵਰੀ ਤੋਂ ਨਾਮ ਚਰਚਾ ਹੋਣ ਲੱਗੀ ਹੈ ਜਦੋਂਕਿ ਬਠਿੰਡਾ-ਮਲੋਟ ਮਾਰਗ 'ਤੇ ਪੈਂਦੇ ਨਾਮ ਚਰਚਾ ਘਰ ਵਿਚ ਨਾਮ ਚਰਚਾ ਸ਼ੁਰੂ ਹੋਈ ਹੈ। ਦੱਸਣਯੋਗ ਹੈ ਕਿ ਇਨ੍ਹਾਂ ਡੇਰਿਆਂ ਤੇ ਨਾਮ ਚਰਚਾ ਘਰਾਂ 'ਚ ਆਖਰੀ ਵਾਰ ਅਗਸਤ 2017 ਦੇ ਪਹਿਲੇ ਹਫਤੇ ਨਾਮ ਚਰਚਾ ਹੋਈ ਸੀ। ਪੰਜਾਬ ਵਿਚ ਡੇਰਾ ਸਿਰਸਾ ਦੇ ਤਕਰੀਬਨ 97 ਡੇਰੇ ਅਤੇ ਨਾਮ ਚਰਚਾ ਘਰ ਹਨ, ਜਿਨ੍ਹਾਂ ਦੇ ਹੁਣ ਮੁੜ ਖੁੱਲ੍ਹਣ ਦੇ ਆਸਾਰ ਬਣ ਗਏ ਹਨ। ਕਾਂਗਰਸ ਹਕੂਮਤ ਡੇਰਾ ਪ੍ਰੇਮੀਆਂ ਨੂੰ ਖੁਸ਼ ਰੱਖਣਾ ਚਾਹੁੰਦੀ ਹੈ, ਜਿਸ ਕਾਰਨ ਪੁਲਿਸ ਅਫਸਰ 'ਦਿਆਲੂ' ਹੋ ਗਏ ਹਨ।

# ਕੈਪਟਨ ਨੂੰ ਹੁਣ ਟਰੂਡੋ ਦੀ ਬੇਸਬਰੀ ਨਾਲ ਉਡੀਕ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ 21 ਫਰਵਰੀ ਨੂੰ ਅੰਮ੍ਰਿਤਸਰ ਮੌਕੇ ਉਨ੍ਹਾਂ ਨੂੰ ਜੀ ਆਇਆਂ ਆਖਣ ਲਈ ਰਾਜ਼ੀ ਹੋ ਗਏ ਹਨ। ਦੋਵਾਂ ਧਿਰਾਂ ਨੇ ਮੌਕੇ ਤੇ ਹਾਲਾਤ ਮੁਤਾਬਕ ਫੈਸਲਾ ਲੈਣ ਵਿਚ ਹੀ ਭਲਾਈ ਸਮਝੀ ਹੈ। ਕੈਪਟਨ ਦਾ ਦਾਅਵਾ ਹੈ ਕਿ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਵੱਲੋਂ ਖਾਲਿਸਤਾਨ ਦੇ ਹੱਕ ਵਿਚ ਖੜ੍ਹਨ ਤੋਂ ਕੋਰੀ ਨਾਂਹ ਪਿੱਛੋਂ ਹੀ ਪੰਜਾਬ ਸਰਕਾਰ ਟਰੂਡੋ ਦੇ ਸਵਾਗਤ ਲਈ ਅੱਗੇ ਆਈ ਹੈ।

ਇਹ ਵੀ ਚਰਚਾ ਹੈ ਕਿ ਟਰੂਡੋ ਦੀ ਅੰਮ੍ਰਿਤਸਰ ਆਮਦ ਬਾਰੇ ਐਲਾਨ ਪਿੱਛੋਂ ਕੈਪਟਨ ਸਰਕਾਰ ਲਈ ਬੜੀ ਔਖੀ ਸਥਿਤੀ ਬਣੀ ਹੋਈ ਸੀ। ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਆਮਦ 'ਤੇ ਸੂਬੇ ਦਾ ਮੁੱਖ ਮੰਤਰੀ ਹੋਣ ਨਾਤੇ ਟਰੂਡੋ ਦਾ ਸਵਾਗਤ ਕੈਪਟਨ ਦੀ ਸੰਵਿਧਾਨਿਕ ਮਜਬੂਰੀ ਵੀ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਬਾਦਲ ਵੱਲੋਂ ਟਰੂਡੋ ਦੇ ਸਵਾਗਤ ਦਾ ਐਲਾਨ ਕਰ ਕੇ ਕੈਪਟਨ ਸਰਕਾਰ ਲਈ ਵੱਡੀ ਸਮੱਸਿਆ ਖੜ੍ਹੀ ਕਰ ਦਿੱਤੀ ਸੀ। ਹਾਲਾਤ ਨੂੰ ਵੇਖਦੇ ਹੋਏ ਕੈਪਟਨ ਤੇ ਕੈਨੇਡਾ ਸਰਕਾਰ ਨੇ 'ਸੁਲ੍ਹਾ' ਵਿਚ ਹੀ ਭਲਾਈ ਸਮਝੀ। ਯਾਦ ਰਹੇ ਕਿ ਪਿਛਲੇ ਵਰ੍ਹੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਦੀ ਅੰਮ੍ਰਿਤਸਰ ਫੇਰੀ ਮੌਕੇ ਕੈਪਟਨ ਨੇ ਉਨ੍ਹਾਂ ਨੂੰ ਮਿਲਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਉਹ ਗਰਮਖਿਆਲੀਆਂ ਦੇ ਹਮਾਇਤੀ ਹਨ। ਉਦੋਂ ਕੈਪਟਨ ਸਰਕਾਰ ਦੀ ਕਾਫੀ ਅਲੋਚਨਾ ਹੋਈ ਸੀ। ਇਥੋਂ ਤੱਕ ਕਿ ਸਿੱਖ ਜਥੇਬੰਦੀਆਂ ਨੇ ਵਿਦੇਸ਼ਾਂ ਵਿਚ ਕੈਪਟਨ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਸੀ। ਇਸ ਲਈ ਪੰਜਾਬ ਸਰਕਾਰ ਹੁਣ ਮੁੜ ਇਹ ਗਿਲਾ ਆਪਣੇ ਸਿਰ ਲੈਣ ਤੋਂ ਟਲ ਰਹੀ ਸੀ।

ਹੁਣ ਕੈਨੇਡਾ ਦੀ ਪ੍ਰੈੱਸ ਵਿਚ ਛਪੇ ਸੱਜਣ ਦੇ ਬਿਆਨ ਮੁਤਾਬਕ ਉਨ੍ਹਾਂ ਤੇ ਕੈਨੇਡਾ ਦੇ ਮੰਤਰੀ ਅਮਰਜੀਤ ਸੋਹੀ ਨੇ ਨਾ ਤਾਂ ਸਿੱਖ ਕੌਮਪ੍ਰਸਤੀ ਲਹਿਰ ਪ੍ਰਤੀ ਹਮਦਰਦੀ ਪ੍ਰਗਟਾਈ



ਹੈ ਤੇ ਨਾ ਹੀ ਇਸ ਦੇ ਪੱਖ ਵਿਚ ਹਨ ਜਿਸ ਦਾ ਮਕਸਦ ਭਾਰਤ ਦੇ ਪੰਜਾਬ ਖਿੱਤੇ ਵਿਚ ਖਾਲਿਸਤਾਨ ਦੇ ਨਾਂ ਹੇਠ ਵੱਖਰਾ ਮੁਲਕ ਬਣਾਉਣਾ ਹੈ। ਪੰਜਾਬ ਸਰਕਾਰ ਇਸ ਪਿੱਛੋਂ ਇਹ ਕਹਿ ਕੇ ਟਰੂਡੋ ਦੇ ਸਵਾਗਤ ਲਈ ਰਾਜ਼ੀ ਹੋ ਗਈ ਕਿ ਕੈਨੇਡਾ ਦੇ ਮੰਤਰੀਆਂ ਦੇ ਬਿਆਨ ਤੋਂ ਸਿੱਧ ਹੁੰਦਾ ਹੈ ਕਿ ਇਸ ਮੁਲਕ ਦੀ ਸਰਕਾਰ ਭਾਰਤ ਵਿਰੋਧੀ ਕਾਰਵਾਈਆਂ ਕਰਨ ਵਾਲਿਆਂ ਦੇ ਹੱਕ ਵਿਚ ਨਹੀਂ ਹੈ। ਇਸ ਪਿੱਛੋਂ ਕੈਪਟਨ ਦਾ ਬਿਆਨ ਆ ਗਿਆ ਕਿ ਉਹ ਟਰੂਡੋ ਦੀ ਪੰਜਾਬ

*(ਬਾਕੀ ਸਫਾ 6 ਉਤੇ)*

ਜੁਲਾਈ - ਅਗਸਤ 2018
High Season Sale
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ
Fares shown are for July 10th to Dec 7th 2018 departure from Detroit and may change without notice. please call for more details. Other conditions apply.

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty: Corporate Tax, Personal Income Tax, Financial Statement Audit, New Business Setup, Year Round Service, Accounting, Bookkeeping, Payroll Services, Immigration Forms
Insurance: Auto, Home, Life, Business, Worker Comp.
Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਫਰਵਰੀ ਮੀਟਿੰਗ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਫਰਵਰੀ ਮਹੀਨੇ ਦੀ ਮੀਟਿੰਗ ਲੰਘੇ ਐਤਵਾਰ ਹੋਈ ਜਿਸ ਦਾ ਅਰੰਭ ਰਾਜਿੰਦਰ ਕੌਰ ਅਤੇ ਮਨਜੀਤ ਕੌਰ ਘੁੰਮਣ ਨੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ।

ਸਾਹਿਤਕ ਦੌਰ ਦਾ ਅਰੰਭ ਤਰਸੇਮ ਘੁੰਮਣ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹ ਕੇ ਕੀਤਾ ਜਿਨ੍ਹਾਂ ਪੜ੍ਹੀ ਅਤੇ ਫਿਰ ਪੰਜਾਬੀ ਗੀਤ 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ" ਗਾ ਕੇ ਸੁਣਾਇਆ। ਰਾਜਿੰਦਰ ਕੌਰ ਨੇ 'ਧੀਏ ਨੀ ਸੁਣ ਧੀਏ, ਨੀ ਤੇਰਾ ਪੁੱਤਾਂ ਤੋਂ ਵਧ ਕੇ ਚਾਅ ਨੀ' ਆਪਣੀ ਸੁਰੀਲੀ ਆਵਾਜ਼ ਵਿਚ ਗਾਇਆ। ਡਾ. ਅਮਰਜੀਤ ਸ਼ਾਸਤਰੀ ਨੇ ਪਿਆਰ ਬਾਰੇ ਲਿਖੀ ਆਪਣੀ ਕਵਿਤਾ ਸੁਣਾਈ। ਪ੍ਰੇਮ ਮਾਨ ਨੇ ਇਸ ਕਵਿਤਾ ਦੇ ਸੰਦਰਭ ਵਿਚ



ਵਿਚੋਂ ਇਕ ਕਵਿਤਾ ਹਾਸੇ ਦੀ ਸੀ। ਚੇਤਨ ਸੋਢੀ ਨੇ ਆਪਣੀ ਕਹਾਣੀ 'ਪਿਆਰ ਦੀ ਪਿਆਸ' ਪੜ੍ਹੀ। ਸਰੋਜ ਆਰੀਆ ਨੇ ਹਿੰਦੁਸਤਾਨ ਦੇ ਆਪਣੇ ਸਫਰ ਦੌਰਾਨ ਉਥੇ ਦੇ ਹਾਲਤਾਂ ਬਾਰੇ ਲਿਖੀ ਕਵਿਤਾ ਪੜ੍ਹੀ। ਇਜਾਜ਼ ਭੱਟੀ ਨੇ ਇਕ ਗਜ਼ਲ ਅਤੇ ਆਪਣੀਆਂ ਕੁਝ ਕਵਿਤਾਵਾਂ ਪੜ੍ਹੀਆਂ। ਉਸ ਨੇ ਪਾਕਿਸਤਾਨੀ ਪੰਜਾਬੀ ਦੇ ਕੁਝ ਨਾਮੀ ਕਵੀਆਂ ਦੀਆਂ ਕਵਿਤਾਵਾਂ ਵੀ ਸੁਣਾਈਆਂ। ਅਵਾਇਸ ਰਾਜਾ ਨੇ ਆਪਣੀ ਇਕ ਕਵਿਤਾ ਅਤੇ ਇਕ ਗਜ਼ਲ ਸੁਣਾਈ।

ਤਰਲੋਚਨ ਸੱਚਰ ਨੇ ਆਪਣੀ ਕਹਾਣੀ 'ਸਾਰੰਗਾ ਚਾਚਾ' ਪੜ੍ਹੀ ਜਿਸ ਵਿਚ ਇਕ ਇਨਸਾਨ ਦੀ ਜ਼ਿੰਦਗੀ ਦੇ ਦਰਦ ਨੂੰ ਬਹੁਤ ਖੂਬਸੂਰਤੀ ਨਾਲ ਬਿਆਨ ਕੀਤਾ ਗਿਆ ਸੀ। ਸੰਦੀਪ ਸਿੰਘ ਨੇ ਆਪਣੀਆਂ ਦੋ ਕਵਿਤਾਵਾਂ 'ਇਮਾਰਤਾਂ' ਅਤੇ 'ਕੁਝ ਲਿਖਣਾ ਚਾਹੁੰਦਾ ਹਾਂ' ਪੜ੍ਹੀਆਂ। 'ਇਮਾਰਤਾਂ' ਨਿਊ ਯਾਰਕ ਦੀਆਂ ਉਚੀਆਂ ਲੰਬੀਆਂ ਇਮਾਰਤਾਂ ਦੀ ਕਹਾਣੀ ਬਿਆਨ ਕਰਦੀ ਸੀ ਅਤੇ 'ਕੁਝ ਲਿਖਣਾ ਚਾਹੁੰਦਾ ਹਾਂ' ਰੁਮਾਂਸਵਾਦੀ ਪਿਆਰ ਬਾਰੇ ਸੀ।

ਸੁਨੀਤਾ ਕੌੜਾ ਨੇ ਆਪਣੀ ਇਕ ਕਵਿਤਾ ਪਿਆਰ ਅਤੇ ਹਵਸ ਵਿਚਕਾਰਲੇ ਫਰਕ ਬਾਰੇ ਕੁਝ ਗੱਲਾਂ ਕੀਤੀਆਂ। ਸਤੀਸ਼ ਆਰੀਆ ਨੇ ਇਕ ਉਰਦੂ ਗਜ਼ਲ ਅਤੇ ਇਕ ਹਿੰਦੀ ਗੀਤ ਗਾ ਕੇ ਸੁਣਾਏ। ਸੰਗੀਤ ਸ਼ਰਮਾ ਨੇ ਇਕ ਹਿੰਦੀ ਗੀਤ ਸੁਣਾਇਆ। ਰੀਤਾ ਕੋਹਲੀ ਨੇ ਦੋ ਉਰਦੂ ਗਜ਼ਲਾਂ ਅਤੇ ਤਿੰਨ ਪੰਜਾਬੀ ਗੀਤ ਸੁਣਾਏ। ਦੀਕਸ਼ਾ ਕੌੜਾ ਨੇ ਦੋ ਛੋਟੇ ਛੋਟੇ ਹਾਸੇ ਵਾਲੇ ਸਕਿੱਟ ਕਰ ਕੇ ਸਾਰੇ ਮੈਂਬਰਾਂ ਨੂੰ ਹਸਾਇਆ। ਅਜਾਇਬ ਸਿੰਘ ਨੇ ਧਾਰਮਿਕ ਗੀਤ ਗਾ ਕੇ ਹਾਜ਼ਰੀ ਲੁਆਈ। ਜਤਿੰਦਰ ਰਵੀ ਅਤੇ ਰਕੇਸ਼ ਰਵੀ ਨੇ ਰਲ ਕੇ ਬਹੁਤ ਖ਼ੂਬਸੂਰਤੀ ਨਾਲ ਹਿਮਾਚਲ ਦਾ ਲੋਕ ਗੀਤ 'ਮਾਏਂ ਨੀ ਮੇਰੀਏ, ਸ਼ਿਮਲੇ ਦੀ ਰਾਹੇਂ, ਚੰਬਾ ਕਿੰਨੀ ਕੁ ਦੂਰ' ਗਾਇਆ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਲਵਲੀਨ ਕੌੜਾ, ਸਰਬਜੀਤ ਮਾਨ, ਹਨੀ ਸਿੰਘ, ਮਨਜੀਤ ਕੌਰ ਘੁੰਮਣ, ਨਿਰਮਲ ਬੱਬਰ, ਸਵਿਤਾ ਗੀਰਾ, ਪਦਮਾਵਤੀ ਕਮੀਰਾ, ਐਂਜਲਾ ਸਿੰਘ, ਰੋਹਨ ਸਿੰਘ ਅਤੇ ਜਸਕੀਰਤ ਸਿੰਘ ਵੀ ਹਾਜ਼ਰ ਸਨ। ਮੀਟਿੰਗ ਦਾ ਸੰਚਾਲਨ ਦੀਕਸ਼ਾ ਕੌੜਾ ਨੇ ਕੀਤਾ।

# ਨੀਤੀ ਆਯੋਗ ਦੇ ਸਿਹਤ ਸੂਚਕ ਅੰਕ ਵਿਚ ਪੰਜਾਬ ਦਾ ਦੂਜਾ ਨੰਬਰ

**ਨਵੀਂ ਦਿੱਲੀ:** ਨੀਤੀ ਆਯੋਗ ਦੇ ਸਿਹਤ ਸੂਚਕ ਅੰਕ ਵਿਚ ਕੁੱਲ ਮਿਲਾ ਕੇ ਸਿਹਤ ਕਾਰਗੁਜ਼ਾਰੀ ਪੱਖੋਂ ਕੇਰਲਾ ਰਾਜ ਸਿਖਰ ਉਤੇ ਰਿਹਾ ਹੈ ਜਦਕਿ ਹਾਲੀਆ ਸਮੇਂ ਵਿਚ ਵੱਡਾ ਸੁਧਾਰ ਵਿਖਾਉਣ ਵਾਲਾ ਉਤਰ ਪ੍ਰਦੇਸ਼ ਇਸ ਸੂਚੀ ਵਿਚ ਸਭ ਤੋਂ ਹੇਠਲੇ ਸਥਾਨ ਉਤੇ ਹੈ। 'ਸਿਹਤਮੰਦ ਸੂਬੇ, ਤਰੱਕੀਪਸੰਦ ਭਾਰਤ: ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਦਰਜਾਬੰਦੀ ਬਾਰੇ ਰਿਪੋਰਟ' ਵਿਚ ਕੇਰਲਾ ਤੋਂ ਬਾਅਦ ਦੂਜਾ ਨੰਬਰ ਪੰਜਾਬ ਦਾ ਹੈ ਜਦਕਿ ਤਾਮਿਲਨਾਡੂ ਤੇ ਗੁਜਰਾਤ ਨੂੰ ਕ੍ਰਮਵਾਰ ਤੀਜੇ ਤੇ ਚੌਥੇ ਸਥਾਨ ਉਤੇ ਰੱਖਿਆ ਗਿਆ ਹੈ। ਮਾੜੀ ਕਾਰਗੁਜ਼ਾਰੀ ਵਾਲੇ ਰਾਜਾਂ ਵਿਚ ਰਾਜਸਥਾਨ, ਬਿਹਾਰ ਤੇ ਉੜੀਸਾ ਵੀ ਸ਼ੁਮਾਰ ਹਨ।

ਹੈਲਥ ਇੰਡੈਕਸ ਰਿਪੋਰਟ (ਐਚ. ਡੀ. ਆਈ.) ਅਨੁਸਾਰ ਪੰਜਾਬ ਨੇ ਸਾਲ 2015-16 ਦੌਰਾਨ ਉਸ ਤੋਂ ਪਿਛਲੇ ਸਾਲ (2014-15) ਦੇ ਮੁਕਾਬਲੇ 3.19 ਅੰਕਾਂ ਦੀ ਬਿਹਤਰੀ ਦਿਖਾਈ ਜਦੋਂਕਿ ਹਰਿਆਣਾ ਇਸੇ ਇੰਡੈਕਸ ਵਿੱਚ ਇਕ ਸਥਾਨ ਖਿਸਕ ਕੇ 13ਵੇਂ ਸਥਾਨ ਉਤੇ ਆ ਗਿਆ। ਪੰਜਾਬ ਨੇ ਜਿਨ੍ਹਾਂ ਖੇਤਰਾਂ ਵਿਚ ਬਿਹਤਰੀ ਦਰਸਾਈ ਹੈ, ਉਨ੍ਹਾਂ ਨਵਜਾਤ ਬਾਲਾਂ ਦੀ ਮੌਤ ਦਰ ਵਿਚ ਕਮੀ, ਬੱਚਿਆਂ ਦੀ ਜਨਮ ਦਰ ਵਿਚ ਕਮੀ, ਪੰਜ ਸਾਲ ਤੋਂ ਘੱਟ ਉਮਰ ਦੇ ਬਾਲਾਂ ਦੀ ਮੌਤ ਦਰ ਘਟਣੀ ਅਤੇ ਕੁੜੀਆਂ ਦੀ ਜਨਮ ਦਰ ਵਿਚ ਸੁਧਾਰ ਆਦਿ ਸ਼ੋਅਬੇ ਸ਼ਾਮਲ ਹਨ। ਨੀਤੀ ਆਯੋਗ ਮੁਤਾਬਕ ਪੰਜਾਬ ਦੇ ਬੱਚਿਆਂ ਵਿਚ ਕੁਪੋਸ਼ਣ ਦੀ ਦਰ ਵੀ ਘਟੀ ਹੈ, ਪਰ ਮੁਟਿਆਰਾਂ ਵਿਚ ਹੀਮੋਗਲੋਬਿਨ ਦੀ ਘਾਟ ਅਜੇ ਵੀ ਚਿੰਤਾਜਨਕ ਮਾਮਲਾ ਹੈ।

ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਹੈਲਥ ਇੰਡੈਕਸ ਵਿਚ ਪੰਜਾਬ ਦੀ ਪ੍ਰਗਤੀ ਉਤੇ ਤਸੱਲੀ ਪ੍ਰਗਟਾਈ ਹੈ। ਉਨ੍ਹਾਂ ਨੇ ਇਸ ਨੂੰ ਰਾਜ ਵਾਸਤੇ ਸੁਖਾਵੀਂ ਪ੍ਰਾਪਤੀ ਦੱਸਦਿਆਂ ਨੇੜ ਭਵਿੱਖ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਦਾ ਵਾਅਦਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਵੇਲੇ ਇਹ ਸਥਾਨ ਕੇਰਲਾ ਦਾ ਹੈ ਜਦੋਂਕਿ ਤਾਮਿਲ ਨਾਡੂ ਤੀਜੇ ਸਥਾਨ ਉਤੇ ਹੈ। ਹੈਲਥ ਇੰਡੈਕਸ ਰਿਪੋਰਟ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਾ ਉਪਰਾਲਾ ਹੈ। ਇਸ ਦਾ ਮਨੋਰਥ ਸਿਹਤ ਸੰਭਾਲ ਦੇ ਖੇਤਰ ਵਿਚ ਰਾਜਾਂ ਤੇ ਕੇਂਦਰੀ ਪ੍ਰਦੇਸ਼ਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ ਅਤੇ ਇਸ ਨੂੰ ਸੁਧਾਰਨ ਲਈ ਹੀਲੇ ਕਰਨਾ ਹੈ। ਇਹ ਉਦਮ 2014-15 'ਚ ਅਰੰਭ ਹੋਇਆ। ਮੁਲਾਂਕਣ ਵਾਸਤੇ ਰਾਜਾਂ ਦੇ ਕੇਂਦਰੀ ਪ੍ਰਦੇਸ਼ਾਂ ਨੂੰ 3 ਵਰਗਾਂ 'ਚ ਵੰਡਿਆ ਗਿਆ ਹੈ: ਵੱਡੇ ਰਾਜ (21), ਛੋਟੇ ਰਾਜ ਤੇ ਕੇਂਦਰੀ ਪ੍ਰਦੇਸ਼। ਇਸੇ ਮੁਲਾਂਕਣ ਦੇ ਆਧਾਰ 'ਤੇ ਰਾਜਾਂ ਨੂੰ ਵੱਖ ਵੱਖ ਸਿਹਤ ਸੰਭਾਲ ਪ੍ਰੋਜੈਕਟਾਂ ਵਾਸਤੇ ਕੇਂਦਰੀ ਫੰਡ ਅਲਾਟ ਕੀਤੇ ਜਾਂਦੇ ਹਨ।

# ਗੈਰਕਾਨੂੰਨੀ ਕਾਲੋਨੀਆਂ ਬਾਰੇ ਸਿੱਧੂ ਦੇ ਵੱਖਰੇ ਸੁਰ

**ਚੰਡੀਗੜ੍ਹ:** ਪੰਜਾਬ ਵਿਚ ਗੈਰਕਾਨੂੰਨੀ ਕਾਲੋਨੀਆਂ ਨੂੰ ਨਿਯਮਤ (ਰੈਗੂਲਰ) ਕਰਨ ਦੇ ਮੁੱਦੇ ਉਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਇਤਰਾਜ਼ਾਂ ਕਾਰਨ ਕੈਬਨਿਟ ਸਬ ਕਮੇਟੀ ਕਿਸੇ ਨਤੀਜੇ 'ਤੇ ਨਾ ਪਹੁੰਚ ਸਕੀ। ਕਮੇਟੀ ਦੀ ਮੀਟਿੰਗ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦੀ ਪ੍ਰਧਾਨਗੀ ਹੇਠ ਹੋਈ। ਸੂਤਰਾਂ ਮੁਤਾਬਕ ਸ੍ਰੀ ਸਿੱਧੂ ਨੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਵੱਲੋਂ ਕਾਲੋਨੀਆਂ ਰੈਗੂਲਰ ਕਰਨ ਦੀ ਨੀਤੀ ਨੂੰ ਸਥਾਨਕ ਸਰਕਾਰਾਂ ਵਿਭਾਗ ਉਤੇ 25 ਹਜ਼ਾਰ ਕਰੋੜ ਰੁਪਏ ਦਾ ਵਿੱਤੀ ਬੋਝ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਕਾਲੋਨੀਆਂ ਨੂੰ ਕਾਨੂੰਨੀ ਰੂਪ ਦੇ ਦਿੱਤਾ ਤਾਂ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨ ਵਾਲੇ ਕਾਲੋਨਾਈਜ਼ਰਾਂ ਦੇ ਪੱਲੇ ਹੀ ਨਿਰਾਸ਼ਾ ਨਹੀਂ ਪਵੇਗੀ, ਸਗੋਂ ਪੰਜਾਬ ਦੇ ਸ਼ਹਿਰਾਂ ਦਾ ਹੁਲੀਆ ਵੀ ਵਿਗੜ ਜਾਵੇਗਾ।

ਮੰਤਰੀ ਨੇ 500 ਕਰੋੜ ਦਾ ਮਾਲੀਆ ਆਉਣ ਦੀਆਂ ਦਲੀਲਾਂ ਵੀ ਰੱਦ ਕਰ ਦਿੱਤੀਆਂ। ਉਂਜ ਮੰਤਰੀਆਂ ਦੀ ਕਮੇਟੀ ਨੇ ਸ਼ਹਿਰੀ ਵਿਕਾਸ



ਤੇ ਮਕਾਨ ਉਸਾਰੀ ਵਿਭਾਗ ਨੂੰ ਹਦਾਇਤ ਕੀਤੀ ਕਿ ਕਾਲੋਨੀਆਂ ਰੈਗੂਲਰ ਕਰਨ ਲਈ ਸਪੱਸ਼ਟ ਨੀਤੀ ਬਣਾਈ ਜਾਵੇ ਤੇ ਰਹਿਣ ਵਾਲੇ ਲੋਕਾਂ ਤੋਂ ਸੁਝਾਅ ਲਏ ਜਾਣ। ਇਸ ਤੋਂ ਪਹਿਲਾਂ ਨਵਜੋਤ ਸਿੱਧੂ ਨੇ ਦਲੀਲ ਦਿੰਦਿਆਂ ਕਿਹਾ ਕਿ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਦੇ ਪ੍ਰਸਤਾਵ ਮੁਤਾਬਕ ਗੈਰਕਾਨੂੰਨੀ ਕਾਲੋਨੀਆਂ ਸ਼ਹਿਰੀ ਖੇਤਰਾਂ ਦੇ ਤਕਰੀਬਨ 40 ਹਜ਼ਾਰ ਏਕੜ ਰਕਬੇ ਵਿਚ ਫੈਲੀਆਂ ਹੋਈਆਂ ਹਨ।

ਇਨ੍ਹਾਂ ਕਾਲੋਨੀਆਂ ਦਾ ਵਿਕਾਸ ਕਰਨ (ਸੀਵਰੇਜ, ਪੀਣ ਵਾਲਾ ਪਾਣੀ, ਸੜਕਾਂ, ਗਲੀਆਂ-ਨਾਲੀਆਂ ਤੇ ਹੋਰ ਬੁਨਿਆਦੀ ਸਹੂਲਤਾਂ) ਲਈ ਸਥਾਨਕ ਸਰਕਾਰਾਂ ਵਿਭਾਗ ਨੂੰ ਤਕਰੀਬਨ 25 ਹਜ਼ਾਰ ਕਰੋੜ ਰੁਪਏ ਦੇ ਫੰਡ ਲੋੜੀਂਦੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਵਿਚ ਮਿਊਂਸਪਲ ਕਮੇਟੀਆਂ ਇੰਨਾ ਵੱਡਾ ਵਿੱਤੀ ਭਾਰ ਝੱਲਣ ਦੇ ਸਮਰੱਥ ਨਹੀਂ ਹਨ। ਨਵਜੋਤ ਸਿੱਧੂ ਦੇ ਸਖਤ ਇਤਰਾਜ਼ਾਂ ਕਾਰਨ ਕੈਬਨਿਟ ਸਬ ਕਮੇਟੀ ਇਸ ਮਾਮਲੇ ਉਤੇ ਕੋਈ ਵੀ ਫੈਸਲਾ ਨਹੀਂ ਲੈ ਸਕੀ।

# ਬੈਕਲਾਗ ਦਾ ਨਿਬੇੜਾ ਕਰੇਗਾ ਟਰੰਪ ਦਾ ਆਵਾਸ ਢਾਂਚਾ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਨੇ ਦੱਸਿਆ ਕਿ ਰਾਸ਼ਟਰਪਤੀ ਡੋਨਲਡ ਟਰੰਪ ਦਾ ਆਵਾਸ ਢਾਂਚਾ ਲਾਟਰੀ ਵੀਜ਼ੇ ਨੂੰ ਖਤਮ ਕਰੇਗਾ, ਜਿਸ ਨਾਲ ਗਰੀਨ ਕਾਰਡ ਦਾ ਬੈਕਲਾਗ ਘਟਾਉਣ ਵਿਚ ਮਦਦ ਮਿਲੇਗੀ। ਐਚ-1ਬੀ ਵੀਜ਼ਾ ਧਾਰਕ ਭਾਰਤੀਆਂ ਵੱਲੋਂ ਗਰੀਨ ਕਾਰਡ ਵੰਡ ਤੋਂ ਪ੍ਰਤੀ ਮੁਲਕ ਸੀਮਾ ਹਟਾਉਣ ਦੀ ਮੰਗ ਕੀਤੀ ਜਾ ਰਹੀ ਹੈ। ਭਾਰਤੀ-ਅਮੈਰਿਕਨਾਂ, ਜਿਨ੍ਹਾਂ ਵਿਚੋਂ ਜ਼ਿਆਦਾਤਰ ਹੁਨਰਮੰਦ ਹਨ ਅਤੇ ਪ੍ਰਮੁੱਖ ਤੌਰ ਉਤੇ ਐਚ-1ਬੀ ਵਰਕ ਵੀਜ਼ੇ ਉਤੇ ਅਮਰੀਕਾ ਆਏ ਹਨ, ਨੂੰ ਮੌਜੂਦਾ ਆਵਾਸ ਪ੍ਰਣਾਲੀ ਕਾਰਨ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਆਵਾਸ ਪ੍ਰਣਾਲੀ ਗਰੀਨ ਕਾਰਡਾਂ ਜਾਂ ਪੱਕੀ ਕਾਨੂੰਨੀ ਰਿਹਾਇਸ਼ ਲਈ ਪ੍ਰਤੀ ਮੁਲਕ ਸੱਤ ਫੀਸਦੀ ਕੋਟਾ ਲਾਗੂ ਕਰਦੀ ਹੈ। ਇਸ ਨਾਲ ਮੌਜੂਦਾ ਸਮੇਂ ਹੁਨਰਮੰਦ ਭਾਰਤੀ ਪਰਵਾਸੀਆਂ ਨੂੰ ਗਰੀਨ ਕਾਰਡ ਲਈ ਤਕਰੀਬਨ 70 ਸਾਲ ਉਡੀਕ ਕਰਨੀ ਪੈ ਸਕਦੀ ਹੈ। 'ਸਾਡੀ ਆਵਾਸ ਪ੍ਰਣਾਲੀ ਦੇ ਮਾਲੀ ਨੁਕਸਾਨ ਦਾ ਖਾਤਮਾ' ਬਾਰੇ ਤੱਥ ਸੀਟ ਵਿਚ ਵ੍ਹਾਈਟ ਹਾਊਸ ਨੇ ਕਿਹਾ, 'ਰਾਸ਼ਟਰਪਤੀ ਟਰੰਪ ਦਾ ਆਵਾਸ ਢਾਂਚਾ ਲਾਟਰੀ ਵੀਜ਼ਾ ਪ੍ਰੋਗਰਾਮ ਦਾ ਅੰਤ ਕਰੇਗਾ, ਜਿਸ ਨਾਲ ਹੁਨਰਮੰਦ ਅਤੇ ਸਵੈ ਰੁਜ਼ਗਾਰ ਆਧਾਰਤ ਪਰਵਾਸ ਕੇਸਾਂ ਦਾ ਬੈਕਲਾਗ ਘਟਾਉਣ ਵਿਚ ਮਦਦ ਮਿਲੇਗੀ।'

ਵ੍ਹਾਈਟ ਹਾਊਸ ਦੇ ਡਿਪਟੀ ਪ੍ਰੈੱਸ ਸੈਕਟਰੀ ਰਾਜ ਸ਼ਾਹ ਨੇ ਆਪਣੀ ਪਲੇਠੀ ਵ੍ਹਾਈਟ ਹਾਊਸ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ, 'ਮੈਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਕਾਨੂੰਨੀ ਆਵਾਸ ਸੁਧਾਰ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਅਸੀਂ ਮੌਜੂਦਾ ਲੜੀਵਾਰ ਪਰਿਵਾਰਕ ਪਰਵਾਸ ਤੋਂ ਮੈਰਿਟ ਆਧਾਰਤ ਆਵਾਸ ਸੁਧਾਰਾਂ ਵੱਲ ਵਧੀਏ।'


Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

www.friendsofpunjabfoundation.org



Michigan Truck Driving School

6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

## ਕੇਂਦਰ ਨੇ ਪੰਜਾਬ ਨੂੰ ਤਨਖਾਹ ਕਮਿਸ਼ਨ ਲਾਗੂ ਨਾ ਕਰਨ ਲਈ ਘੂਰਿਆ

**ਚੰਡੀਗੜ੍ਹ:** ਕੇਂਦਰੀ ਮਨੁੱਖੀ ਸਰੋਤ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਸਤਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਕਿਹਾ ਹੈ। ਪੱਤਰ ਵਿਚ ਅਧਿਆਪਕਾਂ ਨੂੰ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਨਿਰਧਾਰਤ ਸਮੇਂ ਵਿਚ ਵਧੀ ਹੋਈ ਤਨਖਾਹ ਦੇਣ ਲਈ ਕਿਹਾ ਹੈ। ਕੇਂਦਰ ਸਰਕਾਰ ਵੱਲੋਂ ਕਾਲਜ ਅਤੇ ਯੂਨੀਵਰਸਿਟੀ ਅਧਿਆਪਕਾਂ ਲਈ ਵੱਖਰਾ ਤਨਖਾਹ ਕਮਿਸ਼ਨ ਕਾਇਮ ਕੀਤਾ ਜਾਂਦਾ ਹੈ।

ਨਵੇਂ ਤਨਖਾਹ ਕਮਿਸ਼ਨ ਨੇ ਰਾਜ ਸਰਕਾਰਾਂ ਦੇ ਵਿੱਤੀ ਬੋਝ ਵਿਚ ਵਾਧਾ ਕਰਦਿਆਂ ਇਸ ਵਾਰ ਵਧੀ ਤਨਖਾਹ ਦਾ ਅਨੁਪਾਤ ਪੰਜਾਹ-ਪੰਜਾਹ ਫੀਸਦੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਹ ਕੇਂਦਰ ਸਿਰ 75 ਅਤੇ ਰਾਜ ਸਰਕਾਰਾਂ ਸਿਰ 25 ਫੀਸਦੀ ਦੇ ਅਨੁਪਾਤ ਨਾਲ ਵੰਡਿਆ ਗਿਆ ਸੀ। ਪੰਜਾਬ ਸਮੇਤ ਹੋਰ ਕਈ ਰਾਜਾਂ ਦੀਆਂ ਸਰਕਾਰਾਂ ਵੱਲੋਂ ਸੱਤਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਵਿਚ ਦੇਰੀ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਰਾਜ ਸਰਕਾਰਾਂ ਨੂੰ ਪੱਤਰ ਭੇਜ ਕੇ ਅਧਿਆਪਕਾਂ ਨੂੰ ਵਧੀ ਹੋਈ ਤਨਖਾਹ ਦੇਣ ਦੀ ਹਦਾਇਤ ਕੀਤੀ ਹੈ।

## ਰਾਮ ਰਹੀਮ ਦੇ ਨੋਟਾਂ ਨਾਲ ਭਰੇ ਟਰੱਕਾਂ ਬਾਰੇ ਸਿਰਸਾ ਪੁਲਿਸ ਚੁੱਪ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਿਰਸਾ ਪੁਲਿਸ ਨੂੰ ਝਾੜ ਪਾਈ ਹੈ। ਸਿਰਸਾ ਪੁਲਿਸ ਨੇ 25 ਅਗਸਤ 2017 ਪਿਛੋਂ ਗੁਰਮੀਤ ਰਾਮ ਰਹੀਮ ਦੇ ਹੈੱਡਕੁਆਟਰ ਵਿਚੋਂ ਪੈਸਿਆਂ ਨਾਲ ਭਰੇ ਦੋ ਟਰੱਕ ਡੇਰੇ ਵਿਚੋਂ ਬਾਹਰ ਜਾਣ ਵਾਲੀ ਗੱਲ ਆਪਣੀ ਰਿਪੋਰਟ 'ਚ ਲਿਖੀ ਸੀ ਪਰ ਇਸ 'ਤੇ ਅੱਗੇ ਕੋਈ ਕਾਰਵਾਈ ਨਹੀਂ ਕੀਤੀ।

ਸਿਰਸਾ ਪੁਲਿਸ ਮੁਤਾਬਕ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਸੀ ਕਿ ਬਲਰਾਜ ਨਾਂ ਦੇ ਡੇਰਾ ਪ੍ਰੇਮੀ ਨੇ ਪੈਸਿਆਂ ਨਾਲ ਭਰੇ ਹੋਏ ਦੋ ਟਰੱਕ ਡੇਰੇ ਵਿਚੋਂ ਬਾਹਰ ਨਿਕਲਦੇ ਵੇਖੇ ਸਨ। ਹਾਈ ਕੋਰਟ ਨੇ ਪੁਲਿਸ ਨੂੰ ਝਿੜਕਦਿਆਂ ਪੁੱਛਿਆ ਕਿ ਆਖਰ ਉਹ ਪੈਸੇ ਕਿੱਥੇ ਗਏ? ਅਦਾਲਤ ਨੇ ਹਰਿਆਣਾ ਪੁਲਿਸ ਨੂੰ ਲਾਹਨਤ ਪਾਉਂਦਿਆਂ ਕਿਹਾ ਕਿ ਜੇਕਰ ਉਹ ਇਸ ਜਾਂਚ ਨੂੰ ਨਹੀਂ ਕਰ ਸਕਦੀ ਤਾਂ ਕੀ ਇਹ ਕੇਸ ਪੰਜਾਬ ਪੁਲਿਸ ਨੂੰ ਦੇ ਦਿੱਤਾ ਜਾਵੇ। ਅਦਾਲਤ ਨੇ ਡੇਰਾ ਸਿਰਸਾ ਮਾਮਲੇ ਵਿਚ ਪਹਿਲਾਂ ਵੀ ਸਖਤੀ ਨਾਲ ਕਈ ਫੈਸਲੇ ਲਏ ਸਨ, ਜਿਨ੍ਹਾਂ 'ਚੋਂ ਡੇਰੇ ਦੀ ਜਾਇਦਾਦ ਜਬਤ ਕਰਨ ਦੇ ਆਦੇਸ਼ ਦੇਣਾ ਇਕ ਹੈ।

## ਓ.ਐਨ.ਜੀ.ਸੀ. ਦੇ ਜਹਾਜ਼ 'ਚ ਧਮਾਕਾ, 5 ਹਲਾਕ

**ਕੋਚੀ:** ਕੋਚਿਨ ਸ਼ਿਪਯਾਰਡ ਲਿਮਟਿਡ (ਸੀ.ਐਸ.ਐਲ.) ਦੇ ਅਹਾਤੇ ਵਿਚ ਮੁਰੰਮਤ ਦੌਰਾਨ ਓ.ਐਨ.ਜੀ.ਸੀ. ਬੇੜੇ ਵਿਚ ਹੋਏ ਧਮਾਕੇ ਮਗਰੋਂ ਲੱਗੀ ਅੱਗ ਕਰ ਕੇ ਪੰਜ ਜਣੇ ਹਲਾਕ ਹੋ ਗਏ। ਧਮਾਕਾ ਓ.ਐਨ.ਜੀ.ਸੀ. ਬੇੜੇ ਸਾਗਰ ਭੂਸ਼ਨ ਦੇ ਮੂਹਰਲੇ ਟੈਂਕ 'ਚ ਹੋਇਆ। ਧਮਾਕੇ ਮਗਰੋਂ ਅੱਗ ਬੁਝਾਊ ਕਰਮੀਆਂ ਨੂੰ ਸੱਦ ਕੇ 12 ਵਿਅਕਤੀਆਂ ਨੂੰ ਮੌਕੇ ਤੋਂ ਤੁਰਤ ਹਟਾਇਆ ਗਿਆ। ਸੀ.ਐਸ.ਐਲ. ਨੇ ਕਿਹਾ ਕਿ ਸਵੇਰੇ ਫੋਨ 'ਤੇ ਬੇੜੇ ਦੇ ਏਅਰ ਕੰਡੀਸ਼ਨਡ ਵਾਲੇ ਖੇਤਰ ਨੇੜੇ ਗੈਸ ਲੀਕ ਹੋਣ ਦੀ ਜਾਣਕਾਰੀ ਮਿਲੀ ਸੀ ਜਿਥੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ।

## ਕੇਂਦਰ ਵੱਲੋਂ ਪ੍ਰਕਾਸ਼ ਪੁਰਬ ਸਬੰਧੀ 67 ਕਰੋੜ ਮਨਜ਼ੂਰ

**ਮੁੰਬਈ:** ਕੇਂਦਰ ਸਰਕਾਰ ਵੱਲੋਂ ਮਹਾਰਾਸ਼ਟਰ ਦੇ ਇਤਿਹਾਸਕ ਸ਼ਹਿਰ ਨਾਂਦੇੜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਦਿਵਸ ਦੀ ਯਾਦ 'ਚ 67 ਕਰੋੜ ਰੁਪਏ ਦੇ 2 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਸੂਬਾ ਸਰਕਾਰ ਦੀ ਸਿਫਾਰਸ਼ 'ਤੇ ਨਾਂਦੇੜ ਲਈ ਇਨ੍ਹਾਂ ਪ੍ਰੋਜੈਕਟਾਂ ਨੂੰ ਮਨਜ਼ੂਰ ਕਰਨ ਉਤੇ ਪ੍ਰਧਾਨ ਮੰਤਰੀ ਤੇ ਸਭਿਆਚਾਰ ਮਾਮਲਿਆਂ ਦੇ ਮੰਤਰੀ ਮਹੇਸ਼ ਸ਼ਰਮਾ ਦਾ ਧੰਨਵਾਦ ਕੀਤਾ।

ਸ੍ਰੀ ਫੜਨਵੀਸ ਨੇ ਟਵੀਟ ਕਰ ਕੇ ਜਾਣਕਾਰੀ ਦਿੱਤੀ ਹੈ ਕਿ ਨਾਂਦੇੜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਟੇਡੀਅਮ ਦੇ ਆਧੁਨਿਕੀਕਰਨ ਲਈ 45 ਕਰੋੜ ਰੁਪਏ ਅਤੇ ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ ਲਈ 22 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਕੇਂਦਰ ਨੇ ਮਨਜ਼ੂਰੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਹ ਪ੍ਰੋਜੈਕਟ ਸਿੱਖਾਂ ਦੇ 10ਵੇਂ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਦਿਵਸ ਸਮਾਗਮਾਂ ਨੂੰ ਸਮਰਪਤ ਹਨ ਅਤੇ ਨਾਂਦੇੜ ਵਿਚ ਗੁਰਦੁਆਰਾ ਹਜ਼ੂਰ ਸਾਹਿਬ ਸਿੱਖ ਧਰਮ ਦੇ ਪੰਜ ਤਖਤਾਂ ਵਿਚੋਂ ਇਕ ਹੈ।

## Matrimonials

### ਲੜਕੀ ਦੀ ਲੋੜ ਹੈ


Jat Sikh London born boy 28 years, 6'-1.5" tall, slim, fair, Post Graduate in Investment Management, working for American company in London. Seeking US born Jat Sikh girl, graduate, employed. Pl. contact gagandeep52@hotmail.com ; Ph (0)7966 069571 4-7

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 51/4

Wanted US citizen or GC holder life partner for Saini Sikh clean shaven Canadian PR 30, 5'-9" boy. M. Tech from University of Windsor, ON. Working in Automotive Company in Toronto. Family well settled in USA (Midwest). Contact, 765-570-0149 7-10

Wanted suitable girl for Ramgarhia Sikh Electrical engineer boy 29, 5'-9". Turbaned, Non Alcoholic. Working in a reputed company.Well settled. Caste no bar. Call: 313-718-0178 2-5

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11


### ਵਰ ਦੀ ਲੋੜ


Wanted suitable U.S. citizen boy for U.S. citizen Jatt Sikh girl 27 yrs, 5'-2", Software Engineer from California. Down-to-earth traditional Punjabi family seeking similar family background. Contact: bsinghs408@gmail.com 5-8

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*


## ਨਿੰਮੇ ਡੱਲੇਵਾਲ ਨੂੰ ਸਦਮਾ, ਪਿਤਾ ਸੁਰਗਵਾਸ

**ਸਿਨਸਿਨੈਟੀ, ਓਹਾਇਓ (ਬਿਊਰੋ):** ਪੰਜਾਬੀ ਗੀਤਕਾਰ ਤੇ ਗਾਇਕ ਨਿੰਮਾ ਡੱਲੇਵਾਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਸਵਰਨ ਸਿੰਘ ਪਿਛਲੇ ਦਿਨੀਂ ਸਵਰਗ ਸਿਧਾਰ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਹ 72 ਸਾਲਾਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਚਰਨ ਕੌਰ, ਦੋ ਪੁੱਤਰ-ਨਿੰਮਾ ਡੱਲੇਵਾਲ ਤੇ ਸਿਆਮ ਸਿੰਘ, ਇਕ ਧੀ ਮਨਜੀਤ ਕੌਰ ਤੋਂ ਇਲਾਵਾ ਦੋ ਪੋਤੇ, ਦੋ ਦੋਹਤੇ ਤੇ ਇਕ ਦੋਹਤੀ ਛੱਡ ਗਏ ਹਨ।



ਸਵਰਗੀ ਸਵਰਨ ਸਿੰਘ ਦਾ ਜਨਮ ਪਾਕਿਸਤਾਨ ਦੇ ਪਿੰਡ ਇੱਕੀ ਚੱਕ ਵਿਚ 1946 ਵਿਚ ਹੋਇਆ ਅਤੇ ਉਥੋਂ ਉਹ ਰੋਪੜ ਦੇ ਪਿੰਡ ਡੱਲੇਵਾਲ ਆ ਵੱਸੇ। ਉਹ ਕੁਝ ਸਮਾਂ ਪਹਿਲਾਂ ਅਮਰੀਕਾ ਆਪਣੇ ਪੁੱਤ ਨਿੰਮੇ ਕੋਲ ਆਏ ਸਨ। ਵਾਪਸ ਜਾ ਕੇ ਬਿਮਾਰ ਹੋ ਗਏ। ਉਨ੍ਹਾਂ ਦੇ ਚਲਾਣੇ ਸਮੇਂ ਨਿੰਮਾ ਉਨ੍ਹਾਂ ਦੇ ਕੋਲ ਸੀ। ਸਵਰਗੀ ਸਵਰਨ ਸਿੰਘ ਦੀਆਂ ਅੰਤਿਮ ਰਸਮਾਂ ਪਿੰਡ ਡੱਲੇ ਵਾਲ ਹੀ ਕੀਤੀਆਂ ਗਈਆਂ। ਨਿੰਮਾ ਡੱਲੇਵਾਲ ਨਾਲ ਸੰਪਰਕ ਫੋਨ: 513-432-9754 ਰਾਹੀਂ ਕੀਤਾ ਜਾ ਸਕਦਾ ਹੈ।



ਉਘੇ ਸਮਾਜ ਸੇਵੀ ਸ. ਹਰਦੇਵ ਸਿੰਘ ਕਾਹਮਾ, ਜੋ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ (ਨਵਾਂ ਸ਼ਹਿਰ) ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ।


ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਸੰਪਰਕ ਕਰੋ: 262-391-7666

2-

ਨਾਰਥ ਡਕੋਟਾ ਸਟੇਟ 'ਚ ਹੋਟਲ ਸਟਾਫ ਦੀ ਲੋੜ ਹੈ

ਲਾਂਡਰੀਮੈਨ ਤੇ ਮੇਨਟੀਨੈਂਸਮੈਨ ਦੀ ਜਰੂਰਤ ਹੈ

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ, ਅੰਮ੍ਰਿਤ ਸ਼ੇਰਗਿੱਲ

ਫੋਨ: 701-240-3220

7

ਤੰਦੂਰੀਏ ਤੇ ਕਿਚਨ ਹੈਲਪਰ ਦੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਤੌਰ 'ਤੇ ਲੋੜ ਹੈ

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

**Restaurant Help**

**Immediately hiring Tandooria & Kitchen Helper for Indian restaurant in Indiana.**

*Good salary and free accommodation.

ਸੰਪਰਕ ਕਰੋ: ਟੋਨੀ

ਫੋਨ: 317-340-1470

5-6

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਸੁਪਰੀਮ ਕੋਰਟ ਨੇ ਬਾਬਰੀ ਕੇਸ ਨੂੰ ਦੱਸਿਆ ਜ਼ਮੀਨੀ ਵਿਵਾਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਧਾਰਮਿਕ ਬਹਿਸ ਵਿਚ ਪੈਣ ਤੋਂ ਇਨਕਾਰ ਕਰਦਿਆਂ ਸਪੱਸ਼ਟ ਕਰ ਦਿੱਤਾ ਕਿ ਸਿਆਸਤ ਪੱਖੋਂ ਸੰਵੇਦਨਸ਼ੀਲ ਰਾਮ ਜਨਮ ਭੂਮੀ-ਬਾਬਰੀ ਮਸਜਿਦ ਕੇਸ ਨਿਰਾ 'ਜ਼ਮੀਨੀ ਵਿਵਾਦ' ਹੈ ਅਤੇ ਇਸ ਦਾ ਨਿਬੇੜਾ ਆਮ ਕੇਸਾਂ ਵਾਂਗ ਕੀਤਾ ਜਾਵੇਗਾ। ਜਦੋਂ ਇਕ ਵਕੀਲ ਨੇ ਮਾਮਲੇ ਵਿਚ ਦਖਲ ਦਿੰਦਿਆਂ ਕਿਹਾ ਕਿ ਇਸ ਕੇਸ ਵਿਚ 100 ਕਰੋੜ ਹਿੰਦੂਆਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਤਾਂ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਤਿੰਨ ਜੱਜਾਂ ਦੇ ਬੈਂਚ ਨੇ ਆਖਿਆ ਕਿ ਉਹ ਇਸ ਮਾਮਲੇ ਨੂੰ ਸਿਰਫ ਜ਼ਮੀਨੀ ਵਿਵਾਦ ਵਜੋਂ ਹੀ ਲੈ ਰਹੇ ਹਨ।

ਬੈਂਚ ਨੇ ਅਲਾਹਾਬਾਦ ਹਾਈ ਕੋਰਟ 'ਚ ਧਿਰ ਨਾ ਬਣਨ ਵਾਲਿਆਂ ਦੀਆਂ ਸਾਰੀਆਂ ਅਰਜ਼ੀਆਂ ਨੂੰ ਬਕਾਇਆ ਰੱਖ ਲਿਆ ਹੈ। ਬੈਂਚ ਨੇ ਕਿਹਾ ਕਿ ਉਹ ਇਨ੍ਹਾਂ ਅਰਜ਼ੀਆਂ ਨੂੰ ਖਾਰਜ ਨਹੀਂ ਕਰ ਰਹੇ ਅਤੇ ਇਨ੍ਹਾਂ ਉਤੇ ਸੁਣਵਾਈ ਢੁਕਵੇਂ ਸਮੇਂ ਉਪਰ ਕੀਤੀ ਜਾਵੇਗੀ। ਅਜਿਹੀ ਇਕ ਅਰਜ਼ੀ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਨੇ ਵੀ ਬੈਂਚ ਮੂਹਰੇ ਦਾਖਲ ਕੀਤੀ ਹੋਈ ਹੈ। ਰਾਮ ਜਨਮ ਭੂਮੀ ਵਿਵਾਦ 'ਚ ਅਲਾਹਾਬਾਦ ਹਾਈ ਕੋਰਟ ਮੂਹਰੇ ਪੇਸ਼ ਹੋਈਆਂ ਸਾਰੀਆਂ ਧਿਰਾਂ ਨੂੰ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਅਪੀਲਾਂ ਦੇ ਨਾਲ ਕੇਸ ਸਬੰਧੀ



ਦਸਤਾਵੇਜ਼ਾਂ ਦਾ ਤਰਜਮਾ ਅੰਗਰੇਜ਼ੀ 'ਚ ਕਰ ਕੇ ਦੋ ਹਫਤਿਆਂ ਦੇ ਅੰਦਰ ਅੰਦਰ ਉਨ੍ਹਾਂ ਕੋਲ ਦਾਖਲ ਕਰਨ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਵਿਸ਼ੇਸ਼ ਬੈਂਚ ਨੇ ਕਿਹਾ ਕਿ ਉਹ 14 ਮਾਰਚ ਨੂੰ ਅਪੀਲਾਂ ਉਤੇ ਸੁਣਵਾਈ ਕਰੇਗੀ ਅਤੇ ਸਪੱਸ਼ਟ ਕੀਤਾ ਕਿ ਉਨ੍ਹਾਂ ਕਦੇ ਵੀ ਕੇਸ ਦੀ ਸੁਣਵਾਈ ਰੋਜ਼ਾਨਾ ਆਧਾਰ 'ਤੇ ਕਰਨ ਦੀ ਮਨਸ਼ਾ ਜ਼ਾਹਿਰ ਨਹੀਂ ਕੀਤੀ ਹੈ। ਹਾਈ ਕੋਰਟ ਦੇ ਫੈਸਲੇ ਖਿਲਾਫ਼ ਕੁੱਲ 14 ਅਪੀਲਾਂ ਦਾਖਲ ਕੀਤੀਆਂ ਗਈਆਂ ਹਨ ਜਿਨ੍ਹਾਂ ਉਤੇ ਵਿਸ਼ੇਸ਼ ਬੈਂਚ ਵੱਲੋਂ ਸੁਣਵਾਈ ਕੀਤੀ ਜਾਣੀ ਹੈ। ਜ਼ਿਕਰਯੋਗ ਹੈ ਕਿ ਅਲਾਹਾਬਾਦ ਹਾਈ ਕੋਰਟ ਦੀ ਤਿੰਨ ਜੱਜਾਂ ਉਤੇ ਆਧਾਰਿਤ ਬੈਂਚ ਨੇ 2010 'ਚ 2-1 ਦੇ ਬਹੁਮਤ ਨਾਲ ਫੈਸਲਾ ਸੁਣਾਇਆ ਸੀ ਕਿ ਵਿਵਾਦਤ ਜ਼ਮੀਨ ਤਿੰਨ ਧਿਰਾਂ- ਸੁੰਨੀ ਵਕਫ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮ ਲੱਲਾ ਦਰਮਿਆਨ ਬਰਾਬਰ ਹਿੱਸਿਆਂ 'ਚ ਵੰਡ ਦਿੱਤੀ ਜਾਵੇ। ਉਤਰ ਪ੍ਰਦੇਸ਼ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਧੀਕ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਰਾਮ ਚਰਿਤ ਮਾਨਸ, ਰਮਾਇਣ ਅਤੇ ਭਗਵਦ ਗੀਤਾ ਜਿਹੇ ਧਾਰਮਿਕ ਗ੍ਰੰਥਾਂ ਸਮੇਤ 504 ਸਬੂਤ ਅਤੇ 87 ਗਵਾਹਾਂ ਦੇ ਬਿਆਨ ਤਰਜਮਿਆਂ ਨਾਲ ਦਾਖਲ ਕੀਤੇ ਗਏ ਹਨ।

### ਬਾਬਰੀ ਮਸਜਿਦ ਹਮੇਸ਼ਾ ਮਸਜਿਦ ਹੀ ਰਹੇਗੀ: ਮੁਸਲਿਮ ਬੋਰਡ

**ਨਵੀਂ ਦਿੱਲੀ:** ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਕਿ ਬਾਬਰੀ ਮਸਜਿਦ ਹਮੇਸ਼ਾ ਮਸਜਿਦ ਹੀ ਰਹੇਗੀ ਅਤੇ ਮੁਸਲਮਾਨ ਮਸਜਿਦ ਲਈ ਕਦੇ ਭੂਮੀ ਵਿਚ ਫੇਰਬਦਲ ਨਹੀਂ ਕਰ ਸਕਦੇ। ਬੋਰਡ ਨੇ ਆਪਣੀ 26ਵੀਂ ਮੀਟਿੰਗ ਦੇ ਅਖੀਰਲੇ ਦਿਨ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਾਬਰੀ ਮਸਜਿਦ ਇਸਲਾਮ ਵਿਚ ਆਸਥਾ ਦਾ ਲੋੜੀਂਦਾ ਹਿੱਸਾ ਹੈ ਤੇ ਮੁਸਲਮਾਨ ਮਸਜਿਦ ਨੂੰ ਕਦੇ ਛੱਡ ਨਹੀਂ ਸਕਦੇ, ਨਾ ਮਸਜਿਦ ਲਈ ਜ਼ਮੀਨ ਵਿਚ ਫੇਰਬਦਲ ਕਰ ਸਕਦੇ ਹਨ।

## ਖਾਪ ਪੰਚਾਇਤਾਂ ਦੀ ਸੁਪਰੀਮ ਕੋਰਟ ਨੂੰ ਧਮਕੀ

**ਮੇਰਠ:** ਸੁਪਰੀਮ ਕੋਰਟ ਦੀਆਂ ਝਿੜਕਾਂ ਪਿੱਛੋਂ ਖਾਪ ਪੰਚਾਇਤਾਂ ਨੇ ਧਮਕੀ ਦਿੱਤੀ ਹੈ ਕਿ ਜੇਕਰ ਅਦਾਲਤ ਨੇ ਉਨ੍ਹਾਂ ਦੀਆਂ ਪੁਰਾਤਨ ਰਹੁ ਰੀਤਾਂ ਵਿਚ ਦਖਲ ਅੰਦਾਜ਼ੀ ਕੀਤੀ ਤਾਂ ਉਹ ਕੁੜੀਆਂ ਨੂੰ ਜਨਮ ਨਹੀਂ ਦੇਣਗੇ। ਬਾਲਯਾਨ ਖਾਪ ਪੰਚਾਇਤ ਦੇ ਮੁਖੀ ਨਰੇਸ਼ ਟਿਕੈਤ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦਾ ਸਨਮਾਨ ਕਰਦੇ ਹਨ, ਪਰ ਇਹ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਕਿ ਉਨ੍ਹਾਂ ਦੀਆਂ ਪੁਰਾਣੀਆਂ ਪਰੰਪਰਾਵਾਂ ਵਿਚ ਦਖਲ ਦਿੱਤਾ ਜਾਵੇ। ਜੇਕਰ ਸੁਪਰੀਮ ਕੋਰਟ ਇਸ ਤਰ੍ਹਾਂ ਦੇ ਹੁਕਮ ਦੇਵੇਗੀ ਤਾਂ ਉਹ ਕੁੜੀਆਂ ਨੂੰ ਜਨਮ ਹੀ ਨਹੀਂ ਦੇਣਗੇ। ਕੁੜੀਆਂ ਨੂੰ ਉਹ ਇੰਨਾ ਨਹੀਂ ਪੜ੍ਹਾਉਣਗੇ ਕਿ ਉਹ ਆਪਣੇ ਫੈਸਲਿਆਂ ਦੀ ਗੱਲ ਕਰਨ।

ਦੱਸ ਦਈਏ ਕਿ ਪਿਛਲੇ ਹਫਤੇ ਸੁਪਰੀਮ ਕੋਰਟ ਵਿਚ ਖਾਪ ਪੰਚਾਇਤਾਂ 'ਤੇ ਰੋਕ ਲਾਉਣ ਦੇ ਮਾਮਲੇ 'ਚ ਦਾਇਰ ਜਨਹਿਤ ਪਟੀਸ਼ਨ ਉਤੇ ਚੀਫ ਜਸਟਿਸ ਦੀਪਕ ਮਿਸ਼ਰਾ ਦੇ ਬੈਂਚ ਨੇ ਸੁਣਵਾਈ ਕੀਤੀ ਸੀ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਸੀ ਕਿ ਇਕੋ ਗੋਤ, ਅੰਤਰਜਾਤੀ ਤੇ ਅੰਤਰ ਧਰਮੀ ਵਿਆਹ ਉਤੇ ਖਾਪ ਪੰਚਾਇਤਾਂ ਅਣਖ ਖਾਤਰ ਕਤਲਾਂ ਨੂੰ ਉਤਸ਼ਾਹਿਤ ਕਰ ਰਹੀਆਂ ਹਨ।

## ਦੁਨੀਆਂ ਦੇ ਅਮੀਰ ਸ਼ਹਿਰਾਂ ਵਿਚ ਮੁੰਬਈ ਨੂੰ 12ਵੀਂ ਥਾਂ

**ਨਵੀਂ ਦਿੱਲੀ:** ਭਾਰਤ ਦੀ ਆਰਥਿਕ ਰਾਜਧਾਨੀ ਮੁੰਬਈ ਦੁਨੀਆਂ ਦੇ 15 ਸਭ ਤੋਂ ਅਮੀਰ ਸ਼ਹਿਰਾਂ ਵਿਚੋਂ ਇਕ ਹੈ। ਮੁੰਬਈ ਦਾ ਕੁੱਲ ਧਨ 950 ਬਿਲੀਅਨ ਡਾਲਰ (ਤਕਰੀਬਨ 61 ਲੱਖ



ਕਰੋੜ) ਦੱਸਿਆ ਗਿਆ ਹੈ ਤੇ ਇਸ ਸੂਚੀ 'ਚ ਮੁੰਬਈ ਨੂੰ 12ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਦੁਨੀਆਂ ਦੇ ਸਭ ਤੋਂ ਅਮੀਰ ਸ਼ਹਿਰਾਂ ਦੀ ਸੂਚੀ ਵਿਚ 3 ਟ੍ਰਿਲੀਅਨ ਡਾਲਰ (ਕਰੀਬ 193 ਲੱਖ ਕਰੋੜ) ਦੇ ਧਨ ਨਾਲ ਨਿਊ ਯਾਰਕ ਪਹਿਲੇ ਸਥਾਨ ਉਤੇ ਹੈ। ਇਹ ਜਾਣਕਾਰੀ 'ਨਿਊ ਵਰਲਡ ਵੈਲਥ' ਦੀ ਹਾਲ ਹੀ ਵਿਚ ਜਾਰੀ ਕੀਤੀ ਗਈ ਰਿਪੋਰਟ 'ਚ ਦਿੱਤੀ ਗਈ ਹੈ।

ਉਕਤ ਰਿਪੋਰਟ ਅਨੁਸਾਰ ਕਿਸੇ ਸ਼ਹਿਰ ਦੇ ਕੁੱਲ ਧਨ 'ਚ ਉਥੇ ਰਹਿਣ ਵਾਲੇ ਲੋਕਾਂ ਦੀ ਨਿੱਜੀ ਕਮਾਈ ਸ਼ਾਮਲ ਕੀਤੀ ਗਈ ਹੈ, ਹਾਲਾਂਕਿ ਸੂਚੀ 'ਚ ਸਰਕਾਰ ਦੇ ਫੰਡ ਸ਼ਾਮਲ ਨਹੀਂ ਕੀਤੇ ਗਏ। ਅਰਬਪਤੀਆਂ ਦੇ ਮਾਮਲੇ 'ਚ ਮੁੰਬਈ ਦੁਨੀਆਂ ਦੇ 10 ਸ਼ਹਿਰਾਂ 'ਚੋਂ ਇਕ ਹੈ, ਜਿਥੇ ਕੁੱਲ 28 ਅਰਬਪਤੀ ਰਹਿੰਦੇ ਹਨ। ਸੂਚੀ 'ਚ ਦੂਜੇ ਸਥਾਨ ਉਤੇ ਲੰਡਨ, ਤੀਜੇ 'ਤੇ ਟੋਕੀਓ ਅਤੇ ਚੌਥੇ ਉਤੇ ਸਾਨ ਫਰਾਂਸਿਸਕੋ ਹੈ। ਇਸ ਤੋਂ ਇਲਾਵਾ ਸੂਚੀ 'ਚ ਪੇਈਚਿੰਗ, ਸ਼ਿੰਘਾਈ, ਲਾਸ ਏਂਜਲਸ, ਹਾਂਗਕਾਂਗ, ਸਿਡਨੀ, ਸਿੰਗਾਪੁਰ ਤੇ ਸ਼ਿਕਾਗੋ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

## ਮੋਦੀ ਵੱਲੋਂ ਫਲਸਤੀਨ ਦਾ ਇਤਿਹਾਸਕ ਦੌਰਾ

**ਰਾਮੱਲ੍ਹਾ (ਪੱਛਮੀ ਕੰਢਾ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫਲਸਤੀਨ ਦੇ ਇਤਿਹਾਸਕ ਦੌਰੇ ਮੌਕੇ ਉਥੋਂ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨਾਲ ਮੁਲਾਕਾਤ ਕੀਤੀ। ਸ੍ਰੀ ਮੋਦੀ ਨੇ ਇਜ਼ਰਾਈਲ ਨੂੰ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਭਾਰਤ ਦੇ ਇਜ਼ਰਾਈਲ ਅਤੇ ਫਲਸਤੀਨ ਨਾਲ ਸੁਤੰਤਰ ਰੂਪ 'ਚ ਸਬੰਧ ਹਨ ਅਤੇ ਉਹ ਕਿਸੇ ਇਕ ਨੂੰ ਨਿਰਲੇਪ ਕਰ ਕੇ ਨਹੀਂ ਚੱਲ ਸਕਦਾ।

ਇਸ ਮੌਕੇ ਦੋਵੇਂ ਮੁਲਕਾਂ ਨੇ 3 ਕਰੋੜ ਡਾਲਰ ਦੇ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਸਥਾਪਨਾ ਸਮੇਤ ਕਰੀਬ 5 ਕਰੋੜ ਡਾਲਰ ਮੁੱਲ ਦੇ ਸਮਝੌਤਿਆਂ ਉਤੇ ਦਸਤਖਤ ਕੀਤੇ।

ਇਸ ਵਿਚ 50 ਲੱਖ ਡਾਲਰ ਨਾਲ ਮਹਿਲਾ ਸ਼ਕਤੀਕਰਨ ਬਾਰੇ ਕੇਂਦਰ ਦੀ ਉਸਾਰੀ ਵੀ ਸ਼ਾਮਲ ਹੈ। ਰਾਸ਼ਟਰਪਤੀ ਅੱਬਾਸ ਨੇ ਪ੍ਰਧਾਨ ਮੰਤਰੀ ਮੋਦੀ ਦਾ ਰਸਮੀ ਸਵਾਗਤ ਕੀਤਾ। ਸ੍ਰੀ ਮੋਦੀ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ ਜੋ ਫਲਸਤੀਨ ਦੇ ਸਰਕਾਰੀ ਦੌਰੇ ਉਤੇ ਗਏ।

ਗੱਲਬਾਤ ਮਗਰੋਂ ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਅੱਬਾਸ ਨੂੰ ਭਰੋਸਾ ਦਿੱਤਾ ਕਿ ਫਲਸਤੀਨੀ ਲੋਕਾਂ ਦੇ ਹਿੱਤਾਂ ਪ੍ਰਤੀ ਭਾਰਤ ਵਚਨਬੱਧ ਹੈ। ਉਨ੍ਹਾਂ ਮੁਤਾਬਕ ਭਾਰਤ ਨੂੰ ਉਮੀਦ ਹੈ ਕਿ ਖਿੱਤੇ ਵਿਚ



ਸ਼ਾਂਤੀ ਪਰਤੇਗੀ। ਉਧਰ ਰਾਸ਼ਟਰਪਤੀ ਅੱਬਾਸ ਨੇ ਕਬੂਲਿਆ ਕਿ ਭਾਰਤੀ ਆਗੂਆਂ ਨੇ ਫਲਸਤੀਨ 'ਚ ਹਮੇਸ਼ਾ ਸ਼ਾਂਤੀ ਦੇ ਪੱਖ 'ਚ ਸਾਥ ਦਿੱਤਾ ਹੈ। ਉਨ੍ਹਾਂ ਭਾਰਤ ਨੂੰ ਕਿਹਾ ਕਿ ਉਹ ਇਜ਼ਰਾਈਲ ਨਾਲ ਸ਼ਾਂਤੀ ਪ੍ਰਕਿਰਿਆ ਦੀ ਗੱਲਬਾਤ ਕਰੇ। ਸਿੱਖਿਆ ਖੇਤਰ ਅਤੇ ਕੌਮੀ ਪ੍ਰਿੰਟਿੰਗ ਪ੍ਰੈੱਸ ਦੀ ਮਸ਼ੀਨਰੀ ਦੀ ਖਰੀਦ ਲਈ 50 ਲੱਖ ਡਾਲਰ ਦੇ ਤਿੰਨ ਸਮਝੌਤੇ ਵੀ ਕੀਤੇ ਗਏ।

## ਇਲਾਜ ਲਈ ਵਿਦੇਸ਼ੀਆਂ ਦੀ ਪਸੰਦੀਦਾ ਜਗ੍ਹਾ ਬਣਿਆ ਭਾਰਤ

**ਨਵੀਂ ਦਿੱਲੀ:** ਇਲਾਜ ਲਈ ਭਾਰਤ ਵਿਦੇਸ਼ੀਆਂ ਦੀ ਪਸੰਦੀਦਾ ਥਾਂ ਬਣਦਾ ਜਾ ਰਿਹਾ ਹੈ। ਮੈਡੀਕਲ ਖੇਤਰ ਵਿਚ ਭਾਰਤ ਦੀ ਮਸ਼ਹੂਰੀ ਦੁਨੀਆਂ ਵਿਚ ਵਧਦੀ ਜਾ ਰਹੀ ਹੈ। ਸਾਲ 2016 ਵਿਚ 1678 ਪਾਕਿਸਤਾਨੀਆਂ ਤੇ 296 ਅਮਰੀਕੀਆਂ ਸਣੇ 2 ਲੱਖ ਤੋਂ ਵੱਧ ਲੋਕਾਂ ਨੇ ਭਾਰਤ ਵਿਚ ਆਪਣਾ ਇਲਾਜ ਕਰਵਾਇਆ। ਗ੍ਰਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2016 ਵਿਚ ਦੁਨੀਆਂ ਭਰ ਦੇ 54 ਮੁਲਕਾਂ ਦੇ 2,01,099 ਲੋਕਾਂ ਨੂੰ ਮੈਡੀਕਲ ਵੀਜ਼ਾ ਜਾਰੀ ਕੀਤਾ ਗਿਆ। ਭਾਰਤ ਨੇ 2014 ਤੋਂ ਆਪਣੀ ਵੀਜ਼ਾ ਪਾਲਿਸੀ ਨੂੰ ਥੋੜ੍ਹਾ ਨਰਮ ਕੀਤਾ ਹੈ।

ਇਸ ਸਰਵੇਖਣ ਵਿਚ ਦੱਸਿਆ ਗਿਆ ਹੈ ਕਿ ਭਾਰਤ ਦੇ ਲੀਡ ਮੈਡੀਕਲ ਸਪੌਟ ਦੇ ਰੂਪ ਵਿਚ ਸਾਹਮਣੇ ਆਉਣ ਦਾ ਵੱਡਾ ਕਾਰਨ ਇਥੇ ਸਸਤਾ ਇਲਾਜ ਹੈ। ਅੰਕੜਿਆਂ ਮੁਤਾਬਕ 2016 ਵਿਚ ਸਭ ਤੋਂ ਜ਼ਿਆਦਾ ਮੈਡੀਕਲ ਵੀਜ਼ਾ ਬੰਗਲਾਦੇਸ਼ੀਆਂ (99,799) ਨੂੰ ਜਾਰੀ ਕੀਤੇ ਗਏ। ਇਸ ਤੋਂ ਬਾਅਦ ਅਫਗਾਨਿਸਤਾਨ (33,955), ਇਰਾਕ (13,645), ਓਮਾਨ (12,227) ਦਾ ਨੰਬਰ ਹੈ।

### ਦੋ ਪੱਤਰਕਾਰਾਂ ਨੂੰ ਮਾਲਦੀਵ ਛੱਡਣ ਦੇ ਹੁਕਮ

**ਮਾਲੇ:** ਰਾਜਸੀ ਸੰਕਟ ਦਾ ਸਾਹਮਣਾ ਕਰ ਰਹੇ ਮਾਲਦੀਵ ਵਿਚ ਫਰਾਂਸ ਨਿਊਜ਼ ਏਜੰਸੀ ਏ.ਐਫ.ਪੀ. ਲਈ ਕੰਮ ਕਰ ਰਹੇ ਦੋ ਵਿਦੇਸ਼ੀ ਪੱਤਰਕਾਰਾਂ ਨੂੰ ਮੁਲਕ ਛੱਡਣ ਦੇ ਹੁਕਮ ਦਿੱਤੇ ਗਏ ਹਨ। ਇਨ੍ਹਾਂ ਨੂੰ ਸਥਾਨਕ ਪੁਲਿਸ ਵੱਲੋਂ ਪਰਵਾਸੀ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਭਾਰਤ ਵਾਸੀ ਮਨੀ ਸ਼ਰਮਾ ਅਤੇ ਭਾਰਤੀ ਮੂਲ ਦੇ ਬਰਤਾਨੀਆ ਵਾਸੀ ਆਤਿਸ਼ ਰਵੀ ਪਟੇਲ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਹਵਾਲੇ ਕਰ ਦਿੱਤਾ ਗਿਆ ਹੈ।

## ਮਨੁੱਖੀ ਹੱਕਾਂ ਦੀ ਅਲੰਬਰਦਾਰ ਅਸਮਾ ਜਹਾਂਗੀਰ ਜਹਾਨੋਂ ਰੁਖਸਤ

**ਲਾਹੌਰ:** ਮਨੁੱਖੀ ਅਧਿਕਾਰਾਂ ਦੀ ਸਿਰਕੱਢ ਵਕੀਲ, ਸਮਾਜਿਕ ਕਾਰਕੁਨ ਅਤੇ ਸ਼ਕਤੀਸ਼ਾਲੀ ਫੌਜ ਦੀ ਆਲੋਚਕ ਅਸਮਾ ਜਹਾਂਗੀਰ ਦਿਲ ਦਾ ਦੌਰਾ ਪੈਣ ਕਾਰਨ ਜਹਾਨੋਂ ਰੁਖ਼ਸਤ ਹੋ ਗਏ ਹਨ। 66 ਸਾਲਾ ਅਸਮਾ ਪਾਕਿਸਤਾਨੀ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀ ਪਹਿਲੀ ਮਹਿਲਾ ਪ੍ਰਧਾਨ ਸੀ। ਅਸਮਾ ਦੇ ਦੋ ਧੀਆਂ ਤੇ ਇਕ ਪੁੱਤਰ ਹੈ। ਉਨ੍ਹਾਂ ਦੀ ਧੀ ਮੁਨੀਜ਼ੇ ਜਹਾਂਗੀਰ ਟੀਵੀ ਐਂਕਰ ਹੈ।

ਲਾਹੌਰ ਵਿਚ ਜਨਵਰੀ 1952 ਵਿਚ ਜੰਮੀ ਅਸਮਾ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਹਿ-ਬਾਨੀ ਅਤੇ ਚੇਅਰਪਰਸਨ ਸਨ।

1978 ਵਿਚ ਪੰਜਾਬ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਪ੍ਰਾਪਤ ਕਰਨ ਬਾਅਦ ਉਨ੍ਹਾਂ ਨੇ ਹਾਈ ਕੋਰਟ ਤੇ ਸੁਪਰੀਮ ਕੋਰਟ ਵਿਚ ਵਕੀਲ ਵਜੋਂ ਕਰੀਅਰ ਸ਼ੁਰੂ ਕੀਤਾ ਸੀ। ਪਾਕਿਸਤਾਨ ਦੇ ਸਭ ਤੋਂ ਲੰਮਾ ਸਮਾਂ ਰਾਸ਼ਟਰਪਤੀ ਰਹੇ ਜ਼ਿਆ ਉਲ ਹੱਕ ਦੇ ਫੌਜੀ ਸ਼ਾਸਨ ਖਿਲਾਫ਼ ਜਮਹੂਰੀਅਤ ਦੀ ਬਹਾਲੀ ਲਈ ਮੁਹਿੰਮ ਵਿਚ ਹਿੱਸਾ ਲੈਣ ਕਾਰਨ 1983 ਵਿਚ ਕੈਦ ਹੋਣ ਬਾਅਦ ਉਹ ਉਘੀ ਜਮਹੂਰੀ ਕਾਰਕੁਨ ਬਣ ਕੇ ਉਭਰੇ। ਇਸ ਬਾਅਦ ਉਹ ਜਨੇਵਾ ਚਲੇ ਗਏ ਅਤੇ 1986 ਵਿਚ ਡਿਫੈਂਸ ਫਾਰ ਚਿਲਡਰਨ ਇੰਟਰਨੈਸ਼ਨਲ ਦੇ ਉਪ ਚੇਅਰਪਰਸਨ ਬਣ ਗਏ।



ਪਾਕਿ ਵਾਪਸੀ ਤੋਂ ਪਹਿਲਾਂ ਉਹ 1988 ਤੱਕ ਉਥੇ ਰਹੇ। 1987 ਵਿਚ ਉਹ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਹਿ-ਬਾਨੀ ਬਣੇ ਅਤੇ 1993 ਤੱਕ ਇਸ ਦੇ ਸਕੱਤਰ ਜਨਰਲ ਰਹੇ।

ਇਸ ਬਾਅਦ ਉਨ੍ਹਾਂ ਨੂੰ ਕਮਿਸ਼ਨ ਦੀ ਚੇਅਰਪਰਸਨ ਬਣਾ ਦਿੱਤਾ ਗਿਆ। ਇਫਤਿਖ਼ਾਰ ਚੌਧਰੀ ਦੀ ਪਾਕਿਸਤਾਨ ਦੇ ਚੀਫ ਜਸਟਿਸ ਵਜੋਂ ਬਹਾਲੀ ਲਈ ਵਕੀਲਾਂ ਦੀ ਮੁਹਿੰਮ ਵਿਚ ਵੀ ਅਸਮਾ ਨੇ ਸਰਗਰਮ ਭੂਮਿਕਾ ਨਿਭਾਈ ਸੀ। ਉਨ੍ਹਾਂ ਪਾਕਿਸਤਾਨ ਵਿਚ 'ਲਾਪਤਾ ਵਿਅਕਤੀਆਂ' ਦੇ ਮੁੱਦੇ ਨੂੰ ਉਠਾਇਆ ਅਤੇ ਖੁਫ਼ੀਆ ਏਜੰਸੀਆਂ ਤੋਂ ਪੁੱਛ ਪੜਤਾਲ ਦਾ ਹੋਕਾ ਦਿੱਤਾ ਸੀ। ਉਨ੍ਹਾਂ ਨੇ ਇਸ ਸਾਲ ਜੁਲਾਈ ਵਿਚ ਨਵਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਵਜੋਂ ਅਯੋਗ ਕਰਾਰ ਦੇਣ ਲਈ ਸੁਪਰੀਮ ਕੋਰਟ ਦੀ ਆਲੋਚਨਾ ਕੀਤੀ ਸੀ। ਅਸਮਾ ਨੂੰ 2014 ਵਿਚ ਰਾਈਟ ਲਾਈਵਲੀਹੁੱਡ ਐਵਾਰਡ, 2010 'ਚ ਫਰੀਡਮ ਐਵਾਰਡ, ਹਿਲਾਲ-ਏ-ਇਮਤਿਆਜ਼ ਅਤੇ ਸਿਤਾਰਾ-ਏ-ਇਮਤਿਆਜ਼ ਪੁਰਸਕਾਰਾਂ ਸਮੇਤ ਹੋਰ ਕਈ ਸਨਮਾਨ ਮਿਲੇ। 2007 ਵਿਚ ਤਤਕਾਲੀ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਦੀ ਸਰਕਾਰ ਸਮੇਂ ਅਸਮਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਸਿਆਸੀ ਧਿਰਾਂ ਤੇ ਸਿੱਖ ਜਥੇਬੰਦੀਆਂ ਵੱਲੋਂ ਟਾਈਟਲਰ ਖਿਲਾਫ ਲਾਮਬੰਦੀ

**ਨਵੀਂ ਦਿੱਲੀ:** ਦਿੱਲੀ ਸਿੱਖ ਕਤਲੇਆਮ ਵੇਲੇ 100 ਸਿੱਖਾਂ ਨੂੰ ਮਾਰਨ ਦੇ ਦਾਅਵੇ ਵਾਲੀ ਵੀਡੀਓ ਸਾਹਮਣੇ ਆਉਣ ਪਿੱਛੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਘੇਰਨ ਲਈ ਸਿੱਖ ਜਥੇਬੰਦੀਆਂ ਵੱਲੋਂ ਜ਼ੋਰ ਸ਼ੋਰ ਨਾਲ ਲਾਮਬੰਦੀ ਸ਼ੁਰੂ ਕੀਤੀ ਹੋਈ ਹੈ। ਕਬੂਲਨਾਮੇ ਵਾਲੀ ਵੀਡੀਓ ਦੇ ਆਧਾਰ ਉਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਤੇ ਅਕਾਲੀ ਦਲ ਦੇ ਆਗੂਆਂ ਦੇ ਵਫਦ ਨੇ ਸੀ.ਬੀ.ਆਈ. ਡਾਇਰੈਕਟਰ ਆਲੋਕ ਵਰਮਾ ਨਾਲ ਮੁਲਾਕਾਤ ਕਰ ਕੇ ਟਾਈਟਲਰ ਨੂੰ ਬਿਨਾਂ ਦੇਰੀ ਗ੍ਰਿਫਤਾਰ ਕਰਨ ਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ।

ਉਧਰ, ਕੇਂਦਰੀ ਗ੍ਰਹਿ ਮੰਤਰਾਲੇ ਨੇ ਟਾਈਟਲਰ ਖਿਲਾਫ਼ ਦਿੱਲੀ ਕਮੇਟੀ ਵੱਲੋਂ ਦਿੱਤੇ 'ਨਵੇਂ ਸਬੂਤਾਂ' ਨੂੰ ਸਿੱਖ ਕਤਲੇਆਮ ਦੀ ਜਾਂਚ ਕਰ ਰਹੀ ਜਸਟਿਸ ਐਸ.ਐਨ. ਢੀਂਗਰਾ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿਟ) ਹਵਾਲੇ ਕਰ ਦਿੱਤੇ ਹਨ। ਗ੍ਰਹਿ ਮੰਤਰਾਲੇ ਨੇ ਜਸਟਿਸ ਢੀਂਗਰਾ ਨੂੰ ਪੱਤਰ ਲਿਖ ਕੇ ਦੱਸਿਆ ਕਿ ਉਨ੍ਹਾਂ ਨੂੰ ਦਿੱਲੀ ਕਮੇਟੀ ਤੋਂ ਟਾਈਟਲਰ ਖਿਲਾਫ ਨਵੇਂ ਸਬੂਤਾਂ ਵਾਲੀ ਵੀਡੀਓ ਮਿਲਣ ਦੀ ਸ਼ਿਕਾਇਤ ਅਤੇ ਨਾਲ ਹੀ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਦੀ ਸੀਡੀ ਅਤੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਮਿਲੀ ਹੈ। ਇੰਟਰਵਿਊ ਵਿਚ ਜਗਦੀਸ਼ ਟਾਈਟਲਰ, ਕਮਲ ਨਾਥ, ਐਚ.ਕੇ.ਐਲ. ਭਗਤ ਅਤੇ ਸੱਜਣ ਕੁਮਾਰ ਦੀ ਕੇਸ 'ਚ ਸ਼ਮੂਲੀਅਤ ਬਾਰੇ ਨਵੇਂ ਤੱਥ, ਸਬੂਤ ਅਤੇ ਖੁਲਾਸੇ ਹੋਏ ਹਨ।

ਗ੍ਰਹਿ ਮੰਤਰਾਲੇ ਦੀ ਕਾਰਵਾਈ ਉਸ ਸਮੇਂ ਹੋਈ ਹੈ ਜਦੋਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ 2011 'ਚ ਬਣੀ ਵੀਡੀਓ ਜਾਰੀ ਕੀਤੀ ਸੀ ਜਿਸ ਵਿਚ ਟਾਈਟਲਰ ਕੁਝ ਲੋਕਾਂ ਨਾਲ ਗੱਲਬਾਤ ਕਰਦਿਆਂ ਨਜ਼ਰ ਆਉਂਦਾ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਸਿਟ ਵੱਲੋਂ ਕੀਤੀ ਜਾ



ਰਹੀ 186 ਕੇਸਾਂ ਦੀ ਜਾਂਚ ਵਿਚ ਇਹ ਸਬੂਤ ਸਹਾਈ ਹੋ ਸਕਦੇ ਹਨ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਸਿੱਖ ਕਤਲੇਆਮ ਦੇ 186 ਕੇਸਾਂ ਦੀ ਅੱਗੇ ਜਾਂਚ ਲਈ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਹੇਠ 11 ਜਨਵਰੀ ਨੂੰ 3 ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ।

ਉਧਰ, ਸਿਆਸੀ ਧਿਰਾਂ ਵੀ ਕਾਂਗਰਸ ਨੂੰ ਘੇਰਨ ਲਈ ਮੈਦਾਨ ਵਿਚ ਨਿੱਤਰ ਆਈਆਂ ਹਨ। ਭਾਜਪਾ ਅਤੇ ਅਕਾਲੀ ਦਲ ਦੇ ਆਗੂਆਂ ਨੇ ਵੱਖੋ ਵੱਖਰੇ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ ਹੈ। ਪਾਰਟੀ ਦੇ ਕੌਮੀ ਸਕੱਤਰ ਆਰ.ਪੀ. ਸਿੰਘ ਸਮੇਤ ਭਾਜਪਾ ਦੇ ਵਫਦ ਨੇ ਗ੍ਰਹਿ ਮੰਤਰੀ ਨੂੰ ਮੰਗ ਪੱਤਰ ਸੌਂਪ ਕੇ ਟਾਈਟਲਰ ਖਿਲਾਫ਼ ਤੁਰਤ ਨਵੇਂ ਸਿਰੇ ਤੋਂ ਵਿਸ਼ੇਸ਼ ਜਾਂਚ ਟੀਮ (ਸਿਟ) ਬਠਾਉਣ ਅਤੇ ਮੁਕੱਦਮਾ ਚਲਾਉਣ ਲਈ ਕਿਹਾ। ਇਸ ਬਾਬਤ ਭਾਜਪਾ ਦੀ ਦਿੱਲੀ ਇਕਾਈ ਦੇ ਮੁਖੀ ਮਨੋਜ ਤਿਵਾੜੀ ਨੇ ਵੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਉਧਰ, ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਵੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰ ਕੇ ਟਾਈਟਲਰ ਦਾ ਪੋਲੀਗ੍ਰਾਫ ਤੇ ਨਾਰਕੋ ਟੈਸਟ ਕਰਵਾਉਣ ਦੀ ਮੰਗ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਰਾਜ ਸਭਾ ਵਿਚ ਸਿਫਰ ਕਾਲ ਦੌਰਾਨ ਵੀ ਇਹ ਮੁੱਦਾ ਉਠਾਇਆ। ਸਿੱਖਾਂ ਦੇ ਕਤਲ ਕਬੂਲ ਕਰਨ ਵਾਲੀ ਇਸ ਵੀਡੀਓ 'ਚ ਟਾਈਟਲਰ ਨੇ ਹੋਰ ਵੀ ਕਈ ਖੁਲਾਸੇ ਕੀਤੇ ਸਨ। ਕਾਂਗਰਸ ਮੈਂਬਰਾਂ ਨੇ ਕੇਸ ਅਦਾਲਤ 'ਚ ਹੋਣ ਦਾ ਹਵਾਲਾ ਦਿੰਦਿਆਂ ਸ੍ਰੀ ਢੀਂਡਸਾ ਵੱਲੋਂ ਉਠਾਏ ਗਏ ਮੁੱਦੇ ਉਤੇ ਇਤਰਾਜ਼ ਜਤਾਇਆ। ਇਨ੍ਹਾਂ ਇਤਰਾਜ਼ਾਂ ਨੂੰ ਸਭਾਪਤੀ ਐਮ ਵੈਂਕਈਆ ਨਾਇਡੂ ਨੇ ਰੱਦ ਕਰ ਦਿੱਤਾ ਅਤੇ ਸ੍ਰੀ ਢੀਂਡਸਾ ਨੂੰ ਬੋਲਣ ਦੀ ਆਗਿਆ ਦੇ ਦਿੱਤੀ। ਸ੍ਰੀ ਢੀਂਡਸਾ ਨੇ ਕਿਹਾ ਕਿ ਇਕ ਵਿਅਕਤੀ 100 ਵਿਅਕਤੀਆਂ ਨੂੰ ਨਹੀਂ ਮਾਰ ਸਕਦਾ। ਇਸ ਲਈ ਜੋ ਇੰਕਸ਼ਾਫ ਸੀਡੀ ਵਿਚ ਕੀਤੇ ਗਏ ਹਨ, ਉਸ ਮੁਤਾਬਕ ਕਾਂਗਰਸੀ ਆਗੂ ਦੇ ਹੋਰ ਸਾਥੀਆਂ ਦੀ ਜਾਣਕਾਰੀ ਹਾਸਲ ਕਰਨਾ ਲਾਜ਼ਮੀ ਬਣ ਗਿਆ ਹੈ।

ਰਾਜ ਸਭਾ ਮੈਂਬਰ ਨੇ ਬੀਤੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਵੱਲੋਂ ਨਸ਼ਰ ਕੀਤੀ ਸੀਡੀ ਵਿਚਲੇ ਟਾਈਟਲਰ ਦੇ ਬਿਆਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਸਟਿੰਗ ਦੇ ਹਵਾਲੇ ਨਾਲ ਕਿਹਾ ਕਿ ਕਾਂਗਰਸੀ ਆਗੂ ਆਖ ਰਿਹਾ ਹੈ ਕਿ ਉਸ ਨੇ ਅਪਰਾਧ ਕੀਤਾ ਪਰ ਉਸ ਦਾ ਕੁਝ ਵੀ ਨਹੀਂ ਵਿਗੜਿਆ, ਬਸ ਸਿਰਫ ਜਾਂਚ ਹੋ ਰਹੀ ਹੈ।

## ਟਾਈਟਲਰ ਵੱਲੋਂ ਜੀ.ਕੇ. ਖਿਲਾਫ ਸ਼ਿਕਾਇਤ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਜਗਦੀਸ਼ ਟਾਈਟਲਰ ਖਿਲਾਫ ਜਾਰੀ 5 ਵੀਡੀਓਜ਼ ਨੂੰ ਫਰਜ਼ੀ ਕਰਾਰ ਦਿੰਦਿਆਂ ਟਾਈਟਲਰ ਨੇ ਦਿੱਲੀ ਪੁਲਿਸ ਅਤੇ ਸਾਈਬਰ ਕ੍ਰਾਈਮ ਸੈੱਲ 'ਚ ਜੀ.ਕੇ. ਖਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਟਾਈਟਲਰ ਨੇ ਉਨ੍ਹਾਂ ਵੀਡੀਓਜ਼ ਨੂੰ ਫਰਜ਼ੀ ਕਰਾਰ ਦਿੰਦਿਆਂ ਕਿਹਾ ਕਿ ਸਿਆਸੀ ਫਾਇਦੇ ਲਈ ਉਨ੍ਹਾਂ ਦੇ ਅਕਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਗਈ ਹੈ।

## ਰਾਜੀਵ ਦੇ ਦਿੱਲੀ ਪੁੱਜਣ ਤੋਂ ਪਹਿਲਾਂ ਹੀ ਦੰਗੇ ਸ਼ੁਰੂ ਹੋ ਗਏ ਸਨ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਿੰਨ ਦਹਾਕੇ ਪਹਿਲਾਂ ਹੋਏ ਸਿੱਖ ਕਤਲੇਆਮ ਵਿਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਆਏ ਨਾਮ ਨੂੰ ਗਲਤ ਕਹਿੰਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਦੰਗੇ ਸ਼ੁਰੂ ਹੋ ਗਏ ਸਨ। ਇਸ ਦਾਅਵੇ ਨੇ 1984 ਦੇ ਸਿੱਖ ਕਤਲੇਆਮ ਦੇ ਮੁੱਦੇ ਉਪਰ ਨਵੀਂ ਚਰਚਾ ਛੇੜ ਦਿੱਤੀ ਹੈ।



ਉਨ੍ਹਾਂ ਦੰਗਿਆਂ ਵਿਚ ਰਾਜੀਵ ਗਾਂਧੀ ਦੀ ਭੂਮਿਕਾ 'ਤੇ ਸਵਾਲ ਉਠਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਆਲੋਚਨਾ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਦੰਗੇ ਸ਼ੁਰੂ ਹੋਣ ਵੇਲੇ ਰਾਜੀਵ ਗਾਂਧੀ ਚੋਣ ਦੌਰੇ 'ਤੇ ਕਲਕੱਤਾ ਤੋਂ 150 ਕਿਲੋਮੀਟਰ ਦੂਰ ਕੋਂਟਾਈ ਵਿਚ ਸਨ।

## ਬੇਅੰਤ ਕਤਲ ਕੇਸ ਦਾ ਫੈਸਲਾ ਫਰਵਰੀ ਦੇ ਅੰਤ ਤੱਕ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦਾ ਫੈਸਲਾ ਫਰਵਰੀ ਦੇ ਅੰਤ ਤੱਕ ਹੋ ਜਾਵੇਗਾ। ਕੇਸ ਦੇ ਮੁਲਜ਼ਮ ਅਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਜਗਤਾਰ



ਸਿੰਘ ਤਾਰਾ ਨਾਲ ਜਿਰ੍ਹਾ ਖਤਮ ਹੋ ਗਈ ਹੈ। ਅਗਲੀ ਤਰੀਕ ਉਤੇ ਅੰਤਿਮ ਬਹਿਸ ਤੋਂ ਬਾਅਦ ਕੇਸ ਦਾ ਫੈਸਲਾ ਸੁਣਾਇਆ ਜਾ ਸਕਦਾ ਹੈ। ਤਾਰਾ ਨੇ 25 ਜਨਵਰੀ ਪਿਛਲੀ ਸੁਣਵਾਈ ਮੌਕੇ ਅਦਾਲਤ ਨੂੰ ਇਕ ਪੱਤਰ ਦੇ ਕੇ ਬੇਅੰਤ ਸਿੰਘ ਦਾ ਕਤਲ ਕਰਨ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ ਸੀ।

ਯੂ. ਟੀ. ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਸਬੀਰ ਸਿੰਘ ਸਿੱਧੂ ਦੀ ਅਦਾਲਤ ਵਿਚ ਕੇਸ ਦੀ ਸੁਣਵਾਈ ਚੱਲ ਰਹੀ ਹੈ। ਉਸ ਨੇ ਅਦਾਲਤ ਨੂੰ ਇਕ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਉਸ ਨੂੰ ਨਵੇਂ ਸਿੱਖੀ ਸਰੂਪ ਵਿਚ ਤਸਵੀਰਾਂ ਖਿਚਵਾਉਣ ਦੀ ਆਗਿਆ ਦਿੱਤੀ ਜਾਵੇ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਸਿਮਰਜੀਤ ਸਿੰਘ ਨੇ ਦੱਸਿਆ ਕਿ ਅਖਬਾਰਾਂ ਵਿਚ ਉਸ ਦੀਆਂ ਜ਼ਿਆਦਾਤਰ ਮੋਨੇ ਅਤੇ ਕਲੀਨ ਸੇਵ ਦੀਆਂ ਫੋਟੋਆਂ ਛਪ ਰਹੀਆਂ ਹਨ।

## ਬਾਲ ਸੁਧਾਰ ਘਰ ਵਿਚੋਂ 9 ਬੰਦੀ ਫਰਾਰ

**ਅੰਬਾਲਾ:** ਬਾਲ ਸੁਧਾਰ ਘਰ ਅੰਬਾਲਾ ਵਿਚੋਂ ਅਪਰਾਧਕ ਕੇਸਾਂ ਵਿਚ ਫਸੇ 9 ਬੰਦੀ ਕੰਧ ਟੱਪ ਕੇ ਫਰਾਰ ਹੋ ਗਏ। ਕਮਰਾ ਨੰਬਰ-2 ਵਿਚ ਕੁੱਲ 24 ਬੰਦੀ ਸਨ। ਇਨ੍ਹਾਂ ਵਿਚੋਂ 9 ਬੰਦੀਆਂ ਨੇ ਫਰਾਰ ਹੋਣ ਤੋਂ ਪਹਿਲਾਂ ਕਮਰੇ ਨੂੰ ਬਾਹਰੋਂ ਲੱਗਾ ਜੰਦਰਾ ਲੋਹੇ ਦੇ ਪਾਈਪ ਨਾਲ ਤੋੜਿਆ ਤੇ ਬਾਥਰੂਮ ਦੇ ਰੋਸ਼ਨਦਾਨ ਰਾਹੀਂ ਬਾਹਰ ਨਿਕਲ ਗਏ।

# ਜੀ. ਐਸ. ਟੀ. ਨੇ ਕੱਚੇ ਲਾਹੀ ਪੰਜਾਬ ਸਰਕਾਰ ਦੀ ਗੱਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਜੀ. ਐਸ. ਟੀ. ਤੋਂ ਵੱਡੀਆਂ ਉਮੀਦਾਂ ਸਨ ਪਰ ਇਹ ਪੈਸਾ ਸਮੇਂ ਸਿਰ ਨਹੀਂ ਮਿਲਿਆ, ਜਿਸ ਕਾਰਨ ਲਾਏ ਗਏ ਅੰਦਾਜ਼ੇ ਧਰੇ ਧਰਾਏ ਰਹਿ ਗਏ ਹਨ। ਪੰਜਾਬ ਸਰਕਾਰ ਦੀ ਖਸਤਾ ਵਿੱਤੀ ਹਾਲਤ ਕਾਰਨ ਵਿੱਤ ਵਿਭਾਗ ਨੇ ਵੱਖ-ਵੱਖ ਵਿਭਾਗਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਕਿਸੇ ਨਵੇਂ ਕੰਮ-ਕਾਜ ਲਈ ਅਗਲੇ ਵਿੱਤੀ ਵਰ੍ਹੇ 'ਚ ਰਾਸ਼ੀ ਨਹੀਂ ਮਿਲੇਗੀ। ਇਸ ਲਈ ਬਜਟ ਤਜਵੀਜ਼ਾਂ ਸਮੇਂ ਨਵੇਂ ਪ੍ਰੋਜੈਕਟ ਨਾ ਲਿਆਂਦੇ ਜਾਣ। ਪੰਜਾਬ ਸਰਕਾਰ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਯੋਜਨਾ ਨੂੰ ਲਾਗੂ ਕਰਨ ਵਾਸਤੇ ਕੇਂਦਰ ਸਰਕਾਰ ਕੋਲੋਂ ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧ ਐਕਟ ਤਹਿਤ ਕਰਜ਼ਾ ਲੈਣ ਲਈ ਇਕ ਫੀਸਦੀ ਦੀ ਛੋਟ ਮੰਗੀ ਸੀ ਪਰ ਇਸ ਨੂੰ ਵੀ ਮਨਜ਼ੂਰੀ ਨਹੀਂ ਮਿਲੀ।

ਵਿੱਤ ਵਿਭਾਗ ਨੇ ਸਾਲ 2018-19 ਦੇ ਬਜਟ ਦੀਆਂ ਤਿਆਰੀਆਂ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਖਜ਼ਾਨੇ ਦੀ ਹਾਲਤ ਕਾਫੀ ਖਰਾਬ ਹੈ ਅਤੇ ਤਨਖਾਹਾਂ ਦੇਣ ਦਾ ਸੰਕਟ ਚੱਲ ਰਿਹਾ ਹੈ। ਇਸ ਸਥਿਤੀ ਵਿਚ ਸਿਰਫ ਪਹਿਲਾਂ ਚੱਲ ਰਹੇ ਪ੍ਰੋਜੈਕਟਾਂ, ਵਿਕਾਸ ਕੰਮਾਂ ਅਤੇ ਯੋਜਨਾਵਾਂ ਲਈ ਹੀ ਰਕਮ ਦਿੱਤੀ ਜਾਵੇਗੀ। ਕਾਂਗਰਸ ਪਾਰਟੀ ਆਪਣੇ ਚੋਣ ਮਨੋਰਥ ਪੱਤਰ ਵਿਚਲੇ ਵਾਅਦੇ ਕਿਵੇਂ ਪੂਰੇ ਕਰੇਗੀ, ਇਹ ਸੁਆਲ ਚਰਚਾ ਦਾ ਵਿਸ਼ਾ ਬਣਿਆ ਰਹੇਗਾ। ਬਿਜਲੀ ਸਬਸਿਡੀ ਨੇ ਪਾਵਰਕੌਮ ਦੀ ਹਾਲਤ ਪਤਲੀ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਰਾਜ ਸਰਕਾਰ ਨੇ ਅਜੇ 4749 ਕਰੋੜ ਰੁਪਏ ਪਾਵਰਕੌਮ ਨੂੰ ਦੇਣੇ ਹਨ ਪਰ ਵਿੱਤ ਵਿਭਾਗ ਨੇ ਬਿਜਲੀ ਨਿਗਮ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਬਕਾਇਆ ਰਾਸ਼ੀ ਵਿਚੋਂ ਸਿਰਫ ਦੋ ਸੌ ਕਰੋੜ ਹੀ ਹੋਰ ਦਿੱਤੇ ਜਾ ਸਕਦੇ ਹਨ। ਇਸ ਮਹੀਨੇ ਪਾਵਰਕੌਮ ਨੇ ਬੈਂਕਾਂ ਤੋਂ ਕਰਜ਼ਾ ਲੈ ਕੇ ਤਨਖਾਹਾਂ ਦਿੱਤੀਆਂ ਹਨ ਅਤੇ ਫਰਵਰੀ ਮਹੀਨੇ ਦੀ ਤਨਖਾਹ ਦੇਣ ਦਾ ਸੰਕਟ ਮੁੜ ਖੜ੍ਹਾ ਹੈ। ਜਾਣਕਾਰਾਂ ਨੇ ਕਿਹਾ ਕਿ ਜਦੋਂ ਸੂਬੇ ਦੇ ਖਜ਼ਾਨੇ ਦੀ ਹਾਲਤ ਪਹਿਲਾਂ ਹੀ ਖਰਾਬ ਹੈ ਤਾਂ ਇਸ ਸਥਿਤੀ ਵਿਚ ਸਰਕਾਰ ਨੂੰ ਸਨਅਤਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦੇ ਐਲਾਨ ਉਤੇ ਅਮਲ ਕਰਨ ਦੀ ਕੀ ਲੋੜ ਸੀ? ਇਸ ਨਾਲ ਬਿਜਲੀ ਨਿਗਮ 'ਤੇ 1100 ਕਰੋੜ ਰੁਪਏ ਦਾ ਹੋਰ ਬੋਝ ਪੈ ਗਿਆ ਹੈ। ਇਸ ਲਈ ਸੂਬਾਈ ਸਰਕਾਰ ਨੂੰ ਜਾਂ ਤਾਂ ਹੋਰ ਸਾਧਨ ਜੁਟਾਉਣੇ ਪੈਣਗੇ ਜਾਂ ਫਿਰ ਖਪਤਕਾਰਾਂ 'ਤੇ ਹੋਰ ਬੋਝ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ



ਬਚੇਗਾ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਅਜੇ ਕੁਝ ਸਮਾਂ ਪਹਿਲਾਂ ਹੀ ਬਿਜਲੀ ਦਰਾਂ ਵਧਾਈਆਂ ਸਨ।

ਪੰਜਾਬ ਸਰਕਾਰ ਨੇ ਧਰਤੀ ਹੇਠਲੇ ਪਾਣੀ ਦੀ ਬਚਤ ਲਈ ਨਵਾਂ ਵਿਭਾਗ ਬਣਾਇਆ ਹੈ ਪਰ ਇਹ ਨਵਾਂ ਪ੍ਰੋਜੈਕਟ ਹੈ, ਜਿਸ ਲਈ ਪੈਸੇ ਨਹੀਂ ਮਿਲਣੇ ਹਨ ਕਿਉਂਕਿ ਵਿੱਤ ਵਿਭਾਗ ਦਾ ਕਹਿਣਾ ਹੈ ਕਿ ਅਗਲੇ ਵਿੱਤੀ ਵਰ੍ਹੇ ਵਿਚ ਕਿਸੇ ਨਵੇਂ ਪ੍ਰੋਜੈਕਟਾਂ ਨੂੰ ਪੈਸੇ ਨਹੀਂ ਮਿਲ ਸਕਦੇ। ਇਹੀ ਹਾਲਤ ਹੋਰ ਵਿਭਾਗਾਂ ਦੀ ਹੈ। ਉਨ੍ਹਾਂ ਨੂੰ ਵੀ ਕਿਹਾ ਗਿਆ ਹੈ ਕਿ 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ'। ਪੰਜਾਬ ਸਰਕਾਰ ਨੂੰ ਆਸ ਸੀ ਕਿ ਜੀ.ਐਸ.ਟੀ. ਲਾਗੂ ਹੋਣ ਨਾਲ ਸੂਬੇ ਨੂੰ 14 ਫੀਸਦੀ ਵੱਧ ਰਾਸ਼ੀ ਮਿਲੇਗੀ ਪਰ ਜੀ.ਐਸ.ਟੀ. ਭੁਗਤਾਨ ਵਿਚ ਦੇਰੀ ਨੇ ਸੂਬੇ ਦਾ ਸਿਸਟਮ ਹਿਲਾ ਦਿੱਤਾ ਹੈ। ਰਹਿੰਦੀ ਕਸਰ ਅਨਾਜ ਦੇ 31,000 ਕਰੋੜ ਦੇ ਕਰਜ਼ੇ ਨੇ ਪੂਰੀ ਕਰ ਦਿੱਤੀ ਹੈ ਅਤੇ ਰਾਜ ਸਰਕਾਰ ਨੂੰ ਸਾਲਾਨਾ 3270 ਕਰੋੜ ਰੁਪਏ ਦੇਣੇ ਪੈਂਦੇ ਹਨ। ਪੰਜਾਬ ਮੰਡੀ ਬੋਰਡ ਅਤੇ ਪੰਜਾਬ ਆਧਾਰੀ ਢਾਂਚਾ ਵਿਕਾਸ ਬੋਰਡ ਨੇ ਸੂਬੇ ਦੀਆਂ ਸੜਕਾਂ ਦੀ ਮੁਰੰਮਤ ਲਈ ਦੋ ਹਜ਼ਾਰ ਕਰੋੜ ਰੁਪਏ ਦਾ ਜੁਗਾੜ ਬੈਂਕਾਂ ਤੋਂ ਕਰਜ਼ਾ ਲੈ ਕੇ ਕੀਤਾ ਹੈ ਅਤੇ ਜੇ ਅਜਿਹਾ ਨਾ ਕੀਤਾ ਹੁੰਦਾ ਤਾਂ ਸੂਬੇ ਦੀਆਂ ਲਿੰਕ ਸੜਕਾਂ ਦੇ ਬਣਨ ਦੀ ਘੱਟੋ ਘੱਟ ਇਸ ਸਾਲ ਤਾਂ ਉਮੀਦ ਨਹੀਂ ਸੀ।

# ਅੰਮ੍ਰਿਤਸਰ ਹਵਾਈ ਅੱਡੇ ਤੋਂ ਸਭ ਤੋਂ ਵੱਧ ਮੁਸਾਫਰਾਂ ਨੇ ਮਾਰੀ ਉਡਾਰੀ

**ਚੰਡੀਗੜ੍ਹ:** ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡਾ (ਅੰਮ੍ਰਿਤਸਰ) ਦਸੰਬਰ 2017 ਵਿਚ 83.5 ਫੀਸਦੀ ਘਰੇਲੂ ਮੁਸਾਫਰਾਂ ਦੀ ਗਿਣਤੀ ਨਾਲ ਮੁਲਕ ਦੇ ਸਾਰੇ ਹਵਾਈ ਅੱਡਿਆਂ ਵਿਚੋਂ ਪਹਿਲੇ ਥਾਂ ਰਿਹਾ ਹੈ। ਦੂਜੇ ਥਾਂ 'ਤੇ 77.6 ਫੀਸਦੀ ਦੇ ਵਾਧੇ ਨਾਲ ਮਦੁਰਾਏ ਹਵਾਈ ਅੱਡਾ ਰਿਹਾ। ਦਸੰਬਰ 2016 'ਚ ਘਰੇਲੂ ਯਾਤਰੂਆਂ ਦੀ ਗਿਣਤੀ 88,790 ਸੀ। ਇਹ ਦਸੰਬਰ 2017 ਵਿਚ ਵਧ ਕੇ 1,62,932 ਹੋ ਗਈ। ਇਸੇ ਤਰ੍ਹਾਂ ਕੌਮਾਂਤਰੀ ਯਾਤਰੂਆਂ ਦੀ ਕੁੱਲ ਗਿਣਤੀ 56,284 ਸੀ ਜਦੋਂ ਕਿ ਦਸੰਬਰ 2016 ਵਿਚ ਇਹ ਗਿਣਤੀ 51,945 ਸੀ, ਜੋ 8.4 ਫੀਸਦੀ ਦਾ ਵਾਧਾ ਹੈ।

ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਹਾਲ ਹੀ ਵਿਚ ਭਾਰਤ ਦੇ ਸਾਰੇ ਹਵਾਈ ਅੱਡਿਆਂ ਦੇ ਦਸੰਬਰ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਦਸੰਬਰ 2017 ਵਿਚ ਯਾਤਰੂਆਂ ਦੀ ਕੁੱਲ ਗਿਣਤੀ 2,19,216 ਸੀ, ਜਿਸ ਨੇ ਨਵੰਬਰ 2017 ਦੀ 2,13,615 ਦੀ ਗਿਣਤੀ ਨੂੰ ਵੀ ਮਾਤ ਦੇ ਦਿੱਤੀ। ਪੰਜਾਬੀਆਂ ਲਈ ਹੋਰ ਵੀ ਮਾਣ ਵਾਲੀ ਗੱਲ ਹੈ ਕਿ ਇਸ ਹਵਾਈ ਅੱਡੇ ਤੋਂ ਮੁਸਾਫਰਾਂ ਦੀ ਸਾਲਾਨਾ ਗਿਣਤੀ 2017 'ਚ ਪਹਿਲੀ ਵਾਰ 20.6 ਲੱਖ ਪਾਰ ਕਰ ਗਈ, ਜੋ ਸਾਲ 2016 ਦੀ 15 ਲੱਖ ਦੀ ਗਿਣਤੀ ਨਾਲੋਂ 37.4 ਫੀਸਦੀ ਵੱਧ ਹੈ। ਪਿਛਲੇ ਸਾਲਾਂ ਵਾਂਗ 2017 ਵਿਚ ਵੀ ਸਭ ਤੋਂ ਵੱਧ 11 ਲੱਖ ਯਾਤਰੂਆਂ ਨੇ ਅੰਮ੍ਰਿਤਸਰ-ਦਿੱਲੀ ਵਿਚਾਲੇ ਸਫਰ ਕੀਤਾ ਜਦੋਂ ਕਿ ਅੰਮ੍ਰਿਤਸਰ-ਮੁੰਬਈ ਉਡਾਣ 2.8 ਲੱਖ ਮੁਸਾਫਰਾਂ ਨਾਲ ਦੂਜੇ ਸਥਾਨ ਉਤੇ ਰਹੀ।

ਅੰਤਰਰਾਸ਼ਟਰੀ ਉਡਾਣਾਂ ਵਿਚ ਅੰਮ੍ਰਿਤਸਰ-ਦੁਬਈ ਵਿਚਾਲੇ ਸਭ ਤੋਂ ਵੱਧ 2.3 ਲੱਖ ਦੇ ਕਰੀਬ ਯਾਤਰੂਆਂ ਨੇ ਉਡਾਣ ਭਰੀ ਤੇ ਦੂਜਾ ਸਥਾਨ ਅੰਮ੍ਰਿਤਸਰ-ਦੋਹਾ ਵਿਚਕਾਰ ਤਕਰੀਬਨ 1.1 ਲੱਖ ਯਾਤਰੂਆਂ ਨਾਲ ਕਤਰ ਏਅਰਵੇਜ਼ ਦੀ ਉਡਾਣ ਰਹੀ। ਏਅਰ ਇੰਡੀਆ ਵੱਲੋਂ 20 ਫਰਵਰੀ ਤੋਂ ਅੰਮ੍ਰਿਤਸਰ-ਬਰਮਿੰਘਮ ਉਡਾਣ ਸ਼ੁਰੂ ਕਰਨ ਨਾਲ ਅੰਤਰਰਾਸ਼ਟਰੀ ਯਾਤਰੂਆਂ 'ਚ ਹੋਰ ਵਾਧਾ ਹੋਵੇਗਾ। ਕੁਆਲਾਲੰਪੁਰ, ਬੈਂਕਾਕ ਤੇ ਹੋਰ ਮੁਲਕਾਂ ਤੋਂ ਅੰਮ੍ਰਿਤਸਰ ਨੂੰ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਬਾਰੇ ਵੀ ਵਿਚਾਰ ਕੀਤੀ ਜਾ ਰਹੀ ਹੈ।

## ਅੰਮ੍ਰਿਤਸਰ ਤੋਂ ਕੁਆਲਾਲੰਪੁਰ ਵਿਚਾਲੇ ਸਿੱਧੀ ਉਡਾਣ ਹੋਵੇਗੀ ਸ਼ੁਰੂ

**ਅੰਮ੍ਰਿਤਸਰ:** ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਏਅਰ ਏਸ਼ੀਆ ਐਕਸ ਹਵਾਈ ਕੰਪਨੀ ਦੇ ਅਧਿਕਾਰੀਆਂ ਨਾਲ ਮੀਟਿੰਗ ਮਗਰੋਂ ਅੰਮ੍ਰਿਤਸਰ ਅਤੇ ਕੁਆਲਾਲੰਪੁਰ ਵਿਚਾਲੇ ਸਿੱਧੀ ਉਡਾਣ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਉਡਾਣ ਇਸ ਸਾਲ ਦੀਵਾਲੀ ਨੇੜੇ ਸ਼ੁਰੂ ਹੋਵੇਗੀ ਅਤੇ ਸ਼ੁਰੂ ਵਿਚ ਹਫਤੇ ਵਿਚ ਚਾਰ ਦਿਨ ਚੱਲੇਗੀ।

ਸ੍ਰੀ ਸਿੱਧੂ ਨੇ ਆਖਿਆ ਕਿ ਉਡਾਣ ਦੀ ਸ਼ੁਰੂਆਤ ਨਾਲ ਆਸਟਰੇਲੀਆ, ਨਿਊਜ਼ੀਲੈਂਡ, ਬਰਮਿੰਘਮ ਅਤੇ ਪੱਛਮੀ ਅਮਰੀਕਾ ਵਿਚ ਪੜ੍ਹਦੇ ਬੱਚਿਆਂ ਅਤੇ ਪੰਜਾਬੀ ਯਾਤਰੂਆਂ ਨੂੰ ਆਉਣਾ-ਜਾਣਾ ਸੌਖਾ ਹੋ ਜਾਵੇਗਾ। ਇਹ ਉਡਾਣ ਘੱਟ ਖਰਚੇ ਵਾਲੀ ਹੈ, ਜਿਸ ਨਾਲ ਪੰਜਾਬੀਆਂ ਨੂੰ ਲਾਹਾ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਵੇਲੇ ਦਿੱਲੀ ਹਵਾਈ ਅੱਡੇ ਤੋਂ ਦੇਸ਼ ਭਰ ਦੇ ਯਾਤਰੂਆਂ ਵਿਚੋਂ 30 ਫੀਸਦੀ ਪੰਜਾਬੀ ਯਾਤਰੂ ਹਨ, ਜਿਨ੍ਹਾਂ ਨੂੰ ਇਸ ਉਡਾਣ ਅਤੇ ਹਵਾਈ ਅੱਡੇ ਦਾ ਵੱਡਾ ਫਾਇਦਾ ਮਿਲੇਗਾ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿਸੋਦੀਆ ਦੀ ਗੁਪਤ ਫੇਰੀ ਦੇ ਚਰਚੇ

**ਚੰਡੀਗੜ੍ਹ:** ਦਿੱਲੀ ਦੇ ਉਪ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਪਿਛਲੇ ਸਮੇਂ ਚੁੱਪ ਚੁਪੀਤੇ ਪੰਜਾਬ ਆ ਕੇ ਪਾਰਟੀ ਦੀ ਲੀਡਰਸ਼ਿਪ ਅਤੇ ਵਿਧਾਇਕਾਂ ਨੂੰ ਨਸੀਹਤਾਂ ਦੇ ਗਏ ਹਨ।

ਇਨ੍ਹਾਂ ਮੀਟਿੰਗਾਂ ਦੌਰਾਨ ਪੰਜਾਬ ਇਕਾਈ ਲਈ ਕੋਈ ਕੋਰ ਕਮੇਟੀ ਜਾਂ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ.ਸੀ.ਏ.) ਬਣਾਉਣ ਦੀ ਚਰਚਾ ਵੀ ਹੋਣ ਦੀ ਜਾਣਕਾਰੀ ਮਿਲੀ ਹੈ ਅਤੇ ਪੰਜਾਬ ਇਕਾਈ ਨੂੰ ਹੋਰ ਨਵਾਂ ਰੂਪ ਦਿੱਤਾ ਜਾ ਸਕਦਾ ਹੈ। ਸ੍ਰੀ ਸਿਸੋਦੀਆ ਨੇ ਸੂਬਾ ਇਕਾਈ ਦੇ ਇੰਚਾਰਜ ਬਣਨ ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿਚ ਆ ਕੇ ਲੀਡਰਸ਼ਿਪ ਨਾਲ ਮੁਲਾਕਾਤਾਂ ਦਾ ਦੌਰ ਚਲਾਇਆ ਹੈ। ਸੂਤਰਾਂ ਅਨੁਸਾਰ ਸ੍ਰੀ ਸਿਸੋਦੀਆ ਵੱਲੋਂ ਪੰਜਾਬ ਆ ਕੇ ਪਾਰਟੀ ਦੇ ਵਿਧਾਇਕਾਂ ਅਤੇ ਲੀਡਰਸ਼ਿਪ ਨਾਲ ਇਥੇ ਦੋ ਰਾਤਾਂ ਰਹਿ ਕੇ ਲੰਮੀਆਂ ਮੀਟਿੰਗਾਂ ਕੀਤੀਆਂ ਹਨ।

ਸੂਤਰਾਂ ਅਨੁਸਾਰ ਸ੍ਰੀ ਸਿਸੋਦੀਆ ਪੰਜਾਬ ਦੀ ਲੀਡਰਸ਼ਿਪ ਦੀ ਕਾਰਗੁਜ਼ਾਰੀ ਉਪਰ ਬਹੁਤੇ ਖੁਸ਼ ਨਹੀਂ ਸਨ ਕਿਉਂਕਿ ਪਾਰਟੀ ਨੂੰ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਉਪ ਚੋਣ ਅਤੇ ਨਗਰ ਨਿਗਮ ਚੋਣਾਂ ਵਿਚੋਂ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਫੇਰੀ ਦੀ ਮੀਡੀਆ ਨੂੰ ਭਿਣਕ ਤੱਕ ਨਹੀਂ ਲੱਗੀ। ਪਤਾ ਲੱਗਾ ਹੈ ਕਿ ਇਸ ਮੀਟਿੰਗ ਵਿਚ ਭਗਵੰਤ ਮਾਨ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਉਠੀ। ਸਿਸੋਦੀਆ ਨੇ ਚਾਰ ਫਰਵਰੀ ਨੂੰ ਵਿਧਾਇਕਾਂ ਨਾਲ ਵੱਖਰੀ-ਵੱਖਰੀ ਮੁਲਾਕਾਤ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਇਕਾਈ ਤੋਂ ਸੂਬਾਈ ਮਾਮਲਿਆਂ ਬਾਰੇ ਉਨ੍ਹਾਂ ਦੀ ਰਾਇ ਲਈ।

ਸੂਤਰਾਂ ਅਨੁਸਾਰ ਜ਼ਿਆਦਾਤਰ ਵਿਧਾਇਕਾਂ ਨੇ ਸ੍ਰੀ ਸਿਸੋਦੀਆ ਤੋਂ ਮੰਗ ਕੀਤੀ ਕਿ ਭਗਵੰਤ ਮਾਨ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਲਈ ਤੁਰਤ ਕਾਰਵਾਈ ਕੀਤੀ ਜਾਵੇ। ਮਾਲਵਾ ਦੇ ਇਕ ਵਿਧਾਇਕ ਨੇ ਦੱਸਿਆ ਕਿ ਉਨ੍ਹਾਂ ਵਿਚ ਆਮ ਵਿਚਾਰ ਹੈ ਕਿ ਮਾਨ ਪਾਰਟੀ ਵਿਧਾਇਕਾਂ ਦੀ ਪਹੁੰਚ ਤੋਂ ਵੀ ਦੂਰ ਹਨ। ਪਤਾ ਲੱਗਾ ਹੈ ਕਿ ਮੀਟਿੰਗ ਦੌਰਾਨ ਸਿਸੋਦੀਆ ਨੇ ਇਕੱਲੇ ਇਕੱਲੇ ਵਿਧਾਇਕ ਨਾਲ ਗੱਲਬਾਤ ਕੀਤੀ ਸੀ।

ਦੂਜੇ ਪਾਸੇ ਸੂਬਾਈ ਪ੍ਰਧਾਨ ਭਗਵੰਤ ਮਾਨ ਨੇ ਅਜਿਹਾ ਕੁਝ ਹੋਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੰਸਦ ਦੇ ਸੈਸ਼ਨ ਦੌਰਾਨ ਉਨ੍ਹਾਂ ਨੇ ਮਨੀਸ਼ ਨਾਲ ਮੀਟਿੰਗ ਕੀਤੀ ਸੀ ਪਰ ਇਸ ਦੌਰਾਨ ਉਨ੍ਹਾਂ ਦੀ ਭੂਮਿਕਾ ਬਾਰੇ ਕੋਈ ਚਰਚਾ ਨਹੀਂ ਹੋਈ। ਇਸ ਦੌਰਾਨ 2019 ਲੋਕ ਸਭਾ ਤੇ ਸਥਾਨਕ ਚੋਣਾਂ ਸਬੰਧੀ ਪਾਰਟੀ ਦੀਆਂ ਤਿਆਰੀਆਂ ਬਾਰੇ ਲੰਮੀ ਚਰਚਾ ਹੋਈ ਸੀ।

## ਵੀਰਭੱਦਰ ਤੇ ਪਤਨੀ ਨੂੰ ਸੰਮਨ

**ਨਵੀਂ ਦਿੱਲੀ:** ਵਿਸ਼ੇਸ਼ ਅਦਾਲਤ ਨੇ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ, ਉਨ੍ਹਾਂ ਦੀ ਪਤਨੀ ਪ੍ਰਤਿਭਾ ਸਿੰਘ ਤੇ 3 ਹੋਰਾਂ ਨੂੰ 7 ਕਰੋੜ ਰੁਪਏ ਦੇ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ 'ਚ 22 ਮਾਰਚ ਨੂੰ ਮੁਲਜ਼ਮ ਵਜੋਂ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਵਿਸ਼ੇਸ਼ ਜੱਜ ਸੰਤੋਸ਼ ਸਨੇਹੀ ਮਾਨ ਨੇ ਕਿਹਾ ਕਿ ਮੁਲਜ਼ਮਾਂ ਖਿਲਾਫ਼ ਕਾਫੀ ਸਬੂਤ ਹਨ ਅਤੇ ਉਨ੍ਹਾਂ ਨੂੰ ਅਦਾਲਤ ਮੂਹਰੇ ਪੇਸ਼ ਹੋਣ ਦੀ ਹਦਾਇਤ ਕੀਤੀ ਗਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ 83 ਵਰ੍ਹਿਆਂ ਦੇ ਵੀਰਭੱਦਰ ਸਿੰਘ 'ਤੇ ਕੋਈ 7 ਕਰੋੜ ਰੁਪਏ ਦੀ ਹੇਰਾਫੇਰੀ ਕਰ ਕੇ ਉਸ ਪੈਸੇ ਨੂੰ ਐਲ.ਆਈ.ਸੀ. ਪਾਲਸੀਆਂ 'ਚ ਨਿਵੇਸ਼ ਕਰਨ ਦੇ ਦੋਸ਼ ਲਾਏ ਸਨ। ਅਦਾਲਤ ਨੇ ਯੂਨੀਵਰਸਲ ਐਪਲ ਐਸੋਸੀਏਟ ਦੇ ਮਾਲਕ ਚੁੰਨੀ ਲਾਲ ਚੌਹਾਨ ਅਤੇ ਦੋ ਹੋਰਾਂ ਪ੍ਰੇਮ ਰਾਜ ਤੇ ਲਾਵਨ ਕੁਮਾਰ ਨੂੰ ਵੀ ਸੰਮਨ ਭੇਜੇ ਹਨ।

## ਭਾਰਤ ਦੇ 35 ਫੀਸਦੀ ਮੁੱਖ ਮੰਤਰੀਆਂ 'ਤੇ ਅਪਰਾਧਕ ਕੇਸ ਦਰਜ

**ਨਵੀਂ ਦਿੱਲੀ:** ਇਕ ਰਿਪੋਰਟ ਮੁਤਾਬਕ ਭਾਰਤ ਦੇ ਤਕਰੀਬਨ 35 ਫੀਸਦੀ ਮੁੱਖ ਮੰਤਰੀਆਂ ਖਿਲਾਫ਼ ਅਪਰਾਧਕ ਮਾਮਲੇ ਦਰਜ ਹਨ ਅਤੇ 81 ਫੀਸਦੀ ਮੁੱਖ ਮੰਤਰੀ ਕਰੋੜਪਤੀ ਹਨ। ਸਿਆਸੀ ਪਾਰਟੀਆਂ ਉਤੇ ਨਜ਼ਰ ਰੱਖਣ ਵਾਲੇ ਸੰਗਠਨ ਏ.ਡੀ. ਆਰ. (ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼) ਵੱਲੋਂ ਨੈਸ਼ਨਲ ਇਲੈਕਸ਼ਨ ਵਾਚ ਨਾਲ ਮਿਲ ਕੇ ਕੀਤੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ।

ਦੋਵੇਂ ਸੰਗਠਨਾਂ ਨੇ ਦੇਸ਼ ਭਰ 'ਚ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੌਜੂਦਾ ਮੁੱਖ ਮੰਤਰੀਆਂ ਵੱਲੋਂ ਦਿੱਤੇ ਹਲਫਨਾਮਿਆਂ ਦਾ ਅਧਿਐਨ ਕਰ ਕੇ ਇਹ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ ਅਨੁਸਾਰ 31 ਮੁੱਖ ਮੰਤਰੀਆਂ ਵਿਚੋਂ 11 (35 ਫੀਸਦੀ) ਨੇ ਖੁਦ ਖਿਲਾਫ਼ ਅਪਰਾਧਕ ਮਾਮਲੇ ਦਰਜ ਹੋਣ ਬਾਰੇ ਐਲਾਨ ਕੀਤਾ ਹੈ।

ਰਿਪੋਰਟ ਅਨੁਸਾਰ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਸਭ ਤੋਂ ਅਮੀਰ ਮੁੱਖ ਮੰਤਰੀ ਹਨ। ਉਨ੍ਹਾਂ ਕੋਲ 177 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਇਸੇ ਤਰ੍ਹਾਂ ਵਿੱਦਿਅਕ ਯੋਗਤਾ ਦੇ ਮਾਮਲੇ 'ਚ 31 ਮੁੱਖ ਮੰਤਰੀਆਂ ਵਿਚੋਂ 10 ਫੀਸਦੀ 12ਵੀਂ ਪਾਸ, 39 ਫੀਸਦੀ ਗਰੈਜੂਏਟ, 32 ਫੀਸਦੀ ਗਰੈਜੂਏਟ ਪ੍ਰੋਫੈਸ਼ਨਲ, 16 ਫੀਸਦੀ ਪੋਸਟ ਗਰੈਜੂਏਟ ਹੈ।

## ਰਾਜਸਥਾਨ 'ਚ 11.48 ਕਰੋੜ ਟਨ ਸੋਨੇ ਦੇ ਭੰਡਾਰ ਲੱਭੇ

**ਜੈਪੁਰ:** ਭਾਰਤੀ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਰਾਜਸਥਾਨ ਦੇ ਬਾਂਸਵਾੜਾ ਅਤੇ ਉਦੇਪੁਰ ਜ਼ਿਲ੍ਹਿਆਂ ਵਿਚ 11.48 ਕਰੋੜ ਟਨ ਦੇ ਸੋਨੇ ਦੇ ਭੰਡਾਰ ਦਾ ਪਤਾ ਲਾਇਆ ਗਿਆ ਹੈ। ਵਿਭਾਗ ਦੇ ਸੀਨੀਅਰ ਅਫਸਰ ਕੁਟੁੰਬਾ ਰਾਵ ਨੇ ਕਿਹਾ ਕਿ ਰਾਜਸਥਾਨ ਵਿਚ ਸੋਨੇ ਦੀ ਖੋਜ ਦੀਆਂ ਨਵੀਆਂ ਸੰਭਾਵਨਾਵਾਂ ਸਾਹਮਣੇ ਆਈਆਂ ਹਨ। ਉਦੇਪੁਰ ਅਤੇ ਬਾਂਸਵਾੜਾ ਜਿਲ੍ਹਿਆਂ ਵਿਚ ਭੂਕੀਆ ਡਗੋਚਾ ਇਲਾਕੇ ਵਿਚ ਸੋਨੇ ਦੇ ਭੰਡਾਰ ਮਿਲੇ ਹਨ। ਰਾਵ ਮੁਤਾਬਕ ਰਾਜਸਥਾਨ ਵਿਚ 2010 ਤੋਂ ਹੁਣ ਤੱਕ 8.11 ਕਰੋੜ ਟਨ ਤਾਂਬੇ ਦੇ ਭੰਡਾਰ ਦਾ ਪਤਾ ਲਾਇਆ ਜਾ ਚੁੱਕਿਆ ਹੈ। ਇਸ ਤਾਂਬੇ ਦਾ ਔਸਤ ਪੱਧਰ 0.38 ਫੀਸਦੀ ਹੈ।

ਉਨ੍ਹਾਂ ਦੱਸਿਆ ਕਿ ਰਾਜਸਥਾਨ ਦੇ ਸਿਰੋਹੀ ਜ਼ਿਲ੍ਹੇ ਦੇ ਦੇਵਾ ਦਾ ਬੇੜਾ ਅਤੇ ਬਾੜਮੇਰ ਜ਼ਿਲ੍ਹੇ ਦੇ ਸਿਵਾਨਾ ਇਲਾਕੇ ਵਿਚ ਖਣਿਜਾਂ ਦੀ ਖੋਜ ਕੀਤੀ ਜਾ ਰਹੀ ਹੈ। ਰਾਜਸਥਾਨ ਵਿਚ 35.65 ਕਰੋੜ ਟਨ ਦੇ ਸੀਸਾ-ਜਸਤਾ ਨਾਂ ਦੇ ਖਣਿਜ ਮਿਲੇ ਹਨ। ਇਸ ਤੋਂ ਇਲਾਵਾ ਭੀਲਵਾੜਾ ਜ਼ਿਲ੍ਹੇ ਦੇ ਸਲਾਮਪੁਰ ਅਤੇ ਇਸ ਦੇ ਨੇੜੇ-ਤੇੜੇ ਦੇ ਇਲਾਕਿਆਂ ਵਿਚ ਵੀ ਖਣਿਜ ਪਦਾਰਥ ਮਿਲੇ ਹਨ। ਦੁਨੀਆ ਵਿਚ ਸਭ ਤੋਂ ਜ਼ਿਆਦਾ ਸੋਨਾ ਅਮਰੀਕਾ ਕੋਲ ਹੈ। ਉਸ ਕੋਲ 81.33.5 ਮੀਟ੍ਰਿਕ ਟਨ ਸੋਨਾ ਹੈ। ਭਾਰਤ ਵਿਚ 557.7 ਮੀਟਰਿਕ ਟਨ ਸੋਨਾ ਹੈ।

# ਮੌੜ ਧਮਾਕੇ ਦੀ ਸੂਈ ਡੇਰਾ ਸਿਰਸਾ ਵੱਲ ਘੁੰਮੀ

*(ਸਫਾ ਇਕ ਦੀ ਬਾਕੀ)*

ਦਾਖਲਾ ਸੀ। ਇਸ ਧਮਾਕੇ ਦਾ ਨਿਸ਼ਾਨਾ ਭਾਵੇਂ ਡੇਰਾ ਮੁਖੀ ਦਾ ਰਿਸ਼ਤੇਦਾਰ ਹਰਮਿੰਦਰ ਜੱਸੀ ਦੱਸਿਆ ਜਾ ਰਿਹਾ ਹੈ, ਪਰ ਜੱਸੀ ਦੇ ਭਾਣਜੇ ਭੁਪਿੰਦਰ ਸਿੰਘ ਗੋਰਾ ਦਾ ਦਾਅਵਾ ਹੈ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਕੁੜਮ ਜੱਸੀ ਨੇ ਚੋਣਾਂ 'ਚ ਹਮਦਰਦੀ ਨਾਲ ਵੋਟਾਂ ਲੈਣ ਇਹ ਸਾਜ਼ਿਸ਼ ਰਚੀ ਸੀ।

ਇਸ ਸਾਜ਼ਿਸ਼ ਤੋਂ ਪਰਦਾ ਉਠਣ ਪਿੱਛੋਂ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਦੀ ਜਾਂਚ ਵੀ ਡੇਰੇ ਵੱਲ ਘੁੰਮ ਸਕਦੀ ਹੈ, ਕਿਉਂਕਿ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਬਰਗਾੜੀ ਬੇਅਦਬੀ ਮਾਮਲੇ ਦੀ ਪੈੜ ਨੱਪਦੀ-ਨੱਪਦੀ ਹੀ ਡੇਰਾ ਸਿਰਸਾ ਪੁੱਜੀ ਸੀ। ਜਦ ਜਾਂਚ ਟੀਮ ਸਿਰਸਾ ਵਿਚ ਤਫਤੀਸ਼ ਕਰਨ ਲੱਗੀ ਤਾਂ ਉਨ੍ਹਾਂ ਨੂੰ ਡੇਰੇ ਦੀ ਵਰਕਸ਼ਾਪ ਲਈ ਕਲਪੁਰਜ਼ੇ ਸਪਲਾਈ ਕਰਨ ਵਾਲੇ ਸੁਨੀਲ ਕੁਮਾਰ ਰਾਹੀਂ ਅਜਿਹੀਆਂ ਕੜੀਆਂ ਜੁੜੀਆਂ ਕਿ ਮੌੜ ਬੰਬ ਧਮਾਕੇ ਦੀ ਸਾਜ਼ਿਸ਼ ਦਾ ਪਰਦਾਫਾਸ਼ ਹੋ ਗਿਆ। ਇਹ ਵੀ ਪਤਾ ਲੱਗਾ ਹੈ ਕਿ ਜਾਂਚ ਟੀਮ ਨੂੰ ਬੇਅਦਬੀ ਕਾਂਡ ਦੀ ਬਾਜਾਖਾਨਾ ਤੇ ਆਸਪਾਸ ਦੇ ਖੇਤਰਾਂ 'ਚ ਜਾਂਚ-ਪੜਤਾਲ ਦੌਰਾਨ ਕੁਝ ਅਜਿਹੇ ਸੁਰਾਗ ਲੱਭੇ ਹਨ ਜੋ ਦੋਸ਼ੀਆਂ ਦੇ ਸਿਰਸਾ ਵਾਲੇ ਪਾਸੇ ਹੋਣ ਦੇ ਸੰਕੇਤ ਦੇ ਰਹੇ ਸਨ।

ਅਜਿਹੇ ਤੱਥ ਲੱਭਣ ਬਾਅਦ ਜਾਂਚ ਟੀਮ ਦੇ ਕਈ ਦਲ ਸਿਰਸਾ ਤੇ ਆਸਪਾਸ ਦੇ ਖੇਤਰਾਂ ਦੀ ਮਿੱਟੀ ਛਾਣਨ ਲੱਗੇ। ਕਿਸੇ ਸੂਤਰ ਰਾਹੀਂ ਉਨ੍ਹਾਂ ਦਾ ਸੰਪਰਕ ਸਿਰਸਾ ਵਿਚ ਮੋਟਰ ਗੱਡੀਆਂ ਦੇ ਸਪੇਅਰ ਪਾਰਟਸ ਦੀ ਦੁਕਾਨ ਦੇ ਮਾਲਕ ਸੁਨੀਲ ਨਾਲ ਹੋ ਗਿਆ। ਸੁਨੀਲ ਡੇਰਾ ਸਿਰਸਾ ਅੰਦਰਲੀਆਂ ਸਾਰੀਆਂ ਮੋਟਰ ਗੱਡੀਆਂ ਲਈ ਕਲਪੁਰਜ਼ੇ ਸਪਲਾਈ ਕਰਦਾ ਸੀ। ਡੇਰੇ ਦੀ ਵੀ.ਆਈ.ਪੀ. ਵਰਕਸ਼ਾਪ 'ਚ ਆਮ ਕਰ ਕੇ ਲੈਕਸਸ, ਮਰਸੀਡੀਜ਼, ਬੀ.ਐਮ.ਡਬਲਿਊ ਤੇ ਹੋਰ ਮਹਿੰਗੀਆਂ ਗੱਡੀਆਂ ਹੁੰਦੀਆਂ ਸਨ, ਪਰ ਜਦ ਦਸੰਬਰ ਦੇ ਵਹੀ ਖਾਤੇ ਵਿਚ ਇਕ ਮਾਰੂਤੀ 800 ਦਾ ਸਾਮਾਨ ਭੇਜਣ ਦੀ ਗੱਲ ਸਾਹਮਣੇ ਆਈ ਤਾਂ ਜਾਂਚ ਟੀਮ ਦੇ ਕੰਨ ਖੜ੍ਹੇ ਹੋ ਗਏ, ਕਿਉਂਕਿ ਗੁਰਮੀਤ ਰਾਮ ਰਹੀਮ ਦੀਆਂ ਕਾਰਾਂ ਦੀ ਕਤਾਰ ਵਿਚ ਮਾਰੂਤੀ 800 ਕਿਥੋਂ ਆ ਗਈ? ਸੁਨੀਲ ਨੇ ਹੀ ਫਿਰ ਭਾਂਡਾ ਭੰਨਿਆ ਕਿ ਡੇਰੇ ਦੀ ਵੀ.ਆਈ.ਪੀ. ਵਰਕਸ਼ਾਪ ਦਾ ਹੈੱਡ ਕਾਲਾ ਜੋ ਡੱਬਵਾਲੀ ਨੇੜਲੇ ਅਲੀਕੇ ਦਾ ਵਸਨੀਕ ਹੈ, ਇਹ ਕਾਰ ਲੈ ਕੇ ਆਉਂਦਾ ਰਿਹਾ ਹੈ। ਇਸੇ ਵਰਕਸ਼ਾਪ ਵਿਚ ਹਰਮੇਲ ਸਿੰਘ ਤੇ ਅਵਤਾਰ ਸਿੰਘ ਵੀ ਕੰਮ ਕਰਦੇ ਸਨ ਤੇ ਗੁਰਮੀਤ ਰਾਮ ਦੇ ਖਾਸਮ-ਖਾਸ ਸਾਧੂਆਂ ਵਿਚ ਸ਼ਾਮਲ ਸਨ। ਜਾਂਚ ਦਲ ਦਾ ਕਹਿਣਾ ਹੈ ਕਿ ਇਹ ਤਿੰਨੇ ਸਾਧੂ ਗੁਰਮੀਤ ਰਾਮ ਰਹੀਮ ਵੱਲੋਂ ਨਿਪੁੰਸਕ ਕੀਤੇ ਸਾਧੂਆਂ ਵਿਚ ਸ਼ਾਮਲ ਹਨ। ਮਾਨਸਾ ਜ਼ਿਲ੍ਹੇ ਦੇ ਕਸਬਾ ਭੀਖੀ ਨਾਲ ਸਬੰਧਤ ਅਮਰੀਕ ਸਿੰਘ ਬੰਬ ਧਮਾਕੇ ਲਈ ਵਰਤੀ ਬੈਟਰੀ ਲਿਆਉਣ ਅਤੇ ਕਾਰ ਦਾ ਹੋਰ ਸਾਮਾਨ ਬਦਲਣ ਵਿਚ ਸ਼ਾਮਲ ਸੀ।

ਹੁਣ ਤੱਕ ਦੀ ਜਾਂਚ ਤੋਂ ਪੁਲਿਸ ਵੱਲੋਂ ਇਹੀ ਸਿੱਟਾ ਕੱਢਿਆ ਗਿਆ ਹੈ ਕਿ ਇਸ ਧਮਾਕੇ ਦੀ ਸਾਜ਼ਿਸ਼ ਡੇਰਾ ਸਿਰਸਾ ਵਿਚੋਂ ਹੀ ਨਿਕਲੀ ਤੇ ਇਹ ਵੀ ਤਕਰੀਬਨ ਸਾਫ ਹੋ ਗਿਆ ਹੈ ਕਿ ਇਸ ਦਾ ਮਕਸਦ ਸਿਰਫ ਸਿਆਸੀ ਲਾਹਾ ਲੈਣਾ ਸੀ। ਦੱਸ ਦਈਏ ਕਿ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਪੰਜਾਬ ਦੀਆਂ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਡੇਰੇ ਤੋਂ ਹਮਾਇਤ ਲੈਣ ਗਈਆਂ ਸਨ ਤੇ ਅਕਾਲ ਤਖਤ ਦੇ ਹੁਕਮਾਂ ਦੀ ਉਲੰਘਣਾ ਦੇ ਦੋਸ਼ ਵਿਚ ਕਈ ਸਿਆਸੀ ਆਗੂਆਂ ਨੇ ਸਜ਼ਾ ਵੀ ਭੁਗਤੀ ਸੀ, ਪਰ ਡੇਰੇ ਦੇ ਸਿਆਸੀ ਵਿੰਗ ਨੇ ਆਖਰ ਤੱਕ ਆਪਣੇ ਸਿਆਸੀ ਪੱਤੇ ਨਾ ਖੋਲ੍ਹੇ। ਕਾਬਲੇਗੌਰ ਹੈ ਕਿ ਡੇਰਾ ਕਦੇ ਵੀ ਕਿਸੇ ਇਕ ਸਿਆਸੀ ਧਿਰ ਦਾ ਹਮਾਇਤੀ ਨਹੀਂ ਰਿਹਾ ਤੇ ਹਰ ਵਾਰ ਆਪਣੇ ਫਾਇਦੇ ਮੁਤਾਬਕ ਸਿਆਸੀ ਧਿਰ ਦੇ ਸਿਰ ਉਤੇ ਹੱਥ ਰੱਖਦਾ ਹੈ। 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਰੇਆਮ ਡੇਰੇ ਵੱਲੋਂ ਕਾਂਗਰਸ ਦੀ ਹਮਾਇਤ ਕੀਤੀ ਗਈ। ਫਿਰ 2015 'ਚ ਹਰਿਆਣਾ ਦੀ ਵਿਧਾਨ ਸਭਾ ਚੋਣ ਵਿਚ ਡੇਰੇ ਵੱਲੋਂ ਭਾਜਪਾ ਦੀ ਹਮਾਇਤ ਕੀਤੀ ਗਈ। 2017 ਦੀ ਪੰਜਾਬ ਵਿਧਾਨ ਸਭਾ ਚੋਣ ਵਿਚ ਡੇਰੇ ਨੇ ਅਕਾਲੀ-ਭਾਜਪਾ ਗਠਜੋੜ ਦੀ ਖੁੱਲ੍ਹੇਆਮ ਹਮਾਇਤ ਕੀਤੀ ਸੀ।

## ਕੈਪਟਨ ਨੂੰ ਹੁਣ ਟਰੂਡੋ ਦੀ ਬੇਸਬਰੀ ਨਾਲ ਉਡੀਕ

*(ਸਫਾ ਇਕ ਦੀ ਬਾਕੀ)*

ਸਮੇਤ ਭਾਰਤ ਫੇਰੀ ਮੌਕੇ ਮਿਲਣ ਦੀ ਤਾਂਘ ਭਰੀ ਉਡੀਕ ਵਿਚ ਹਨ ਤੇ ਟਰੂਡੋ ਦੀ ਫੇਰੀ ਕੈਨੇਡਾ ਤੇ ਪੰਜਾਬ ਦਰਮਿਆਨ ਦੁਵੱਲੇ ਲਾਭ ਲਈ ਵਪਾਰਕ ਸਬੰਧ ਹੋਰ ਮਜ਼ਬੂਤ ਹੋਣਗੇ।

## ਦਿੱਲੀ ਧਮਾਕੇ ਯਾਸਿਨ ਭਟਕਲ ਖਿਲਾਫ ਦੋਸ਼ ਆਇਦ

**ਨਵੀਂ ਦਿੱਲੀ:** ਅਦਾਲਤ ਨੇ ਸਤੰਬਰ 2008 ਵਿਚ ਦਿੱਲੀ 'ਚ ਸਿਲਸਿਲੇਵਾਰ ਬੰਬ ਧਮਾਕਿਆਂ ਦੇ ਮਾਮਲੇ 'ਚ ਇੰਡੀਅਨ ਮੁਜ਼ਾਹਦੀਨ ਦੇ ਸਹਿ-ਸੰਸਥਾਪਕ ਯਾਸਿਨ ਭਟਕਲ ਅਤੇ ਉਸ ਦੇ ਸਹਿਯੋਗੀ ਖਿਲਾਫ਼ ਸਾਜ਼ਿਸ਼ ਰਚਣ ਅਤੇ ਅਤਿਵਾਦ ਦੇ ਦੋਸ਼ ਆਇਦ ਕੀਤੇ ਹਨ। ਇਨ੍ਹਾਂ ਧਮਾਕਿਆਂ 'ਚ 26 ਲੋਕਾਂ ਦੀ ਮੌਤ ਹੋ ਗਈ ਸੀ ਅਤੇ 135 ਲੋਕ ਜਖ਼ਮੀ ਹੋ ਗਏ ਸਨ।

ਅਦਾਲਤ ਨੇ ਭਟਕਲ ਅਤੇ ਉਸ ਦੇ ਸਹਿਯੋਗੀ ਅਸਾਦੁੱਲਾ ਅਖਤਰ ਖਿਲਾਫ਼ ਸਖਤ ਗੈਰ-ਕਾਨੂੰਨੀ ਗਤੀਵਿਧੀਆਂ ਐਕਟ ਤਹਿਤ ਵੱਖ-ਵੱਖ ਅਪਰਾਧਾਂ ਲਈ ਦੋਸ਼ ਆਇਦ ਕੀਤੇ ਹਨ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 28 ਫਰਵਰੀ ਤੱਕ ਟਾਲ ਦਿੱਤੀ।

## ਹਾਮਿਦ ਦੂਜੀ ਵਾਰ ਬਣੇ ਬੰਗਲਾਦੇਸ਼ ਦੇ ਰਾਸ਼ਟਰਪਤੀ

**ਢਾਕਾ:** ਬੰਗਲਾਦੇਸ਼ ਦੇ ਰਾਸ਼ਟਰਪਤੀ ਅਬਦੁਲ ਹਾਮਿਦ ਨੂੰ ਦੂਜੀ ਵਾਰ ਪੰਜ ਸਾਲਾਂ ਲਈ ਮੁੜ ਰਾਸ਼ਟਰਪਤੀ ਚੁਣਿਆ ਗਿਆ ਹੈ। ਉਹ ਅਜਿਹੇ ਪਹਿਲੇ ਆਗੂ ਹਨ ਜੋ ਲਗਾਤਾਰ ਦੂਜੀ ਵਾਰ ਰਾਸ਼ਟਰਪਤੀ ਬਣਨਗੇ। ਬੰਗਲਾਦੇਸ਼ ਦੇ ਮੁੱਖ ਚੋਣ ਕਮਿਸ਼ਨਰ ਕੇ.ਐਮ. ਨੂਰੂਲ ਹੁੱਡਾ ਨੇ ਦੱਸਿਆ ਕਿ ਉਨ੍ਹਾਂ ਨੂੰ ਨਿਰਵਿਰੋਧ ਰਾਸ਼ਟਰਪਤੀ ਚੁਣਿਆ ਗਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਹੁਕਮਰਾਨਾਂ ਨੂੰ ਹਲੂਣ ਨਾ ਸਕਿਆ ਕਿਸਾਨਾਂ ਦਾ ਦਰਦ

**ਚੰਡੀਗੜ੍ਹ:** ਕਰਜ਼ੇ ਦੇ ਭਾਰ ਹੇਠ ਦੱਬੇ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਵੀ ਸਰਕਾਰਾਂ ਦੀ ਸੰਵੇਦਨਾ ਨੂੰ ਹਲੂਣਾ ਨਹੀਂ ਦੇ ਸਕੀਆਂ। ਖੇਤੀ ਸਕੀਮਾਂ ਵਿਚ 20% ਕਟੌਤੀ ਕਰਨ ਦੇ ਹੁਕਮ ਤੋਂ ਇਲਾਵਾ ਵਿੱਤੀ ਸਾਲ 2017-18 ਖਤਮ ਹੋਣ ਦੇ ਨੇੜੇ ਹੈ ਪਰ ਕੇਂਦਰੀ ਸਕੀਮਾਂ ਦਾ ਪੈਸਾ ਵੀ ਹੋਰਾਂ ਕੰਮਾਂ ਲਈ ਵਰਤ ਲਿਆ ਗਿਆ ਹੈ।

ਪੰਜਾਬ ਦੀਆਂ ਖੇਤੀ ਨਾਲ ਸਬੰਧਤ ਸਕੀਮਾਂ ਦਾ ਲਗਭਗ 290 ਕਰੋੜ ਰੁਪਏ ਕੇਂਦਰ ਵੱਲੋਂ ਜਾਰੀ ਹੋਣ ਦੇ ਬਾਵਜੂਦ ਖੇਤੀ ਬਾੜੀ ਵਿਭਾਗ ਨੂੰ ਨਹੀਂ ਮਿਲਿਆ। ਇਹ ਪੈਸਾ ਸਮੇਂ ਸਿਰ ਜਾਰੀ ਨਾ ਹੋਣ ਕਰ ਕੇ ਪੰਜਾਬ ਨੂੰ ਦੂਜੀ ਕਿਸ਼ਤ ਤੋਂ ਹੱਥ ਧੋਣੇ ਪੈਂਦੇ ਹਨ ਅਤੇ ਬਹੁਤ ਸਾਰੀਆਂ ਸਕੀਮਾਂ ਵਿਚ ਅਣਵਰਤਿਆ ਪੈਸਾ ਖਤਮ ਸਮਝਿਆ ਜਾਂਦਾ ਹੈ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ.) ਦਾ ਕੇਂਦਰ ਵੱਲੋਂ ਆਇਆ 131 ਕਰੋੜ ਅਤੇ ਰਾਜ ਸਰਕਾਰ ਦਾ ਬਣਦਾ 87 ਕਰੋੜ ਵੀ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਅਟਕਿਆ ਪਿਆ ਹੈ। ਇਸੇ ਸਕੀਮ ਦੇ 2016-17 ਦੇ ਕਰੀਬ 29 ਕਰੋੜ ਰੁਪਏ ਦੇ ਬਿੱਲ ਸਰਕਾਰੀ ਖਜ਼ਾਨੇ ਵਿਚ ਅਟਕੇ ਪਏ ਹੋਏ ਹਨ। ਇਨ੍ਹਾਂ ਦੋ ਸੀਜ਼ਨਾਂ ਦੌਰਾਨ ਕਿਸਾਨਾਂ ਨੂੰ ਜਾਰੀ ਹੋਣ ਵਾਲਾ ਪੈਸਾ ਕਿਸ ਤਰਜੀਹੀ ਕੰਮ ਉਤੇ ਖਰਚ ਕੀਤਾ ਗਿਆ ਹੈ, ਕਿਸਾਨ ਤਾਂ ਕੀ ਖੇਤੀ ਵਿਭਾਗ ਨੂੰ ਵੀ ਕੋਈ ਜਾਣਕਾਰੀ ਨਹੀਂ ਹੈ। ਇਹ ਪੈਸਾ ਜਾਰੀ ਹੋ ਕੇ ਵਰਤੋਂ ਸਰਟੀਫਿਕੇਟ ਦਿੱਤੇ ਬਿਨਾਂ ਦੂਸਰੀ ਕਿਸ਼ਤ ਮਿਲਣ ਦੀ ਸੰਭਾਵਨਾ ਨਹੀਂ ਹੈ।

### ਕੇਂਦਰ ਤੇ ਸੂਬਾ ਸਰਕਾਰਾਂ 'ਚ ਹਿੱਸੇਦਾਰੀ ਦਾ ਰੌਲਾ

ਸਾਲ 2014-15 ਤੋਂ ਪਹਿਲਾਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਸਮੇਤ ਬਹੁਤ ਸਾਰੀਆਂ ਸਕੀਮਾਂ 90:10 ਦੇ ਹਿਸਾਬ ਨਾਲ ਚੱਲਦੀਆਂ ਸਨ ਭਾਵ 90 ਫੀਸਦੀ ਪੈਸਾ ਕੇਂਦਰ ਸਰਕਾਰ ਦਿੰਦੀ ਸੀ ਅਤੇ 10 ਫੀਸਦੀ ਪੈਸਾ ਰਾਜ ਸਰਕਾਰ ਨੂੰ ਪਾਉਣਾ ਪੈਂਦਾ ਸੀ। ਇਸ ਤੋਂ ਬਾਅਦ ਇਹ ਸਕੀਮਾਂ 60:40 ਵਿਚ ਤਬਦੀਲ ਕਰ ਦਿੱਤੀਆਂ। ਹੁਣ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਸੂਬਾ ਸਰਕਾਰ 40 ਫੀਸਦੀ ਹਿੱਸਾ ਨਹੀਂ ਪਾ ਰਹੀ।

ਕਹਿਣ ਲਈ ਸਰਕਾਰ ਨੂੰ ਪੰਜਾਬ ਦੇ ਮੁੱਕਦੇ ਜਾ ਰਹੇ ਪਾਣੀ ਅਤੇ ਖਰਾਬ ਹੋ ਰਹੀ ਆਬੋ ਹਵਾ ਦੀ ਵੀ ਚਿੰਤਾ ਹੈ। ਪ੍ਰੋਫੈਸਰ ਸਰਦਾਰਾ ਸਿੰਘ ਜੌਹਲ ਦੀ 1985 ਦੀ ਰਿਪੋਰਟ ਨੇ ਪੰਜਾਬ ਦੇ ਪਾਣੀ ਬਚਾਉਣ ਲਈ ਫਸਲੀ ਵੰਨ-ਸੁਵੰਨਤਾ ਦੀ ਲੋੜ ਉਤੇ ਜ਼ੋਰ ਦਿੱਤਾ ਸੀ। ਇਸ ਤੋਂ ਬਾਅਦ ਕੇਂਦਰ ਅਤੇ ਰਾਜ ਵਿਚ ਅਨੇਕਾਂ ਸਰਕਾਰਾਂ ਆਈਆਂ ਪਰ ਨੀਤੀਗਤ ਤੌਰ ਉਤੇ ਕਹਾਣੀ ਗੱਲਾਂ ਬਾਤਾਂ ਤੋਂ ਅੱਗੇ ਨਹੀਂ ਤੁਰੀ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ) ਵਿਚੋਂ ਪੈਸਾ ਫਸਲੀ ਵੰਨ ਸੁਵੰਨਤਾ ਨੂੰ ਉਤਸ਼ਾਹਿਤ ਕਰਨ ਲਈ ਵੀ ਵਰਤਿਆ ਜਾਂਦਾ ਹੈ। ਇਸ ਵਿਚੋਂ ਬਾਗਬਾਨੀ, ਪਸ਼ੂ ਪਾਲਣ ਅਤੇ ਹੋਰਾਂ ਵਿਭਾਗਾਂ ਨੂੰ ਵੀ ਪੈਸਾ ਮਿਲਣਾ ਹੁੰਦਾ ਹੈ। ਖੇਤੀਬਾੜੀ ਨਾਲ ਸਬੰਧਤ ਇੱਕ ਹੋਰ ਸਕੀਮ ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ ਲਈ ਪਹਿਲੀ ਕਿਸ਼ਤ 7.19 ਕਰੋੜ ਰੁਪਏ ਵਿਚੋਂ 7.32 ਕਰੋੜ ਰੁਪਏ ਜਾਰੀ ਹੋ ਚੁੱਕੇ ਹਨ, ਇਹ ਸੌ ਫੀਸਦੀ ਕੇਂਦਰੀ ਸਕੀਮ ਹੈ। ਇਸ ਮਿਸ਼ਨ ਤਹਿਤ ਕਿਸਾਨਾਂ ਨੂੰ ਕਣਕ ਦੇ ਬੀਜ ਉਤੇ ਸਬਸਿਡੀ ਮਿਲਦੀ ਹੈ। ਕਣਕਾਂ ਪੱਕਣ ਨੂੰ ਆਈਆਂ ਹਨ ਪਰ ਸਬੰਧਕ ਕਿਸਾਨਾਂ ਨੂੰ ਬੀਜ ਸਬਸਿਡੀ ਦਾ ਪੈਸਾ ਜਾਰੀ ਨਹੀਂ ਹੋਇਆ।

ਇਸ ਦਾ 2016-17 ਦਾ 4 ਕਰੋੜ 64 ਲੱਖ ਅਤੇ ਸਾਲ 20017-18 ਦਾ ਕਰੋੜ 28 ਲੱਖ ਰੁਪਿਆ ਸਰਕਾਰ ਦੇ ਕਿਸੇ ਹੋਰ ਤਰਜੀਹੀ ਕੰਮਾਂ ਉਤੇ ਖਰਚ ਹੋ ਗਿਆ। ਪ੍ਰਧਾਨ ਮੰਤਰੀ ਵੱਲੋਂ ਸਭ ਤੋਂ ਵੱਧ ਪ੍ਰਚਾਰੇ ਜਾਣ ਵਾਲੇ ਜ਼ਮੀਨ ਸਿਹਤ ਕਾਰਡ (ਸੋਇਲ ਹੈਲਥ ਕਾਰਡ) ਦਾ ਕੰਮ ਠੱਪ ਵਾਂਗ ਹੈ। ਇਸ ਲਈ ਜ਼ਮੀਨ ਸਿਹਤ ਪ੍ਰਯੋਗਸ਼ਾਲਾਵਾਂ ਸਥਾਪਤ ਹੋਣੀਆਂ ਸਨ, ਪੰਜਾਬ ਦੇ ਅਧਿਕਾਰੀ ਫਾਈਲਾਂ ਉਤੇ ਵੀ ਅਜੇ ਤੱਕ ਸਹਿਮਤੀ ਨਹੀਂ ਬਣਾ ਸਕੇ। ਇਸ ਲਈ ਲਗਭਗ ਚਾਰ ਕਰੋੜ ਰੁਪਏ ਸਰਕਾਰੀ ਖਜ਼ਾਨੇ ਵਿਚੋਂ ਜਾਰੀ ਨਹੀਂ ਹੋਏ। ਪਿੰਡਾਂ ਵਿਚ 30-30 ਕਿਸਾਨਾਂ ਨੂੰ ਬੀਜ ਦੇ ਕੇ ਹੋਰ ਬੀਜ ਪੈਦਾ ਕਰਵਾਉਣ ਲਈ ਦਿੱਤੀ ਜਾਣ ਵਾਲੀ ਸਹਾਇਤਾ ਵਾਲੀ ਸਕੀਮ ਦਮ ਤੋੜ ਗਈ ਹੈ ਕਿਉਂਕਿ 2015-16 ਦਾ ਹੀ ਤਿੰਨ ਕਰੋੜ ਰੁਪਏ ਤੋਂ ਵੱਧ ਦਾ ਪੈਸਾ ਅਜੇ ਪੰਜਾਬ ਸਰਕਾਰ ਦੇ ਖਜ਼ਾਨੇ ਵਿਚੋਂ ਜਾਰੀ ਨਹੀਂ ਹੋਇਆ।

ਖੇਤੀ ਦੇ ਰਸਾਇਣੀਕਰਨ ਦੇ ਮਾਡਲ ਦੇ ਮੁਕਾਬਲੇ ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ ਨੂੰ ਪ੍ਰਚਾਰਿਆ ਤਾਂ ਖੂਬ ਜਾ ਰਿਹਾ ਹੈ ਪਰ ਮੋਦੀ ਸਰਕਾਰ ਨੇ ਵੀ 2017-18 ਦੇ ਸਾਲ ਲਈ ਹੁਣ ਜਾ ਕੇ 1 ਕਰੋੜ 72 ਲੱਖ ਜਾਰੀ ਕੀਤੇ ਹਨ। ਸੂਬਾ ਸਰਕਾਰ ਦਾ ਚਾਲੀ ਫੀਸਦੀ ਹਿੱਸਾ ਪਾ ਕੇ ਇਸ ਨੂੰ ਜਾਰੀ ਕਰਨ ਲਈ ਅਜੇ ਤੱਕ ਪੰਜਾਬ ਦੇ ਸਰਕਾਰੀ ਖਜ਼ਾਨੇ ਵਿਚੋਂ ਧੇਲਾ ਵੀ ਜਾਰੀ ਨਹੀਂ ਹੋਇਆ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਸਕੀਮਾਂ ਦੇ ਪੈਸੇ ਜਾਰੀ ਨਾ ਹੋਣ ਦਾ ਸਭ ਤੋਂ ਬੁਰਾ ਪ੍ਰਭਾਵ ਨਰੇਂਦਰ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਪੈਣਾ ਸ਼ੁਰੂ ਹੋਇਆ ਹੈ।



### ਕਿਸਾਨਾਂ ਨੂੰ ਕਲਮ ਨਾਲ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ ਮੋਦੀ ਸਰਕਾਰ: ਜਾਖੜ

ਨਵੀਂ ਦਿੱਲੀ: ਕੇਂਦਰ ਵੱਲੋਂ ਪੇਸ਼ ਕੀਤੇ ਬਜਟ ਦੇ 'ਕਿਸਾਨ ਪੱਖੀ' ਹੋਣ ਦੇ ਦਾਅਵੇ ਨੂੰ ਖਾਰਜ ਕਰਦਿਆਂ ਕਾਂਗਰਸੀ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਸਰਕਾਰ ਦੇਸ਼ ਦੇ ਕਿਸਾਨਾਂ ਨੂੰ ਕਲਮ ਨਾਲ ਮਾਰਨ ਦੀ ਕੋਸ਼ਿਸ਼ ਨਾ ਕਰੇ। ਲੋਕ ਸਭਾ 'ਚ ਬਜਟ ਉਤੇ ਬੋਲਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਦੇਸ਼ ਦਾ ਕਿਸਾਨ ਇਹ ਪੁੱਛ ਰਿਹਾ ਹੈ ਕਿ ਆਖਰ ਬਜਟ 'ਚ ਉਸ ਦੀ ਥਾਂ ਕਿਥੇ ਹੈ? ਜਾਖੜ ਨੇ ਖਜ਼ਾਨਾ ਮੰਤਰੀ ਨੂੰ ਕਿਸਾਨਾਂ ਦੀਆਂ ਫਸਲਾਂ ਦੀ ਲਾਗਤ ਸਬੰਧੀ ਸਪੱਸ਼ਟੀਕਰਨ ਦੇਣ ਦੀ ਵੀ ਮੰਗ ਕੀਤੀ।

# ਸੰਸਦ ਵਿਚ ਛਾ ਗਿਆ ਭਗਵੰਤ ਮਾਨ



**ਚੰਡੀਗੜ੍ਹ:** ਸੰਗਰੂਰ ਤੋਂ ਸੰਸਦ ਮੈਂਬਰ ਅਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਇਸ ਵਾਰ ਬਜਟ ਸੈਸ਼ਨ ਵਿਚ ਛਾਏ ਰਹੇ। ਮਾਨ ਨੇ ਮਹਿਜ਼ 18 ਮਿੰਟ ਮਿਲੇ ਸਮੇਂ 'ਚ ਪੰਜਾਬ ਅਤੇ ਦੇਸ਼ ਨਾਲ ਜੁੜੇ ਤਕਰੀਬਨ ਦੋ ਦਰਜਨ ਮੁੱਦੇ ਉਠਾਉਣ ਦਾ ਰਿਕਾਰਡ ਬਣਾਇਆ।

ਭਗਵੰਤ ਮਾਨ ਨੇ ਦੱਸਿਆ ਕਿ ਇਸ ਸੈਸ਼ਨ 'ਚ ਉਨ੍ਹਾਂ ਨੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ, ਮੋਦੀ ਸਰਕਾਰ ਵੱਲੋਂ ਕਰਜ਼ੇ ਕਾਰਨ ਖੁਦਕੁਸ਼ੀ ਕਰ ਰਹੇ ਕਿਸਾਨਾਂ ਮਜ਼ਦੂਰਾਂ ਨੂੰ ਨਜ਼ਰ ਅੰਦਾਜ਼ ਕਰਨਾ, ਪੰਜਾਬ ਦੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਲਈ ਕੇਂਦਰ ਸਰਕਾਰ ਤੋਂ ਮਦਦ ਮੰਗਣਾ, ਮੋਦੀ ਸਰਕਾਰ ਦਾ ਫਸਲਾਂ ਦੇ ਲਾਭਕਾਰੀ ਮੁੱਲ ਲਈ ਡਾ. ਸਵਾਮੀਨਾਥਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਤੋਂ ਮੁੱਕਰਨਾ, ਆਲੂ ਅਤੇ ਗੰਨਾਂ ਉਤਪਾਦਕ ਕਿਸਾਨਾਂ ਦੀ ਜਿਨਸਾਂ ਦਾ ਸਹੀ ਅਤੇ ਸਮੇਂ ਸਿਰ ਮੁੱਲ ਨਾ ਮਿਲਣ ਕਾਰਨ ਹੋ ਰਹੀ ਦੁਰਦਸ਼ਾ ਦਾ ਮੁੱਦਾ, ਜੀ.ਐਸ.ਟੀ. ਅਤੇ ਨੋਟਬੰਦੀ ਦੀ ਵਪਾਰੀਆਂ-ਕਾਰੋਬਾਰੀਆਂ ਉਤੇ ਅਜੇ ਤੱਕ ਪੈ ਰਹੀ ਮਾਰ ਦਾ ਮਾਮਲਾ, ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਵਪਾਰੀਆਂ ਦਾ ਵਪਾਰ ਤੋਂ ਸੰਨਿਆਸ ਲੈਣਾ ਅਤੇ ਚਹੇਤੇ ਸੰਨਿਆਸੀਆਂ ਦਾ ਵਪਾਰ-ਕਾਰੋਬਾਰ ਕਰਨਾ, ਦੇਸ਼ ਦੀ 13 ਫੀਸਦੀ ਪੂੰਜੀ ਸਿਰਫ ਇਕ ਫੀਸਦੀ ਘਰਾਣਿਆਂ ਕੋਲ ਜਮ੍ਹਾਂ ਹੋਣ ਕਾਰਨ ਆਮ ਆਦਮੀ ਦੀ ਹਾਲਤ ਬਦ ਤੋਂ ਬਦਤਰ ਹੋਣਾ, ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਦਲਿਤਾਂ ਅਤੇ ਗਰੀਬਾਂ ਨੂੰ ਹਾਸ਼ੀਏ 'ਤੇ ਧੱਕਣਾ ਅਤੇ ਮਨਰੇਗਾ ਦੀਆਂ ਦਿਹਾੜੀਆਂ ਦੇ ਲੰਮਾ ਸਮਾਂ ਪੈਸੇ ਨਾ ਦੇਣਾ ਆਦਿ ਅਹਿਮ ਮਸਲਿਆਂ ਨੂੰ ਉਠਾਇਆ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਅੰਮ੍ਰਿਤਸਰ ਅਤੇ ਮੋਹਾਲੀ (ਚੰਡੀਗੜ੍ਹ) ਏਅਰਪੋਰਟਾਂ ਨੂੰ ਸਹੀ ਅਰਥਾਂ 'ਚ ਅੰਤਰਰਾਸ਼ਟਰੀ ਏਅਰਪੋਰਟਾਂ ਦੀ ਤਰ੍ਹਾਂ ਨਾ ਚਲਾਉਣਾ, ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਦੇ ਬਾਵਜੂਦ ਰਾਜਪੁਰਾ ਤੋਂ ਸਨੇਟਾ (ਮੁਹਾਲੀ) ਤੱਕ ਮਹਿਜ਼ 16 ਕਿੱਲੋਮੀਟਰ ਦੇ ਰੇਲ ਲਿੰਕ ਰਾਹੀਂ ਚੰਡੀਗੜ੍ਹ ਨੂੰ ਸਮੁੱਚੇ ਮਾਲਵਾ ਅਤੇ ਗੰਗਾ ਨਗਰ ਤੱਕ ਨਾ ਜੋੜਨ ਪਿੱਛੇ ਬਾਦਲਾਂ ਦੀਆਂ ਬੱਸਾਂ ਨੂੰ ਫਾਇਦਾ ਪਹੁੰਚਾਉਣ ਦਾ ਕਾਰਨ ਦੱਸਿਆ ਅਤੇ ਇਹ ਲਿੰਕ ਜਲਦੀ ਬਣਾਉਣ ਦੀ ਮੰਗ ਕੀਤੀ।

ਸ. ਮਾਨ ਵਲੋਂ ਪਰਲ ਸਮੇਤ ਹੋਰ ਚਿੱਟ ਫੰਡ ਕੰਪਨੀਆਂ ਵੱਲੋਂ ਪੰਜਾਬ ਅਤੇ ਦੇਸ਼ ਦੇ ਹੋਰ ਲੋਕਾਂ ਨਾਲ ਮਾਰੀ ਗਈ ਅਰਬਾਂ-ਖਰਬਾਂ ਦੀ ਠੱਗੀ ਦੀ ਭਰਪਾਈ ਲਈ ਇਨ੍ਹਾਂ ਕੰਪਨੀਆਂ ਦੀ ਸੰਪਤੀ ਵੇਚਣ ਦੀ ਮੰਗ, ਮੋਦੀ ਸਰਕਾਰ ਵੱਲੋਂ 2 ਕਰੋੜ ਨੌਕਰੀਆਂ ਦੇ ਵਾਅਦੇ ਤੋਂ ਮੁੱਕਰਨਾ ਅਤੇ ਹੁਣ ਬੀ.ਏ, ਐਮ.ਏ, ਅਤੇ ਹੋਰ ਉਚ ਡਿਗਰੀਆਂ ਪ੍ਰਾਪਤ ਬੇਰੁਜ਼ਗਾਰ ਨੌਜਵਾਨਾਂ ਨੂੰ 'ਪਕੌੜੇ ਤਲਣ' ਲਈ ਪ੍ਰੇਰਿਤ ਕਰਨ ਦੀ ਨਿੰਦਾ ਕਰਨਾ, ਮੋਦੀ ਅਤੇ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਨੌਜਵਾਨਾਂ ਨੂੰ ਨੌਕਰੀਆਂ ਅਤੇ ਮੋਬਾਈਲ ਫੋਨ ਦੇਣ ਵਰਗੇ ਵਾਅਦਿਆਂ ਤੋਂ ਮੁੱਕਰਨ ਦੇ ਹਵਾਲੇ ਨਾਲ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਨੂੰ ਕਾਨੂੰਨੀ ਦਾਇਰੇ 'ਚ ਲਿਆਉਣ ਲਈ ਲੀਗਲ ਡਾਕੂਮੈਂਟ ਬਣਾਉਣ ਦੀ ਮੰਗ ਕੀਤੀ ਗਈ।

# ਕੈਪਟਨ ਸਰਕਾਰ ਨੇ ਚੁੱਕਿਆ ਮੋਦੀ ਦੇ ਸਿਹਤ ਬਾਰੇ ਬਿੱਲ ਖਿਲਾਫ ਝੰਡਾ

**ਜਲੰਧਰ:** ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਪੰਜਾਬ ਦੇ ਸਾਰੇ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਇਕ ਚਿੱਠੀ ਲਿਖ ਕੇ ਨੈਸ਼ਨਲ ਮੈਡੀਕਲ ਕਮਿਸ਼ਨ ਬਿੱਲ ਖਿਲਾਫ਼ ਆਵਾਜ਼ ਚੁੱਕਣ ਦੀ ਅਪੀਲ ਕੀਤੀ ਹੈ। ਉਨ੍ਹਾਂ ਪੰਜਾਬ ਦੇ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਲੋਕ ਸਭਾ ਵਿਚ ਪੇਸ਼ ਕੀਤੇ ਅਤੇ ਪਾਰਲੀਮੈਂਟਰੀ ਸਟੈਂਡਿੰਗ ਕਮੇਟੀ ਨੂੰ ਭੇਜੇ ਗਏ ਨੈਸ਼ਨਲ ਮੈਡੀਕਲ ਕਮਿਸ਼ਨ ਬਿੱਲ (ਐਨ.ਐਮ.ਸੀ.) ਦੇ ਖਰੜੇ ਨੂੰ ਚੰਗੀ ਤਰ੍ਹਾਂ ਸਮਝਣ ਤੇ ਇਸ ਬਿੱਲ ਖਿਲਾਫ਼ ਆਵਾਜ਼ ਚੁੱਕਣ।

### ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਨੂੰ ਏਕੇ ਦਾ ਸੱਦਾ

ਉਨ੍ਹਾਂ ਚਿੱਠੀ ਵਿਚ ਲਿਖਿਆ ਕਿ ਬਿੱਲ ਦਾ ਖਰੜਾ ਧਿਆਨ ਨਾਲ ਪੜ੍ਹਨ 'ਤੇ ਅਜਿਹਾ ਲੱਗਦਾ ਹੈ ਕਿ ਇਹ ਗੈਰ ਡਾਕਟਰੀ ਪੇਸ਼ੇਵਰਾਂ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਬਿੱਲ ਨੂੰ ਤਾਨਾਸ਼ਾਹੀ ਵਾਲਾ ਅਤੇ ਐਲੋਪੈਥਿਕ ਪ੍ਰੈਕਟੀਸ਼ਨਰਾਂ ਦੀ ਆਜ਼ਾਦੀ 'ਤੇ ਸੱਟ ਮਾਰਨ ਵਾਲਾ ਕਿਹਾ ਜਾ ਸਕਦਾ ਹੈ। ਇਹ ਬਿੱਲ ਸੰਵਿਧਾਨ ਦੇ ਬਰਾਬਰਤਾ ਦੇ ਅਧਿਕਾਰ ਦੇ ਵੀ ਖਿਲਾਫ਼ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਪਣੇ ਰਾਜਨੀਤਕ ਲਾਭਾਂ ਲਈ ਕੇਂਦਰ ਸਰਕਾਰ ਸੰਵਿਧਾਨਕ ਸੰਗਠਨਾਂ ਨੂੰ ਖਤਮ ਕਰਨ ਦੇ ਰਸਤੇ 'ਤੇ ਤੁਰੀ ਹੋਈ ਹੈ।

ਉਨ੍ਹਾਂ ਚਿੱਠੀ 'ਚ ਸਫਾ 4 ਦੇ ਚੈਪਟਰ 2 ਦੀ ਧਾਰਾ 4 ਦੀ ਉਪ-ਧਾਰਾ 4-ਸੀ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਐਨ.ਐਮ.ਸੀ. 'ਚ ਭਾਰਤ ਦੇ 29 ਸੂਬਿਆਂ ਵਿਚੋਂ ਸਿਰਫ 5 ਮੈਂਬਰਾਂ ਵੱਲੋਂ ਨੁਮਾਇੰਦਗੀ ਕੀਤੀ ਗਈ ਹੈ, ਜਦੋਂ ਕਿ ਬਾਕੀ 24 ਸੂਬਿਆਂ ਨੂੰ ਕੋਈ ਨੁਮਾਇੰਦਗੀ ਨਹੀਂ ਮਿਲੀ, ਜੋ ਕਿ ਗੈਰ-ਲੋਕਤੰਤਰੀ ਹੈ।

### ਲੋਕ ਮਸਲਿਆਂ ਦੇ ਹੱਲ ਲਈ ਨਿੱਤਰੀ 'ਆਪ'

**ਮੁਹਾਲੀ:** ਆਮ ਆਦਮੀ ਪਾਰਟੀ ਨੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਕਰਵਾਉਣ ਲਈ ਖਰੜ ਦੇ ਜ਼ਿਲ੍ਹਾ ਕੰਪਲੈਕਸ ਵਿਚ ਦਫਤਰ ਖੋਲ੍ਹਿਆ ਹੈ, ਜਿਸ ਵਿਚ ਆਮ ਲੋਕ ਪੁਲਿਸ, ਪ੍ਰਸ਼ਾਸਨ ਅਤੇ ਵੱਖ-ਵੱਖ ਵਿਭਾਗਾਂ ਸਬੰਧੀ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ। ਪਾਰਟੀ ਨੇ ਦਾਅਵਾ ਕੀਤਾ ਕਿ ਲੋਕਾਂ ਦੀਆਂ ਪਰੇਸ਼ਾਨੀਆਂ ਦੇ ਹੱਲ ਲਈ ਤੁਰਤ ਯੋਗ ਉਪਰਾਲੇ ਕੀਤੇ ਜਾਣਗੇ।

ਆਮ ਆਦਮੀ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਤੇ ਪਾਰਟੀ ਦੇ ਮੁਹਾਲੀ ਪ੍ਰਧਾਨ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਦਫਤਰ ਹਰ ਦਿਨ ਸਵੇਰੇ 9 ਤੋਂ ਸ਼ਾਮ ਵਜੇ ਤੱਕ ਖੁੱਲ੍ਹਿਆ ਕਰੇਗਾ। ਦਫਤਰ ਵਿਚ ਲੋਕਾਂ ਵੱਲੋਂ ਕੀਤੀਆਂ ਸ਼ਿਕਾਇਤਾਂ ਨੂੰ ਨੋਟ ਕੀਤਾ ਜਾਵੇਗਾ, ਇਨ੍ਹਾਂ ਸ਼ਿਕਾਇਤਾਂ ਦਾ ਪੂਰਾ ਰਿਕਾਰਡ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਸ਼ਿਕਾਇਤਾਂ ਉਪਰ ਕੀਤੀ ਗਈ ਕਾਰਵਾਈ ਬਾਰੇ ਵੀ ਰਿਕਾਰਡ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਰ ਸਨਿਚਰਵਾਰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਦਫਤਰ ਵਿਚ ਮੌਜੂਦ ਰਹਿਣਗੇ।

# ਅਕਾਲੀਆਂ ਵੱਲੋਂ ਕਾਂਗਰਸ ਖਿਲਾਫ ਪੋਲ ਖੋਲ੍ਹ ਰੈਲੀ

**ਫਿਰੋਜ਼ਪੁਰ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਫਾਜ਼ਿਲਕਾ ਵਿਚ ਕਿਸਾਨ ਕਰਜ਼ਾ ਮੁਆਫੀ ਅਤੇ ਹੋਰ ਮੁੱਦਿਆਂ ਸਬੰਧੀ ਕਾਂਗਰਸ ਖਿਲਾਫ ਪੋਲ ਖੋਲ੍ਹ ਰੈਲੀ ਕੀਤੀ ਗਈ ਜਿਸ ਦੀ ਅਗਵਾਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤੀ। ਇਸ ਦੌਰਾਨ ਗੈਂਗਸਟਰ ਜਸਵਿੰਦਰ ਸਿੰਘ ਰੌਕੀ ਦੀ ਭੈਣ ਰਾਜਦੀਪ ਕੌਰ ਆਪਣੇ ਪਰਿਵਾਰ ਸਮੇਤ ਅਕਾਲੀ ਦਲ ਵਿਚ ਸ਼ਾਮਲ ਹੋ ਗਈ। ਇਸ ਮੌਕੇ ਲੋਕ ਭਲਾਈ ਸਕੀਮਾਂ ਸਬੰਧੀ ਕਾਂਗਰਸ 'ਤੇ ਹਮਲੇ ਕਰਦਿਆਂ ਸੁਖਬੀਰ ਬਾਦਲ ਨੇ ਆਖਿਆ ਕਿ ਕਾਂਗਰਸ ਨੇ ਲੋਕਾਂ ਨਾਲ ਝੂਠੇ ਵਾਅਦੇ ਕਰ ਕੇ ਸੱਤਾ ਤਾਂ ਹਥਿਆ ਲਈ, ਪਰ ਵਾਅਦੇ ਪੂਰੇ ਕਰਨ ਦੀ ਬਜਾਇ ਭਲਾਈ ਸਕੀਮਾਂ ਵੀ ਬੰਦ ਕਰ ਦਿੱਤੀਆਂ ਗਈਆਂ ਜੋ ਅਕਾਲੀ-ਭਾਜਪਾ ਸਰਕਾਰ ਵੇਲੇ ਸ਼ੁਰੂ ਕੀਤੀਆਂ ਗਈਆਂ ਸਨ। ਉਨ੍ਹਾਂ ਕੈਪਟਨ ਸਰਕਾਰ ਨੂੰ ਗਰੀਬ ਮਾਰੂ ਸਰਕਾਰ ਦਾ ਨਾਂ ਦਿੱਤਾ।




ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਕਿਸਾਨਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ। ਅਕਾਲੀ ਦਲ ਵੱਲੋਂ ਪਿੰਡਾਂ ਦੇ ਵਿਕਾਸ ਲਈ ਦਿੱਤੀਆਂ ਗ੍ਰਾਂਟਾਂ ਵੀ ਕਾਂਗਰਸ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਬਾਅਦ ਵਾਪਸ ਲੈ ਲਈਆਂ, ਜਿਸ ਕਾਰਨ ਵਿਕਾਸ ਕਾਰਜਾਂ ਨੂੰ ਬਰੇਕਾਂ ਲੱਗ ਗਈਆਂ। ਉਨ੍ਹਾਂ ਕਿਹਾ ਕਿ ਸਰਕਾਰ ਦੀ ਆਰਥਿਕ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਰਕਾਰ ਕੋਲ ਆਪਣੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਵਾਸਤੇ ਵੀ ਫੰਡ ਨਹੀਂ ਹਨ। ਸੁਖਬੀਰ ਬਾਦਲ ਨੇ ਕਾਂਗਰਸ ਦੇ ਸੰਸਦ ਮੈਂਬਰ ਸੁਨੀਲ ਜਾਖੜ ਨੂੰ ਵੀ ਨਹੀਂ ਬਖਸ਼ਿਆ।

ਉਨ੍ਹਾਂ ਦੋਸ਼ ਲਾਇਆ ਕਿ ਸੁਨੀਲ ਜਾਖੜ ਨੇ ਪੁਲਿਸ ਦੀ ਮਿਲੀਭੁਗਤ ਨਾਲ ਅਕਾਲੀ ਵਰਕਰਾਂ ਉਤੇ ਝੂਠੇ ਕੇਸ ਦਰਜ ਕਰਵਾਏ ਹਨ। ਪੰਜਾਬ ਵਿਚ ਵਧ ਰਹੀਆਂ ਗੁੰਡਾਗਰਦੀ ਦੀਆਂ ਘਟਨਾਵਾਂ ਲਈ ਵੀ ਉਨ੍ਹਾਂ ਸੁਨੀਲ ਜਾਖੜ ਨੂੰ ਹੀ ਜ਼ਿੰਮੇਵਾਰ ਠਹਿਰਾਇਆ। ਸ੍ਰੀ ਬਾਦਲ ਨੇ ਆਖਿਆ ਕਿ ਟਾਈਟਲਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਹੈ ਕਿ ਇਹ ਕਤਲੇਆਮ ਗਾਂਧੀ ਪਰਿਵਾਰ ਦੀ ਸ਼ਹਿ ਉਤੇ ਹੋਇਆ ਸੀ।

### ਸੁਖਬੀਰ ਪਹਿਲਾਂ ਦਸ ਸਾਲਾਂ ਦਾ ਹਿਸਾਬ ਦੇਣ: ਸਿੱਧੂ

ਅੰਮ੍ਰਿਤਸਰ: ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਪੰਜਾਬ ਸਰਕਾਰ ਖਿਲਾਫ ਸ਼ੁਰੂ ਕੀਤੀ ਪੋਲ ਖੋਲ੍ਹ ਮੁਹਿੰਮ ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਸੁਖਬੀਰ ਕਿਸ ਦੀ ਪੋਲ ਖੋਲ੍ਹਣ ਦੀ ਗੱਲ ਕਰ ਰਹੇ ਹਨ। ਉਹ ਤਾਂ ਆਪ ਫਟੀ ਹੋਈ ਗੇਂਦ ਵਾਂਗ ਖਿੱਲਰੇ ਹੋਏ ਹਨ। ਸਿੱਧੂ ਨੇ ਕਿਹਾ ਕਿ ਸੁਖਬੀਰ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਇਹ ਜਵਾਬ ਦੇਣ ਕੇ ਉਨ੍ਹਾਂ ਨੇ 10 ਸਾਲ ਪੰਜਾਬ ਲਈ ਕੀ ਕੀਤਾ। ਪੰਜਾਬ ਵਿਚ 10 ਸਾਲ ਸੱਤਾ ਵਿਚ ਰਹੇ ਲੋਕ ਹੁਣ ਸਾਡੀ ਸਰਕਾਰ ਤੋਂ 10 ਮਹੀਨਿਆਂ ਵਿਚ ਹੀ ਜਵਾਬ ਮੰਗਣ ਲੱਗ ਪਏ ਹਨ। ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਪੂਰਾ ਕਰਨ ਲਈ ਤਤਪਰ ਹੈ।

# ਡੰਗ ਸਾਰਨ ਵਾਲੀ ਰਣਨੀਤੀ 'ਤੇ ਚੱਲਣ ਲੱਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬੁਨਿਆਦੀ ਸਹੂਲਤਾਂ ਦੇਣ ਲਈ ਵੀ ਖਜ਼ਾਨੇ ਦੇ ਮੂੰਹ ਬੰਦ ਕੀਤੇ ਹੋਏ ਹਨ। ਵਿੱਤ ਵਿਭਾਗ ਦਾ ਵਹੀ ਖਾਤਾ ਬਿਆਨ ਕਰਦਾ ਹੈ ਕਿ ਸਰਕਾਰ ਕੇਂਦਰੀ ਸਕੀਮਾਂ ਲਈ ਪੈਸਾ ਜਾਰੀ ਕਰਨ ਤੋਂ ਕਿਨਾਰਾ ਕਰ ਚੁੱਕੀ ਹੈ ਤੇ ਰਾਜ ਸਰਕਾਰ ਦੇ ਹਿੱਸੇ ਦਾ ਪੈਸਾ ਅਦਾ ਨਹੀਂ ਕੀਤਾ ਜਾ ਰਿਹਾ। ਇਥੋਂ ਤੱਕ ਕਿ ਕਈ ਸਕੀਮਾਂ ਵਿਚ ਕੇਂਦਰ ਨੇ 100 ਫੀਸਦੀ ਗਰਾਂਟ ਦਿੱਤੀ ਸੀ ਤੇ ਉਹ ਪੈਸਾ ਵੀ ਜਾਰੀ ਨਹੀਂ ਕੀਤਾ ਗਿਆ। ਮਿਸਾਲ ਦੇ ਤੌਰ ਉਤੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਲਈ 723 ਕਰੋੜ ਰੁਪਏ ਰਾਜ ਸਰਕਾਰ ਨੂੰ ਹਾਸਲ ਹੋਏ ਪਰ ਖਜ਼ਾਨੇ ਵਿਚੋਂ ਬਾਹਰ ਨਹੀਂ ਨਿਕਲ ਸਕੇ। ਲੋਕਾਂ ਨੂੰ ਹੰਗਾਮੀ ਹਾਲਾਤ ਵਿਚ ਪੁਲਿਸ ਤੱਕ ਪਹੁੰਚ ਕਰਨ ਲਈ ਐਮਰਜੈਂਸੀ ਰਿਸਪਾਂਸ ਸਿਸਟਮ ਵਿਕਸਤ ਕਰਨ ਲਈ 9.28 ਕਰੋੜ ਦਿੱਤੇ ਪਰ ਧੇਲਾ ਵੀ ਜਾਰੀ ਨਹੀਂ ਕੀਤਾ ਗਿਆ।

ਕੈਪਟਨ ਸਰਕਾਰ ਦੀ ਕਮਾਈ ਦਾ ਵੱਡਾ ਹਿੱਸਾ ਤਨਖਾਹਾਂ ਦੇ ਭੁਗਤਾਨ ਅਤੇ ਕਰਜ਼ੇ ਦੀਆਂ ਕਿਸ਼ਤਾਂ ਮੋੜਨ 'ਤੇ ਖਰਚ ਹੋ ਰਿਹਾ ਹੈ। ਪੰਜਾਬ ਸਰਕਾਰ ਸਿਰ ਕਰਜ਼ੇ ਦਾ ਭਾਰ 31 ਮਾਰਚ ਤੱਕ 1 ਲੱਖ 95 ਹਜ਼ਾਰ ਕਰੋੜ ਰੁਪਏ ਤੱਕ ਅੱਪੜ ਜਾਵੇਗਾ। ਕੇਂਦਰੀ ਸਕੀਮਾਂ ਦਾ ਪੈਸਾ ਜਾਰੀ ਨਾ ਹੋਣ ਕਾਰਨ ਕੇਂਦਰ ਸਰਕਾਰ ਨੇ ਹੋਰ ਕਿਸ਼ਤਾਂ ਜਾਰੀ ਕਰਨ ਤੋਂ ਹੱਥ ਖਿੱਚਣੇ ਸ਼ੁਰੂ ਕਰ ਦਿੱਤੇ ਹਨ। ਵਿਕਾਸ ਕਾਰਜ ਤਾਂ ਦੂਰ ਦੀ ਗੱਲ ਬੁਢਾਪਾ ਪੈਨਸ਼ਨਾਂ, ਸੇਵਾ ਮੁਕਤੀ ਦੇ ਲਾਭ, ਜੀ.ਪੀ.ਐਫ., ਬਿਜਲੀ ਸਬਸਿਡੀ ਅਤੇ ਹੋਰ ਅਦਾਇਗੀਆਂ ਵੀ ਇਕ ਤਰ੍ਹਾਂ ਨਾਲ ਠੱਪ ਹੀ ਪਈਆਂ ਹਨ।ਕੈਪਟਨ ਸਰਕਾਰ ਨੇ ਘਰ-ਘਰ ਨੌਕਰੀ ਦਾ ਵੱਡਾ ਵਾਅਦਾ ਕੀਤਾ ਸੀ ਪਰ ਕੇਂਦਰ ਸਰਕਾਰ ਨੇ ਸੂਬੇ ਵਿਚ ਰੁਜ਼ਗਾਰ ਉਤਪਤੀ ਲਈ 51.62 ਕਰੋੜ ਰੁਪਏ ਜਾਰੀ ਕੀਤੇ ਤੇ ਇਕ ਪੈਸਾ ਵੀ ਜਾਰੀ ਨਹੀਂ ਹੋ ਸਕਿਆ। ਇਸੇ ਤਰ੍ਹਾਂ ਯੁਵਕਾਂ ਦੀ ਭਲਾਈ ਅਤੇ ਖੇਡਾਂ ਲਈ ਵੀ ਕੇਂਦਰ ਨੇ ਵੱਖ-ਵੱਖ ਸਕੀਮਾਂ ਜਿਨ੍ਹਾਂ 'ਚ ਐਨ.ਐਸ.ਐਸ. ਵੀ ਸ਼ਾਮਲ ਹਨ ਵਾਸਤੇ ਕੇਂਦਰ ਨੇ ਪਿਛਲੇ ਸਾਲਾਂ ਦੌਰਾਨ 154 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਤੇ ਇਸ 'ਚੋਂ 2.66 ਕਰੋੜ ਰੁਪਏ ਹੀ ਨਿਕਲ ਸਕੇ।

ਜਲੰਧਰ, ਫਾਜ਼ਿਲਕਾ ਤੇ ਫਿਰੋਜ਼ਪੁਰ ਸ਼ਹਿਰਾਂ 'ਚ ਟਰੌਮਾਂ ਸੈਂਟਰਾਂ ਅਤੇ ਮਾਰੂ ਬਿਮਾਰੀਆਂ (ਕੈਂਸਰ, ਸ਼ੂਗਰ ਦਿਲ ਦੀਆਂ ਬਿਮਾਰੀਆਂ ਦੇ ਰੋਗੀਆਂ) ਦੇ ਇਲਾਜ ਲਈ 247 ਕਰੋੜ ਰੁਪਏ ਕੇਂਦਰ ਸਰਕਾਰ ਨੇ ਭੇਜੇ ਤੇ ਰਾਜ ਸਰਕਾਰ ਨੂੰ ਮਰੀਜ਼ਾਂ ਉਤੇ ਵੀ ਕੋਈ ਰਹਿਮ ਨਾ ਆਇਆ ਤੇ ਪੈਸਾ ਜਾਰੀ ਨਾ ਹੋਇਆ। ਸ਼ਹਿਰੀ ਵਿਕਾਸ ਤੇ ਮਾਮਲੇ ਵਿਚ ਸਰਕਾਰ ਦੀ ਪਹੁੰਚ ਬਹੁਤ ਹੀ ਨਿਰਾਸ਼ਾਜਨਕ ਰਹੀ। ਵਿਭਾਗ ਦੇ ਮੌਜੂਦਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਭਾਵੇਂ ਸਰਕਾਰ ਨਾਲ ਆਢਾ ਲੈ ਕੇ ਨਵੀਆਂ ਗਰਾਂਟਾਂ ਅਤੇ ਕੇਂਦਰੀ ਸਕੀਮਾਂ ਦਾ ਪੈਸਾ ਤਾਂ ਜਾਰੀ ਕਰਾ ਲਿਆ ਪਰ ਪਿਛਲੇ ਸਮੇਂ ਦੌਰਾਨ ਪੈਸੇ ਜਾਰੀ ਨਾ ਹੋਣ ਕਰ ਕੇ ਪੈਦਾ ਹੋਈ ਸਥਿਤੀ ਨੂੰ ਸੰਭਾਲਣਾ ਆਪਣੇ ਆਪ ਵਿਚ ਵੱਡੀ ਚੁਣੌਤੀ ਹੈ। ਸਰਕਾਰੀ ਤੱਥਾਂ ਮੁਤਾਬਕ 2010-11 ਦੌਰਾਨ ਵੀ ਜਿਹੜਾ ਪੈਸਾ ਕੇਂਦਰ ਤੋਂ ਮਿਲਿਆ, ਉਹ ਜਾਰੀ ਨਹੀਂ ਹੋ ਸਕਿਆ। ਦਰਿਆਵਾਂ ਦੇ ਰੱਖ ਰਖਾਉ ਲਈ 500 ਕਰੋੜ ਰੁਪਏ ਕੇਂਦਰ ਨੇ ਜਾਰੀ ਕੀਤੇ ਤੇ ਖਜ਼ਾਨੇ ਵਿਚ ਹੀ ਅਟਕ ਗਏ ਜਾਂ ਸਰਕਾਰ ਨੇ ਕਿਸੇ ਹੋਰ ਕੰਮ ਲਈ ਵਰਤ ਲਏ।

ਸੜਕਾਂ ਅਤੇ ਪੁਲਾਂ ਦੀ ਉਸਾਰੀ ਲਈ ਕੇਂਦਰ ਨੇ 70 ਕਰੋੜ ਰੁਪਏ ਦਿੱਤੇ ਤੇ ਜਾਰੀ ਸਿਰਫ 23 ਕਰੋੜ ਰੁਪਏ ਹੀ ਹੋ ਸਕੇ। ਕੇਂਦਰ ਸਰਕਾਰ ਨੇ ਆਂਗਣਵਾੜੀ ਕੇਂਦਰਾਂ ਦੀ ਉਸਾਰੀ ਲਈ 201 ਕਰੋੜ ਰੁਪਏ ਦੀ ਗਰਾਂਟ ਦਿੱਤੀ ਤੇ ਜਾਰੀ ਨਹੀਂ ਹੋ ਸਕੀ। ਇਸੇ ਤਰ੍ਹਾਂ ਬੱਚਿਆਂ ਦੀ ਭਲਾਈ ਲਈ ਕੇਂਦਰ ਨੇ ਪੰਜਾਬ ਨੂੰ 751 ਕਰੋੜ ਰੁਪਏ ਦਿੱਤੇ ਪਰ ਖਜ਼ਾਨੇ ਵਿਚੋਂ ਭਾਰੀ ਜੱਦੋਜਹਿਦ ਤੋਂ ਬਾਅਦ 120 ਕਰੋੜ ਰੁਪਏ ਨਿਕਲ ਸਕੇ। ਇਸ ਸਾਲ ਕੇਂਦਰ ਨੇ ਘੱਟ ਗਿਣਤੀਆਂ ਅਤੇ ਹੋਰਨਾਂ ਵਰਗਾਂ ਦੇ ਬੱਚਿਆਂ ਨੂੰ ਵਜ਼ੀਫ਼ੇ ਦੇਣ ਲਈ 1157 ਕਰੋੜ ਰੁਪਏ ਦਿੱਤੇ ਤੇ ਖ਼ਜ਼ਾਨੇ ਵਿੱਚੋਂ ਹੁਣ ਤੱਕ ਮਸਾਂ 52 ਕਰੋੜ ਰੁਪਏ ਹੀ ਨਿਕਲ ਸਕੇ।

## ਫਜ਼ੂਲਖਰਚੀ ਤੋਂ ਨਾ ਟਲੀ ਸਰਕਾਰ

ਵਿੱਤੀ ਨਿਘਾਰ ਦੇ ਬਾਵਜੂਦ ਸਰਕਾਰ ਨੇ ਫਜ਼ੂਲਖਰਚੀ ਤੋਂ ਮੂੰਹ ਨਹੀਂ ਮੋੜਿਆ। 'ਮੋਤੀਆਂ ਵਾਲੀ ਸਰਕਾਰ' ਨੇ ਸਲਾਹਕਾਰਾਂ ਦੀ ਵੱਡੀ ਫੌਜ ਖੜ੍ਹੀ ਕਰ ਲਈ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪਿਛਲੇ ਸਾਲ ਜੁਲਾਈ ਮਹੀਨੇ ਦੌਰਾਨ ਵਿਧਾਨ ਸਭਾ ਵਿਚ ਬਜਟ ਪੇਸ਼ ਕਰਨ ਲੱਗਿਆਂ ਵਿਕਾਸ ਦੇ ਦਾਅਵਿਆਂ 'ਤੇ ਵੀ ਪੂਰੀ ਤਰ੍ਹਾਂ ਪਾਣੀ ਫਿਰ ਗਿਆ। ਵਿੱਤੀ ਪੱਖ ਤੋਂ ਸਰਕਾਰ ਲਈ ਇਕ ਤਰ੍ਹਾਂ ਨਾਲ ਜਨਵਰੀ ਮਹੀਨੇ ਦੌਰਾਨ ਹੀ ਵਿਕਾਸ ਕਾਰਜਾਂ ਲਈ ਖਜ਼ਾਨਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਸੀ ਤੇ ਤਨਖਾਹਾਂ ਦੇਣ ਲਈ ਵੀ ਕਰਜ਼ਾ ਚੁੱਕਣਾ ਪਿਆ।

## ਮਨਪ੍ਰੀਤ ਵੱਲੋਂ ਸੁਖਬੀਰ ਨੂੰ ਖੁੱਲ੍ਹੀ ਚੁਣੌਤੀ

**ਬਠਿੰਡਾ:** ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਾਬਕਾ ਉਪ ਮੁੱਖ ਮੰਤਰੀ ਤੇ ਆਪਣੇ ਚਚੇਰੇ ਭਰਾ ਸੁਖਬੀਰ ਸਿੰਘ ਬਾਦਲ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ। ਸੁਖਬੀਰ ਬਾਦਲ ਵੱਲੋਂ ਭਾਈਰੂਪਾ ਦੀ ਪੋਲ ਖੋਲ੍ਹ ਰੈਲੀ ਵਿਚ ਮਨਪ੍ਰੀਤ ਬਾਦਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਸੀਹਤ ਦਿੱਤੀ ਗਈ ਸੀ ਕਿ ਜੇਕਰ ਸਰਕਾਰ ਚਲਾਉਣੀ ਹੈ ਤਾਂ ਉਹ ਮਨਪ੍ਰੀਤ ਨੂੰ ਲਾਂਭੇ ਕਰ ਦੇਣ। ਮਨਪ੍ਰੀਤ ਬਾਦਲ ਨੇ ਸੁਖਬੀਰ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਜਦੋਂ ਚਾਹੁਣ, ਉਨ੍ਹਾਂ ਨਾਲ ਜਨਤਕ ਮੰਚ 'ਤੇ ਖੁੱਲ੍ਹੀ ਬਹਿਸ ਕਰ ਲੈਣ। ਉਹ ਇਹ ਬਹਿਸ ਟੀ.ਵੀ. ਚੈਨਲ, ਲੋਕਾਂ ਦੇ ਇਕੱਠ ਜਾਂ ਕਿਸੇ ਜਨਤਕ ਰੈਲੀ ਵਿਚ ਕਰ ਲੈਣ। ਉਨ੍ਹਾਂ ਕਿਹਾ ਕਿ ਪੂਰੀ ਦੁਨੀਆਂ ਨੂੰ ਪਤਾ ਹੈ ਕਿ ਸੱਚ ਕੀ ਹੈ? ਕਿਸਦਾ ਕਿਰਦਾਰ ਕਿਹੋ ਜਿਹਾ ਹੈ, ਲੋਕਾਂ ਨੂੰ ਭੁੱਲਿਆ ਨਹੀਂ।

# ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਕੋਲ ਚੁੱਕਿਆ ਪਾਣੀਆਂ ਦਾ ਮੁੱਦਾ

**ਨਵੀਂ ਦਿੱਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਕੋਲ ਪਾਣੀਆਂ ਦਾ



ਮੁੱਦਾ ਉਠਾਇਆ ਹੈ। ਉਨ੍ਹਾਂ ਨੇ ਸ਼ਾਹਪੁਰ ਕੰਡੀ ਡੈਮ ਨੂੰ 90:10 ਦੀ ਅਨੁਪਾਤ ਨਾਲ ਫਾਸਟ ਟਰੈਕ ਤਰਜੀਹੀ ਪ੍ਰੋਜੈਕਟ ਸ਼੍ਰੇਣੀ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਰਾਜਸਥਾਨ ਤੇ ਸਰਹਿੰਦ ਫੀਡਰ ਨਹਿਰਾਂ ਨੂੰ ਤਰਜੀਹੀ ਸੂਚੀ ਵਿਚ ਸ਼ਾਮਲ ਕਰਨ ਲਈ ਪ੍ਰਧਾਨ ਮੰਤਰੀ ਦਫਤਰ ਦੇ ਦਖਲ ਦੀ ਅਪੀਲ ਕੀਤੀ ਹੈ ਤਾਂ ਜੋ ਇਨ੍ਹਾਂ ਵਾਸਤੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ (ਪੀ.ਐਮ.ਕੇ.ਐਸ.ਵਾਈ.) ਹੇਠ ਕੇਂਦਰੀ ਫੰਡ ਪ੍ਰਾਪਤ ਹੋ ਸਕਣ।

ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਬਾਕੀ ਬਚਦੇ ਚਾਰ ਜ਼ਿਲ੍ਹਿਆਂ ਨੂੰ ਚਾਰ ਮਾਰਗੀ ਰਾਸ਼ਟਰੀ ਮਾਰਗਾਂ ਨਾਲ ਜੋੜਨ ਲਈ ਐਨ.ਐਚ.-703 ਤੇ ਐਨ.ਐਚ-10 ਦੇ ਇਕ-ਇਕ ਸੈਕਸ਼ਨ ਨੂੰ ਚਾਰ ਮਾਰਗੀ ਕਰਨ ਦੀ ਬੇਨਤੀ ਦੁਹਰਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਰਾਸ਼ਟਰੀ ਹਾਈਵੇਜ਼ ਦਾ ਚਾਰ ਮਾਰਗੀ ਕੰਮ ਸੂਬੇ ਦੇ ਪੀ.ਡਬਲਿਊ.ਡੀ. ਨੂੰ ਦੇਣ ਲਈ ਕੇਂਦਰ ਵੱਲੋਂ ਆਗਿਆ ਦਿੱਤੇ ਜਾਣ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਸ਼ਾਹਪੁਰ ਕੰਡੀ ਡੈਮ ਲਈ 90:10 ਦੀ ਅਨੁਪਾਤ ਦਾ ਸਮਰਥਨ ਕਰਦੇ ਹੋਏ ਗਡਕਰੀ ਨੇ ਸੂਬਾ ਸਰਕਾਰ ਨੂੰ ਇਹ ਮੁੱਦਾ ਸਿੱਧੇ ਤੌਰ ਉਤੇ ਪ੍ਰਧਾਨ ਮੰਤਰੀ ਕੋਲ ਉਠਾਉਣ ਦਾ ਸੁਝਾਅ ਦਿੱਤਾ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ਵਿਚ ਕੋਈ ਵੀ ਵਿਚਾਰ ਵਟਾਂਦਰਾ ਨਹੀਂ ਹੋਇਆ। 99 ਪ੍ਰੋਜੈਕਟਾਂ ਨੂੰ ਪ੍ਰਾਥਮਿਕ ਸੂਚੀ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਰਾਜਸਥਾਨ ਤੇ ਸਰਹਿੰਦ ਫੀਡਰ ਨਹਿਰਾਂ ਦੇ ਕਿਨਾਰੇ ਪੱਕੇ ਕਰਨ ਦੇ ਪ੍ਰੋਜੈਕਟ ਲਈ ਭਾਰਤ ਸਰਕਾਰ ਵੱਲੋਂ ਕੇਂਦਰੀ ਸਹਾਇਤਾ ਜਾਰੀ ਕਰਨ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਹੈ ਕਿ ਇਹ ਪ੍ਰੋਜੈਕਟ ਪ੍ਰਾਥਮਿਕ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਤੇ ਪ੍ਰਧਾਨ ਮੰਤਰੀ ਦਫਤਰ ਨੂੰ ਇਸ ਮਾਮਲੇ ਵਿਚ ਦਖਲ ਦੇਣ ਦੀ ਅਪੀਲ ਕੀਤੀ ਜਾਵੇ।

ਮੁੱਖ ਮੰਤਰੀ ਨੇ ਭਾਰਤ ਸਰਕਾਰ ਜਲ ਸਰੋਤ ਮੰਤਰਾਲੇ ਨੂੰ ਬੇਨਤੀ ਕੀਤੀ ਹੈ ਕਿ ਉਹ ਜੰਮੂ ਕਸ਼ਮੀਰ ਸਰਕਾਰ ਨੂੰ 31 ਮਾਰਚ, 2017 ਦੇ ਸਮਝੌਤੇ ਨੂੰ ਅੱਗੇ ਵਧਾਉਣ ਲਈ ਆਖਣ ਤਾਂ ਜੋ ਇਸ ਕੰਮ ਨੂੰ ਤੁਰਤ ਸ਼ੁਰੂ ਕਰਵਾਉਣ ਨੂੰ ਯਕੀਨੀ ਬਣਾਇਆ ਜਾ ਸਕੇ ਜਿਸ ਵਾਸਤੇ ਪਹਿਲਾਂ ਹੀ 90:10 ਦੇ ਨਿਯਮਾਂ ਹੇਠ ਪ੍ਰਵਾਨਗੀ ਮਿਲੀ ਹੋਈ ਹੈ। ਉਨ੍ਹਾਂ ਨੇ ਇਸ ਕੰਮ ਉਤੇ ਨਵਾਂ ਨਿਯਮ 60:40 ਨਾ ਲਾਗੂ ਕਰਨ ਲਈ ਕਿਹਾ ਹੈ।

## ਵਿਆਹ ਦੇ ਜਸ਼ਨਾਂ 'ਚ ਗੋਲੀ ਨਾਲ ਵਿਦਿਆਰਥਣ ਹਲਾਕ

**ਹੁਸ਼ਿਆਰਪੁਰ:** ਵਿਆਹ ਦੇ ਜਸ਼ਨਾਂ ਦੌਰਾਨ ਗੋਲੀ ਲੱਗਣ ਕਾਰਨ 22 ਸਾਲਾ ਐਮ.ਬੀ.ਏ. ਵਿਦਿਆਰਥਣ ਦੀ ਮੌਤ ਹੋ ਗਈ। ਚੱਠਾ ਬਾਜ਼ਾਰ ਵਿਚ ਅਸ਼ੋਕ ਖੋਸਲਾ ਸ਼ੋਕੀ ਨਾਂ ਦੇ ਵਿਅਕਤੀ ਦੇ ਘਰ ਵਿਆਹ ਦਾ ਸੰਗੀਤ ਸਮਾਗਮ ਚੱਲ ਰਿਹਾ ਸੀ। ਇਸ ਦੌਰਾਨ ਲਾੜੀ ਦੇ ਪਿਉ ਅਤੇ ਦੋਸਤਾਂ ਵੱਲੋਂ ਚਲਾਈ ਗੋਲੀ ਸਾਕਸ਼ੀ ਅਰੋੜਾ ਨਾਂ ਦੀ ਵਿਦਿਆਰਥਣ ਨੂੰ ਲੱਗ ਗਈ, ਜਦੋਂ ਸਾਕਸ਼ੀ ਦੇ ਗੋਲੀ ਲੱਗੀ ਉਹ ਆਪਣੇ ਘਰ ਦੀ ਛੱਤ ਤੋਂ ਗੁਆਂਢ ਵਿਚ ਪ੍ਰੋਗਰਾਮ ਦੇਖ ਰਹੀ ਸੀ।

# ਬਿਜਲੀ ਦੀ ਪੇਸ਼ਗੀ ਸਬਸਿਡੀ ਦੇਣ ਤੋਂ ਮੁੱਕਰੀ ਸਰਕਾਰ

**ਜਲੰਧਰ:** ਪੰਜਾਬ ਸਰਕਾਰ ਹੁਣ ਪਾਵਰਕੌਮ ਨੂੰ ਸਬਸਿਡੀ ਦੀ ਰਕਮ ਦੇਣ ਤੋਂ ਹੱਥ ਖੜ੍ਹੇ ਕਰਨ ਦੀ ਤਿਆਰੀ ਵਿਚ ਹੈ। ਮੌਜੂਦਾ ਵਿੱਤੀ ਵਰ੍ਹੇ 'ਚ ਸਬਸਿਡੀ ਦੀ ਬਕਾਇਆ ਰਕਮ ਸਮੇਂ ਸਿਰ ਨਾ ਦਿੱਤੇ ਜਾਣ ਬਾਰੇ ਇਕ ਪਟੀਸ਼ਨ ਦੇ ਮਾਮਲੇ 'ਚ ਪੰਜਾਬ ਸਰਕਾਰ ਨੇ ਕਮਿਸ਼ਨ ਨੂੰ ਦਿੱਤੀ ਸਫਾਈ ਵਿਚ ਸਬਸਿਡੀ ਦੀ ਪੇਸ਼ਗੀ ਰਕਮ ਦੇਣ ਤੋਂ ਹੱਥ ਖੜ੍ਹੇ ਕਰਦਿਆਂ ਆਪਣੀ ਵਿੱਤੀ ਹਾਲਤ ਦੀ ਦੁਹਾਈ ਦਿੱਤੀ ਹੈ। ਸਰਕਾਰ ਨੇ ਆਖਿਆ ਕਿ ਇਸ ਵੇਲੇ ਰਹਿੰਦੀ ਸਬਸਿਡੀ ਦੀ ਬਕਾਇਆ ਰਕਮ ਦੇਣ ਦੀ ਹਾਲਤ 'ਚ ਨਹੀਂ ਹੈ।

ਪੀ.ਐਸ.ਈ.ਬੀ. ਇੰਜੀਨੀਅਰ ਐਸੋਸੀਏਸ਼ਨ ਦੇ ਸੇਵਾ ਮੁਕਤ ਚੀਫ ਇੰਜੀਨੀਅਰ ਪਦਮਜੀਤ ਸਿੰਘ ਨੇ ਪੰਜਾਬ ਬਿਜਲੀ ਅਥਾਰਿਟੀ ਕਮਿਸ਼ਨ ਕੋਲ ਇਕ ਪਟੀਸ਼ਨ ਦਾਖਲ ਕੀਤੀ ਸੀ ਜਿਸ ਵਿਚ ਪਾਵਰਕੌਮ ਦੀ ਮੌਜੂਦਾ ਹਾਲਤ ਬਾਰੇ ਚਿੰਤਾ ਜ਼ਾਹਰ ਕਰਦਿਆਂ ਦੱਸਿਆ ਸੀ ਕਿ ਇਲੈਕਟ੍ਰਿਸਿਟੀ ਐਕਟ-2003 ਮੁਤਾਬਕ ਮੌਜੂਦਾ ਵਿੱਤੀ ਸਾਲ ਦੀ 4748 ਕਰੋੜ ਰੁਪਏ ਦੀ ਸਬਸਿਡੀ ਜਾਰੀ ਨਹੀਂ ਕੀਤੀ ਜਾ ਰਹੀ ਹੈ ਜਿਸ ਕਰ ਕੇ ਪਾਵਰਕੌਮ



ਨੂੰ ਤਨਖਾਹਾਂ ਦੇਣੀਆਂ ਔਖੀਆਂ ਹੋ ਰਹੀਆਂ ਹਨ। ਇਸ ਪਟੀਸ਼ਨ ਦੀ ਕਮਿਸ਼ਨ ਵਿਚ ਬਹਿਸ ਹੋਈ ਸੀ ਜਿਸ ਵਿਚ ਪੰਜਾਬ ਸਰਕਾਰ ਨੇ ਕਮਿਸ਼ਨ ਨੂੰ ਤੱਥਾਂ ਸਮੇਤ ਆਪਣਾ ਪੱਖ ਪੇਸ਼ ਕੀਤਾ ਸੀ।

ਇਸ ਵਿਚ ਦੱਸਿਆ ਗਿਆ ਸੀ ਕਿ ਖੇਤੀ ਸੈਕਟਰ ਸਮੇਤ ਅਲੱਗ-ਅਲੱਗ ਵਰਗਾਂ ਤੋਂ ਇਲਾਵਾ ਸਨਅਤੀ ਇਕਾਈਆਂ ਨੂੰ 5 ਰੁਪਏ ਵਿਚ ਬਿਜਲੀ ਦੇਣ ਸਮੇਤ ਸਬਸਿਡੀ ਦੀ ਰਕਮ 11542 ਕਰੋੜ ਰੁਪਏ ਬਣ ਗਈ ਹੈ। ਫਰਵਰੀ 2018 ਤੱਕ ਇਹ ਰਕਮ 10424 ਕਰੋੜ ਬਣਦੀ ਹੈ, ਜਿਸ ਵਿਚ 3372 ਕਰੋੜ ਰੁਪਏ ਦੀ ਸਬਸਿਡੀ ਦੀ ਰਕਮ ਪਾਵਰਕੌਮ ਨੂੰ ਨਗਦ ਦਿੱਤੀ ਗਈ ਹੈ ਜਦਕਿ 2304 ਕਰੋੜ ਰੁਪਏ ਦੀ ਸਬਸਿਡੀ ਪਾਵਰਕੌਮ ਨਾਲ ਅਲੱਗ-ਅਲੱਗ ਖਰਚਿਆਂ ਨਾਲ ਐਡਜਸਟ ਕੀਤੀ ਗਈ ਹੈ।

28 ਫਰਵਰੀ 2018 ਤੱਕ ਸਰਕਾਰ ਨੇ ਪਾਵਰਕੌਮ ਨੂੰ 4748 ਕਰੋੜ ਰੁਪਏ ਦੀ ਸਬਸਿਡੀ ਦੀ ਅਦਾਇਗੀ ਕਰਨੀ ਹੈ ਪਰ ਸਰਕਾਰ ਨੇ ਕਿਹਾ ਕਿ ਰਕਮ ਦੇਣ ਦੇ ਮਾਮਲੇ ਵਿਚ ਕੁਝ ਹੋਰ ਸਮਾਂ ਦਿੱਤਾ ਜਾਵੇ।

# ਕੇਂਦਰ ਤੇ ਪੰਜਾਬ ਦੀਆਂ ਸਾਂਝੀਆਂ ਸਕੀਮਾਂ ਦਾ ਨਹੀਂ ਕੋਈ ਵਾਲੀ-ਵਾਰਸ

**ਚੰਡੀਗੜ੍ਹ:** ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਕੇਂਦਰੀ ਸਕੀਮਾਂ ਤਹਿਤ ਆਪੋ-ਆਪਣੇ ਹਿੱਸੇ ਦੀਆਂ ਪੂਰੀਆਂ ਗਰਾਂਟਾਂ ਦੇਣ ਤੋਂ ਵੀ ਭੱਜ ਗਈਆਂ ਹਨ, ਜਿਸ ਕਾਰਨ ਇਨ੍ਹਾਂ ਸਕੀਮ ਅਧੀਨ ਕੰਮ ਕਰਦੇ ਸਟਾਫ ਦੀਆਂ ਵੀ ਵੱਡੀ ਗਿਣਤੀ ਵਿਚ ਅਸਾਮੀਆਂ ਖਾਲੀ ਹਨ ਅਤੇ ਸੈਂਕੜੇ ਮੁਲਾਜ਼ਮ ਤਨਖਾਹਾਂ ਤੋਂ ਵੀ ਵਾਂਝੇ ਹਨ।

ਸਿੱਖਿਆ ਵਿਭਾਗ ਵਿਚ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਮਿਡ ਡੇ ਮੀਲ, ਰਮਸਾ ਅਤੇ ਆਈ.ਸੀ.ਟੀ. (ਕੰਪਿਊਟਰ ਸਿਸਟਮ) ਕੇਂਦਰੀ ਸਕੀਮਾਂ ਚੱਲਦੀਆਂ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਇਸ ਵਰ੍ਹੇ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਕੀਮਾਂ ਅਧੀਨ ਆਪਣੇ ਹਿੱਸੇ ਵਿਚੋਂ 37 ਅਤੇ ਕੇਂਦਰ ਸਰਕਾਰ ਨੇ ਸਿਰਫ 50 ਫੀਸਦੀ ਗਰਾਂਟਾਂ ਹੀ ਜਾਰੀ ਕੀਤੀਆਂ ਹਨ ਜਦਕਿ ਇਹ ਵਰ੍ਹਾ ਖਤਮ ਹੋਣ ਕਿਨਾਰੇ ਹੈ। ਕੇਂਦਰ ਸਰਕਾਰ ਨੇ ਐਸ.ਐਸ.ਏ. ਸਕੀਮ ਅਧੀਨ ਆਪਣੇ ਹਿੱਸੇ ਦੀ ਰਕਮ ਵਿਚੋਂ



ਸਿਰਫ 286 ਕਰੋੜ ਰੁਪਏ ਦੀ ਗਰਾਂਟ ਹੀ ਜਾਰੀ ਕੀਤੀ ਹੈ। ਇਹ ਰਕਮ ਇਸ ਸਕੀਮ ਅਧੀਨ ਬਣਦੀ ਕੁੱਲ ਰਾਸ਼ੀ ਦਾ ਸਿਰਫ 42 ਫੀਸਦੀ ਹੀ ਹੈ। ਕੇਂਦਰ ਨੇ ਰਮਸਾ ਸਕੀਮ ਲਈ ਹਾਲੇ ਤੱਕ ਸਿਰਫ 37 ਕਰੋੜ ਰੁਪਏ ਗਰਾਂਟ ਹੀ ਜਾਰੀ ਕੀਤੀ ਹੈ, ਜੋ ਇਸ ਸਕੀਮ ਲਈ ਬਣਦੀ ਕੁੱਲ ਰਾਸ਼ੀ ਦਾ ਸਿਰਫ 52 ਫੀਸਦੀ ਹੀ ਹੈ। ਕੇਂਦਰ ਸਰਕਾਰ ਨੇ ਮਿਡ ਡੇ ਮੀਲ ਲਈ ਹਾਲੇ ਤੱਕ ਸਿਰਫ 96 ਕਰੋੜ ਰੁਪਏ ਦੀ ਗਰਾਂਟ ਹੀ ਜਾਰੀ ਕੀਤੀ ਹੈ, ਜੋ ਕੁੱਲ ਰਾਸ਼ੀ ਦਾ ਸਿਰਫ 60 ਫੀਸਦੀ ਹੀ ਹੈ। ਆਈ.ਸੀ.ਟੀ. ਸਕੀਮ ਅਧੀਨ ਹਾਲੇ ਤੱਕ ਸਿਰਫ 2 ਕਰੋੜ ਰੁਪਏ ਦੇ ਕਰੀਬ ਗਰਾਂਟ ਹੀ ਜਾਰੀ ਕੀਤੀ ਹੈ ਅਤੇ ਇਹ ਕੁੱਲ ਰਾਸ਼ੀ ਦੀ 50 ਫੀਸਦੀ ਹੈ। ਇਸ ਸਕੀਮ ਅਧੀਨ 50 ਫੀਸਦੀ ਰਾਸ਼ੀ ਨਾ ਆਉਣ ਕਾਰਨ ਪ੍ਰੋਜੈਕਟ ਨੂੰ ਚਲਾਉਣ ਲਈ ਭਾਰੀ ਦਿੱਕਤਾਂ ਆ ਰਹੀਆਂ ਹਨ।

ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਕੀਮਾਂ ਅਧੀਨ ਵਿੱਤੀ ਸੰਕਟ ਕਾਰਨ ਕਰੋੜਾਂ ਰੁਪਏ ਦੀਆਂ ਗਰਾਂਟਾਂ ਰੋਕੀਆਂ ਪਈਆਂ ਹਨ। ਸਰਕਾਰ ਨੇ ਕੇਂਦਰੀ ਆਈ.ਸੀ.ਟੀ. ਸਕੀਮ ਅਧੀਨ ਆਪਣੇ 40 ਫੀਸਦੀ ਹਿੱਸੇ ਵਿਚੋਂ ਇਸ ਵਰ੍ਹੇ ਹਾਲੇ ਤੱਕ ਇਕ ਧੇਲੇ ਦੀ ਗਰਾਂਟ ਵੀ ਜਾਰੀ ਨਹੀਂ ਕੀਤੀ। ਐਸ.ਐਸ.ਏ. ਸਕੀਮ ਤਹਿਤ ਆਪਣੇ ਬਣਦੇ ਹਿੱਸੇ ਵਿਚੋਂ ਸਿਰਫ 175 ਕਰੋੜ ਰੁਪਏ ਦੀ ਗਰਾਂਟ ਹੀ ਜਾਰੀ ਕੀਤੀ ਹੈ, ਜੋ ਬਣਦੀ ਰਾਸ਼ੀ ਦੀ ਸਿਰਫ 38 ਫੀਸਦੀ ਹੀ ਹੈ। ਪੰਜਾਬ ਸਰਕਾਰ ਨੇ ਰਮਸਾ ਸਕੀਮ ਅਧੀਨ ਵੀ ਫਿਲਹਾਲ ਸਿਰਫ 25 ਕਰੋੜ ਰੁਪਏ ਦੀ ਗਰਾਂਟ ਹੀ ਜਾਰੀ ਕੀਤੀ ਹੈ, ਜੋ ਬਣਦੀ ਰਾਸ਼ੀ ਦਾ ਸਿਰਫ 52 ਫੀਸਦੀ ਹੀ ਹੈ। ਪੰਜਾਬ ਸਰਕਾਰ ਨੇ ਮਿਡ ਡੇ ਮੀਲ ਸਕੀਮ ਲਈ ਵੀ ਹਾਲੇ ਤੱਕ ਕੁੱਲ ਰਾਸ਼ੀ ਵਿਚੋਂ ਸਿਰਫ 59 ਫੀਸਦੀ ਗਰਾਂਟ ਹੀ ਜਾਰੀ ਕੀਤੀ ਹੈ।

ਸਰਕਾਰਾਂ ਵੱਲੋਂ ਕੇਂਦਰੀ ਸਕੀਮਾਂ ਲਈ ਅੱਧੀਆਂ-ਪਚੱਧੀਆਂ ਗਰਾਂਟਾਂ ਜਾਰੀ ਕਰਨ ਕਾਰਨ ਇਸ ਸਕੀਮ ਅਧੀਨ ਕੰਮ ਕਰਦੇ ਮੁਲਾਜ਼ਮਾਂ ਨੂੰ ਤਨਖਾਹਾਂ ਵੀ ਨਸੀਬ ਨਹੀਂ ਹੋ ਰਹੀਆਂ। ਪਤਾ ਲੱਗਾ ਹੈ ਕਿ ਗਰਾਂਟਾਂ ਜਾਰੀ ਨਾ ਹੋਣ ਕਾਰਨ ਐਸ.ਐਸ.ਏ. ਅਤੇ ਰਮਸਾ ਦੀਆਂ ਸਕੀਮਾਂ ਅਧੀਨ ਕੰਮ ਕਰਦੇ ਮੁਲਾਜ਼ਮਾਂ ਨੂੰ ਪਿਛਲੇ ਦੋ ਮਹੀਨਿਆਂ ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ।

# ਗੁਰਦੁਆਰਾ ਗੁਰਸਾਗਰ ਮਸਤੂਆਣਾ ਦਾ ਵਿਵਾਦ ਭਖਿਆ

## ਜਾਂਚ ਟੀਮ ਵੱਲੋਂ ਹੁਕਮਨਾਮੇ ਦੀ ਪਾਲਣਾ ਨਾ ਹੋਣ ਦਾ ਦਾਅਵਾ

**ਸੰਗਰੂਰ:** ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਕੰਪਲੈਕਸ ਵਿਚ ਬਣ ਰਹੇ ਗੁਰਦੁਆਰੇ ਦੀ ਦਿੱਖ ਸ੍ਰੀ ਹਰਿਮੰਦਰ ਸਾਹਿਬ ਨਾਲ ਮਿਲਦੀ-ਜੁਲਦੀ ਹੋਣ ਤੋਂ ਛਿੜਿਆ ਵਿਵਾਦ



ਹੱਲ ਹੋਣ ਦੀ ਥਾਂ ਹੋਰ ਭਖ ਗਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਚਾਰ ਮੈਂਬਰੀ ਜਾਂਚ ਟੀਮ ਨੇ ਇਸ ਸਥਾਨ ਦਾ ਦੌਰਾ ਕਰ ਕੇ ਖੁਲਾਸਾ ਕੀਤਾ ਹੈ ਕਿ 20 ਜੂਨ 2009 ਨੂੰ ਜਾਰੀ ਹੁਕਮਨਾਮੇ ਮੁਤਾਬਕ ਗੁਰਦੁਆਰੇ ਨਾਲ ਸਬੰਧਤ ਉਹ ਸਾਰੀਆਂ ਨਿਸ਼ਾਨੀਆਂ ਖਤਮ ਨਹੀਂ ਕੀਤੀਆਂ ਗਈਆਂ, ਜਿਨ੍ਹਾਂ ਦਾ ਹੁਕਮਨਾਮੇ ਵਿਚ ਜ਼ਿਕਰ ਕੀਤਾ ਹੈ। ਜਾਂਚ ਟੀਮ ਨੇ ਕਿਹਾ ਕਿ ਉਨ੍ਹਾਂ ਨੇ ਗੁਰਦੁਆਰੇ ਦੀ ਇਮਾਰਤ ਦੀ ਜਾਂਚ ਕੀਤੀ ਅਤੇ ਇਸ ਸਬੰਧੀ ਆਪਣੀ ਰਿਪੋਰਟ ਤਿਆਰ ਕਰ ਦਿੱਤੀ ਹੈ, ਜੋ ਜਲਦ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪ ਦਿੱਤੀ ਜਾਵੇਗੀ।

ਜਾਂਚ ਕਮੇਟੀ ਦੇ ਆਗੂ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ 20 ਜੂਨ 2009 ਨੂੰ ਅਕਾਲ ਤਖਤ ਵੱਲੋਂ ਆਦੇਸ਼ ਜਾਰੀ ਹੋਇਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਮਸਤੂਆਣਾ ਸਾਹਿਬ ਵਿਖੇ ਸ੍ਰੀ ਹਰਿਮੰਦਰ ਸਾਹਿਬ ਦਾ ਭੁਲੇਖਾ ਪਾਉਂਦੀਆਂ ਨਿਸ਼ਾਨੀਆਂ ਨੂੰ ਖਤਮ ਕੀਤਾ ਜਾਵੇ ਜਿਵੇਂ ਸਾਰਾ ਸਰੋਵਰ ਪੂਰ ਦਿੱਤਾ ਜਾਵੇ, ਇਮਾਰਤ ਨੂੰ ਜਾਂਦਾ ਪੁਲ ਢਾਹ ਦਿੱਤਾ ਜਾਵੇ, 'ਹਰਿ ਕੀ ਪੌੜੀ' ਵਰਗੀ ਦਿੱਖ ਵਾਲੀ ਇਮਾਰਤ ਦਾ ਹਿੱਸਾ ਢਾਹ ਦਿੱਤਾ ਜਾਵੇ ਅਤੇ ਇਮਾਰਤ ਦੇ ਆਲੇ-ਦੁਆਲੇ ਵਰਾਂਡਾ ਬਣਾ ਦਿੱਤਾ ਜਾਵੇ, ਗੁਰਦੁਆਰੇ ਦੀਆਂ ਉਪਰਲੀਆਂ ਗੁੰਬਦੀਆਂ ਢਾਹ ਕੇ ਕੇਵਲ ਇਕ ਗੁੰਬਦ ਬਣਾਇਆ ਜਾਵੇ ਅਤੇ ਇਸ ਦਾ ਨਾਮ ਸ੍ਰੀ ਗੁਰੂ ਸਿੰਘ ਸਭਾ ਮਸਤੂਆਣਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਅਜੇ ਤੱਕ ਸਿਰਫ ਵਰਾਂਡੇ ਬਣਾ ਕੇ ਅਤੇ ਹਰਿ ਕੀ ਪੌੜੀ ਕੋਲ ਦੀਵਾਰ ਬਣਾ ਕੇ ਉਸ ਨੂੰ ਬੰਦ ਕੀਤਾ ਗਿਆ ਹੈ ਜਦਕਿ ਬਾਕੀ ਨਿਸ਼ਾਨੀਆਂ ਪਹਿਲਾਂ ਦੀ ਤਰ੍ਹਾਂ ਹੀ ਹਨ।

### ਜਾਂਚ ਕਮੇਟੀ 'ਤੇ ਵੀ ਉਠੇ ਸਵਾਲ

ਯੂਨਾਈਟਿਡ ਅਕਾਲੀ ਦੇ ਆਗੂ ਪ੍ਰਸ਼ੋਤਮ ਸਿੰਘ ਫੱਗੂਵਾਲਾ, ਜਿਨ੍ਹਾਂ ਨੇ ਉਕਤ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਮਰਨ ਵਰਤ ਰੱਖਿਆ ਸੀ, ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਜਾਂਚ ਕਮੇਟੀ ਸਿਰਫ ਖਾਨਾਪੂਰਤੀ ਤੱਕ ਸੀਮਤ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਾਂਚ ਕਮੇਟੀ ਚੋਰੀ-ਛਿਪੇ ਹੀ ਮਸਤੂਆਣਾ ਸਾਹਿਬ ਦਾ ਦੌਰਾ ਕਰ ਆਈ ਤੇ ਇਸ ਦੌਰੇ ਆਧਾਰ 'ਤੇ ਹੀ ਰਿਪੋਰਟ ਤਿਆਰ ਕਰ ਕੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪ ਦੇਵੇਗੀ। ਉਨ੍ਹਾਂ ਮੰਗ ਕੀਤੀ ਕਿ ਅਕਾਲ ਤਖਤ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਗੰਭੀਰਤਾ ਨਾਲ ਲਾਗੂ ਕੀਤਾ ਜਾਵੇ।

# ਸ਼੍ਰੋਮਣੀ ਕਮੇਟੀ ਨੂੰ ਜੀ. ਐਸ. ਟੀ. ਕਾਰਨ ਲੱਗਾ ਦੋ ਕਰੋੜ ਦਾ ਰਗੜਾ

**ਅੰਮ੍ਰਿਤਸਰ:** ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਿਛਲੇ ਵਰ੍ਹੇ ਜੁਲਾਈ 2017 ਤੋਂ ਹੁਣ ਤੱਕ ਲਗਭਗ ਦੋ ਕਰੋੜ ਰੁਪਏ ਟੈਕਸ ਵਜੋਂ ਵਾਧੂ ਦੇਣੇ ਪਏ ਹਨ।

ਮਿਲੇ ਵੇਰਵਿਆਂ ਮੁਤਾਬਕ ਪਹਿਲੀ ਜੁਲਾਈ 2017 ਤੋਂ 31 ਜਨਵਰੀ 2018 ਤੱਕ ਸੱਤ ਮਹੀਨਿਆਂ ਵਿਚ ਸ਼੍ਰੋਮਣੀ ਕਮੇਟੀ ਨੇ ਗੁਰੂ ਘਰ



ਦੇ ਲੰਗਰ ਦੇ ਸਾਮਾਨ, ਜਿਸ ਵਿਚ 4188 ਕੁਇੰਟਲ ਦੇਸੀ ਘਿਉ, 6210 ਕੁਇੰਟਲ ਖੰਡ, 1230 ਕੁਇੰਟਲ ਸੁੱਕਾ ਦੁੱਧ, 27240 ਸਿਲੰਡਰਾਂ ਤੋਂ ਇਲਾਵਾ ਰਿਫਾਇੰਡ ਤੇਲ, ਸਰ੍ਹੋਂ ਦਾ ਤੇਲ, ਮੋਟੀ ਲਾਚੀ, ਹਲਦੀ, ਜੀਰਾ, ਹਰੀ ਲਾਚੀ, ਚਾਹ ਪੱਤੀ, ਅਨਾਰਦਾਣਾ, ਧਣੀਆਂ, ਕਾਲੀ ਮਿਰਚ, ਮਗਜ਼, ਬੂਰਾ ਗਿਰੀ, ਸੌਂਫ, ਛੁਹਾਰੇ, ਪਤਲ ਆਦਿ ਵਸਤਾਂ ਉਤੇ ਕਰੀਬ 20 ਕਰੋੜ 17 ਲੱਖ ਰੁਪਏ ਖਰਚ ਕੀਤੇ ਗਏ ਹਨ। ਇਸ ਵਿਚੋਂ ਲਗਭਗ 1 ਕਰੋੜ 89 ਲੱਖ 90 ਹਜ਼ਾਰ ਰੁਪਏ ਬਤੌਰ ਜੀ.ਐਸ.ਟੀ. ਟੈਕਸ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਦੇਸੀ ਘਿਉ ਉਤੇ 12 ਫੀਸਦੀ ਜੀ.ਐਸ.ਟੀ. ਅਤੇ ਸੁੱਕਾ ਦੁੱਧ, ਖੰਡ, ਰਿਫਾਇੰਡ, ਸਿਲੰਡਰ ਤੇ ਹੋਰ ਸਾਰੀਆਂ ਵਸਤਾਂ ਉਤੇ ਪੰਜ ਫੀਸਦੀ ਜੀ.ਐਸ.ਟੀ. ਫੰਡ ਦਾ ਭੁਗਤਾਨ ਕੀਤਾ ਗਿਆ ਹੈ। ਸਿਰਫ ਦੇਸੀ ਘਿਉ ਦੀ ਖਰੀਦ ਉਤੇ ਹੀ ਡੇਢ ਕਰੋੜ ਰੁਪਏ ਟੈਕਸ ਦੇਣਾ ਪਿਆ ਹੈ ਜਦੋਂਕਿ ਸੁੱਕੇ ਦੁੱਧ 'ਤੇ ਦਸ ਲੱਖ, ਖੰਡ ਉਤੇ 12 ਲੱਖ ਅਤੇ ਗੈਸ ਸਿਲੰਡਰ 'ਤੇ ਲਗਭਗ 9 ਲੱਖ ਰੁਪਏ ਟੈਕਸ ਦਾ ਭੁਗਤਾਨ ਕੀਤਾ ਗਿਆ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਲੰਗਰ ਦੀਆਂ ਵਸਤਾਂ 'ਤੇ ਪਿਛਲੇ ਵਰ੍ਹੇ ਜੁਲਾਈ ਤੋਂ ਲਗਾਤਾਰ ਟੈਕਸ ਦਾ ਭੁਗਤਾਨ ਕੀਤਾ ਜਾ ਰਿਹਾ ਹੈ। ਸਿੱਖ ਸੰਸਥਾ ਵੱਲੋਂ ਤਿੰਨਾਂ ਤਖਤਾਂ ਸਮੇਤ ਇਤਿਹਾਸਕ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਵਿਚ ਵੀ ਸੰਗਤ ਵਾਸਤੇ ਮੁਫਤ ਲੰਗਰ ਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਕਈ ਥਾਂਵਾਂ 'ਤੇ ਮੁਫਤ ਇਲਾਜ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਅਤੇ ਖਾਸ ਕਰ ਕੇ ਕੇਂਦਰੀ ਵਿੱਤ ਮੰਤਰੀ ਨੂੰ ਕਈ ਵਾਰ ਅਪੀਲ ਕੀਤੀ ਗਈ ਹੈ ਕਿ ਸਿੱਖ ਸੰਸਥਾ ਦੇ ਪ੍ਰਬੰਧ ਹੇਠ ਚੱਲ ਰਹੇ ਗੁਰਦੁਆਰਿਆਂ ਵਿਚ ਲੰਗਰ ਘਰਾਂ ਵਾਸਤੇ ਖਰੀਦੇ ਜਾਂਦੇ ਸਾਮਾਨ ਨੂੰ ਇਸ ਟੈਕਸ ਤੋਂ ਮੁਕਤ ਕੀਤਾ ਜਾਵੇ ਕਿਉਂਕਿ ਇਸ ਤੋਂ ਪਹਿਲਾਂ ਵੀ ਸੂਬਾ ਸਰਕਾਰ ਵੱਲੋਂ ਅਜਿਹੇ ਟੈਕਸ ਤੋਂ ਰਾਹਤ ਦਿੱਤੀ ਹੋਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਅਪੀਲਾਂ ਦਾ ਕੋਈ ਹੁੰਗਾਰਾ ਨਹੀਂ ਮਿਲਿਆ ਹੈ ਸਗੋਂ ਬੀਤੇ ਦਿਨੀਂ ਕੇਂਦਰੀ ਵਿੱਤ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਗੁਰਦੁਆਰਿਆਂ ਨੂੰ ਇਸ ਟੈਕਸ ਤੋਂ ਰਾਹਤ ਦਿੱਤੀ ਹੋਈ ਹੈ, ਜਿਸ 'ਤੇ ਸ਼੍ਰੋਮਣੀ ਕਮੇਟੀ ਨੇ ਵਿਰੋਧ ਪ੍ਰਗਟਾਇਆ ਸੀ।

# ਮਾਹਿਰਾਂ ਦੀ ਮਦਦ ਨਾਲ ਸੰਭਾਲੇ ਜਾਣਗੇ ਫੌਜੀ ਹਮਲੇ ਸਮੇਂ ਨੁਕਸਾਨੇ ਸਰੂਪ

**ਅੰਮ੍ਰਿਤਸਰ:** ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਹਮਲੇ ਵੇਲੇ ਪ੍ਰਕਾਸ਼ ਮਾਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਜਿਸ



ਨੂੰ ਗੋਲੀ ਲੱਗੀ ਸੀ, ਦੀ ਸਾਂਭ ਸੰਭਾਲ ਲਈ ਸ਼੍ਰੋਮਣੀ ਕਮੇਟੀ ਵੱਲੋਂ ਮਾਹਿਰਾਂ ਦੀ ਮਦਦ ਨਾਲ ਕੰਮ ਸ਼ੁਰੂ ਕੀਤਾ ਗਿਆ ਹੈ।

ਇਸ ਪਾਵਨ ਸਰੂਪ ਵਿਚ ਗੋਲੀ ਲੱਗਣ ਨਾਲ ਸਰੂਪ ਦੀ ਜਿਲਦ ਤੋਂ ਲੈ ਕੇ 290 ਪੰਨੇ ਪ੍ਰਭਾਵਿਤ ਹੋਏ ਸਨ। ਇਸ ਪਾਵਨ ਸਰੂਪ ਨੂੰ ਫੌਜੀ ਹਮਲੇ ਦੀ ਨਿਸ਼ਾਨੀ ਵਜੋਂ ਸੰਭਾਲ ਕੇ ਰੱਖਿਆ ਜਾਵੇਗਾ। ਇਸ ਸਬੰਧੀ ਸਾਂਭ ਸੰਭਾਲ ਦੀ ਸੇਵਾ ਬਾਬਾ ਬਲਵਿੰਦਰ ਸਿੰਘ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਮਾਹਿਰਾਂ ਰਾਹੀਂ ਕੀਤੀ ਗਈ।

ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਇਸ ਪਾਵਨ ਸਰੂਪ ਦੀ ਅਤਿ ਆਧੁਨਿਕ ਢੰਗ ਤਰੀਕੇ ਨਾਲ ਸਾਂਭ ਸੰਭਾਲ ਕੀਤੀ ਜਾਵੇਗੀ, ਜਿਸ ਨਾਲ ਇਸ ਦੀ ਦਿੱਖ ਵੀ ਕਾਇਮ ਰਹੇਗੀ। ਇਸ ਦੀ ਜਿਲਦ ਵਿਚੋਂ ਗੋਲੀ ਦਾ ਨਿਸ਼ਾਨ ਦਿਖਾਈ ਦੇਵੇਗਾ ਪਰ ਪੰਨਿਆਂ ਦੀ ਉਮਰ ਹੋਰ ਲੰਮੀ ਹੋ ਜਾਵੇਗੀ। ਇਹ ਵਿਸ਼ੇਸ਼ ਕਾਗਜ਼ ਵਿਦੇਸ਼ ਤੋਂ ਮੰਗਾਇਆ ਗਿਆ ਹੈ ਅਤੇ ਸਾਂਭ ਸੰਭਾਲ ਦਾ ਕੰਮ ਵੀ ਵਿਸ਼ੇਸ਼ ਮਾਹਿਰਾਂ ਵੱਲੋਂ ਹੀ ਕੀਤਾ ਜਾਵੇਗਾ।

### ਜੰਗ-ਏ-ਆਜ਼ਾਦੀ ਯਾਦਗਾਰ 6 ਮਾਰਚ ਨੂੰ ਕੌਮ ਨੂੰ ਹੋਵੇਗੀ ਸਮਰਪਿਤ

**ਕਰਤਾਰਪੁਰ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 6 ਮਾਰਚ ਨੂੰ ਜੰਗ-ਏ-ਆਜ਼ਾਦੀ ਯਾਦਗਾਰ ਦਾ ਦੂਜਾ ਪੜਾਅ ਕੌਮ ਨੂੰ ਸਮਰਪਤ ਕਰਨਗੇ। ਪੰਜਾਬ ਸਰਕਾਰ ਵੱਲੋਂ ਇਸ ਪ੍ਰੋਜੈਕਟ ਲਈ ਪੰਜ ਕਰੋੜ ਰੁਪਏ ਜਾਰੀ ਕੀਤਾ ਗਏ ਹਨ। ਪ੍ਰੋਜੈਕਟ ਦਾ ਪਹਿਲਾ ਪੜਾਅ ਜੂਨ 2017 ਵਿਚ ਮੁਕੰਮਲ ਹੋ ਗਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਕ ਅਤਿ ਅਧੁਨਿਕ ਯਾਦਗਾਰ ਦਾ ਇਕ ਵਾਰੀ ਉਦਘਾਟਨ ਹੋਣ ਤੋਂ ਬਾਅਦ ਸੂਬੇ ਵਿਚ ਸੈਰ-ਸਪਾਟਾ ਸੈਕਟਰ ਨੂੰ ਵੱਡਾ ਹੁਲਾਰਾ ਮਿਲੇਗਾ ਅਤੇ ਕਰਤਾਰਪੁਰ ਵਿਸ਼ਵ ਸੈਰ ਸਪਾਟਾ ਨਕਸ਼ੇ ਉਤੇ ਉਭਰ ਕੇ ਸਾਹਮਣੇ ਆਵੇਗਾ।

ਇਹ ਪ੍ਰੋਜੈਕਟ 25 ਏਕੜ ਰਕਬੇ ਵਿਚ ਤਿਆਰ ਕੀਤਾ ਜਾ ਰਿਹਾ ਹੈ। ਇਸ ਯਾਦਗਾਰ ਵਿਚ ਇਕ ਮਿਨਾਰ, ਇਕ ਸੈਮੀਨਾਰ ਹਾਲ, ਇਕ ਆਡੀਟੋਰੀਅਮ, ਇਕ ਮੂਵੀ ਹਾਲ, ਇਕ ਕੈਫੇਟੇਰੀਆ, ਲਾਇਬ੍ਰੇਰੀ, ਓਪਨ ਏਅਰ ਥਿਏਟਰ ਅਤੇ ਇਕ ਐਮਫੀਥਿਏਟਰ ਹਨ।

### ਹਰਿਆਣਾ ਸਰਕਾਰ ਤੇ ਜਾਟਾਂ ਵਿਚਾਲੇ ਸਮਝੌਤਾ

**ਚੰਡੀਗੜ੍ਹ:** ਹਰਿਆਣਾ ਸਰਕਾਰ ਅਤੇ ਜਾਟਾਂ ਵਿਚਾਲੇ ਰਾਖਵੇਂਕਰਨ ਅਤੇ ਇਸ ਨਾਲ ਜੁੜੇ ਮਾਮਲਿਆਂ ਸਬੰਧੀ ਫਿਲਹਾਲ ਸਹਿਮਤੀ ਬਣ ਗਈ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਪ੍ਰਧਾਨਗੀ ਹੇਠ ਜਾਟਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਦੋ ਵਾਰ ਫੇਲ੍ਹ ਹੋਣ ਮਗਰੋਂ ਤੀਜੀ ਵਾਰ ਸਿਰੇ ਚੜ੍ਹ ਗਈ।

# ਹਰਿਮੰਦਰ ਸਾਹਿਬ 'ਚ ਸੋਨਾ ਲਾਉਣ ਦੀ ਕਾਰ ਸੇਵਾ ਅਰੰਭ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਪ੍ਰਵੇਸ਼ ਦੁਆਰ ਦੀ ਦਰਸ਼ਨੀ ਡਿਓੜੀ ਦੇ ਗੁੰਬਦਾਂ ਉਪਰ ਸੋਨੇ ਦੇ ਪੱਤਰੇ ਲਾਉਣ ਦੀ ਕਾਰ ਸੇਵਾ ਸ਼ੁਰੂ ਹੋ ਗਈ ਹੈ। ਇਸ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤੀ। ਇਹ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਦਰਸ਼ਨੀ ਡਿਓੜੀ ਉਪਰ ਬਣੇ ਮੁੱਖ ਗੁੰਬਦ ਉਤੇ ਲਾਉਣ ਲਈ 16 ਗੇਜ ਤਾਂਬੇ ਦੇ ਪੱਤਰਿਆਂ ਉਤੇ ਸੋਨੇ ਦੀਆਂ 22 ਪਰਤਾਂ ਚੜ੍ਹਾਈਆਂ ਜਾਣਗੀਆਂ। ਇਸ ਤੋਂ ਇਲਾਵਾ ਛੋਟੇ ਗੁੰਬਦਾਂ ਉਪਰ ਵੀ ਇਹ ਪੱਤਰੇ ਲਗਾਏ ਜਾਣਗੇ। ਇਥੇ ਕਰੀਬ 40 ਕਿੱਲੋ ਸੋਨਾ ਲਗਾਇਆ ਜਾਵੇਗਾ। ਦਰਸ਼ਨੀ ਡਿਓੜੀ ਦੇ ਹੇਠਾਂ ਵੀ ਮੁੱਖ ਦੁਆਰ ਦੀ ਕਾਰ ਸੇਵਾ ਚੱਲ ਰਹੀ ਹੈ, ਜਿਥੇ ਮੌਜੂਦਾ ਥੰਮ੍ਹਾਂ ਨੂੰ ਇਕਸਾਰ ਰੂਪ ਦਿੱਤਾ ਜਾ ਰਿਹਾ ਹੈ। ਇਸ ਦੀ ਛੱਤ ਦੇ ਅੰਦਰੂਨੀ ਹਿੱਸੇ ਵਿਚ ਮੀਨਾਕਾਰੀ ਹੋਵੇਗੀ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕੀਤੀ ਜਾ ਰਹੀ ਕਾਰ ਸੇਵਾ ਦੀ ਸ਼ਲਾਘਾ ਕਰਦਿਆਂ ਸਮੂਹ ਸੰਗਤਾਂ ਨੂੰ ਇਸ ਸੇਵਾ ਵਿਚ ਸਹਿਯੋਗ ਦੇਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਹਰਿਮੰਦਰ ਸਾਹਿਬ ਸਿੱਖਾਂ ਸਮੇਤ ਹੋਰ ਧਰਮਾਂ ਦੇ ਲੋਕਾਂ ਲਈ ਵੀ ਮੁਕੱਦਸ ਅਸਥਾਨ ਹੈ ਅਤੇ ਇਥੇ ਸ਼ੁਰੂ ਹੋਈ ਕਾਰ ਸੇਵਾ ਜਲਦੀ ਮੁਕੰਮਲ ਹੋ ਜਾਵੇਗੀ।

### ਨਿਤੀਸ਼ ਨੇ ਗੁਰਦੁਆਰਾ ਦਾਤਾ ਬੰਦੀ ਛੋੜ ਮੱਥਾ ਟੇਕਿਆ

**ਅੰਮ੍ਰਿਤਸਰ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਗਵਾਲੀਅਰ ਸਥਿਤ ਗੁਰਦੁਆਰਾ ਦਾਤਾ ਬੰਦੀ ਛੋੜ, ਪਾਤਸ਼ਾਹੀ ਛੇਵੀਂ ਕਿਲਾ ਗਵਾਲੀਅਰ ਵਿਖੇ ਮੱਥਾ ਟੇਕਿਆ ਤੇ ਗੁਰਬਾਣੀ ਕੀਰਤਨ ਸਰਵਣ ਕੀਤਾ।

ਇਸ ਮੌਕੇ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸ਼ਤਾਬਦੀ ਸਮਾਗਮਾਂ ਲਈ ਕੀਤੇ ਪ੍ਰਬੰਧਾਂ ਲਈ ਸਨਮਾਨਤ ਵੀ ਕੀਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਸ ਗੁਰਦੁਆਰਾ ਵਿਖੇ ਨਤਮਸਤਕ ਹੋ ਕੇ ਉਨ੍ਹਾਂ ਨੂੰ ਬਹੁਤ ਸ਼ਾਂਤੀ ਮਿਲੀ ਹੈ।

### ਸੋਨੇ ਦੀ ਥਾਂ ਬੱਚਿਆਂ ਦੀ ਤਾਲੀਮ 'ਤੇ ਖਰਚ ਹੋਵੇ ਪੈਸਾ: ਭਾਈ ਅਸ਼ੋਕ ਸਿੰਘ

**ਚੰਡੀਗੜ੍ਹ:** ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਦਰਸ਼ਨੀ ਡਿਓੜੀ ਦੇ ਗੁੰਬਦਾਂ ਉਪਰ ਸੋਨੇ ਦੇ ਪੱਤਰੇ ਲਾਉਣ ਦੀ ਕਾਰ ਸੇਵਾ ਬਾਰੇ ਕਿਹਾ ਕਿ ਸੋਨਾ ਸਿੱਖ ਧਰਮ ਦੀ ਹਲੀਮੀ ਦੀ ਧਾਰਨਾ ਦੇ ਖਿਲਾਫ ਹੈ। ਉਨ੍ਹਾਂ ਭਾਈ ਗੁਰਦਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਿੱਖ ਧਰਮ ਸ਼ਬਦ ਭਾਵ ਗਿਆਨ ਉਤੇ ਜ਼ੋਰ ਦਿੰਦਾ ਹੈ। ਸ਼ਬਦ ਦੀ ਵਡਿਆਈ ਕਰਨ ਵਾਲੇ ਧਰਮ ਦੇ ਪੈਰੋਕਾਰਾਂ ਨੂੰ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਬੱਚਿਆਂ ਦੀ ਤਾਲੀਮ ਦੀ ਜ਼ਿੰਮੇਵਾਰੀ ਉਠਾਉਣੀ ਚਾਹੀਦੀ ਹੈ।

# ਲਾਹੌਰ ਦੀ ਤਰਜ਼ 'ਤੇ ਅੰਮ੍ਰਿਤਸਰ 'ਚ ਬਣੇਗੀ ਫੂਡ ਸਟਰੀਟ

**ਚੰਡੀਗੜ੍ਹ:** ਅੰਮ੍ਰਿਤਸਰ ਵਿਚ ਲਾਹੌਰ ਦੀ ਤਰਜ਼ ਉਤੇ ਫੂਡ ਸਟਰੀਟ ਬਣੇਗੀ, ਜਿਥੇ ਇਥੋਂ ਦੇ ਸਵਾਦਿਸ਼ਟ ਭੋਜਨ ਦਾ ਆਨੰਦ ਵਿਸ਼ਵ ਭਰ ਤੋਂ ਆਉਂਦੇ ਸੈਲਾਨੀ ਲੈ ਸਕਣਗੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਅਗਲੇ 6 ਮਹੀਨਿਆਂ ਵਿਚ ਇਹ ਫੂਡ ਸਟਰੀਟ ਸ਼ਹਿਰ ਦੇ ਟਾਊਨ ਹਾਲ ਵਿਚ ਬਣਾ ਦਿੱਤੀ ਜਾਵੇਗੀ।

ਸ. ਸਿੱਧੂ ਨੇ ਕਿਹਾ ਕਿ ਗੁਰੂ ਨਗਰੀ ਵਿਚ ਇਸ ਵੇਲੇ ਲੱਖਾਂ ਸੈਲਾਨੀ ਰੋਜ਼ ਆਉਂਦੇ ਹਨ ਅਤੇ ਜੇਕਰ ਉਨ੍ਹਾਂ ਵਾਸਤੇ ਪੰਜਾਬ ਦੇ ਲਜ਼ੀਜ਼ ਖਾਣੇ ਇਕ ਹੀ ਥਾਂ ਮਿਲਣ ਲੱਗ ਜਾਣ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਉਨ੍ਹਾਂ ਦੀ ਸਰਕਾਰ ਪ੍ਰਸਿੱਧ ਕਲਾਕਾਰ ਅਤੇ ਨਿਰਮਾਤਾ ਦੀਪਾ ਸ਼ਾਹੀ ਵੱਲੋਂ ਕਿਲ੍ਹਾ ਗੋਬਿੰਦਗੜ੍ਹ ਵਿਖੇ ਕਰਵਾਏ ਜਾ ਰਹੇ ਇਤਿਹਾਸਕ ਕੰਮ ਦਾ ਪੂਰਾ ਸਾਥ ਦੇਵੇਗੀ। ਉਨ੍ਹਾਂ ਕਿਹਾ ਕਿ ਦੀਪਾ ਵੱਲੋਂ 18ਵੀਂ ਸਦੀ ਦੇ ਇਸ ਕਿਲ੍ਹੇ ਨੂੰ ਸਾਂਭਣ ਅਤੇ ਉਸ ਮੌਕੇ ਦੀ ਵਿਰਾਸਤ ਨੂੰ ਜਨਤਾ ਦੇ ਰੂ-ਬਰੂ ਕਰਨ ਲਈ ਕੀਤਾ ਜਾ ਰਿਹਾ ਕੰਮ ਸਲਾਹੁਣਯੋਗ ਹੈ, ਅਤੇ ਇਸ ਕੰਮ ਵਿਚ ਸਰਕਾਰ ਉਸ ਦੇ ਨਾਲ ਹੈ।

# ਮਾਲਦੀਵੀ ਸਵਰਗ ਨੂੰ ਝਟਕਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤੀ ਲਕਸ਼ਦੀਪਾਂ ਦੇ ਥੱਲੇ ਤੇ ਸ੍ਰੀਲੰਕਾ ਦੇ ਬਰਾਬਰ ਹਿੰਦ ਮਹਾਸਾਗਰ ਵਿਚ ਇੱਕ ਸੁਤੰਤਰ ਮੁਸਲਿਮ ਦੇਸ਼ ਹੈ, ਮਾਲਦੀਵ। 400 ਮੀਲ ਲੰਮੇ ਤੇ 80 ਮੀਲ ਚੌੜੇ ਸੈਂਕੜੇ ਟਾਪੂਆਂ ਵਾਲੇ ਇਸ ਦੇਸ਼ ਦੀ ਰਾਜਧਾਨੀ ਮਾਲੇ ਵੀ ਬੱਕਰੇ ਦੇ ਪੱਟ ਵਰਗਾ ਇੱਕ ਮੀਲ ਲੰਮਾ ਤੇ ਪੌਣਾ ਮੀਲ ਚੌੜਾ ਟਾਪੂ ਹੀ ਹੈ। ਮਾਲੇ ਦੀ ਕੁੱਲ ਵਸੋਂ ਚਾਰ ਲੱਖ ਤੋਂ ਵੱਧ ਨਹੀਂ ਤੇ ਇਸ ਨਿੱਕੇ ਜਿਹੇ ਟਾਪੂ ਵਿਚ ਡੇਢ ਸੌ ਕਾਰਾਂ ਹਨ, ਜਿਨ੍ਹਾਂ ਨੂੰ ਉਹ ਕੰਮ ਉਤੇ ਜਾਣ ਜਾਂ ਫੇਰੇ-ਤੋਰੇ ਲਈ ਵਰਤਦੇ ਹਨ। 1976 ਵਿਚ ਮੇਰੀ ਪਤਨੀ ਦੋ ਮਹੀਨੇ ਲਈ ਉਸ ਦੇਸ਼ ਵਿਚ ਸਲਾਹਕਾਰ ਬਣ ਕੇ ਉਥੇ ਗਈ ਤਾਂ ਨਵੀਂ ਧਰਤੀ ਦੇਖਣ ਦੇ ਭਾਵ ਨਾਲ ਮੈਂ ਵੀ ਉਹਦੇ ਨਾਲ ਤੁਰ ਗਿਆ। ਉਥੇ ਸਰਕਾਰੀ ਸਵਾਰੀ ਕੇਵਲ ਸਾਈਕਲ ਸੀ ਜਿਸ ਦੇ ਮਡਗਾਰਡ ਉਤੇ ਗੌਰਮਿੰਟ ਆਫ ਮਾਲਦੀਵਜ਼ ਲਿਖਿਆ ਹੋਇਆ ਸੀ। ਉਥੋਂ ਦੇ ਕਾਨੂੰਨ ਅਨੁਸਾਰ ਉਹ ਸਾਈਕਲ ਮੈਂ ਨਹੀਂ ਸੀ ਵਰਤ ਸਕਦਾ। ਮੈਨੂੰ ਆਪਣੀ ਵਰਤੋਂ ਲਈ ਇੱਕ ਸਾਈਕਲ ਕਿਰਾਏ ਉਤੇ ਲੈਣਾ ਪਿਆ ਸੀ।

ਪਿਛਲੇ ਸਮਿਆਂ ਵਿਚ ਜੇ ਕੋਈ ਸਮੁੰਦਰੀ ਜਹਾਜ ਕਿਸੇ ਕਿਸਮ ਦੇ ਮਾਲ ਦਾ ਭਰਿਆ ਹੋਇਆ ਇਨ੍ਹਾਂ ਦੀਪਾਂ ਦੀ ਸੀਮਾ ਵਿਚ ਕਿਸੇ ਵੀ ਅਣਦਿਸਦੇ ਦੀਪ ਨਾਲ ਟਕਰਾ ਕੇ ਟੁੱਟ ਜਾਂਦਾ ਤਾਂ ਉਸ ਵਿਚ ਭਰੀ ਹੋਈ ਧਨ-ਦੌਲਤ ਇਨ੍ਹਾਂ ਦੀਪਾਂ 'ਤੇ ਰਾਜ ਕਰਨ ਵਾਲੇ ਮੁਸਲਿਮ ਸੁਲਤਾਨਾਂ ਦੀ ਹੋ ਜਾਂਦੀ ਸੀ। ਅਜਿਹਾ ਇਕ ਜਹਾਜ 16ਵੀਂ ਸਦੀ ਵਿਚ ਇਥੇ ਆ ਕੇ ਟੁੱਟ ਗਿਆ। ਉਸ 'ਚ ਇਕ ਫਰਾਂਸੀਸੀ ਡਾਕਟਰ ਪਾਇਰਾਰਡ ਸੀ। ਬਾਕੀ ਬੰਦੇ ਤਾਂ ਮਲੇਰੀਏ ਨਾਲ ਮਰ ਗਏ ਪਰ ਡਾ. ਪਾਇਰਾਰਡ ਨੇ ਆਪਣੇ ਆਪ ਨੂੰ ਬਚਾਈ ਰਖਿਆ ਤੇ ਇਥੋਂ ਦੀ ਬੋਲੀ ਸਿੱਖ ਕੇ ਸੁਲਤਾਨ ਦਾ ਸਲਾਹਕਾਰ ਬਣ ਗਿਆ, ਜੋ ਉਸ ਦੀਆਂ ਬੇਗਮਾਂ ਨਾਲ ਵੀ ਘੁਲਦਾ-ਮਿਲਦਾ ਰਿਹਾ ਤੇ ਬਾਕੀ ਵੱਸੋਂ ਨਾਲ ਵੀ।

ਇਥੋਂ ਛੁਟਕਾਰਾ ਹੋਣ 'ਤੇ ਜਦੋਂ ਉਹ ਫਰਾਂਸ ਪਹੁੰਚਿਆ ਤਾਂ ਉਸ ਨੇ ਇਨ੍ਹਾਂ ਦੀਪਾਂ ਦੇ ਜੀਵਨ ਬਾਰੇ ਤਿੰਨ ਜਿਲਦਾਂ ਵਿਚ ਆਪਣਾ ਸਫਰਨਾਮਾ ਲਿਖਿਆ ਜੋ ਬੇਹੱਦ ਦਿਲਚਸਪ ਹੈ। ਇਸ ਦੇਸ਼ ਦੇ ਸਾਰੇ ਟਾਪੂ ਸਾਗਰ ਦੀ ਸਤਾਹ ਤੋਂ ਕੇਵਲ ਛੇ ਫੁੱਟ ਉਚੇ ਹੋਣ ਦੇ ਬਾਵਜੂਦ ਕਦੀ ਸਮੁੰਦਰੀ ਤੂਫਾਨ ਦੀ ਲਪੇਟ ਵਿਚ ਨਹੀਂ ਆਏ ਕਿਉਂਕਿ ਪਾਣੀ ਦੇ ਟਕਰਾਉਣ ਲਈ ਕੋਈ ਉਚੀ ਥਾਂ ਹੀ ਨਹੀਂ। ਤੂਫਾਨ ਆਸੇ ਪਾਸੇ ਤੋਂ ਰੌਲਾ ਪਾਉਂਦਾ ਲੰਘ ਜਾਂਦਾ ਹੈ।

ਕਾਰੀਗਰ ਲੋਕ (ਦਰਜੀ, ਫੋਟੋਗ੍ਰਾਫਰ ਜਾਂ ਮਿਸਤਰੀ) ਪੈਸੇ ਵਾਲੇ ਹਨ ਤੇ ਗਰੀਬ ਲੋਕ ਮੱਛੀਆਂ ਫੜ੍ਹ ਕੇ ਗੁਜ਼ਾਰਾ ਕਰਦੇ ਹਨ। ਇਥੋਂ ਦੀ ਟੂਨਾ ਮੱਛੀ ਏਨੀ ਪਸੰਦ ਕੀਤੀ ਜਾਂਦੀ ਹੈ ਕਿ ਬਾਹਰਲੇ ਦੇਸ਼ਾਂ ਵਿਚ ਬੜੀ ਮਹਿੰਗੀ ਵਿਕਦੀ ਹੈ। ਬਹੁਤੀ ਵਾਰੀ ਸਾਗਰ ਦੀਆਂ ਛੱਲਾਂ ਵਿਚ ਫਸ ਕੇ ਅਨੇਕਾਂ ਮੱਛੀਆਂ ਮਾਲੇ ਦੀ ਫਿਰਨੀ ਉਤੇ ਡਿਗ ਕੇ ਮਰ ਜਾਂਦੀਆਂ ਹਨ, ਜਿਨ੍ਹਾਂ ਨੂੰ ਬੱਚੇ, ਬੁੱਢੇ ਤੇ ਜਵਾਨ ਚੁੱਕ ਲਿਆਉਂਦੇ ਹਨ। ਵਸਨੀਕਾਂ ਦਾ ਮੁੱਖ ਭੋਜਨ ਮੱਛੀ, ਕੇਲਾ, ਪਪੀਤਾ ਤੇ ਨਾਰੀਅਲ ਹੈ।

ਸੰਨ 2011 ਤੱਕ ਇਥੇ ਇਕ ਪੁਰਖੀ ਰਾਜ ਰਿਹਾ ਹੈ ਤੇ ਵਸਨੀਕਾਂ ਨੇ ਤਾਨਾਸ਼ਾਹੀ ਪ੍ਰਵਾਨ ਕਰ ਰੱਖੀ ਸੀ। ਇਸ ਵੇਲੇ 25,000 ਭਾਰਤੀ ਮਾਲਦੀਵ ਰਹਿ ਕੇ ਆਪਣਾ ਕਾਰੋਬਾਰ ਚਲਾ ਰਹੇ ਹਨ। ਭਾਰਤ ਸਰਕਾਰ ਲਈ ਉਥੋਂ ਦੀ ਰਾਜਨੀਤੀ ਤੋਂ ਬੇਮੁਖ ਹੋਣਾ ਸੰਭਵ ਨਹੀਂ। ਇਸ ਹਫਤੇ ਉਥੋਂ ਦੀ ਸੁਪਰੀਮ ਕੋਰਟ ਨੇ ਵਰਤਮਾਨ ਰਾਸ਼ਟਰਪਤੀ ਅਬਦੁੱਲਾ ਯਾਮੀਨ ਵਲੋਂ ਕੈਦ ਕੀਤੇ ਅਠ ਉਚ ਕੋਟੀ ਦੇ ਨੇਤਾਵਾਂ ਨੂੰ ਰਿਹਾ ਕਰਨ ਦਾ ਫੈਸਲਾ ਸੁਣਾਇਆ ਤਾਂ ਯਾਮੀਨ ਨੇ ਰਿਹਾਈ ਦੇ ਹੁਕਮ ਦੇਣ ਦੀ ਥਾਂ ਉਨ੍ਹਾਂ ਜੱਜਾਂ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਮੁਹੰਮਦ ਨਸ਼ੀਦ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਵੇਲੇ ਵਿਰੋਧੀ ਧਿਰ ਦੀ ਮਦਦ ਲਈ ਉਤਰੇ ਤਾਂ ਕਿ ਅਗਲੀਆਂ ਚੋਣਾਂ ਵਿਚ ਨਿਰਪੱਖ ਲੋਕ ਰਾਜ ਬਹਾਲ ਹੋ ਸਕੇ।

ਇਹ ਸੱਚ ਹੈ ਕਿ ਮਾਲਦੀਵ ਤੇ ਭਾਰਤ ਵਿਚ ਨਸਲੀ, ਭਾਸ਼ਾਈ, ਸਭਿਆਚਾਰਕ, ਧਾਰਮਕ ਤੇ ਵਪਾਰਕ ਸਾਂਝ ਹੈ, ਫੇਰ ਵੀ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਜਲਦਬਾਜ਼ੀ ਨਾ ਕਰੇ ਤੇ ਚੇਤੇ ਰੱਖੇ ਕਿ ਇਹ ਮਾਲਦੀਵ ਦੀ ਅੰਦਰੂਨੀ ਰਾਜਨੀਤੀ ਹੈ। ਇਸ ਲਈ ਵੀ ਕਿ ਪਿਛਲੇ ਦਸ ਵਰ੍ਹਿਆਂ ਤੋਂ ਚੀਨ ਨੇ ਮਾਲਦੀਵ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਮਾਲਦੀਵ ਦੀ ਆਮਦਨ ਦਾ ਸੋਮਾ ਵਿਦੇਸ਼ੀ ਟੂਰਿਸਟ ਹਨ ਜਿਨ੍ਹਾਂ ਵਿਚ ਪਿਛਲੇ ਵਰ੍ਹਿਆਂ ਦੌਰਾਨ ਚੀਨੀਆਂ ਦੀ ਗਿਣਤੀ 20 ਪ੍ਰਤੀਸ਼ਤ ਹੋ ਗਈ ਹੈ ਤੇ ਭਾਰਤੀਆਂ ਦੀ ਛੇ ਪ੍ਰਤੀਸ਼ਤ ਉਤੇ ਟਿਕੀ ਹੋਈ ਹੈ। ਇਹ ਵੀ ਹੋ ਸਕਦਾ ਹੈ ਕਿ ਰਾਸ਼ਟਰਪਤੀ ਯਾਮੀਨ ਜੋ ਕੁਝ ਕਰ ਰਿਹਾ ਹੈ, ਚੀਨ ਦੇ ਹੁੰਗਾਰੇ ਨਾਲ ਹੀ ਕਰ ਰਿਹਾ ਹੋਵੇ।

ਮੇਰਾ ਸੁਝਾਓ ਰਾਜਨੀਤਕ ਦੇ ਨਾਲ ਨਿਜੀ ਵੀ ਹੈ ਕਿ ਮੈਂ 1976 ਵਿਚ ਉਥੋਂ ਦੇ ਲੋਕਾਂ ਵਿਚ ਮਹੀਨਾ ਭਰ ਰਹਿ ਕੇ ਉਨ੍ਹਾਂ ਦੇ ਭੋਲੇਪਨ ਤੇ ਸਾਦਗੀ ਨੂੰ ਜਾਣਿਆ ਹੈ। ਆਪਾਂ ਆਸ ਕਰ ਸਕਦੇ ਹਾਂ ਕਿ ਇਸ ਸਾਲ ਦੇ ਅੰਤ 'ਚ ਹੋਣ ਵਾਲੀਆਂ ਚੋਣਾਂ ਵਿਚ ਉਥੋਂ ਦੇ ਵਸਨੀਕਾਂ ਨੇ ਹਾਂ ਪੱਖੀ ਧਿਰ ਨੂੰ ਜਿਤਾ ਕੇ ਲੋਕ ਰਾਜ ਬਹਾਲ ਕਰ ਲੈਣਾ ਹੈ। ਉਹ ਏਨੇ ਭੋਲੇ ਵੀ ਨਹੀਂ ਕਿ ਇਹ ਨਾ ਜਾਣਦੇ ਹੋਣ ਕਿ ਉਨ੍ਹਾਂ ਦੇ ਹੱਕ ਵਿਚ ਤਾਨਾਸ਼ਾਹੀ ਹੈ ਜਾਂ ਲੋਕ ਰਾਜ।

**ਫਿਲਮ 'ਪਦਮਾਵਤ' ਦਾ ਕੱਚ ਤੇ ਸੱਚ:** ਮੈਂ ਪਹਿਲੀ ਵਾਰ ਪਦਮਾਵਤ (ਪਦਮਨੀ) ਦੇ ਹੁਸਨ ਦੀ ਮਹਿਮਾ ਪੀਲੂ ਰਚਿਤ 'ਮਿਰਜ਼ਾ ਸਾਹਿਬਾਂ' ਵਿਚ ਪੜ੍ਹੀ ਸੀ। ਮਿਰਜ਼ੇ ਦੀਆਂ ਭਰਜਾਈਆਂ ਦੇ ਬੋਲਾਂ ਵਿਚ ਸਾਹਿਬਾਂ ਕਿਹੜੀ ਪਦਮਨੀ, ਉਹ ਵੀ ਰੰਨਾਂ ਵਰਗੀ ਰੰਨ। ਮੈਨੂੰ ਫਿਲਮਾਂ ਦਾ ਸ਼ੌਕ ਨਹੀਂ ਪਰ 'ਪਦਮਾਵਤ' ਬਾਰੇ ਮੀਡੀਆ ਦੀ ਚਰਚਾ ਨੇ ਮੈਨੂੰ ਇਹ ਫਿਲਮ ਵੇਖਣ ਲਈ ਮਜਬੂਰ ਕਰ ਦਿੱਤਾ। ਮੈਂ ਪੂਰੇ ਧਿਆਨ ਨਾਲ ਵੇਖੀ। ਇਸ ਵਿਚ ਸੈਂਕੜੇ ਵਰ੍ਹੇ ਪਹਿਲਾਂ ਦੇ ਰਾਜਪੂਤੀ ਕਮਾਲ ਤੇ ਜਮਾਲ ਦਾ ਨਕਸ਼ਾ ਖਿੱਚਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ, ਖਾਸ ਕਰ ਅਲਾਉਦੀਨ ਖਿਲਜੀ ਦੀ ਉਸ ਨੂੰ ਪ੍ਰਾਪਤ ਕਰਨ ਦੀ ਹਵਸ ਰਾਹੀਂ। ਖਿਲਜੀ ਨੂੰ ਪਦਮਾਵਤ ਹਾਸਲ ਕਰਨ ਲਈ ਹਾਬੜਿਆ ਦਿਖਾਉਣ ਦੀ ਕੋਈ ਕਸਰ ਨਹੀਂ ਛੱਡੀ ਗਈ ਤੇ ਸਮੇਂ ਦੇ ਰਾਜਪੂਤਾਂ ਵਲੋਂ ਉਸ ਨੂੰ ਅਸਫਲ ਕਰਨ ਨੂੰ ਉਭਾਰਿਆ ਗਿਆ ਹੈ ਜਿਸ ਦਾ ਸਤੀ ਹੋਣਾ ਇਕ ਅੰਗ ਸੀ।

ਇਤਿਹਾਸਕਾਰ ਹੋਵੇ ਜਾਂ ਕਲਾਕਾਰ ਸਮੇਂ ਦੇ ਸੱਚ ਨੂੰ ਵਿਸਾਰਨਾ ਉਹਦੇ ਲਈ ਸ਼ੋਭਾ ਨਹੀਂ ਦਿੰਦਾ। ਵੇਖਣਾ ਇਹ ਹੁੰਦਾ ਹੈ ਕਿ ਉਹ ਕੋਈ ਇਹੋ ਜਿਹੀ ਅਣਹੋਣੀ ਪੇਸ਼ਕਾਰੀ ਤਾਂ ਨਹੀਂ ਕਰ ਰਿਹਾ ਜਿਸ ਨਾਲ ਕਿਸੇ ਕੁੱਲ (ਖਾਨਦਾਨ ਜਾਂ ਭਾਈਚਾਰੇ) ਨੂੰ ਦਾਗ ਲਗਦਾ ਹੋਵੇ। ਮੈਨੂੰ ਇਸ ਫਿਲਮ ਵਿਚ ਰਾਜਪੂਤੀ ਆਨ ਤੇ ਸ਼ਾਨ ਉਤੇ ਉਂਗਲੀ ਕਰਦੀ ਉਕਾ ਹੀ ਕੋਈ ਗੱਲ ਨਜ਼ਰ ਨਹੀਂ ਆਈ। ਨਾ ਹੀ ਇਹ ਗੱਲ ਉਭਾਰੀ ਗਈ ਹੈ ਕਿ ਅਜੋਕੀ ਰਾਜਪੂਤ ਔਰਤ ਲਈ ਆਪਣੀ ਇੱਜਤ ਦੀ ਪਾਲਣਾ ਕਰਨ ਲਈ ਸਤੀ ਹੋ ਜਾਣਾ ਲਾਜ਼ਮੀ ਹੈ। ਹਾਂ, ਰਾਜਪੂਤੀ ਜਲੌਅ ਉਤੇ ਪਹਿਰਾ ਦਿੰਦਿਆਂ ਫਿਲਮਸਾਜ਼ ਨੇ ਅਲਾਉਦੀਨ ਦੀ ਅਕਲ ਉਤੇ ਪੂਰਾ ਪਰਦਾ ਪਿਆ ਦਿਖਾਇਆ ਹੈ, ਜਿਸ ਉਤੇ ਖਿਲਜੀ ਭਾਈਚਾਰਾ ਜਾਂ ਖਿਲਜੀ ਦੇ ਵਾਰਿਸ, ਜੇ ਕਿਧਰੇ ਹੈ ਤਾਂ ਦੁਖੀ ਹੋ ਸਕਦੇ ਹਨ। ਕਿੰਤੂ-ਪ੍ਰੰਤੂ ਉਹ ਵੀ ਨਹੀਂ ਕਰ ਸਕਦੇ ਕਿਉਂਕਿ ਜੋ ਕੁਝ ਦਰਸਾਇਆ ਗਿਆ ਹੈ, ਉਹ ਸਮੇਂ ਦਾ ਸੱਚ ਹੈ। ਅੱਜ ਨਹੀਂ ਤਾਂ ਕਲ੍ਹ ਇਹ ਫਿਲਮ ਹਰ ਪਾਸਿਓਂ ਸਲਾਹੀ ਜਾਵੇਗੀ।




**ਅੰਤਿਕਾ:**

**(ਰੱਬ, ਖੁਦਾ, ਭਗਵਾਨ ਦੀ ਗੱਲ)**

ਮੇਰਾ ਵੱਸ ਚੱਲੇ ਤਾਂ ਰੱਬ ਨੂੰ
ਇਕ ਵਾਰੀ ਤੇ ਆਖ ਦਿਆਂ,
ਸੁੰਦਰ ਸ਼ਕਲਾਂ ਰਚ ਕੇ
ਆਪੇ ਮੇਟੀ ਜਾਣਾ ਠੀਕ ਨਹੀਂ।

**-ਚਰਨ ਸਿੰਘ ਸ਼ਹੀਦ (ਸੁਥਰਾ)**

---

ਕੈਦ ਹੋ ਜਾਵੇ ਖੁਦਾ
ਉਸ ਕੋਲ, ਸੋਚੇ ਮੌਲਵੀ,
ਸੋਚੇ ਪੰਡਿਤ, ਆ ਵੜੇ ਰੱਬ
ਓਸ ਦੀ ਗੜਵੀ 'ਚ ਕਾਸ਼।

**-ਗੁਰਦਿਆਲ ਰੌਸ਼ਨ**

---

ਰੱਬ ਦੇ ਦਿੱਤਾ, ਮੈਂ ਬੱਚੇ ਨੂੰ
ਮਨਾਵਣ ਵਾਸਤੇ
ਇਹ ਨਹੀਂ ਮੇਰਾ ਖਿਡਾਉਣਾ,
ਉਸ ਨੇ ਰੋ ਕੇ ਆਖਿਆ।

**-ਹਰਦਿਆਲ ਸਾਗਰ**

# ਭਾਰਤੀ ਸੰਵਿਧਾਨ ਸਹੀ ਅਰਥਾਂ 'ਚ ਲਾਗੂ ਹੋਵੇ

## ਭਖਦੇ ਮਸਲੇ

***ਭਾਰਤ ਵਿਚ ਆਜ਼ਾਦੀ ਦੇ ਸੱਤ ਦਹਾਕਿਆਂ ਪਿਛੋਂ ਵੀ ਗਰੀਬੀ, ਜਾਤ-ਪਾਤ ਅਤੇ ਅੰਧ ਵਿਸ਼ਵਾਸ ਦਾ ਬੋਲ ਬਾਲਾ ਹੈ। ਸਿਆਸਤਦਾਨ ਆਪਣੀਆਂ ਵੋਟਾਂ ਖਾਤਰ ਜਾਤ-ਪਾਤ ਦੇ ਭਿੰਨ ਭੇਦ ਨੂੰ ਹੋਰ ਵਧਾਉਂਦੇ ਹਨ। ਦੇਸ਼ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਬਣਨ ਉਪਰੰਤ ਹਿੰਦੂਵਾਦ ਦਾ ਬੋਲ ਬਾਲਾ ਹੋਰ ਵਧਿਆ ਹੈ ਅਤੇ ਇਸ ਨਾਲ ਘੱਟ ਗਿਣਤੀਆਂ ਨਾਲ ਵਿਤਕਰਾ ਵੀ। ਭਾਰਤੀ ਸੰਵਿਧਾਨ ਦੇ ਘਾੜੇ ਡਾ. ਅੰਬੇਦਕਰ ਨੇ ਬਰਾਬਰੀ ਦਾ ਜੋ ਸੁਪਨਾ ਲਿਆ ਸੀ, ਉਹ ਬਿਲਕੁਲ ਵਿਸਾਰ ਦਿੱਤਾ ਗਿਆ ਹੈ। ਇਸ ਲੇਖ ਵਿਚ ਸੋਹਨ ਲਾਲ ਸਾਂਪਲਾ ਨੇ ਇਨ੍ਹਾਂ ਹੀ ਗੱਲਾਂ ਨੂੰ ਉਭਾਰਿਆ ਹੈ। -ਸੰਪਾਦਕ***

ਸੋਹਨ ਲਾਲ ਸਾਂਪਲਾ, ਜਰਮਨੀ
ਫੋਨ: 0049-152-1837-1169

ਭਾਰਤ ਵਿਚ ਅੰਧ-ਵਿਸ਼ਵਾਸ, ਭ੍ਰਿਸ਼ਟਾਚਾਰ, ਛੂਆਛਾਤ ਅਤੇ ਗਰੀਬੀ ਹਟਣ ਦਾ ਨਾਂ ਨਹੀਂ ਲੈਂਦੀ। ਭਾਰਤ ਨੂੰ ਆਜ਼ਾਦ ਹੋਇਆਂ ਤਕਰੀਬਨ ਸੱਤ ਦਹਾਕੇ ਬੀਤ ਚੁਕੇ ਹਨ। ਆਜ਼ਾਦੀ ਤੋਂ ਪਹਿਲਾਂ ਕਿਹਾ ਜਾਂਦਾ ਸੀ ਕਿ ਆਜ਼ਾਦੀ ਤੋਂ ਬਾਅਦ ਚੰਗੇ ਦਿਨ ਆਉਣਗੇ, ਪਰ ਚੰਗੇ ਦੀ ਥਾਂ ਮਾੜੇ ਦਿਨ ਆ ਗਏ। ਗਰੀਬ ਹੋਰ ਗਰੀਬ ਹੋਇਆ ਅਤੇ ਅਮੀਰ ਹੋਰ ਅਮੀਰ। ਹਰ ਪਾਸੇ ਅਨਪੜ੍ਹਤਾ ਤੇ ਜਹਾਲਤ। ਕਹਿੰਦੇ ਹਨ ਕਿ ਭਾਰਤ ਵਿਚ 33 ਕਰੋੜ ਦੇਵਤੇ ਵਸਦੇ ਹਨ ਅਤੇ ਲੋਕਾਂ ਨੂੰ ਇਨ੍ਹਾਂ ਵਿਚ ਅੰਨ੍ਹੀ ਸ਼ਰਧਾ ਹੈ। ਸਵਰਗ ਦੇ ਨਾਂ 'ਤੇ ਬਲੀ ਦਿੱਤੀ ਜਾਂਦੀ ਹੈ। ਮੰਦਿਰਾਂ ਵਿਚ ਭਗਵਾਨਾਂ ਦੇ ਵਿਆਹ ਦੇਵ ਦਾਸੀਆਂ ਨਾਲ ਹੋ ਰਹੇ ਹਨ ਅਤੇ ਮੌਜ ਪੁਰੋਹਿਤ ਵਰਗ ਦੀ ਹੋ ਜਾਂਦੀ ਹੈ।

ਦੱਖਣੀ ਭਾਰਤ ਦੇ ਇਕ ਮੰਦਿਰ ਵਿਚ ਔਰਤਾਂ ਅੰਨ੍ਹੀ ਸ਼ਰਧਾ ਦਾ ਪ੍ਰਗਟਾਵਾ ਆਪਣੇ ਲੰਮੇ ਅਤੇ ਸੋਹਣੇ ਵਾਲ ਕਟਵਾ ਕੇ ਭਗਵਾਨ ਨੂੰ ਭੇਟ ਕਰ ਕੇ ਕਰਦੀਆਂ ਹਨ। ਇਹ ਭੇਡਚਾਲ ਸਵਰਗ ਦੇ ਲਾਲਚ ਵਿਚ ਹਰ ਸਨਿਚਰਵਾਰ ਹੁੰਦੀ ਹੈ। ਉਂਜ ਤਾਂ ਹਿੰਦੂ ਧਰਮ ਮੁਤਾਬਕ ਪਿਤਾ ਦੇ ਮਰਨ ਉਪਰੰਤ ਪੁੱਤਰ ਮੁੰਡਨ ਕਰਵਾਉਂਦਾ ਹੈ, ਪਰ ਵਾਲਾਂ ਦਾ ਵਪਾਰ ਹੁੰਦਾ ਹੈ। ਪੁਜਾਰੀ ਰੱਬ ਦੇ ਨਾਂ 'ਤੇ ਮਣਾਂ ਮੂੰਹੀਂ ਵਾਲ ਇਕੱਠੇ ਕਰ ਕੇ ਠੇਕੇਦਾਰਾਂ ਨੂੰ ਵੇਚ ਕੇ ਮਾਲਾਮਾਲ ਹੋ ਜਾਂਦੇ ਹਨ।

ਟੀ. ਵੀ. ਉਪਰ ਜੋਤਸ਼ੀ ਲੋਕਾਂ ਦੀ ਰਾਸ਼ੀ ਦੇਖ ਕੇ ਉਨ੍ਹਾਂ ਨੂੰ ਉਪਾਅ ਹੀ ਦੱਸਦੇ ਰਹਿੰਦੇ ਹਨ। ਸਵੇਰੇ ਟੀ. ਵੀ. ਲਾਓ ਤਾਂ ਅੰਧ-ਵਿਸ਼ਵਾਸਾਂ ਦਾ ਪ੍ਰੋਗਰਾਮ ਵੇਖਣ ਨੂੰ ਮਿਲੇਗਾ। ਲੋਕਾਂ ਦਾ ਕੰਮ ਹੋਵੇ ਭਾਵੇਂ ਨਾ ਹੋਵੇ, ਪਰ ਇਨ੍ਹਾਂ ਦੀ ਚਾਂਦੀ ਹੀ ਚਾਂਦੀ। ਘਰ ਬੈਠੇ ਏ. ਸੀ. ਕਮਰਿਆਂ ਵਿਚ ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਹੀ ਚੋਖਾ। ਇਨ੍ਹਾਂ ਅੰਧ-ਵਿਸ਼ਵਾਸਾਂ ਤੋਂ ਛੁਟਕਾਰਾ ਪਾਉਣ ਲਈ ਨੇਪਾਲ ਵਿਚ ਭਾਰਤੀ ਚੈਨਲਾਂ 'ਤੇ ਰੋਕ ਹੈ। ਫਿਲਮਾਂ, ਡਰਾਮਿਆਂ ਵਿਚ ਨਵੇਂ ਨਵੇਂ ਭਗਵਾਨਾਂ ਦਾ ਫਿਲਮਾਂਕਣ ਇੰਨੇ ਵਧੀਆ ਢੰਗ ਨਾਲ ਕੀਤਾ ਜਾਂਦਾ ਹੈ ਕਿ ਲੋਕ ਦੇਖਾ-ਦੇਖੀ ਅੰਨ੍ਹੀ ਸ਼ਰਧਾ ਵਿਚ ਭਿੱਜ ਜਾਂਦੇ ਹਨ।

ਮਹਾਂਰਾਸ਼ਟਰ ਵਿਚ ਤਾਂ ਹਰ ਸਾਲ ਗਣੇਸ਼ ਪੂਜਾ ਰੱਜ ਕੇ ਕੀਤੀ ਜਾਂਦੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਰੰਗ-ਬਰੰਗੇ ਭਗਵਾਨ ਬਣਾ ਕੇ ਜਲਸੇ-ਜਲੂਸ ਕੱਢੇ ਜਾਂਦੇ ਹਨ। ਮੂਰਤੀਆਂ ਉਪਰ ਵੱਖ ਵੱਖ ਰੰਗ ਪਾਏ ਜਾਂਦੇ ਹਨ, ਜਿਨ੍ਹਾਂ ਵਿਚ ਪਤਾ ਨਹੀਂ ਕਿੰਨੀ ਤਰ੍ਹਾਂ ਦੇ ਤੇਲ, ਤੇਜ਼ਾਬ, ਪੈਟਰੋਲ ਆਦਿ ਮਿਲੇ ਹੁੰਦੇ ਹਨ। ਫਿਰ ਇਨ੍ਹਾਂ ਮੂਰਤੀਆਂ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ। ਇਨ੍ਹਾਂ ਸ਼ਰਧਾਲੂਆਂ ਨੂੰ ਪ੍ਰਵਾਹ ਨਹੀਂ ਕਿ ਇਸ ਨਾਲ ਪਾਣੀ ਗੰਦਾ ਹੋ ਜਾਂਦਾ ਹੈ ਅਤੇ ਬਿਮਾਰੀਆਂ ਫੈਲਦੀਆਂ ਹਨ। ਪਾਣੀ ਅੰਦਰ ਮੱਛੀਆਂ ਮਰ ਜਾਂਦੀਆਂ ਹਨ, ਜਿਸ ਕਾਰਨ ਪਾਣੀ ਪੀਣ ਦੇ ਕਾਬਲ ਨਹੀਂ ਰਹਿੰਦਾ। ਪੂਜਾ-ਪਾਠ ਹੋਰ ਢੰਗ ਨਾਲ ਵੀ ਕੀਤੀ ਜਾ ਸਕਦੀ ਹੈ।

ਜਿਸ ਤਰ੍ਹਾਂ ਇਕ ਝੂਠ ਛੁਪਾਉਣ ਲਈ ਵਾਰ ਵਾਰ ਝੂਠ ਬੋਲਣਾ ਪੈਂਦਾ ਹੈ, ਉਵੇਂ ਹੀ ਹਿੰਦੂਵਾਦ ਨੂੰ ਬਚਾਉਣ ਲਈ ਕਾਲਪਨਿਕ ਆਤਮਾ-ਪਰਮਾਤਮਾ, ਨਰਕ-ਸਵਰਗ, ਪੁਨਰ ਜਨਮ, ਕਿਸਮਤ ਆਦਿ ਝੂਠਾਂ ਦਾ ਸਹਾਰਾ ਲਿਆ ਜਾਂਦਾ ਹੈ। ਇਹ ਪਖੰਡੀ ਲੋਕ ਹੀ ਡਰ ਦੀ ਭਾਵਨਾ ਪੈਦਾ ਕਰਦੇ ਹਨ ਜਿਸ ਨਾਲ ਆਮ ਆਦਮੀ ਇਨ੍ਹਾਂ ਦੇ ਜਾਲ ਵਿਚ ਫਸ ਜਾਂਦਾ ਹੈ। ਪੁਰੋਹਿਤ, ਭਾਈ, ਮੌਲਾਣੇ, ਸਾਧ, ਡੇਰੇ ਵਾਲਿਆਂ ਦੀ ਰੋਜ਼ੀ-ਰੋਟੀ ਇਨ੍ਹਾਂ ਪਾਸੋਂ ਹੀ ਚਲਦੀ ਹੈ। ਪ੍ਰਸ਼ਾਸਨ ਅਤੇ ਲੀਡਰ ਵੀ ਇਨ੍ਹਾਂ ਤੋਂ ਪੁੱਛੇ ਬਿਨਾ ਕੋਈ ਕੰਮ ਨਹੀਂ ਕਰਦੇ। ਫਰਾਂਸ ਤੋਂ ਜੰਗੀ ਜਹਾਜ ਖਰੀਦ ਕੇ ਲਿਆਂਦੇ ਤਾਂ ਸਰਕਾਰ ਨੇ ਇਨ੍ਹਾਂ ਨੂੰ ਚਲਾਉਣ ਤੋਂ ਪਹਿਲਾਂ ਪੁਰੋਹਿਤ ਤੋਂ ਹਵਨ ਕਰਵਾਇਆ। ਭਾਰਤ ਅਤੇ ਪਾਕਿਸਤਾਨ ਦਾ ਫਾਈਨਲ ਕ੍ਰਿਕਟ ਮੈਚ ਹੋਣ ਸਮੇਂ ਭਾਰਤ ਵਿਚ ਕਈ ਥਾਂਈਂ ਹਵਨ-ਯੱਗ ਕਰਵਾਇਆ ਗਿਆ, ਫਿਰ ਵੀ ਭਾਰਤ ਹਾਰ ਗਿਆ।

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਵੱਡਾ ਪਖੰਡ ਕੀਤਾ ਜੋ ਟੀ. ਵੀ. 'ਤੇ ਵੀ ਦਿਖਾਇਆ ਗਿਆ। ਆਦਿਵਾਸੀ ਬੱਚੀਆਂ ਨੂੰ ਇਸ਼ਨਾਨ ਕਰਵਾ ਕੇ ਨਵੇਂ ਕੱਪੜੇ ਪਹਿਨਾ ਕੇ ਉਨ੍ਹਾਂ ਦੇ ਪੈਰ ਧੁਆ ਕੇ ਮੁੱਖ ਮੰਤਰੀ ਨੇ ਪਾਣੀ ਹੱਥ ਨਾਲ ਸਿਰ ਉਪਰ ਲਾਇਆ। ਹਰ ਬੱਚੀ ਨੂੰ 2100 ਰੁਪਏ ਦਿੱਤੇ, ਪਰ ਬਾਅਦ ਵਿਚ ਘਰ ਭੇਜਣ ਸਮੇਂ ਕੱਪੜੇ ਲੁਹਾ ਲਏ ਅਤੇ ਦੋ ਹਜ਼ਾਰ ਰੁਪਏ ਵੀ ਵਾਪਸ ਲੈ ਲਏ। ਇਹ ਪਖੰਡ ਸ਼ਿਵਪੁਰੀ ਸਰੀਆ ਸੰਮੇਲਨ ਵਿਚ ਕੀਤਾ ਗਿਆ।

ਅਜਿਹੇ ਹੋਰ ਵੀ ਬਥੇਰੇ ਲੀਡਰ ਹਨ ਜੋ ਜ਼ਿਹਨੀ ਮਰੀਜ਼ ਹਨ। ਸੱਤਾ ਇਨ੍ਹਾਂ ਦੇ ਦਿਮਾਗ 'ਤੇ ਭਾਰੂ ਹੈ। ਜਿਵੇਂ ਰਾਜ ਮੰਤਰੀ ਅਨੰਤ ਹੈਗੜੇ ਨੇ ਕਿਹਾ ਕਿ ਅਸੀਂ ਤਾਂ ਸੱਤਾ ਵਿਚ ਇਸ ਲਈ ਆਏ ਹਾਂ ਤਾਂ ਕਿ ਸੰਵਿਧਾਨ ਬਦਲਿਆ ਜਾਵੇ। ਉਸ ਮੁਤਾਬਕ ਹਰ ਭਾਰਤ ਵਾਸੀ ਹਿੰਦੂ ਹੈ। ਇਸ ਬਿਆਨ ਖਿਲਾਫ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਪਾਰਟੀਆਂ ਨੇ ਜਲਸੇ-ਜਲੂਸ ਕੱਢ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਇਸ ਮੰਤਰੀ ਦੇ ਪੁਤਲੇ ਫੂਕੇ। ਦਰਅਸਲ, ਇਸ ਭੱਦਰ ਪੁਰਸ਼ ਨੇ ਸ਼ਾਇਦ ਇਤਿਹਾਸ ਨਹੀਂ ਪੜ੍ਹਿਆ। ਹਿੰਦੂ ਫਾਰਸੀ ਦਾ ਲਫਜ਼ ਹੈ ਜਿਸ ਦਾ ਮਤਲਬ ਗੁਲਾਮ, ਚੋਰ, ਕਾਲਾ, ਠੱਗ ਆਦਿ ਹੈ। ਹੁਣ ਇਹ ਲੋਕ ਦੱਸਣ ਕਿ ਤੁਸੀਂ ਕਿਹੜੇ ਹਿੰਦੂ ਹੋ? ਇਸੇ ਪਾਰਟੀ ਦਾ ਇਕ ਹੋਰ ਭੱਦਰ ਪੁਰਸ਼ ਕਹਿੰਦਾ ਹੈ ਕਿ ਉਨ੍ਹਾਂ ਨੂੰ ਤਾਂ ਦਲਿਤਾਂ ਦੇ ਪਰਛਾਂਵੇਂ ਤੋਂ ਵੀ ਬਦਬੂ ਆਉਂਦੀ ਹੈ। ਹੋਰ ਵੀ ਬਹੁਤ ਸਾਰੇ ਲੀਡਰ ਮਨੂੰ ਸਮਰਿਤੀ ਵਾਲੀ ਬੋਲੀ ਬੋਲਦੇ ਹਨ। ਇਸੇ ਕਰ ਕੇ ਡਾ. ਭੀਮ ਰਾਓ ਅੰਬੇਦਕਰ ਨੇ ਦਲਿਤ ਵਿਰੋਧੀ ਮਨੂੰ ਸਮਰਿਤੀ 25 ਦਸੰਬਰ ਨੂੰ ਸਾੜੀ ਸੀ ਜੋ ਹੁਣ ਹਰ ਸਾਲ ਇਸੇ ਦਿਨ ਸਾੜੀ ਜਾਂਦੀ ਹੈ। ਦਿੱਲੀ ਵਿਚ ਪਹਿਲੀ ਵਾਰ 25 ਦਸੰਬਰ 2017 ਨੂੰ ਮਨੂੰ ਸਮਰਿਤੀ ਨਾਲ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਪੁਤਲੇ ਵੀ ਸਾੜੇ ਗਏ।

ਹਜ਼ਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਕੋਰੇਗਾਉਂ-ਭੀਮਾ (ਮਹਾਰਾਸ਼ਟਰ) ਵਿਚ ਪੇਸ਼ਵਾ ਰਾਜ ਖਿਲਾਫ ਲੜਦਿਆਂ 834 ਵਿਚੋਂ 500 ਬਹਾਦਰ ਮਹਾਰ ਜਵਾਨ 25 ਹਜ਼ਾਰ ਪੇਸ਼ਵਾ ਜਵਾਨਾਂ ਨੂੰ ਧੂੜ ਚਟਾ ਕੇ ਸ਼ਹੀਦ ਹੋਏ ਸਨ, ਕਿਉਂਕਿ ਪੇਸ਼ਵਾ ਰਾਜ ਵਿਚ ਸ਼ੂਦਰਾਂ ਪਿਛੇ ਝਾੜ ਬੰਨ੍ਹਿਆ ਜਾਂਦਾ ਸੀ। ਨਾਲ ਕੂਜ਼ਾ ਰੱਖਣਾ ਪੈਂਦਾ ਸੀ ਤਾਂਕਿ ਝਾੜ ਪਿੱਛੇ ਪੈਂਦੀਆਂ ਪੈੜਾਂ ਆਪ ਹੀ ਮਿਟਾਉਂਦਾ ਜਾਵੇ ਅਤੇ ਕੂਜ਼ਾ ਇਸ ਲਈ ਕਿ ਥੁੱਕ ਥੱਲੇ ਨਾ ਡਿੱਗੇ। ਔਰਤਾਂ ਛਾਤੀਆਂ ਨੰਗੀਆਂ ਕਰ ਕੇ ਚੱਲਣ ਲਈ ਮਜਬੂਰ ਸਨ। ਇਹ ਲੋਕ ਜਾਨਵਰਾਂ ਤੋਂ ਵੀ ਭੈੜੀ ਜ਼ਿੰਦਗੀ ਬਤੀਤ ਕਰ ਰਹੇ ਸਨ। ਇਸ ਗੁਲਾਮੀ ਅਤੇ ਅਤਿਆਚਾਰਾਂ ਖਿਲਾਫ ਉਨ੍ਹਾਂ ਪਹਿਲੀ ਜਨਵਰੀ 1818 ਨੂੰ ਸ਼ਹੀਦੀਆਂ ਪਾਈਆਂ। ਹੁਣ ਉਥੇ ਬਹੁਤ ਵੱਡੀ ਯਾਦਗਾਰ ਬਣੀ ਹੋਈ ਹੈ ਜਿਸ 'ਤੇ ਸ਼ਹੀਦਾਂ ਦੇ ਨਾਂ ਵੀ ਲਿਖੇ ਹੋਏ ਹਨ। ਡਾ. ਅੰਬੇਦਕਰ ਹਰ ਸਾਲ ਪਹਿਲੀ ਜਨਵਰੀ ਨੂੰ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਜਾਂਦੇ ਸਨ। ਉਥੇ ਹਰ ਸਾਲ ਮੇਲਾ ਲਗਦਾ ਹੈ।

ਇਸ ਸਾਲ ਇਸ ਲੜਾਈ ਨੂੰ ਪੂਰੇ ਦੋ ਸੌ ਸਾਲ ਹੋਣ ਮੌਕੇ ਦੇਸ਼-ਵਿਦੇਸ਼ ਤੋਂ ਤਿੰਨ ਲੱਖ ਤੋਂ ਵੀ ਉਪਰ ਲੋਕ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਆਏ, ਪਰ ਅਖਿਲ ਭਾਰਤੀ ਬ੍ਰਾਹਮਣ ਮਹਾਂਸੰਘ, ਆਰ. ਐਸ. ਐਸ., ਭਾਜਪਾ ਤੇ ਹੋਰ ਹਿੰਦੂ ਜਥੇਬੰਦੀਆਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਦਲਿਤ ਜਾਗਰੂਕ ਹੋਣ ਅਤੇ ਇਨ੍ਹਾਂ ਦੀ ਬਰਾਬਰੀ ਕਰਨ। ਇਸ ਲਈ ਪਹਿਲਾਂ ਸਾਰੀਆਂ ਦੁਕਾਨਾਂ ਬੰਦ ਕਰਵਾਈਆਂ, ਫਿਰ ਹੰਗਾਮਾ ਕਰਵਾ ਦਿੱਤਾ। ਹਾਹਾਕਾਰ ਮੱਚ ਗਈ, ਬੱਸਾਂ ਤੇ ਹੋਰ ਵਾਹਨਾਂ ਨੂੰ ਅੱਗ ਹਵਾਲੇ ਕਰ ਦਿੱਤਾ ਗਿਆ। ਔਰਤਾਂ, ਬੱਚਿਆਂ ਅਤੇ ਲੋਕਾਂ ਨੂੰ ਸੱਟਾਂ ਲਗੀਆਂ ਅਤੇ ਦੋ ਬੰਦੇ ਸ਼ਹੀਦ ਵੀ ਹੋਏ। ਪ੍ਰਸ਼ਾਸਨ ਤਮਾਸ਼ਾ ਵੇਖਦਾ ਰਿਹਾ। ਸਰਕਾਰ ਨੂੰ ਹੋ ਰਹੇ ਵੱਡੇ ਸਮਾਗਮ ਬਾਰੇ ਪਤਾ ਸੀ, ਫਿਰ ਵੀ ਪੁਖਤਾ ਇੰਤਜ਼ਾਮ ਨਹੀਂ ਕੀਤੇ ਗਏ। ਫਿਰ ਲੋਕ ਵੀ ਆਪੇ ਤੋਂ ਬਾਹਰ ਹੋ ਗਏ ਅਤੇ ਥਾਂ ਥਾਂ ਮੁਜ਼ਾਹਰੇ ਕੀਤੇ ਗਏ। ਰਾਜ ਸਭਾ ਅਤੇ ਲੋਕ ਸਭਾ ਵਿਚ ਵੀ ਹੰਗਾਮਾ ਹੋਇਆ।

ਸੰਸਾਰ ਵਿਚ ਜਿੰਨੇ ਵੀ ਕਾਰਜ ਭਗਵਾਨ ਦੇ ਭਰੋਸੇ ਹੁੰਦੇ ਹਨ, ਜ਼ਿਆਦਾਤਰ ਵਿਚ ਸੰਤੋਖ ਅਤੇ ਪੂਰਨਤਾ ਨਹੀਂ ਹੁੰਦੀ, ਜਿਵੇਂ ਕਾਨਪੁਰ ਵਿਚ ਗੰਗਾ ਦੀ ਸਫਾਈ ਦੇ ਨਾਂ ਉਤੇ ਗੰਗਾ ਵਿਚ 1100 ਲੀਟਰ ਦੁੱਧ ਵਹਾ ਦਿੱਤਾ ਗਿਆ। ਇਹ ਆਸਥਾ ਦੇ ਨਾਂ ਉਤੇ ਪਾਖੰਡ ਹੀ ਹੈ। ਲੋਕਾਂ ਨੂੰ ਤਾਂ ਪੀਣ ਵਾਲਾ ਸਾਫ ਪਾਣੀ ਨਹੀਂ ਮਿਲਦਾ, ਇਥੇ ਦੁੱਧ ਹੜ੍ਹਾਇਆ ਜਾ ਰਿਹਾ ਹੈ। ਇਸ ਪਖੰਡ ਅਤੇ ਅੰਧ-ਵਿਸ਼ਵਾਸ ਦੇ ਆਸਰੇ ਹੀ ਡੇਰਾਵਾਦ ਵਧ ਰਿਹਾ ਹੈ। ਇਸ ਲਈ ਸਮੇਂ ਦੀ ਮੰਗ ਹੈ ਕਿ ਗੌਤਮ ਬੁੱਧ ਅਤੇ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਸਹੀ ਅਰਥਾਂ ਵਿਚ ਪ੍ਰਚਾਰਿਆ ਜਾਵੇ। ਪ੍ਰਸ਼ਾਸਨ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਡਾ. ਅੰਬੇਦਕਰ ਦੀ ਅਗਵਾਈ ਵਿਚ ਤਿਆਰ ਸੰਵਿਧਾਨ, ਜੋ ਭਾਰਤ ਸਰਕਾਰ ਨੇ 26 ਜਨਵਰੀ 1950 ਨੂੰ ਲਾਗੂ ਕੀਤਾ ਸੀ, ਨੂੰ ਸਹੀ ਅਰਥਾਂ 'ਚ ਲਾਗੂ ਕੀਤਾ ਜਾਵੇ। ਇਹ ਹਰ ਭਾਰਤ ਵਾਸੀ ਲਈ ਬਰਾਬਰੀ, ਭਾਈਚਾਰਕ ਸਾਂਝ, ਧਰਮ ਨਿਰਪੱਖਤਾ, ਖੁਸ਼ਹਾਲੀ ਦਾ ਚਿੰਨ ਹੈ।

# ਧੀਆਂ ਨੂੰ ਸਿਹਤਮੰਦ ਆਤਮ ਸਨਮਾਨ ਪੈਦਾ ਕਰਕੇ ਪਾਲੀਏ

ਪੂਰਬੀ ਦੇਸ਼ਾਂ, ਖਾਸ ਕਰ ਭਾਰਤ ਅਤੇ ਪਾਕਿਸਤਾਨ ਵਿਚ ਕੁੜੀਆਂ 'ਚ ਸਵੈ-ਮਾਣ ਦੀ ਵੈਸੇ ਹੀ ਬਹੁਤ ਘਾਟ ਰਹਿ ਜਾਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੱਛਮ ਵਿਚ ਵੀ ਕੁੜੀਆਂ 'ਚ ਸਵੈ-ਮਾਣ ਦੀ ਬਹੁਤ ਸਮੱਸਿਆ ਆਉਂਦੀ ਹੈ ਪਰ ਸਾਡੇ ਮੁਲਕਾਂ ਵਿਚ ਧੀਆਂ ਨੂੰ ਪਾਲਿਆ ਹੀ ਇਸ ਤਰ੍ਹਾਂ ਜਾਂਦਾ ਹੈ ਕਿ ਇਨ੍ਹਾਂ ਨੇ ਵਿਆਹ ਕਰਕੇ ਸਹੁਰੇ ਘਰ ਚਲੀਆਂ ਜਾਣਾ ਹੈ। ਇਹ ਵਿਚਾਰ ਬਚਪਨ ਤੋਂ ਹੀ ਕੁੱਟ ਕੁੱਟ ਕੇ ਉਨ੍ਹਾਂ ਦੇ ਮਨ ਵਿਚ ਭਰ ਦਿੱਤਾ ਜਾਂਦਾ ਹੈ। ਅਜਿਹੇ ਅਤੇ ਇਸ ਕਿਸਮ ਦੇ ਹੋਰ ਬਹੁਤ ਸਾਰੇ ਵਿਚਾਰਾਂ ਨੂੰ ਮੁੱਖ ਰੱਖ ਕੇ



**ਡਾ. ਗੁਰਨਾਮ ਕੌਰ, ਕੈਨੇਡਾ**

ਬਹੁਤੀ ਵਾਰ ਧੀਆਂ ਦੇ ਮੁਕਾਬਲੇ ਪੁੱਤਾਂ ਦੀ ਪਾਲਣਾ ਵੱਲ ਵੱਧ ਧਿਆਨ ਦਿੱਤਾ ਜਾਂਦਾ ਹੈ; ਭਾਵੇਂ ਵਿੱਦਿਆ ਦੇ ਪਸਾਰ ਨਾਲ ਅਜੋਕੇ ਸਮਿਆਂ ਵਿਚ ਢੇਰ ਤਬਦੀਲੀ ਆ ਗਈ ਹੈ। ਇਸ ਦੇ ਬਾਵਜੂਦ ਪਰਾਈਆਂ ਹੋਣ ਜਾਂ ਪਰਾਏ ਘਰ ਜਾਣ ਦਾ ਵਿਚਾਰ ਬਚਪਨ ਤੋਂ ਹੀ ਕੁੜੀਆਂ ਦੇ ਮਨਾਂ ਵਿਚ ਇਸ ਤਰ੍ਹਾਂ ਭਰ ਦਿੱਤਾ ਜਾਂਦਾ ਹੈ ਕਿ ਸਾਰੀ ਉਮਰ ਉਨ੍ਹਾਂ ਨੂੰ ਇਹੀ ਨਹੀਂ ਪਤਾ ਲੱਗਦਾ ਕਿ ਉਨ੍ਹਾਂ ਦਾ ਆਪਣਾ ਘਰ ਕਿਹੜਾ ਹੈ? ਕਿਉਂਕਿ ਸਹੁਰੇ ਪਰਿਵਾਰ ਵਿਚ ਉਨ੍ਹਾਂ ਨੂੰ 'ਬਿਗਾਨੇ ਘਰੋਂ' ਆਈ ਜਾਂ 'ਬਿਗਾਨੀ ਧੀ' ਸਮਝਿਆ ਜਾਂਦਾ ਹੈ। ਉਹ ਸਾਰੀ ਉਮਰ 'ਬੇ-ਘਰ' ਹੋਣ ਵਰਗੇ ਹੀਣ-ਭਾਵ ਨਾਲ ਹੀ ਗੁਜ਼ਾਰ ਦਿੰਦੀਆਂ ਹਨ। ਉਨ੍ਹਾਂ ਨੂੰ ਕਦਮ ਕਦਮ 'ਤੇ ਘਟੀਆਪਨ ਦਾ ਅਹਿਸਾਸ ਕਰਾਇਆ ਜਾਂਦਾ ਹੈ।

ਪੱਛਮ ਵਿਚ ਭਾਵੇਂ ਧੀ ਜਾਂ ਪੁੱਤ 'ਚ ਫਰਕ ਵਾਲੀ ਸਮੱਸਿਆ ਤਾਂ ਨਹੀਂ ਹੈ ਪਰ ਆਤਮ ਸਨਮਾਨ ਦੀ ਘਾਟ ਉਨ੍ਹਾਂ ਵਿਚ ਵੀ ਆ ਜਾਂਦੀ ਹੈ, ਜਿਸ ਦੇ ਕਈ ਹੋਰ ਮਨੋ-ਵਿਗਿਆਨਕ ਤੇ ਸਮਾਜਕ ਕਾਰਨ ਵੀ ਹੁੰਦੇ ਹਨ। ਅੱਜ ਕੱਲ ਸੰਚਾਰ-ਸਾਧਨਾਂ ਦੇ ਫੈਲਣ ਨਾਲ ਪੂਰਬ ਅਤੇ ਪੱਛਮ ਇੱਕ ਦੂਜੇ ਦੇ ਬਹੁਤ ਨੇੜੇ ਆ ਗਏ ਹਨ; ਭਾਰਤ ਅਤੇ ਪਾਕਿਸਤਾਨ ਵਰਗੇ ਮੁਲਕਾਂ ਤੋਂ ਵੱਡੀ ਗਿਣਤੀ ਵਿਚ ਲੋਕ ਕਮਾਈ ਖਾਤਰ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿਚ ਜਾ ਵੱਸੇ ਹਨ। ਇਨ੍ਹਾਂ ਸਭ ਕਾਰਨਾਂ ਕਰਕੇ ਸਭਿਆਚਾਰ ਅਤੇ ਰਹਿਣੀ-ਸਹਿਣੀ ਦਾ ਵੀ ਇੱਕ ਦੂਜੇ 'ਤੇ ਕਾਫੀ ਅਸਰ ਪੈ ਰਿਹਾ ਹੈ, ਖਾਸ ਕਰਕੇ ਪੂਰਬੀ ਸੱਭਿਅਤਾ ਉਤੇ ਪੱਛਮੀ ਸੱਭਿਅਤਾ ਦਾ; ਭਾਵੇਂ ਇਹ ਅਸਰ ਜ਼ਰੂਰੀ ਨਹੀਂ ਕਿ ਨਾਂਹ-ਵਾਚਕ ਹੀ ਹੈ, ਇਹ ਹਾਂ-ਵਾਚਕ ਵੀ ਹੈ। ਇਸ ਦੇ ਨਾਲ ਹੀ ਧੀਆਂ ਭਾਵੇਂ ਪੱਛਮ ਵਿਚ ਪਲ ਰਹੀਆਂ ਹੋਣ ਜਾਂ ਪੂਰਬ ਵਿਚ, ਉਨ੍ਹਾਂ ਵਿਚ ਸਵੈ-ਭਰੋਸਾ ਤੇ ਆਤਮ-ਸਨਮਾਨ ਪੈਦਾ ਕਰਨਾ ਬਹੁਤ ਜ਼ਰੂਰੀ ਵੀ ਹੈ ਅਤੇ ਮਾਂ-ਬਾਪ ਦਾ ਫਰਜ਼ ਵੀ।

ਅਜੋਕੇ ਸਮੇਂ ਵਿਚ ਟੈਲੀਵਿਜ਼ਨ, ਕੰਪਿਊਟਰ ਤੇ ਹੋਰ ਇਲੈਕਟ੍ਰਾਨਿਕ ਮੀਡੀਆ ਦੇ ਅਸਰਾਂ ਕਾਰਨ ਭਾਂਤ-ਭਾਂਤ ਦੇ ਵਿਚਾਰ ਬੱਚੀਆਂ ਦੇ ਮਨ ਨੂੰ ਵਿਚਲਿਤ ਕਰਨ ਲਈ ਕਾਫੀ ਹਨ ਜੋ ਉਨ੍ਹਾਂ ਵਿਚ ਕਈ ਤਰ੍ਹਾਂ ਨਾਲ ਆਪਣੇ ਆਪ ਬਾਰੇ ਹੀਣਤਾ ਦਾ ਅਹਿਸਾਸ ਪੈਦਾ ਕਰਨ ਦੀ ਵਜ੍ਹਾ ਵੀ ਬਣਦੇ ਹਨ।

ਜੂਲੀਅਨ ਗੈਰੀ, ਜੋ ਇੱਕ ਸਾਹਿਤਕਾਰ, ਪੱਤਰਕਾਰ, ਫਿਲਮ ਆਲੋਚਕ ਅਤੇ ਹੋਰ ਵੀ ਬਹੁਤ ਕੁਝ ਹੈ, ਦਾ ਕਹਿਣਾ ਹੈ ਕਿ ਅਜੋਕੇ ਸਮਿਆਂ ਵਿਚ ਇੱਕ ਸਵੈ-ਭਰੋਸੇ ਵਾਲੀ, ਆਪਣੀ ਖੁਦੀ ਵਿਚ ਵਿਸ਼ਵਾਸ ਨਾਲ ਭਰਪੂਰ ਧੀ ਪਾਲਣੀ ਕੋਈ ਸੌਖਾ ਕੰਮ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਕੁੜੀ ਹਾਲੇ ਛੋਟੀ ਜਿਹੀ ਬੱਚੀ ਹੀ ਹੁੰਦੀ ਹੈ ਤਾਂ ਮੀਡੀਆ ਅਤੇ ਹੋਰ ਸਭਿਆਚਾਰਕ ਸੁਨੇਹਿਆਂ ਨਾਲ ਉਸ ਨੂੰ ਲੱਦ ਦਿੱਤਾ ਜਾਂਦਾ ਹੈ ਜੋ ਉਸ ਦੀ ਸਿਹਤਮੰਦ, ਲਚਕੀਲੀ ਕਿਸਮ ਦੀ ਸਵੈ-ਤਸਵੀਰ ਨੂੰ, ਜਿਸ ਦੀ ਉਸਾਰੀ ਤੁਸੀਂ ਚਾਹੁੰਦੇ ਹੋ ਕਿ ਉਹ ਕਰੇ, ਘਟਾਉਂਦੇ ਹਨ। ਪ੍ਰੰਤੂ ਮਾਪਿਆਂ ਦਾ ਇਸ ਉਤੇ ਬਹੁਤ ਅਸਰ ਹੁੰਦਾ ਹੈ ਕਿ ਉਹ ਆਪਣੇ ਬਾਰੇ ਕਿਵੇਂ ਸੋਚਦੀ ਹੈ, ਅਤੇ ਇੱਕ ਸਹੀ ਰਸਤੇ ਦੀ ਪਛਾਣ ਆਪਣੇ ਅੰਦਰ ਬਿਠਾ ਕੇ, ਤੁਸੀਂ ਉਸ ਨੂੰ ਅਜਿਹੇ ਅਸਰਾਂ ਅਤੇ ਗਤੀਵਿਧੀਆਂ ਤੋਂ ਦੂਰ ਰੱਖ ਸਕਦੇ ਹੋ ਜੋ ਉਸ ਦੇ ਸਵੈ ਸਨਮਾਨ ਨੂੰ ਘਟਾਉਂਦੀਆਂ ਹਨ ਅਤੇ ਉਸ ਅੰਦਰ ਘਟੀਆ ਹੋਣ ਦਾ ਅਹਿਸਾਸ ਪੈਦਾ ਕਰਦੀਆਂ ਹਨ। ਮਾਪੇ ਹੋਣ ਦੇ ਨਾਤੇ ਤੁਸੀਂ ਉਸ ਅੰਦਰ ਸਵੈ-ਭਰੋਸਾ ਪੈਦਾ ਕਰ ਸਕਦੇ ਹੋ ਅਤੇ ਉਸ ਨੂੰ ਉਸ ਦੇ ਆਪੇ ਦੀ ਅਹਿਮੀਅਤ ਦਾ ਅਹਿਸਾਸ ਕਰਾ ਸਕਦੇ ਹੋ। ਜੂਲੀਅਨ ਗੈਰੀ ਕੁਝ ਅਜਿਹੀਆਂ ਚੁਣੌਤੀਆਂ ਦੀ ਗੱਲ ਕਰਦੀ ਹੈ ਜਿਨ੍ਹਾਂ ਦਾ ਇੱਕ ਲੜਕੀ ਨੂੰ, ਜਦੋਂ ਉਹ ਵੱਡੀ ਹੋ ਰਹੀ ਹੁੰਦੀ ਹੈ ਤਾਂ ਉਸ ਨੂੰ ਵਿਭਿੰਨ ਨੁਕਤਿਆਂ 'ਤੇ ਸਾਹਮਣਾ ਕਰਨਾ ਪੈਂਦਾ ਹੈ।

ਜੂਲੀਅਨ ਗੈਰੀ ਦਾ ਕਹਿਣਾ ਹੈ ਕਿ ਮਸ਼ਹੂਰ ਹਸਤੀਆਂ ਅਤੇ ਪਤਲੀਆਂ-ਪਤੰਗ ਮਾਡਲ ਕੁੜੀਆਂ ਦੀਆਂ ਤਸਵੀਰਾਂ ਰਾਹੀਂ ਮੀਡੀਆ ਵੱਲੋਂ ਸੁੰਦਰਤਾ ਦੇ ਅਸੰਭਵ ਪੈਮਾਨੇ ਵੱਡੀਆਂ ਹੋ ਰਹੀਆਂ ਲੜਕੀਆਂ ਦੇ ਸਾਹਮਣੇ, ਉਨ੍ਹਾਂ ਦੇ ਇਸ ਤੱਥ ਤੋਂ ਕਿ ਜੋ ਕੁਝ ਟੈਲੀਵਿਜ਼ਨ 'ਤੇ ਹੋ ਰਿਹਾ ਹੈ, ਉਹ ਅਸਲੀਅਤ ਨਹੀਂ ਹੈ, ਚੇਤੰਨ ਹੋਣ ਤੋਂ ਵੀ ਪਹਿਲਾਂ ਹੀ ਪਰੋਸ ਦਿੱਤੇ ਜਾਂਦੇ ਹਨ। ਉਸ ਦਾ ਕਹਿਣਾ ਹੈ ਕਿ ਔਰਤਾਂ ਦੇ ਰੂਪ/ਇਮੇਜ ਨਾਲ ਕਈ ਤਰ੍ਹਾਂ ਦੀ ਸਟਰੈਚਿੰਗ ਉਨ੍ਹਾਂ ਨੂੰ ਸੋਹਣੀਆਂ, ਲੰਬੀਆਂ, ਪਤਲੀਆਂ ਦਿਖਾਉਣ ਲਈ ਕੀਤੀ ਜਾਂਦੀ ਹੈ।

ਜੂਲੀਅਨ ਗੈਰੀ ਨੇ ਅਨੁਭਵੀ ਟੀ. ਵੀ. ਅਤੇ ਮੂਵੀ ਪ੍ਰੋਡਿਊਸਰ ਗੈਵਿਨ ਪੋਲੋਨ ਦੇ ਹਵਾਲੇ ਨਾਲ ਦੱਸਿਆ ਹੈ ਕਿ ਔਰਤਾਂ ਦੇ ਚਿਹਰੇ ਤੋਂ ਝੁਰੜੀਆਂ, ਲਕੀਰਾਂ ਤੇ ਹੋਰ ਦਾਗ ਮਿਟਾਉਣ ਲਈ ਕਈ ਕੁਝ ਕੀਤਾ ਜਾਂਦਾ ਹੈ ਅਤੇ ਵਿੱਗ ਤੇ ਐਕਸਟੈਨਸ਼ਨਜ਼ ਪਹਿਨਣੇ ਇਸੇ ਦਾ ਹਿੱਸਾ ਹੈ। ਜੋ ਕੁਝ ਸੁੰਦਰਤਾ ਸਬੰਧੀ ਦਿਖਾਇਆ ਜਾਂਦਾ ਹੈ, ਉਹ ਨਾ ਕੇਵਲ ਅਸਲੀ ਨਹੀਂ ਹੁੰਦਾ ਬਲਕਿ ਸਿਹਤ ਲਈ ਵੀ ਹਾਨੀਕਾਰਕ ਹੁੰਦਾ ਹੈ। ਕੁੜੀਆਂ ਟੀ. ਵੀ. ਦੇਖਣਾ ਬੰਦ ਨਹੀਂ ਕਰ ਸਕਦੀਆਂ, ਇਸੇ ਲਈ ਇਹ ਬਹੁਤ ਜ਼ਰੂਰੀ ਹੈ, ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਬੱਚੀਆਂ ਨੂੰ ਸਿਖਾਉਣ ਕਿ ਉਹ ਟੀ. ਵੀ. ਤੋਂ ਪ੍ਰਸਾਰਤ ਹੁੰਦੇ ਸੁਨੇਹਿਆਂ 'ਤੇ ਪ੍ਰਸ਼ਨ ਕਰਨ, ਉਨ੍ਹਾਂ ਦੀ ਵਿਆਖਿਆ ਕਰਨ। ਟੀ. ਵੀ. 'ਤੇ ਕਈ ਅੱਲ੍ਹੜ ਉਮਰ ਦੀਆਂ ਕੁੜੀਆਂ ਦੇ ਅਜਿਹੇ ਪ੍ਰੋਗਰਾਮ ਦਿਖਾਏ ਜਾਂਦੇ ਹਨ ਜਿਨ੍ਹਾਂ ਵਿਚ ਭੜਕਾਊ ਪੁਸ਼ਾਕਾਂ ਪਾਈਆਂ ਹੁੰਦੀਆਂ ਹਨ ਤੇ ਭੜਕਾਊ ਅਦਾਕਾਰੀ ਕੀਤੀ ਜਾਂਦੀ ਹੈ। ਇਸ ਲਈ ਮਾਂਵਾਂ ਨੂੰ ਚਾਹੀਦਾ ਹੈ ਕਿ ਅਜਿਹੇ ਟੀ. ਵੀ. ਸ਼ੋਅ ਬੱਚੀਆਂ ਦੇ ਨਾਲ ਬੈਠ ਕੇ ਦੇਖਣ ਤੇ ਉਨ੍ਹਾਂ ਨੂੰ ਦੱਸਣ ਕਿ ਅਜਿਹੇ ਸ਼ੋਅ ਅਸਲੀਅਤ ਨਹੀਂ ਹੁੰਦੇ। ਕਈ ਬੱਚੀਆਂ ਕਹਿ ਦਿੰਦੀਆਂ ਹਨ ਕਿ ਉਨ੍ਹਾਂ ਨੂੰ ਪਤਾ ਹੈ ਕਿ ਜੋ ਦਿਖਾਇਆ ਜਾਂਦਾ ਹੈ, ਉਹ ਅਸਲੀ ਨਹੀਂ ਹੈ; ਪਰ ਸੁਆਲ ਇਹ ਹੈ ਕਿ ਪਤਾ ਹੋਣ ਦੇ ਬਾਵਜੂਦ ਕੀ ਉਹ ਇਸ ਤੋਂ ਬੇਅਸਰ ਰਹਿੰਦੀਆਂ ਹਨ? ਜਦੋਂ ਮਾਂ ਬੱਚੀ ਦੇ ਨਾਲ ਬੈਠ ਕੇ ਪ੍ਰੋਗਰਾਮ ਦੇਖੇਗੀ ਤਾਂ ਉਹ ਉਸ ਨਾਲ ਇਸ ਵਿਸ਼ੇ 'ਤੇ ਚਰਚਾ ਕਰ ਸਕਦੀ ਹੈ ਕਿਉਂਕਿ ਮੀਡੀਏ ਨੇ ਵਾਰ ਵਾਰ ਸੁਨੇਹਾ ਦੇਣਾ ਚਾਲੂ ਰੱਖਣਾ ਹੈ।

ਡਾ. ਰੂਨੀ ਦਾ ਕਹਿਣਾ ਹੈ ਕਿ ਕੁੜੀਆਂ ਸਿਰਫ ਉਸੇ ਤੋਂ ਅਸਰ ਕਬੂਲ ਨਹੀਂ ਕਰਦੀਆਂ, ਜੋ ਉਹ ਦੇਖਦੀਆਂ ਹਨ ਪ੍ਰੰਤੂ ਜੋ ਕੁਝ ਕੀਤਾ ਜਾਂਦਾ ਹੈ, ਉਸ ਦਾ ਅਸਰ ਵੀ ਕਬੂਲਦੀਆਂ ਹਨ। ਮਿਸਾਲ ਵਜੋਂ ਜੇ ਉਹ ਬਹੁਤਾ ਸਮਾਂ ਖਰੀਦਦਾਰੀ ਕਰਨ ਜਾਂ ਸਜਣ-ਸਜਾਉਣ ਜਾਂ ਇਹ ਚਰਚਾ ਕਰਨ ਕਿ ਕੌਣ ਕਿਹੋ ਜਿਹੀ ਲੱਗਦੀ ਹੈ ਜਾਂ ਵੱਧ 'ਡੇਟ'



'ਤੇ ਜਾਂਦੀ ਹੈ ਆਦਿ ਉਤੇ ਖਰਚ ਕਰਦੀਆਂ ਹਨ ਅਤੇ ਘੱਟ ਸਮਾਂ ਮੂਲ ਕੀਮਤਾਂ ਨੂੰ ਸਿੱਖਣ ਤੇ ਸਵੈ-ਸਤਿਕਾਰ ਦੀ ਹਾਂ-ਪੱਖੀ ਭਾਵਨਾ ਵਿਕਸਿਤ ਕਰਨ ਵੱਲ ਲਾਉਂਦੀਆਂ ਹਨ ਤਾਂ ਇਸ ਨਾਲ ਵੀ ਫਰਕ ਪੈਂਦਾ ਹੈ। ਸੋ, ਬਿਹਤਰ ਹੈ ਕਿ ਉਨ੍ਹਾਂ ਨੂੰ ਅਹਿਮ ਕੰਮਾਂ ਵੱਲ ਲਾਇਆ ਜਾਵੇ ਜਿਵੇਂ ਟੀਮ ਵਿਚ ਖੇਡਣਾ, ਥਿਏਟਰ ਜਾਂ ਕੋਈ ਸੰਗੀਤਕ ਸਾਜ਼ ਵਜਾਉਣਾ ਆਦਿ, ਜਿਨ੍ਹਾਂ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰ ਸਕਣ ਤੇ ਕਿਸੇ ਹੁਨਰ ਵਿਚ ਮੁਹਾਰਤ ਹਾਸਲ ਕਰਨ ਅਤੇ ਆਪਣੇ ਅੰਦਰ ਸਵੈ ਸਤਿਕਾਰ ਪੈਦਾ ਕਰਨ।

ਕੁੜੀਆਂ ਜਿਉਂ ਹੀ ਡੀ. ਵੀ. ਡੀ. ਅੱਗੇ ਬੈਠਣ ਜੋਗੀਆਂ ਹੁੰਦੀਆਂ ਹਨ, ਉਦੋਂ ਤੋਂ ਹੀ ਉਹ ਡਿਜ਼ਨੀ 'ਕਲਾਸਿਕਸ' ਛਕਣਾ ਸ਼ੁਰੂ ਕਰ ਦਿੰਦੀਆਂ ਹਨ, ਜਿਸ ਵਿਚ ਬਹੁਤਾ ਕਰਕੇ ਕਿਸੇ ਸੌਂ ਰਹੀ ਜਾਂ ਉਡੀਕ ਕਰ ਰਹੀ ਰਾਜ ਕੁਮਾਰੀ ਨੂੰ ਦਿਖਾਇਆ ਹੁੰਦਾ ਹੈ, ਜਦੋਂ ਤੱਕ ਉਸ ਨੂੰ ਜਗਾਉਣ ਜਾਂ ਬਚਾਉਣ ਲਈ ਕੋਈ ਸੁੰਦਰ ਰਾਜ ਕੁਮਾਰ ਨਾ ਆ ਜਾਵੇ, ਜਿਸ ਨਾਲ ਫਿਰ ਉਸ ਦਾ ਵਿਆਹ ਹੋ ਜਾਂਦਾ ਹੈ ਤੇ ਉਹ ਸਦਾ ਖੁਸ਼ ਰਹਿੰਦੇ ਹਨ। ਇਸ ਕਿਸਮ ਦੇ ਦ੍ਰਿਸ਼ ਜਦੋਂ ਉਹ ਵਾਰ ਵਾਰ ਦੇਖਦੀਆਂ ਹਨ ਤਾਂ ਬਹੁਤ ਛੋਟੀ ਉਮਰ ਤੋਂ ਹੀ ਗਲਤ ਕਿਸਮ ਦੇ ਸੁਨੇਹੇ ਆਪਣੇ ਮਨ ਵਿਚ ਪੱਕੇ ਕਰਨ ਲੱਗ ਪੈਂਦੀਆਂ ਹਨ ਕਿ ਉਹ 'ਸੁੰਦਰ ਰਾਜ ਕੁਮਾਰੀਆਂ' ਹਨ। ਮਾਹਿਰਾਂ ਦਾ ਕਹਿਣਾ ਹੈ ਕਿ 'ਡਿਜ਼ਨੀ ਪ੍ਰਿੰਸਜ਼' ਵਰਗੇ ਦ੍ਰਿਸ਼, ਜੋ ਵਾਰ ਵਾਰ ਪਰੋਸੇ ਜਾਂਦੇ ਹਨ, ਕੁੜੀਆਂ ਦੇ ਸਭਿਆਚਾਰ ਵਿਚ ਨਾ ਕੇਵਲ ਦੱਬੂ ਅਤੇ ਨਿਸ਼ਕ੍ਰਿਆ ਹਨ ਸਗੋਂ ਕੁੜੀਆਂ ਤੇ ਮੁੰਡਿਆਂ ਵਿਚ ਵਖਰੇਵੇਂ ਨੂੰ ਵੀ ਉਭਾਰਦੇ ਹਨ। ਅਜਿਹਾ ਜਦੋਂ ਅਸੀਂ ਕਿਸੇ 'ਟ੍ਰਾਏਜ਼ ਆਰ ਅਸ' ਵਰਗੇ ਸਟੋਰ 'ਤੇ ਜਾਂਦੇ ਹਾਂ ਤਾਂ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਅਸੀਂ ਇੱਕ ਸਮਾਜ ਦੇ ਤੌਰ 'ਤੇ ਕੁੜੀਆਂ ਅਤੇ ਮੁੰਡਿਆਂ ਨੂੰ ਵੰਡ ਰਹੇ ਹਾਂ। ਅਸੀਂ ਆਪਣੀਆਂ ਕੁੜੀਆਂ ਦੀ ਬਰਬਾਦੀ ਆਪ ਕਰ ਰਹੇ ਹਾਂ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਈਏ ਅਤੇ 'ਅਸਲੀ' ਧੀਆਂ ਬਣਾਈਏ। ਜਿੱਥੇ ਮੁੰਡਿਆਂ ਦਾ ਧਿਆਨ ਬਹਾਦਰ ਹੋਣ, ਦੂਜਿਆਂ ਦੀ ਮਦਦ ਲਈ ਤਿਆਰ-ਬਰ-ਤਿਆਰ ਰਹਿਣ, ਹਰ ਸਮੇਂ ਚੁਸਤ-ਦਰੁਸਤ ਰਹਿਣ ਵਾਲਾ ਬਣ ਜਾਂਦਾ ਹੈ, ਉਥੇ ਕੁੜੀਆਂ ਦਾ ਗੁਲਾਬੀ ਰੰਗ ਵਿਚ 'ਸੋਹਣਾ ਲੱਗਣਾ' ਤੱਕ ਮਹਿਦੂਦ ਹੋ ਜਾਂਦਾ ਹੈ।

ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਜਿੱਥੇ ਛੋਟੇ ਮੁੰਡਿਆਂ ਦੀਆਂ ਜਨਮ-ਦਿਨ ਪਾਰਟੀਆਂ ਦਾ ਪ੍ਰਬੰਧ ਕਿਸੇ ਅਜਿਹੀ ਥਾਂ 'ਤੇ ਕੀਤਾ ਜਾਂਦਾ ਹੈ, ਜਿੱਥੇ ਉਹ ਕੋਈ ਖੇਡ ਖੇਡ ਸਕਣ, ਉਥੇ ਕੁੜੀਆਂ ਦੇ ਜਨਮ ਦਿਨ ਦੀ ਪਾਰਟੀ ਸਜਣ-ਸਜਾਉਣ ਤੱਕ ਸੁੰਗੜ ਜਾਂਦੀ ਹੈ। ਸਭਿਆਚਾਰਕ ਤੌਰ 'ਤੇ ਸਾਰਾ ਜ਼ੋਰ ਇਸ ਗੱਲ 'ਤੇ ਲਾਇਆ ਜਾਂਦਾ ਹੈ ਕਿ ਉਹ ਦੇਖਣ ਵਿਚ 'ਸੁੰਦਰ' ਲੱਗਣ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਾਡੇ ਸਭਿਆਚਾਰ ਵਿਚ 'ਗਰਲ ਕੋਡ' (ਕੁੜੀਆਂ ਲਈ ਸੰਕੇਤ) ਪੱਕੀ ਤਰ੍ਹਾਂ ਵਿਉਂਤਿਆ ਹੋਇਆ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਇਸ ਕੋਡ ਨੂੰ ਦੇਖਣ ਕਿ ਇਹ ਕੀ ਹੈ ਅਤੇ ਧੀਆਂ ਦੀ ਮਦਦ ਕਰਨ ਕਿ ਉਹ ਇਸ ਕੋਡ ਨੂੰ ਆਪਣੇ ਲਈ ਤੋੜਨਾ ਸਿੱਖਣ।

ਧੀਆਂ 'ਤੇ ਸਨਿਮਰ ਹੋਣ ਲਈ ਜ਼ੋਰ ਪਾਇਆ ਜਾਂਦਾ ਹੈ। ਉਨ੍ਹਾਂ ਨੂੰ ਸਿਰਫ ਇਹੀ ਸਿਖਾਇਆ ਜਾਂਦਾ ਹੈ ਕਿ ਉਹ ਦਿੱਖ ਵਿਚ ਸੋਹਣੀਆਂ ਲੱਗਣ ਅਤੇ ਨਰਮ ਸੁਭਾਅ ਵਾਲੀਆਂ ਹੋਣ। ਉਨ੍ਹਾਂ ਨੂੰ ਆਪਣੀ ਅਸਲੀ ਔਕਾਤ ਪਛਾਨਣਾ, ਆਪਣੇ ਛੁਪੇ ਹੋਏ ਗੁਣਾਂ ਦੀ ਤਲਾਸ਼ ਕਰਨਾ ਨਹੀਂ ਸਿਖਾਇਆ ਜਾਂਦਾ। ਕੁੜੀਆਂ ਲਈ ਅਜਿਹੇ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਉਹ ਆਪਣੇ ਕੁਝ 'ਲੱਗਣ' ਜਾਂ 'ਹੋਣ' ਲਈ ਬਾਹਰੀ ਸੋਮੇ ਨਾ ਤਲਾਸ਼ਣ ਅਤੇ ਉਨ੍ਹਾਂ ਦੀ ਮਦਦ ਲੈਣ ਬਲਕਿ ਆਪਣੇ ਅੰਦਰ ਛੁਪੇ ਹੋਏ ਗੁਣ ਲੱਭਣ ਤੇ ਉਨ੍ਹਾਂ ਦਾ ਵਿਕਾਸ ਕਰਨ। ਮੁੰਡਿਆਂ ਨੂੰ ਜੇ ਕੋਈ ਪੁੱਛੇ ਕਿ ਉਹ ਅੱਜ ਕੱਲ ਕੀ ਕਰਦਾ ਹੈ ਤਾਂ ਉਹ ਝੱਟ ਦੱਸੇਗਾ ਕਿ ਉਹ ਅੱਜ ਕੱਲ ਕੀ ਖੇਡ ਰਿਹਾ ਹੈ ਜਾਂ ਕਿਸ ਕੰਮ ਵਿਚ ਕਾਰਜਸ਼ੀਲ ਹੈ ਪਰ ਜੇ ਕਿਸੇ ਕੁੜੀ ਨੂੰ ਪੁੱਛ ਲਿਆ ਜਾਵੇ ਤਾਂ ਉਹ ਸ਼ਰਮਾ ਜਾਂਦੀ ਹੈ ਅਤੇ ਕਿੰਨੀ ਦੇਰ ਉਸ ਨੂੰ ਕੋਈ ਉਤਰ ਨਹੀਂ ਅਹੁੜਦਾ। ਕਈ ਵਾਰ ਉਹ ਅਜਿਹੇ ਪ੍ਰਸ਼ਨਾਂ ਨਾਲ ਬੇਅਰਾਮ ਵੀ ਹੋ ਜਾਂਦੀਆਂ ਹਨ। ਕੁੜੀਆਂ ਦਾ 'ਨਰਮ-ਸੁਭਾਅ' ਹੋਣ ਦੇ ਦਬਾਅ ਵਿਚ ਪਲਣਾ ਅਤੇ ਇਸ ਸਭਿਆਚਾਰਕ ਮਾਹੌਲ ਵਿਚ ਵੱਡੇ ਹੋਣਾ ਕਿ ਉਨ੍ਹਾਂ ਦੇ ਸੁਭਾਅ ਕਰਕੇ ਕਿਸੇ ਦਾ ਦਿਲ ਨਾ ਦੁਖੇ, ਦਾ ਅਰਥ ਇਹ ਨਹੀਂ ਹੋਣਾ ਚਾਹੀਦਾ ਕਿ ਇਹ ਉਨ੍ਹਾਂ ਦੇ ਅੰਦਰ ਕਿਸੇ ਕਿਸਮ ਦਾ ਟਕਰਾਉ ਜਾਂ ਦਵੰਦ ਪੈਦਾ ਕਰ ਦੇਵੇ ਜਾਂ ਜਦੋਂ ਉਹ ਬਾਲਗ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਮੁੰਡਿਆਂ ਨਾਲ ਵਰਤਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਕਿਸੇ ਖਤਰਨਾਕ ਅਵਸਥਾ ਵਿਚ ਪਾ ਦੇਵੇ। ਕੁੜੀਆਂ ਵਿਚ ਇਸ ਕਿਸਮ ਦੀ ਹਿੰਮਤ ਪੈਦਾ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਹੱਕ ਲਈ ਖੜ੍ਹੀਆਂ ਹੋ ਸਕਣ ਅਤੇ ਆਪਣੇ ਨਾਲ ਹੋਣ ਵਾਲੀ ਕਿਸੇ ਵੀ ਵਧੀਕੀ ਦੇ ਖਿਲਾਫ ਡਟ ਸਕਣ।

ਪੰਜਾਬੀ ਦਾ ਆਮ ਅਖਾਣ ਹੈ, 'ਜੈਸੀ ਸੰਗਤ ਵੈਸੀ ਰੰਗਤ' ਜਾਂ 'ਖਰਬੂਜ਼ੇ ਨੂੰ ਦੇਖ ਕੇ ਖਰਬੂਜ਼ਾ ਰੰਗ ਫੜਦਾ ਹੈ।' ਬਹੁਤ ਵਾਰ ਜੁਆਨ ਹੋ ਰਹੀਆਂ ਕੁੜੀਆਂ ਉਤੇ ਮਸ਼ਹੂਰ ਹਸਤੀਆਂ, ਮਾਡਲਾਂ ਜਾਂ ਇਸ਼ਤਿਹਾਰਾਂ ਦਾ ਏਨਾ ਅਸਰ ਨਹੀਂ ਹੁੰਦਾ ਜਿੰਨਾ ਆਪਣੀਆਂ ਸਹੇਲੀਆਂ ਜਾਂ ਆਪਣੇ ਗਰੁਪ ਦੀਆਂ ਕੁੜੀਆਂ ਦਾ ਹੁੰਦਾ ਹੈ, ਜਿਨ੍ਹਾਂ ਦੇ ਤੌਰ-ਤਰੀਕੇ ਉਨ੍ਹਾਂ ਵਿਚ ਹੀਣ-ਭਾਵਨਾ ਪੈਦਾ ਕਰਦੇ ਹਨ। ਜਦੋਂ ਆਪਣੇ ਸਾਹਮਣੇ ਕਿਸੇ ਨੂੰ ਦੇਖਦੇ ਹੋ ਤਾਂ ਤੁਸੀਂ ਉਸ ਵਾਂਗ ਦਿਖਣ ਦੀ ਕੋਸ਼ਿਸ਼ ਕਰਦੇ ਹੋ ਜਾਂ ਉਸ ਵਾਂਗ ਅਮਲ ਕਰਨ ਦੀ ਕੋਸ਼ਿਸ਼ ਕਰਦੇ ਹੋ।

ਡਾ. ਰੂਨੀ ਦਾ ਕਹਿਣਾ ਹੈ ਕਿ ਕਿਸ਼ੋਰ ਉਮਰ ਦੀਆਂ ਕੁੜੀਆਂ ਅਸਰ ਕਬੂਲਣ ਲਈ ਛੇਤੀ ਨਿਸ਼ਾਨਾ ਬਣ ਜਾਂਦੀਆਂ ਹਨ, ਭਾਵੇਂ ਇਹ ਮੀਡੀਆ ਹੋਵੇ, ਇਸ਼ਤਿਹਾਰਬਾਜ਼ੀ ਹੋਵੇ ਜਾਂ ਫਿਰ ਉਨ੍ਹਾਂ ਦੀਆਂ ਸਹੇਲੀਆਂ ਹੋਣ, ਕਿਉਂਕਿ ਉਹ ਹਾਲੇ ਇਹ ਸਮਝਣ ਦੀ ਕੋਸ਼ਿਸ਼ ਕਰ ਰਹੀਆਂ ਹੁੰਦੀਆਂ ਹਨ ਕਿ ਉਹ ਕੌਣ ਹਨ, ਉਨ੍ਹਾਂ ਦਾ ਕੀਮਤ-ਵਿਧਾਨ ਅਤੇ ਨਿਸ਼ਾਨੇ ਕੀ ਹਨ, ਉਹ ਕੀ ਬਣਨਾ ਚਾਹੁੰਦੀਆਂ ਹਨ? ਮੀਡੀਆ, ਇਸ਼ਤਿਹਾਰਬਾਜ਼ੀ ਵਾਲੇ ਅਤੇ ਸਹੇਲੀਆਂ ਇਨ੍ਹਾਂ ਸਵਾਲਾਂ ਦੇ ਤੇਜ਼ ਤੇ ਸੌਖੇ ਢੰਗ ਨਾਲ ਉਤਰ ਦੇਣ ਲਈ ਸਾਹਮਣੇ ਹੁੰਦੇ ਹਨ ਕਿ ਜੇ ਤੁਸੀਂ ਇਸ ਤਰ੍ਹਾਂ ਦਿਸੋਗੇ ਤਾਂ ਤੁਹਾਡੀ ਅਹਿਮੀਅਤ ਹੋਵੇਗੀ। ਜੇ ਤੁਹਾਡੇ ਕੋਲ ਇਹ ਚੀਜ਼ਾਂ ਹੋਣਗੀਆਂ ਤਾਂ ਤੁਹਾਡੇ ਕੋਲ ਸਵੈ-ਮਾਣ ਹੋਵੇਗਾ। ਇਸ ਲਈ ਜੇ ਕੇਵਲ ਇਹੀ ਸੁਨੇਹਾ ਹੈ ਤਾਂ ਇਹੀ ਇੱਕ ਥਾਂ ਹੈ ਜਿਸ ਵੱਲ ਉਹ ਉਤਰ ਲੱਭਣ ਲਈ ਦੇਖ ਰਹੀਆਂ ਹਨ।

ਬੇਸ਼ੱਕ ਬੱਚੇ ਬਹੁਤ ਛੇਤੀ ਵੱਡੇ ਹੋ ਜਾਂਦੇ ਹਨ ਪਰ ਪਿਛਲੇ ਦਹਾਕਿਆਂ ਵਿਚ ਸਭਿਆਚਾਰ ਨੇ ਖਾਸੀ ਛੋਟੀ ਉਮਰ ਤੇ ਕਾਮੁਕ ਬਣਾਉਣਾ ਅਤੇ ਲੜਕੀਆਂ ਨੂੰ ਜਿਉਂਦਾ-ਜਾਗਦਾ ਕਾਰਨ ਦੇਣਾ ਸ਼ੁਰੂ ਕਰ ਦਿੱਤਾ ਹੈ ਅਰਥਾਤ ਬਹੁਤ ਛੋਟੀ ਉਮਰ ਤੋਂ ਹੀ ਲੜਕੀਆਂ ਨੂੰ 'ਮਿਨੀ ਵੂਮਨ' ਤਸੱਵਰ ਕਰਕੇ ਨਿਸ਼ਾਨਾ ਬਣਾਇਆ ਜਾਂਦਾ ਹੈ। ਭੋਰਾ ਭਰ ਕੁੜੀਆਂ ਦੇ ਅੰਦਰੂਨੀ ਕੱਪੜੇ ਤੇ ਆਮ ਵਸਤਰ ਜਿਵੇਂ ਮਿੰਨੀ ਸਕਰਟਾਂ ਆਦਿ ਵੱਡੀਆਂ ਔਰਤਾਂ ਵਾਂਗ ਤਿਆਰ ਕੀਤੇ ਜਾਂਦੇ ਹਨ। ਇਹ ਸਮੱਸਿਆ ਅਤੇ ਇਸ ਦੇ ਨਤੀਜੇ ਪਿਛਲੇ ਦਹਾਕੇ ਤੋਂ ਵੱਡੇ ਪੱਧਰ 'ਤੇ ਫੈਲ ਰਹੇ ਹਨ। ਇਸੇ ਲਈ 2007 'ਚ ਅਮੈਰਿਕਨ ਸਾਈਕਾਲੋਜੀਕਲ ਐਸੋਸੀਏਸ਼ਨ (ਏ. ਪੀ. ਏ.) ਨੇ 'ਟਾਸਕ ਫੋਰਸ ਆਨ ਦਾ ਸੈਕਸੁਏਲਾਈਜ਼ੇਸ਼ਨ ਆਫ ਗਰਲਜ਼' ਬਣਾਈ। ਟਾਸਕ ਫੋਰਸ ਦੀ ਖੋਜ ਨੇ ਕੁੜੀਆਂ ਦੇ ਕਾਮੁਕ ਬਣਾਉਣ ਨੂੰ ਕੁੜੀਆਂ ਤੇ ਔਰਤਾਂ ਦੀਆਂ ਤਿੰਨ ਮਾਨਸਿਕ ਸਮੱਸਿਆਵਾਂ ਨਾਲ ਜੋੜਿਆ ਹੈ: ਖਾਣ ਦੀਆਂ ਗਲਤ ਆਦਤਾਂ, ਸਵੈ-ਮਾਣ ਦਾ ਘਟਣਾ ਅਤੇ ਡਿਪਰੈਸ਼ਨ। ਤੁਸੀਂ ਹੁਣ ਸੋਚ ਸਕਦੇ ਹੋ ਕਿ ਤੁਸੀਂ ਕਿਸ ਦੇ ਖਿਲਾਫ ਖੜ੍ਹੇ ਹੋਣਾ ਹੈ। ਭਾਵੇਂ ਇਹ ਬਹੁਤ ਡਰਾਉਣਾ ਦਿਸਦਾ ਹੈ ਪਰ ਤੁਸੀਂ ਆਪਣੀ ਬੱਚੀ ਨੂੰ ਠੀਕ ਰਾਹ ਤੁਰਨ ਲਈ ਅਤੇ ਜੇ ਉਸ ਨੇ ਗਲਤ ਮੋੜ ਕੱਟ ਲਿਆ ਹੈ ਤਾਂ ਉਸ ਨੂੰ ਮੋੜਨ ਲਈ ਉਸ ਦੀ ਮਦਦ ਕਰ ਸਕਦੇ ਹੋ।

# ਪੰਜਾਬੀਆਂ 'ਚ ਘੱਟਦਾ ਸਾਹਿਤ ਪੜ੍ਹਨ ਦਾ ਰੁਝਾਨ

ਪੰਜਾਬ ਦੀ ਧਰਤੀ 'ਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਨੂੰ ਸੰਪਾਦਤ ਕੀਤਾ। ਸੰਸਾਰ ਭਰ ਵਿਚ ਗਾਈ ਜਾਣ ਵਾਲੀ ਆਰਤੀ 'ਓਮ ਜੈ ਜਗਦੀਸ਼ ਹਰੇ' ਪੰਜਾਬ ਦੇ ਰਹਿਣ ਵਾਲੇ ਪੰਡਿਤ ਸ਼ਰਧਾ ਰਾਮ ਫਿਲੌਰੀ ਦੀ

**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 91-75892-33437**

ਰਚਨਾ ਹੈ। ਗੁਰੂ ਨਾਨਕ ਦੇਵ, ਬਾਬਾ ਫਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਦਮੋਦਰ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ ਅਤੇ ਸੁਰਜੀਤ ਪਾਤਰ ਤੱਕ ਪੰਜਾਬ ਦੀ ਧਰਤੀ ਦੇ ਉਹ ਕਲਮਵੀਰ ਹਨ, ਜਿਨ੍ਹਾਂ ਨੇ ਆਪਣੀ ਕਲਮ ਦੀ ਆਵਾਜ਼ ਰਾਹੀਂ ਸਾਰੀ ਪੰਜਾਬੀਅਤ ਨੂੰ ਜਾਗ੍ਰਿਤ ਕੀਤਾ ਹੈ। ਪਰ, ਅਫਸੋਸ ਅਜੋਕੇ ਸਮੇਂ ਇਸੇ ਧਰਤੀ ਦੇ ਬਾਸ਼ਿੰਦਿਆਂ ਦਾ ਸਾਹਿਤ ਪੜ੍ਹਨ-ਪੜ੍ਹਾਉਣ ਦਾ ਰੁਝਾਨ ਅਲੋਪ ਹੁੰਦਾ ਜਾ ਰਿਹਾ ਹੈ।

ਪੰਜਾਬੀ ਦੀਆਂ ਪੁਸਤਕਾਂ ਬਾਜ਼ਾਰ 'ਚ ਵਿਕਦੀਆਂ ਨਹੀਂ ਅਤੇ ਨਾ ਹੀ ਸਾਡਾ ਪੜ੍ਹਿਆ-ਲਿਖਿਆ ਤਬਕਾ ਪੁਸਤਕਾਂ ਖਰੀਦਣ 'ਤੇ ਪੈਸਾ ਖਰਚ ਕਰਦਾ ਹੈ। ਪੰਜਾਬ ਦੇ ਲਗਭਗ ਸਾਰੇ ਪ੍ਰਕਾਸ਼ਕ ਇਹ ਗੱਲ ਆਖਦੇ ਹਨ ਕਿ ਪੰਜਾਬੀ ਪੁਸਤਕਾਂ ਖਰੀਦ ਕੇ ਪੜ੍ਹਨ ਦਾ ਜ਼ਮਾਨਾ ਹੁਣ ਖਤਮ ਹੋ ਚੁਕਾ ਹੈ। ਇਸ ਲਈ ਉਹ ਲੇਖਕ ਵਲੋਂ ਦਿੱਤੇ ਗਏ ਪੈਸਿਆਂ ਦੇ ਮੁਤਾਬਕ ਹੀ ਪੁਸਤਕਾਂ ਛਾਪਦੇ ਹਨ ਤਾਂ ਕਿ ਲੇਖਕ ਤੋਂ ਹੀ ਖਰਚ ਤੇ ਮੁਨਾਫਾ ਕੱਢਿਆ ਜਾ ਸਕੇ। ਇਸ ਤੋਂ ਇਲਾਵਾ ਆਮ ਕਰਕੇ ਪੰਜਾਬੀ ਪ੍ਰਕਾਸ਼ਕ ਇੱਕ ਵੀ ਕਾਪੀ ਵਾਧੂ ਨਹੀਂ ਛਾਪਦੇ, ਜਿਸ ਨਾਲ ਉਨ੍ਹਾਂ ਨੂੰ ਨੁਕਸਾਨ ਹੋਵੇ।

ਪੰਜਾਬੀ ਦੇ ਨਵੇਂ ਲੇਖਕਾਂ ਤੋਂ ਲੈ ਕੇ ਨਾਮਵਰ ਸ਼ਾਇਰਾਂ ਤੱਕ, ਆਪਣੀ ਕਿਤਾਬ ਆਪਣੇ ਖਰਚੇ 'ਤੇ ਛਪਵਾ ਕੇ ਮੁਫਤ ਵੰਡਦੇ ਤਾਂ ਆਮ ਹੀ ਨਜ਼ਰੀਂ ਪੈ ਜਾਂਦੇ ਹਨ ਪਰ ਖਰੀਦ ਕੇ ਪੜ੍ਹਨ ਵਾਲਾ ਪਾਠਕ



ਕਿਤੇ ਨਜ਼ਰ ਨਹੀਂ ਆਉਂਦਾ। ਹੈਰਾਨੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਸਾਡੀਆਂ ਯੂਨੀਵਰਸਿਟੀਆਂ/ਕਾਲਜਾਂ ਵਿਚ ਸਾਹਿਤ ਦੇ ਵਿਦਿਆਰਥੀ, ਜਿਹੜੇ ਸਾਹਿਤ 'ਤੇ ਖੋਜ ਕਾਰਜ ਕਰ ਰਹੇ ਹਨ, ਉਹ ਵੀ ਕਿਤਾਬਾਂ ਖਰੀਦ ਕੇ ਨਹੀਂ ਪੜ੍ਹਦੇ। ਉਂਜ ਇਹ ਗੱਲ ਆਰਥਕ ਤੰਗੀ ਦਾ ਬਹਾਨਾ ਬਣਾ ਕੇ ਝੁਠਲਾਈ ਵੀ ਜਾ ਸਕਦੀ ਹੈ ਪਰ ਪੰਜਾਬੀਆਂ ਦੇ ਵਿਆਹਾਂ-ਸ਼ਾਦੀਆਂ 'ਤੇ ਹੁੰਦੇ ਖਰਚੇ ਨੂੰ ਦੇਖ ਕੇ ਇਹ ਦਾਅਵਾ ਵੀ ਗਲਤ ਹੀ ਸਾਬਤ ਹੋਵੇਗਾ।

ਪ੍ਰਕਾਸ਼ਕਾਂ ਨੇ ਤਾਂ ਵਪਾਰਕ ਦ੍ਰਿਸ਼ਟੀ ਨਾਲ ਹੀ ਕਿਤਾਬਾਂ ਛਾਪਣੀਆਂ ਹੁੰਦੀਆਂ ਹਨ ਪਰ ਜਦੋਂ ਪੰਜਾਬੀ ਪਾਠਕ, ਪੁਸਤਕ ਖਰੀਦਣ ਤੋਂ ਹੀ ਮੁਨਕਰ ਹਨ ਤਾਂ ਉਹ ਵੀ ਆਪਣਾ ਪੂਰਾ ਖਰਚ/ਮੁਨਾਫਾ ਲੇਖਕ ਤੋਂ ਹੀ ਵਸੂਲ ਕਰਦੇ ਹਨ। ਇਸ ਨਾਲ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਆਰਥਕ ਪੱਖੋਂ ਕਮਜ਼ੋਰ ਲੇਖਕ ਆਪਣੇ ਜੀਵਨ ਵਿਚ ਪੁਸਤਕ ਪ੍ਰਕਾਸ਼ਤ ਕਰਵਾਉਣ ਦਾ ਕਦੇ ਹੌਸਲਾ ਹੀ ਨਹੀਂ ਕਰ ਪਾਉਂਦੇ। ਇਸ ਨਾਲ ਪੰਜਾਬੀ ਸਾਹਿਤ ਵਿਚ ਮਿਆਰੀ ਪੁਸਤਕਾਂ ਦੀ ਆਮਦ ਨਹੀਂ ਹੋ ਪਾਉਂਦੀ। ਇਹ ਵੀ ਬਹੁਤ ਮੰਦਭਾਗਾ ਹੈ।

ਪੰਜਾਬੀ ਸਾਹਿਤਕ ਹਲਕਿਆਂ 'ਚ ਇਹ ਗੱਲ ਆਮ ਹੀ ਆਖੀ ਜਾਂਦੀ ਹੈ ਕਿ ਤੁਸੀਂ ਲਿਖਾਰੀ ਭਾਵੇਂ ਕਿੰਨੇ ਵੀ ਵੱਡੇ ਹੋ ਪਰ ਜਦੋਂ ਤੱਕ ਤੁਹਾਡੀ ਜੇਬ ਵਿਚ ਪੈਸੇ ਨਹੀਂ, ਤੁਹਾਡੀ ਪੁਸਤਕ ਪ੍ਰਕਾਸ਼ਤ ਨਹੀਂ ਹੋ ਸਕਦੀ। ਇਸ ਦਾ ਕਾਰਨ ਵੀ ਪੰਜਾਬੀਆਂ 'ਚ ਸਾਹਿਤ ਪੜ੍ਹਨ ਦੇ ਘੱਟਦੇ ਰੁਝਾਨ ਨੂੰ ਹੀ ਮੰਨਿਆ ਜਾ ਸਕਦਾ ਹੈ। ਪੰਜਾਬੀ ਸਮਾਜ ਜੇਕਰ ਪੰਜਾਬੀ ਪੁਸਤਕਾਂ ਖਰੀਦ ਕੇ ਪੜ੍ਹਨ ਦਾ ਹੀਲਾ ਕਰ ਲਵੇ ਤਾਂ ਪੰਜਾਬੀ ਦੇ ਲਗਭਗ ਸਾਰੇ ਹੀ ਪ੍ਰਕਾਸ਼ਕ, ਲੇਖਕ ਤੋਂ ਖਰਚਾ/ਮੁਨਾਫਾ ਲੈਣਾ ਘੱਟ/ਬੰਦ ਕਰ ਦੇਣਗੇ ਅਤੇ ਆਰਥਕ ਪੱਖੋਂ ਕਮਜ਼ੋਰ ਲੇਖਕ ਵੀ ਚੰਗੇ ਸਾਹਿਤ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਸਕਣਗੇ। ਪਰ ਇਹ ਹੁੰਦਾ ਕਦੋਂ ਹੈ ਇਹ ਭਵਿੱਖ ਦੀ ਕੁੱਖ ਵਿਚ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 17 ਫਰਵਰੀ 2018*

## ਸੰਘ ਦਾ ਅਸਲ ਰੰਗ

ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਮੁਖੀ ਮੋਹਨ ਭਾਗਵਤ ਦੇ ਬਿਆਨ ਨਾਲ ਇਸ ਕੱਟੜ ਜਥੇਬੰਦੀ ਦਾ ਅਸਲ ਚਿਹਰਾ ਇਕ ਵਾਰ ਫਿਰ ਸਭ ਦੇ ਸਾਹਮਣੇ ਆ ਗਿਆ ਹੈ। ਆਪਣੇ ਤਾਜ਼ਾ ਬਿਆਨ ਵਿਚ ਸੰਘ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਜੇ ਲੋੜ ਪਈ ਤਾਂ ਆਰ. ਐਸ. ਐਸ. ਸਿਰਫ ਤਿੰਨ ਦਿਨਾਂ ਵਿਚ ਹੀ ਸਿਖਲਾਈ ਪ੍ਰਾਪਤ ਫੌਜ ਖੜ੍ਹੀ ਕਰ ਸਕਦੀ ਹੈ। ਇਹੀ ਨਹੀਂ, ਉਨ੍ਹਾਂ ਇਹ ਵੀ ਲਲਕਾਰਾ ਮਾਰਿਆ ਕਿ ਫੌਜ ਨੂੰ ਅਜਿਹੇ ਫੌਜੀ ਤਿਆਰੀ ਲਈ ਤਾਂ 6 ਮਹੀਨਿਆਂ ਤੋਂ ਵੀ ਵੱਧ ਦਾ ਵਕਤ ਲੱਗ ਜਾਂਦਾ ਹੈ। ਰਤਾ ਕੁ ਗਹਿਰਾਈ ਵਿਚ ਵਾਚਿਆਂ ਸਾਫ ਪਤਾ ਲਗਦਾ ਹੈ ਕਿ ਇਹ ਬਿਆਨ ਕਿੰਨਾ ਖਤਰਨਾਕ ਹੈ। ਇਸ ਬਿਆਨ ਦੀ ਮਾਰ ਬਾਰੇ ਸਵਾਲ ਖੜ੍ਹੇ ਹੋਏ ਤਾਂ ਆਪਣਾ ਬਚਾਅ ਕਰਦਿਆਂ ਕਰਦਿਆਂ ਆਰ. ਐਸ. ਐਸ. ਲਾਣਾ ਇਸ ਤੋਂ ਵੀ ਖਤਰਨਾਕ ਗੱਲ ਆਖ ਗਿਆ, ਜਿਹੜੀ ਇਹ ਲੋਕਾਂ ਉਤੇ ਥੋਪਣ ਦੀ ਚਾਹਤ ਵੀ ਰੱਖਦਾ ਹੈ। ਇਸ ਦੂਜੇ ਬਿਆਨ ਵਿਚ ਆਖਿਆ ਗਿਆ ਹੈ ਕਿ ਸਵੈਮਸੇਵਕ ਅਨੁਸ਼ਾਸਨ ਦੇ ਪੱਖ ਤੋਂ ਬਾਕੀ ਲੋਕਾਂ ਨਾਲੋਂ ਵੱਧ ਅਨੁਸ਼ਾਸਤ ਹਨ। ਉਂਜ, ਇਸ ਅਨੁਸ਼ਾਸਨ ਦੇ ਦਰਸ਼ਨ ਸਮੁੱਚਾ ਮੁਲਕ ਵੱਖ ਵੱਖ ਮੌਕੇ ਹੋਈਆਂ ਹਿੰਸਕ ਕਾਰਵਾਈਆਂ ਰਾਹੀਂ ਦੇਖ ਚੁਕਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਕਾਰਵਾਈਆਂ ਭੀੜਤੰਤਰ ਦੇ ਸਿਰ ਉਤੇ ਹੋਈਆਂ। ਦਰਅਸਲ, ਕੇਂਦਰ ਵਿਚ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਆਰ. ਐਸ. ਐਸ. ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਲਿਜਾਣ ਦੀ ਕਵਾਇਦ ਵਿਚ ਪੂਰੀ ਤਰ੍ਹਾਂ ਜੁਟੀ ਹੋਈ ਹੈ। ਪਿਛਲੇ ਤਕਰੀਬਨ ਚਾਰ ਸਾਲਾਂ ਦੌਰਾਨ ਇਸ ਤਰ੍ਹਾਂ ਦਾ ਮਾਹੌਲ ਸਿਰਜ ਦਿੱਤਾ ਗਿਆ ਹੈ ਜਿਸ ਨਾਲ ਬਹੁਗਿਣਤੀ ਹਿੰਦੂ ਤਬਕਾ ਇਕ ਖਾਸ ਦਿਸ਼ਾ ਵਿਚ ਸੋਚਣ ਲੱਗ ਪਿਆ ਹੈ। ਇਸ ਦੇ ਪੁਖਤਾ ਸਬੂਤ ਘੱਟਗਿਣਤੀਆਂ ਖਿਲਾਫ ਲਗਾਤਾਰ ਹੋ ਰਹੀਆਂ ਕਾਰਵਾਈਆਂ ਹਨ। ਇਨ੍ਹਾਂ ਕਾਰਵਾਈਆਂ ਨੂੰ ਅਕਸਰ ਕਾਨੂੰਨ-ਵਿਵਸਥਾ ਦੇ ਖਾਤੇ ਪਾ ਕੇ ਕੰਮ ਨਿਬੇੜ ਲਿਆ ਜਾਂਦਾ ਹੈ। ਸਿੱਟੇ ਵਜੋਂ ਖੌਫ ਵਾਲਾ ਮਾਹੌਲ ਪਹਿਲਾਂ ਨਾਲੋਂ ਵੀ ਵਿਕਰਾਲ ਬਣ ਜਾਂਦਾ ਹੈ।

ਮੋਹਨ ਭਾਗਵਤ ਕੱਟੜਪੰਥੀਆਂ ਦਾ ਕੋਈ ਪਹਿਲਾ ਅਜਿਹਾ ਆਗੂ ਨਹੀਂ ਜੋ ਇਸ ਤਰ੍ਹਾਂ ਦੇ ਬਿਆਨ ਦਾਗ ਕੇ ਕੁਝ ਲੋਕਾਂ ਨੂੰ ਸ਼ਸ਼ਕੇਰਨ ਦਾ ਯਤਨ ਕਰ ਰਿਹਾ ਹੋਵੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਦੋਂ ਚੋਣ ਮੁਹਿੰਮਾਂ ਉਤੇ ਚੜ੍ਹਿਆ ਹੁੰਦਾ ਹੈ ਤਾਂ ਵਿਕਾਸ ਦੇ ਨਾਲ ਨਾਲ ਪਾਕਿਸਤਾਨ ਦਾ ਨਾਂ ਉਸ ਦੇ ਮੂੰਹ ਤੋਂ ਕਦੀ ਨਹੀਂ ਉਤਰਦਾ। ਹੋਰ ਤਾਂ ਹੋਰ, ਆਵਾਮ ਦੀਆਂ ਭਾਵਨਾਵਾਂ ਨੂੰ ਭੜਕਾਉਣ ਤੋਂ ਤਾਂ ਭਾਰਤੀ ਫੌਜ ਦਾ ਮੁਖੀ ਜਨਰਲ ਬਿਪਿਨ ਰਾਵਤ ਵੀ ਪਿਛਾਂਹ ਨਹੀਂ ਰਹਿੰਦਾ। ਇਤਿਹਾਸ ਵਿਚ ਹੋਰ ਕੋਈ ਫੌਜੀ ਮੁਖੀ ਅਜਿਹਾ ਨਹੀਂ ਹੋਇਆ, ਜਿਹੜਾ ਹਰ ਤੀਜੇ ਦਿਨ ਗੁਆਂਢੀ ਮੁਲਕਾਂ ਨੂੰ ਧਮਕੀਆਂ ਦਿੰਦਾ ਰਿਹਾ ਹੋਵੇ। ਹੁਣ ਤਾਂ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਵੀ ਇਸ ਦੌੜ ਵਿਚ ਕੁੱਦ ਪਈ ਹੈ। ਨਿਰਮਲਾ ਸੀਤਾਰਮਨ ਬਾਰੇ ਆਮ ਪ੍ਰਚਾਰ ਇਹ ਹੈ ਕਿ ਉਸ ਦਾ ਸਾਰਾ ਧਿਆਨ ਆਪਣੇ ਕੰਮ ਵਿਚ ਰਹਿੰਦਾ ਹੈ, ਕਿਸੇ ਬਿਆਨਬਾਜ਼ੀ ਵਿਚ ਉਹ ਘੱਟ ਹੀ ਉਲਝਦੀ ਹੈ, ਪਰ ਕਸ਼ਮੀਰ ਦੇ ਮਾਮਲੇ ਉਤੇ ਉਹ ਵੀ ਪਿਛੇ ਨਹੀਂ ਰਹੀ, ਸਗੋਂ ਫੌਜ ਦੇ ਮੁਖੀ ਤੋਂ ਵੀ ਦੋ ਕਦਮ ਅਗਾਂਹ ਵਧ ਕੇ ਬਿਆਨ ਆ ਰਹੇ ਹਨ। ਇਸ ਸਮੁੱਚੇ ਅਮਲ ਤੋਂ ਜ਼ਾਹਰ ਹੈ ਕਿ ਸਬਰ ਅਤੇ ਜ਼ਬਤ ਰੱਖਣ ਦਾ ਸਭ ਤੋਂ ਵੱਧ ਢੰਡੋਰਾ ਪਿੱਟਣ ਵਾਲੇ ਭਾਜਪਾ ਅਤੇ ਆਰ. ਐਸ. ਐਸ. ਆਗੂ ਹੁਣ ਸਭ ਤੋਂ ਵੱਧ ਜ਼ਬਤ ਤੋੜ ਰਹੇ ਹਨ। ਕਾਰਨ ਸਿਰਫ ਇਕ ਹੀ ਜਾਪਦਾ ਹੈ ਕਿ ਲੋਕ ਸਭਾ ਚੋਣਾਂ ਨੂੰ ਹੁਣ ਲੈ-ਦੇ ਕੇ ਸਿਰਫ ਇਕ ਸਾਲ ਹੀ ਰਹਿੰਦਾ ਹੈ। ਪੂਰੇ ਚਾਰ ਸਾਲ ਮੋਦੀ ਸਰਕਾਰ ਨੇ ਲੋਕਾਂ ਵਿਚ ਵੰਡੀਆਂ ਪਾਉਣ ਤੋਂ ਸਿਵਾ ਕੁਝ ਗਿਣਨਯੋਗ ਕੀਤਾ ਹੀ ਨਹੀਂ ਹੈ। ਕੁਝ ਸਿਆਸੀ ਮਾਹਿਰ ਤਾਂ ਇਹ ਖਦਸ਼ਾ ਵੀ ਜ਼ਾਹਰ ਕਰ ਰਹੇ ਹਨ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਵਾਮ ਵਿਚਕਾਰ ਪਾੜਾ ਵਧਾਉਣ ਖਾਤਰ ਕੋਈ ਵੀ ਸਿਆਸਤ ਖੇਡੀ ਜਾ ਸਕਦੀ ਹੈ। ਉਤਰ ਪ੍ਰਦੇਸ਼ ਅਤੇ ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਦੋਹਾਂ ਜਥੇਬੰਦੀਆ ਦੀ ਜੋ ਪਹੁੰਚ ਰਹੀ ਹੈ, ਉਸ ਤੋਂ ਇਹ ਖਦਸ਼ਾ ਨਿਰਮੂਲ ਵੀ ਨਹੀਂ ਲਗਦਾ। ਉਤਰ ਪ੍ਰਦੇਸ਼ ਜਿਥੇ ਘੱਟਗਿਣਤੀ ਮੁਸਲਮਾਨਾਂ ਦੀ ਚੋਖੀ ਗਿਣਤੀ ਹੈ, ਵਿਚ ਤਾਂ ਇਨ੍ਹਾਂ ਪਾਰਟੀਆਂ ਨੇ ਹਰ ਹੱਦ ਪਾਰ ਕਰ ਲਈ ਸੀ।

ਜ਼ਾਹਰ ਹੈ ਕਿ ਆਰ. ਐਸ. ਐਸ. ਮੁਖੀ ਦਾ ਇਹ ਬਿਆਨ ਐਵੇਂ ਨਹੀਂ, ਸਗੋਂ ਸੋਚ-ਸਮਝ ਕੇ ਦਿੱਤਾ ਗਿਆ ਬਿਆਨ ਹੈ। ਮੁੱਖ ਨਿਸ਼ਾਨਾ ਇਸ ਮਸਲੇ ਉਤੇ ਆਮ ਲੋਕਾਂ ਦੀ ਨਬਜ਼ ਟੋਹਣਾ ਹੀ ਹੈ। ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਅਜਿਹੇ ਬਿਆਨ ਪਹਿਲਾਂ ਵੀ ਬਥੇਰੇ ਆਉਂਦੇ ਰਹੇ ਹਨ। ਜਦੋਂ ਕਦੀ ਵਧੇਰੇ ਕਲੇਸ਼ ਖੜ੍ਹਾ ਹੋ ਜਾਂਦਾ ਹੈ ਤਾਂ ਗਿਣ-ਮਿਥ ਕੇ ਹੀ ਸਫਾਈ ਦੇ ਦਿੱਤੀ ਜਾਂਦੀ ਹੈ। ਬਿਹਾਰ ਵਿਧਾਨ ਸਭਾ ਚੋਣਾਂ ਮੌਕੇ ਵੀ ਸੰਘ ਮੁਖੀ ਨੇ ਰਾਖਵਾਂਕਰਨ ਬਾਰੇ ਬਿਆਨ ਦਾਗਿਆ ਸੀ। ਅਸਲ ਵਿਚ, ਵਿਰੋਧੀ ਧਿਰ ਕਮਜ਼ੋਰ ਹੋਣ ਕਾਰਨ ਇਹ ਸੱਤਾਧਾਰੀ ਧਿਰਾਂ ਮਨ ਮਰਜ਼ੀ ਉਤੇ ਉਤਰ ਆਈਆਂ ਹਨ। ਮੁੱਖ ਵਿਰੋਧੀ ਧਿਰ ਹੁਣ ਚਾਰ ਸਾਲਾਂ ਬਾਅਦ ਕੁਝ ਕੁ ਉਠਣ ਜੋਗੀ ਹੋਈ ਹੈ, ਨਹੀਂ ਤਾਂ ਲੋਕ ਸਭਾ ਚੋਣਾਂ ਵਿਚ ਮਧੋਲੇ ਜਾਣ ਤੋਂ ਬਾਅਦ ਇਸ ਪਾਰਟੀ ਦੇ ਕਿਤੇ ਪੈਰ ਹੀ ਨਹੀਂ ਸਨ ਲੱਗ ਰਹੇ। ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਸਮੁੱਚੀ ਵਿਰੋਧੀ ਧਿਰ ਦੇ ਏਕੇ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਰਤਾ ਕੁ ਧੱਕਾ ਮਾਰਿਆ ਹੈ। ਹੁਣ ਵਿਰੋਧੀ ਧਿਰ ਵੀ ਚਾਹ ਰਹੀ ਹੈ ਕਿ ਗੁਜਰਾਤ ਵਾਲਾ ਤਜਰਬਾ ਦੇਸ਼ ਪੱਧਰ ਉਤੇ ਕੀਤਾ ਜਾਵੇ। ਇਸ ਕਰ ਕੇ ਇਹ ਸੰਭਵ ਹੈ ਕਿ ਆਉਣ ਵਾਲੇ ਦਿਨਾਂ-ਮਹੀਨਿਆਂ ਦੌਰਾਨ ਵੱਖ ਵੱਖ ਲੀਡਰਾਂ ਦੇ ਅਜਿਹੇ ਚੱਕਵੇਂ ਬਿਆਨ ਆਉਣ। ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਦੇਸ਼ ਨੂੰ ਚਲਾਉਣ ਵਾਲੀਆਂ ਇਹ ਪਾਰਟੀਆਂ ਆਪਣੀ ਹੋਛੀ ਸਿਆਸਤ ਨੂੰ ਕਿਥੇ ਤੱਕ ਲੈ ਕੇ ਜਾ ਸਕਦੀਆਂ ਹਨ, ਜਦਕਿ ਇਸ ਵੇਲੇ ਸਭ ਤੋਂ ਵੱਡੀ ਲੋੜ ਵੱਖ ਵੱਖ ਸੰਕਟਾਂ ਵਿਚ ਘਿਰੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇ ਕੇ ਇਸ ਮਾਰੂ ਸੰਕਟ ਵਿਚੋਂ ਕੱਢਣ ਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਨੇਰੇ ਦੇ ਪਾਂਧੀ!*

ਲਾਇਬਰੇਰੀ ਨੂੰ ਜਾਣ ਦਾ ਸ਼ੌਕ ਮਰਿਆ, 'ਸੰਗਤ' ਵਧੀ ਹੀ ਜਾਂਦੀ ਹੈ ਡੇਰਿਆਂ ਦੀ।
ਢਾਹ ਢੇਰੀਆਂ ਮਰਨ ਨੂੰ ਭੱਜ ਪੈਂਦੇ, ਗੱਲ ਖਤਮ ਹੋ ਚੁਕੀ ਐ ਜੇਰਿਆਂ ਦੀ।
ਮਾਪੇ ਘਰਾਂ ਦੇ ਵਿਚ ਉਦਾਸ ਬੈਠੇ, ਪੂਜਾ ਖੇਤਾਂ 'ਚ ਕਰਨ ਜਠੇਰਿਆਂ ਦੀ।
ਗਿਣਤੀ ਜਿਉਂਦਿਆਂ ਵਿਚ ਨਾ ਕਰੋ ਭਾਵੇਂ, ਚਿੱਟੇ ਅਤੇ ਸਮੈਕ ਦੇ ਘੇਰਿਆਂ ਦੀ।
ਸਮਝੋ ਉਲੂ ਦੀ ਜੂਨ 'ਚੋਂ ਹੋਣਗੇ ਜੀ, ਭਾਉਂਦੀ ਲੋਅ ਨਾ ਚੜ੍ਹੇ ਸਵੇਰਿਆਂ ਦੀ।
ਉਨ੍ਹਾਂ ਲਈ ਗਿਆਨ-ਵਿਗਿਆਨ ਕਾਹਦਾ, ਮੁੱਕੀ ਵਾਟ ਨਾ ਜਿਨ੍ਹਾਂ ਤੋਂ ਨ੍ਹੇਰਿਆਂ ਦੀ!

# ਪੰਜਾਬ ਦੀ ਸਿਆਸਤ ਅਤੇ ਗੈਂਗ ਵਰਤਾਰਾ

***ਪੰਜਾਬ ਵਿਚ ਗੈਂਗ ਵਰਤਾਰੇ ਨੇ ਹਰ ਸੰਜੀਦਾ ਸ਼ਖਸ ਨੂੰ ਹੈਰਾਨ-ਪ੍ਰੇਸ਼ਾਨ ਕੀਤਾ ਹੋਇਆ ਹੈ। ਸਿਆਸੀ ਪਾਰਟੀਆਂ ਅਕਸਰ ਆਪਣੇ ਸਿਆਸੀ ਮੁਫਾਦਾਂ ਲਈ ਨੌਜਵਾਨਾਂ ਨੂੰ ਇਸ ਰਾਹ ਦੇ ਰਾਹੀ ਬਣਾ ਧਰਦੀਆਂ ਹਨ। ਜੁਝਾਰੂ ਆਗੂ ਸਰਦਾਰਾ ਸਿੰਘ ਮਾਹਲ ਨੇ ਇਕ ਤਾਂ ਪੰਜਾਬ ਦੇ ਨੌਜਵਾਨ ਦੀ ਨਾਬਰੀ ਦੀ ਗੱਲ ਆਪਣੇ ਇਸ ਲੇਖ ਵਿਚ ਉਭਾਰੀ ਹੈ, ਦੂਜੇ ਇਸ ਮਸਲੇ ਦੇ ਵੱਖ ਵੱਖ ਪੱਖਾਂ ਬਾਰੇ ਵੀ ਚਰਚਾ ਤੋਰੀ ਹੈ ਜੋ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ***

ਵਿੱਕੀ ਗੌਂਡਰ ਅਤੇ ਪ੍ਰੇਮਾ ਲਹੌਰੀਆ 'ਪੁਲੀਸ ਮੁਕਾਬਲੇ' ਵਿਚ ਮਾਰੇ ਜਾਣ ਤੋਂ ਇਸ ਮਸਲੇ 'ਤੇ ਚਰਚਾ ਛਿੜ ਗਈ ਹੈ। ਜਮਹੂਰੀ ਤਾਕਤਾਂ ਵੱਲੋਂ ਇਸ ਮੁਕਾਬਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਹੈ, ਦੂਜੇ ਪਾਸੇ ਮੁੱਖ ਮੰਤਰੀ ਨੇ ਇਸ 'ਕਾਮਯਾਬੀ' ਲਈ ਪੁਲੀਸ ਨੂੰ ਵਧਾਈ ਦਿੱਤੀ ਹੈ। ਮੀਡੀਆ ਅਤੇ ਸੋਸ਼ਲ ਮੀਡੀਆ ਵਿਚ ਵੀ ਬਹਿਸ-ਵਿਚਾਰ ਚੱਲ ਰਹੀ ਹੈ, ਪਰ ਇਸ ਵਰਤਾਰੇ ਨੂੰ ਸਮਝਣ ਲਈ ਸਾਰੇ ਪਹਿਲੂਆਂ ਨੂੰ ਸਮਝਣਾ-ਵਿਚਾਰਨਾ ਜ਼ਰੂਰੀ ਹੈ।

ਸੱਤਰਵਿਆਂ ਵਿਚ ਨਕਸਲਬਾੜੀ ਲਹਿਰ ਦੇ ਪੰਜਾਬ ਵਿਚ ਉਭਾਰ ਨਾਲ ਨੌਜਵਾਨਾਂ ਦਾ ਵੱਡਾ ਹਿੱਸਾ ਇਸ ਲਹਿਰ ਵੱਲ ਖਿੱਚਿਆ ਗਿਆ। ਇਸ

**ਸਰਦਾਰਾ ਸਿੰਘ ਮਾਹਿਲ**
**ਫੋਨ: 91-98152-11079**

ਲਹਿਰ ਦੇ ਪ੍ਰਭਾਵ ਤਹਿਤ ਵਿਦਿਆਰਥੀ ਨੌਜਵਾਨ ਜਥੇਬੰਦੀਆਂ ਸ਼ਕਤੀ ਬਣੀਆਂ। ਅੱਸੀਵਿਆਂ ਵਿਚ ਪੰਜਾਬ ਵਿਚ ਖਾਲਿਸਤਾਨੀ ਲਹਿਰ ਸ਼ੁਰੂ ਹੋ ਗਈ ਤਾਂ ਨੌਜਵਾਨ ਵੱਡੀ ਪੱਧਰ 'ਤੇ ਇਸ ਵੱਲ ਖਿੱਚੇ ਗਏ। ਪੁਲੀਸ ਨੇ ਕੇਸਰੀ ਪੱਗਾਂ ਖਿਲਾਫ ਮੁਹਿੰਮ ਚਲਾਈ ਤਾਂ ਕਿਲਾ ਰਾਏਪੁਰ ਦੇ ਖੇਡ ਮੇਲੇ 'ਤੇ ਜਵਾਨੀ ਵੱਡੀ ਗਿਣਤੀ ਵਿਚ ਕੇਸਰੀ ਪੱਗਾਂ ਬੰਨ੍ਹ ਕੇ ਸ਼ਾਮਿਲ ਹੋਈ ਅਤੇ ਸਾਰਾ ਮੇਲਾ ਕੇਸਰੀ ਰੰਗ ਵਿਚ ਰੰਗਿਆ ਗਿਆ। ਨਾਬਰੀ ਜਵਾਨੀ ਦਾ ਸੁਭਾਅ ਹੈ। ਨਾਬਰੀ ਅਤੇ ਜਵਾਨੀ ਦਾ ਅਟੁੱਟ ਰਿਸ਼ਤਾ ਹੈ। ਇਸੇ ਕਰ ਕੇ 1967 ਵਿਚ ਫਰਾਂਸ ਵਿਚ ਵਿਦਿਆਰਥੀ ਅੰਦੋਲਨ ਲਹਿਰ ਨੇ ਜਨਰਲ ਡੀ. ਗਾਲ ਨੂੰ ਕੁਰਸੀ ਛੱਡਣ ਲਈ ਮਜਬੂਰ ਕਰ ਦਿੱਤਾ। ਵੀਅਤਨਾਮ ਜੰਗ ਖਿਲਾਫ ਅਮਰੀਕਾ ਵਿਚ ਨੌਜਵਾਨਾਂ ਦੀ ਲਹਿਰ ਅਮਰੀਕਾ ਦੇ ਵੀਅਤਨਾਮ ਵਿਚੋਂ ਨਿਕਲਣ ਦਾ ਇੱਕ ਕਾਰਨ ਬਣੀ। ਚਾਰ ਮਈ ਦੀ ਨੌਜਵਾਨ ਲਹਿਰ ਦਾ ਚੀਨ ਦੇ ਇਨਕਲਾਬ ਵਿਚ ਇਤਿਹਾਸਕ ਰੋਲ ਹੈ। ਰੂਸ ਦੇ ਇਨਕਲਾਬ ਵਿਚ ਵੀ ਨੌਜਵਾਨਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਸੇ ਕਰ ਕੇ ਗੈਂਗਸਟਰ ਵਰਤਾਰੇ ਨੂੰ ਸਮਝਣ ਲਈ ਜਵਾਨੀ ਦੇ ਨਾਬਰੀ ਵਾਲੇ ਸੁਭਾਅ ਨੂੰ ਸਮਝਣਾ ਜ਼ਰੂਰੀ ਹੈ।

ਪੰਜਾਬ ਸਰਹੱਦ 'ਤੇ ਹੈ। ਭਾਰਤ ਤਿੰਨ ਪਾਸਿਉਂ ਸਮੁੰਦਰ ਨਾਲ ਘਿਰਿਆ ਹੈ ਅਤੇ ਉੱਤਰ-ਪੂਰਬ ਵਿਚ ਹਿਮਾਲਿਆ ਪਰਬਤ ਹੈ। ਇਸ ਕਰ ਕੇ ਮੁਲਕ 'ਤੇ ਹਮਲਾ ਕਰਨ ਵਾਲਿਆਂ ਅਤੇ ਧਾੜਵੀਆਂ ਲਈ ਇਹ ਇੱਕੋ-ਇੱਕ ਰਸਤਾ ਸੀ ਅਤੇ ਉਹ ਸਾਰੇ ਇਸੇ ਰਸਤੇ ਆਏ। ਇਨ੍ਹਾਂ ਸਾਰੇ ਹਮਲਿਆਂ ਅਤੇ ਧਾੜਿਆਂ ਦੀ ਮਾਰ ਪੰਜਾਬੀਆਂ ਨੂੰ ਝੱਲਣੀ ਪਈ। ਪੰਜਾਬੀਆਂ ਨੇ ਸਿਕੰਦਰ ਜਿਹਿਆਂ ਦੀਆਂ ਗੋਡਣੀਆਂ ਲਵਾ ਦਿੱਤੀਆਂ। ਉਧਰ ਸਿੱਖ ਲਹਿਰ ਵਿਚ ਪੰਜਾਬੀਆਂ ਨੇ ਹੀ ਅਹਿਮਦ ਸ਼ਾਹ ਅਬਦਾਲੀ ਜਿਹੇ ਧਾੜਵੀਆਂ ਦੇ ਨੱਕ ਵਿਚ ਦਮ ਕਰ ਛੱਡਿਆ। ਇਸ ਕਰ ਕੇ ਲੜਨਾ-ਭਿੜਨਾ ਪੰਜਾਬੀਆਂ ਦੇ ਖੂਨ ਵਿਚ ਸਮਾਅ ਗਿਆ ਹੈ। ਸੱਤਾ ਤੋਂ ਹਰ ਨਾਬਰ, ਪੰਜਾਬੀਆਂ ਦਾ ਹੀਰੋ ਹੁੰਦਾ ਹੈ। ਇਨ੍ਹਾਂ ਲਈ ਦੁੱਲਾ ਭੱਟੀ ਹੀ ਹੀਰੋ ਨਹੀਂ, ਬਲਕਿ ਡਾਕੂ ਜਿਉਣਾ ਮੌੜ ਵੀ ਨਾਇਕ ਹੈ।

ਸਿੱਖ ਲਹਿਰ ਦਾ ਇਤਿਹਾਸ ਮਹਾਨ ਹੈ। ਇਹ ਮਹਾਨ ਸਿਰਫ ਕੁਰਬਾਨੀਆਂ ਕਰ ਕੇ ਹੀ ਨਹੀਂ, ਵਿਚਾਰਧਾਰਕ ਲਾਂਘੇ ਜਿਹੜੇ ਭੰਨੇ ਗਏ, ਉਹ ਆਪਣੇ ਸਮੇਂ ਵਿਚ ਬਹੁਤ ਮਹੱਤਵਪੂਰਨ ਸਨ। ਕਾਦਰ ਦੀ ਇਕਾਤਮਕਤਾ, ਕੁਦਰਤ ਨਾਲ ਅਭੇਦ ਹੋਣਾ, ਨਾ ਕਿ ਕਿਸੇ ਇਮਾਰਤ (ਮੰਦਰ/ਮਸਜਿਦ) ਵਿਚ ਕੈਦ ਹੋਣਾ। ਮਾਨਵਤਾ ਦੀ ਬਰਾਬਰੀ, ਸਾਂਝੀਵਾਲਤਾ, ਕਿਰਤ ਦੀ ਉੱਚਤਾ, ਮਾਇਆ ਨੂੰ ਰੱਦਣਾ, ਇਹ ਸਾਰੇ ਸੰਕਲਪ ਸਿੱਖ ਲਹਿਰ ਨੇ ਦਿੱਤੇ ਜੋ ਆਪਣੇ ਸਮੇਂ ਵਿਚ ਅਗਾਂਹਵਧੂ ਸਨ। ਪੰਜਾਬੀਆਂ ਨੇ ਇਹ ਸਾਰੇ ਸੰਕਲਪ ਰੱਦ ਕਰ ਦਿੱਤੇ। ਮੰਦਰ-ਮਸਜਿਦ ਬਰਾਬਰ ਗੁਰਦੁਆਰਾ, ਪੁਜਾਰੀ ਬਰਾਬਰ ਪਾਠੀ, ਜਾਤੀ ਆਧਾਰਿਤ ਗੁਰਦੁਆਰੇ, ਜਾਤ-ਵੰਡੀਆਂ, ਜਮਾਤੀ ਦਮਨ ਅਤੇ ਬ੍ਰਾਹਮਣਵਾਦ ਦਾ ਪ੍ਰਚਾਰਿਆ ਵੈਸ਼ਨੂਪੁਣਾ ਸਭ ਪੰਜਾਬੀਆਂ ਨੇ ਅਪਣਾ ਲਏ ਹਨ। ਸਿੱਖੀ ਅਤੇ ਸਿੱਖ ਗੁਰੂਆਂ ਵਿਚ ਪੰਜਾਬੀਆਂ ਦੀ ਸ਼ਰਧਾ ਵਿਚਾਰਧਾਰਾ ਕਰ ਕੇ ਘੱਟ, ਕੁਰਬਾਨੀ ਤੇ ਬਹਾਦਰੀ ਕਰ ਕੇ ਵਧੇਰੇ ਹੈ। ਸ਼ਹੀਦ ਭਗਤ ਸਿੰਘ ਸਮੁੱਚੇ ਪੰਜਾਬੀਆਂ ਦਾ ਨਾਇਕ ਹੈ; ਪਰ ਉਹ ਨਾਇਕ ਉਸ ਦੀ ਵਿਚਾਰਧਾਰਾ ਕਰ ਕੇ ਨਹੀਂ, ਬਲਕਿ ਸ਼ਹੀਦ ਭਗਤ ਸਿੰਘ ਕੁਰਬਾਨੀ ਤੇ ਬਹਾਦਰੀ (ਹੱਸਦਿਆਂ ਫਾਂਸੀ ਸਵੀਕਾਰਨੀ ਤੇ ਖਾੜਕੂ ਸੰਘਰਸ਼ ਦਾ ਰਾਹ) ਕਰ ਕੇ ਹੈ। ਮਸਲੇ ਦੇ ਇਸ ਇਤਿਹਾਸਕ ਅਤੇ ਮਨੋਵਿਗਿਆਨਕ ਪਹਿਲੂ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ।

ਨੱਬੇਵਿਆਂ ਦੇ ਆਰੰਭ ਵਿਚ ਖਾਲਿਸਤਾਨੀ ਲਹਿਰ ਦੇ ਖਾਤਮੇ ਉਪਰੰਤ ਰਾਜਨੀਤਿਕ ਖਲਾਅ ਪੈਦਾ ਹੋ ਗਿਆ। ਰਾਜਨੀਤਕ ਖਲਾਅ ਤੋਂ ਭਾਵ, ਇਸ ਸਮੇਂ ਦੌਰਾਨ ਕੋਈ ਅਜਿਹੀ ਰਾਜਨੀਤਕ ਲਹਿਰ ਨਹੀਂ ਰਹੀ ਜਿਸ ਦਾ ਸੁਭਾਅ ਖਾੜਕੂ ਹੋਵੇ; ਜੋ ਪੰਜਾਬ ਦੀ ਜਵਾਨੀ ਨੂੰ ਪ੍ਰਭਾਵਿਤ ਕਰ ਸਕੇ ਤੇ ਆਪਣੇ ਵੱਲ ਆਕਰਸ਼ਿਤ ਕਰ ਸਕੇ। ਬਚੇ-ਖੁਚੇ ਖਾਲਿਸਤਾਨੀਆਂ ਨੇ ਜੇਲ੍ਹਾਂ ਵਿਚੋਂ ਬਾਹਰ ਆ ਕੇ 'ਸ਼ਾਂਤਮਈ' ਤੇ 'ਜਮਹੂਰੀ' ਤਰੀਕਿਆਂ ਨਾਲ ਖਾਲਿਸਤਾਨ ਦੀ ਪ੍ਰਾਪਤੀ ਦਾ ਰਾਹ ਅਪਣਾ ਲਿਆ, ਪਰ ਜਵਾਨੀ ਦੀ ਖਿੱਚ ਖਾਲਿਸਤਾਨ ਪ੍ਰਤੀ ਨਹੀਂ, ਬਲਕਿ ਖਾੜਕੂਪੁਣੇ ਵੱਲ ਸੀ।

ਦੂਜੇ ਪਾਸੇ ਨਕਸਲੀ ਜੱਥੇਬੰਦੀਆਂ ਨੇ 'ਮਾਅਰਕੇਬਾਜ਼ੀ' ਨੂੰ ਹਰਾ ਕੇ ਜਨਤਕ ਲੀਹ ਅਖਤਿਆਰ ਕਰ ਲਈ ਹੈ। ਇਨ੍ਹਾਂ ਲਈ ਜਨਤਕ ਲੀਹ ਦਾ ਅਰਥ ਆਰਥਿਕ ਮੁੱਦਿਆਂ 'ਤੇ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ 'ਸੰਘਰਸ਼' ਕਰਨਾ ਹੈ, ਪਰ ਕਮਿਊਨਿਸਟਾਂ ਦੇ ਨਾਮ 'ਤੇ ਪਹਿਲਾਂ ਕੰਮ ਕਰਦੀਆਂ ਪਾਰਟੀਆਂ ਦੀ ਦਹਾਕਿਆਂ ਤੋਂ ਅਮਲ ਵਿਚ ਲਿਆਂਦੀ ਜਾ ਰਹੀ ਜਨਤਕ-ਲੀਹ ਨਾਲੋਂ ਕੁਝ ਵੀ ਵੱਖਰਾ ਨਹੀਂ। ਹੇਠੋਂ ਬਲਾਕ ਤੋਂ ਸ਼ੁਰੂ ਕਰ ਕੇ ਸੂਬਾ ਪੱਧਰੀ ਧਰਨੇ/ਮੁਜ਼ਾਹਰੇ ਅਤੇ ਸੂਬਾ ਪੱਧਰ ਤੋਂ ਲੈ ਕੇ ਬਲਾਕ ਪੱਧਰ ਤੱਕ ਧਰਨੇ/ਮੁਜ਼ਾਹਰੇ ਜਾਂ ਵੱਧ ਤੋਂ ਵੱਧ ਕੁਝ ਦਿਨਾਂ ਲਈ ਧਰਨੇ, ਇਹੀ ਨਿੱਤ ਨੇਮ ਬਣ ਕੇ ਰਹਿ ਗਿਆ ਹੈ। ਹੁਣ ਤਾਂ ਇਹ ਵੀ ਗੁਰਦੁਆਰਿਆਂ/ਫੋਕਲ ਪੁਆਇੰਟਾਂ 'ਤੇ ਧਰਨੇ ਮਾਰਨ ਤੱਕ ਆ ਗਿਆ ਹੈ। ਇਹ ਜਨਤਕ ਸੇਧ ਪੰਜਾਬ ਦੀ ਜਵਾਨੀ ਨੂੰ ਬਿਲਕੁਲ ਹੀ ਪ੍ਰਭਾਵਿਤ ਨਹੀਂ ਕਰਦੀ। ਇਸ ਕਰ ਕੇ ਵਿਦਿਆਰਥੀ/ਨੌਜਵਾਨ ਜਥੇਬੰਦੀਆਂ ਜੋ ਇਸ ਲਹਿਰ ਦੀ ਤਾਕਤ ਸੀ, ਅੱਜ ਕੱਲ੍ਹ ਉਸ ਤੋਂ ਕੋਰੇ ਹਨ। ਪੰਜਾਬ ਸਟੂਡੈਂਟਸ ਯੂਨੀਅਨ ਦੀ ਵਿਦਿਆਰਥੀ ਵਰਗ ਵਿਚ ਜੇ ਮਹੱਤਵਪੂਰਨ ਥਾਂ ਹੈ ਤਾਂ ਉਹ ਰਾਜਨੀਤਿਕ ਮੁੱਦਿਆਂ 'ਤੇ ਘੋਲ ਅਤੇ ਘੋਲਾਂ ਵਿਚ ਖਾੜਕੂਪੁਣੇ ਕਰ ਕੇ ਹੈ, ਪਰ ਇੰਨੀ ਕਾਫੀ ਨਹੀਂ ਕਿ ਖਲਾਅ ਭਰ ਸਕੇ।

ਇਨ੍ਹਾਂ ਹਾਲਾਤ ਵਿਚ ਇਸ ਰਾਜਨੀਤਕ ਖਲਾਅ ਨੂੰ ਹਾਕਮ ਜਮਾਤਾਂ ਦੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੇ ਸਿਆਸੀ ਹਿੱਤਾਂ ਲਈ ਵਰਤਣਾ ਸ਼ੁਰੂ ਕੀਤਾ। ਉਨ੍ਹਾਂ ਖਾੜਕੂ ਸੁਭਾਅ ਵਾਲੇ ਨੌਜਵਾਨਾਂ ਨੂੰ ਪਾਰਟੀਆਂ ਦੀਆਂ ਜੇਬੀ ਜਥੇਬੰਦੀਆਂ ਰਾਹੀਂ ਗੰਢਣਾ ਸ਼ੁਰੂ ਕੀਤਾ ਅਤੇ ਬੜੇ ਵਿਉਂਤਬੰਦ ਢੰਗ ਨਾਲ ਇਨ੍ਹਾਂ ਦੇ ਖਾੜਕੂਪੁਣੇ ਨੂੰ ਗੁੰਡਾਗਰਦੀ ਦੇ ਰਾਹ ਤੋਰਿਆ। ਉਹ ਇਨ੍ਹਾਂ ਨੂੰ ਦਹਿਸ਼ਤ ਪਾਉਣ, ਵਿਰੋਧੀਆਂ ਨੂੰ ਡਰਾਉਣ ਅਤੇ ਕਾਰੋਬਾਰ ਫੈਲਾਉਣ ਲਈ ਵਰਤਦੇ। ਇਸ ਦੇ ਬਦਲੇ ਉਹ ਸਿਆਸੀ ਲੋਕ ਇਨ੍ਹਾਂ ਨੌਜਵਾਨਾਂ ਨੂੰ ਸਰਪ੍ਰਸਤੀ ਦਿੰਦੇ। ਉਨ੍ਹਾਂ ਦੀਆਂ ਮੁਜਰਮਾਨਾ ਕਾਰਵਾਈਆਂ ਖ਼ਿਲਾਫ਼ ਪੁਲੀਸ ਕਾਰਵਾਈ ਤੋਂ ਬਚਾਉਂਦੇ। ਇਸ ਨਾਲ ਇਨ੍ਹਾਂ ਨੌਜਵਾਨਾਂ ਦੀ ਧਾਂਕ ਜੰਮਦੀ ਅਤੇ ਇਸ ਨਾਲ ਇਨ੍ਹਾਂ ਨਾਲ ਹੋਰ ਵਧੇਰੇ ਨੌਜਵਾਨ ਜੁੜਦੇ, ਤੇ ਫਿਰ ਇਹ ਗਰੋਹ, ਗੈਂਗ ਦਾ ਰੂਪ ਧਾਰ ਲੈਂਦੇ।

ਹਾਕਮ ਜਮਾਤੀ ਸਿਆਸਤਦਾਨ ਇਨ੍ਹਾਂ ਦੀ ਵਰਤੋਂ ਗੁੰਡਾ ਤਾਕਤ ਵਜੋਂ ਅਤੇ ਆਪਣੀਆਂ ਰੈਲੀਆਂ ਵਿਚ ਇਕੱਠ ਵਧਾਉਣ ਲਈ ਵੀ ਕਰਦੇ। ਆਪਣੇ ਸ਼ਾਹੀ ਖਰਚੇ ਪੂਰੇ ਕਰਨ ਲਈ ਇਹ ਗੈਂਗ ਲੁੱਟਾਂ ਅਤੇ ਡਕੈਤੀਆਂ ਕਰਦੇ, ਪਰ ਸਿਆਸੀ ਛਤਰ-ਛਾਇਆ ਹੇਠ ਬਚੇ ਰਹਿੰਦੇ। ਖਰਚੇ ਦੇ ਮਕਸਦ ਨਾਲ ਹੀ ਇਹ ਡਰੱਗ ਤਸਕਰੀ ਵੀ ਸ਼ੁਰੂ ਕਰ ਲੈਂਦੇ। ਸੁਪਾਰੀ ਲੈ ਕੇ ਕਤਲ ਕਰਦੇ। ਪੈਸੇ ਲੈ ਕੇ ਜ਼ਮੀਨਾਂ/ਪਲਾਟਾਂ 'ਤੇ ਕਬਜ਼ੇ ਕਰਦੇ/ਛੁਡਾਉਂਦੇ। ਇਸ ਧੰਦੇ ਵਿਚ ਵੱਖ-ਵੱਖ ਗਰੋਹਾਂ ਵਿਚ ਵਿਰੋਧ ਖੜ੍ਹੇ ਹੋ ਜਾਂਦੇ ਅਤੇ ਇੱਕ-ਦੂਜੇ ਦੇ ਕਤਲ ਵੀ ਕਰਦੇ। ਇਹ ਆਪਣੀਆਂ ਕਾਰਵਾਈਆਂ ਨੂੰ ਵਧਾ-ਚੜ੍ਹਾਅ ਕੇ ਪੇਸ਼ ਕਰਨ ਲਈ ਪੁਲੀਸ ਅਫਸਰਾਂ ਤੇ ਵਿਰੋਧੀ ਗੈਂਗ ਲੀਡਰਾਂ ਨੂੰ ਚੈਲਿੰਜ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ, ਆਧੁਨਿਕ ਹਥਿਆਰਾਂ ਨਾਲ ਆਪਣੀਆਂ ਫੋਟੋਆਂ ਅਪਲੋਡ ਕਰਦੇ। ਸੋਸ਼ਲ ਮੀਡੀਏ 'ਤੇ ਕੱਚੀ ਸਮਝ-ਉਲਾਰ ਮਨ ਵਾਲੇ ਨੌਜਵਾਨ ਇਨ੍ਹਾਂ ਵੱਲ ਖਿੱਚੇ ਜਾਂਦੇ। ਇਉਂ ਪਿਛਲੇ ਦੋ ਦਹਾਕਿਆਂ ਵਿਚ ਗੈਂਗਵਾਦ ਦਾ ਪਸਾਰਾ ਹੁੰਦਾ ਗਿਆ। ਹਾਕਮ ਜਮਾਤੀ ਸਿਆਸਤਦਾਨਾਂ ਤੇ ਗੈਂਗਸਟਰਾਂ ਦੀ ਸਾਂਝ ਜੱਗ-ਜ਼ਾਹਿਰ ਹੈ। ਜੇ ਇਸ ਬਾਰੇ ਡੂੰਘੀ ਜਾਂਚ ਕਰਵਾਈ ਜਾਵੇ ਤਾਂ ਇਸ ਸਾਂਝ ਦਾ ਵਿਆਪਕ ਪਸਾਰਾ ਸਾਹਮਣੇ ਆ ਸਕਦਾ ਹੈ, ਪਰ ਸਿਤਮਜ਼ਰੀਫੀ ਇਹ ਕਿ ਇਨ੍ਹਾਂ ਗੈਂਗਸਟਰਾਂ ਨੂੰ ਤਾਂ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਹੈ, ਪਰ ਸਬੰਧਤ ਸਿਆਸਤਦਾਨਾਂ ਨੂੰ ਭੋਰਾ ਸੇਕ ਨਹੀਂ ਲੱਗ ਰਿਹਾ।

ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਰੁਜ਼ਗਾਰ ਸਨਅਤੀਕਰਨ ਨਾਲ ਜੁੜਿਆ ਹੈ; ਪਰ ਪੰਜਾਬ ਸਨਅਤ ਪੱਖੋਂ ਪਛੜਿਆ ਹੋਇਆ ਹੈ। ਉਂਜ ਵੀ ਦੇਸ਼ ਦੀ ਆਰਥਿਕਤਾ ਦੇ ਕੁੰਜੀਵਤ ਸਥਾਨਾਂ 'ਤੇ ਸਾਮਰਾਜੀ ਸਰਮਾਇਆ ਹਾਵੀ ਹੋਣ ਕਰ ਕੇ ਸਨਅਤ ਦੇ ਬੇਰੋਕ ਵਿਕਾਸ ਨੂੰ ਬੰਨ੍ਹ ਮਾਰਿਆ ਹੋਇਆ ਹੈ। ਇਸ ਨੂੰ ਜ਼ਬਤ ਕੀਤੇ ਬਿਨਾਂ ਇਹ ਬੰਨ੍ਹ ਟੁੱਟਣਾ ਸੰਭਵ ਨਹੀਂ। ਜਿਹੜੀਆਂ ਨੌਕਰੀਆਂ ਆ ਵੀ ਰਹੀਆਂ ਹਨ, ਉਹ ਠੇਕੇ 'ਤੇ ਅਤੇ ਅਸਥਾਈ ਹਨ। 40,000 ਦੇ ਗਰੇਡ ਵਾਲੀਆਂ ਪੋਸਟਾਂ 'ਤੇ 5-7 ਹਜ਼ਾਰ ਤਨਖਾਹ ਦਿੱਤੀ ਜਾ ਰਹੀ ਹੈ। ਹਾਕਮ ਰੁਜ਼ਗਾਰ ਦੇਣ ਦੀ ਥਾਂ ਚਾਹ-ਪਕੌੜੇ ਵੇਚਣ ਦੀ ਸਲਾਹ ਦੇ ਰਹੇ ਹਨ। ਜਵਾਨੀ ਨੂੰ ਭਵਿੱਖ ਵਿਚ ਘੁੱਪ ਹਨੇਰੇ ਤੋਂ ਬਿਨਾਂ ਕੁਝ ਨਹੀਂ ਦਿਸਦਾ। ਉਹ ਜਾ ਤਾਂ ਜਾਇਜ਼/ਨਜਾਇਜ਼ ਤਰੀਕਿਆਂ ਨਾਲ ਵਿਦੇਸ਼ਾਂ ਨੂੰ ਭੱਜ ਰਹੇ ਹਨ ਤੇ ਜਾਂ ਗੁੰਮਰਾਹ ਹੋ ਕੇ ਗੈਂਗਸਟਰ ਬਣ ਰਹੇ ਹਨ।

ਇਸ ਵਰਤਾਰੇ ਨੂੰ ਉਤਸ਼ਾਹਿਤ ਕਰਨ ਵਿਚ ਫੈਲੇ ਸਭਿਆਚਾਰਕ ਪ੍ਰਦੂਸ਼ਣ ਦਾ ਵੀ ਵੱਡਾ ਰੋਲ ਹੈ। ਆਵਾਜ਼ ਦੇ ਨਾਲ ਨਾਲ ਦ੍ਰਿਸ਼ ਮੀਡੀਆ ਦੇ ਵੱਡੀ ਪੱਧਰ 'ਤੇ ਰੁਝਾਨ ਨਾਲ ਇਸ ਦੀ ਪ੍ਰਭਾਵਕਾਰੀ ਸਮਰੱਥਾ ਕਿਤੇ ਵਧ ਗਈ ਹੈ। ਇਸ ਵਿਚ ਇਨ੍ਹਾਂ ਗਰੋਹ ਲੀਡਰਾਂ ਨੂੰ ਨਾਇਕ ਅਤੇ ਰੌਬਿਨਹੁੱਡ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। 'ਰੁਪਿੰਦਰ ਗਾਂਧੀ: ਦਿ ਗੈਂਗਸਟਰ' ਵਰਗੀਆਂ ਫ਼ਿਲਮਾਂ ਬਣੀਆਂ ਹਨ। ਗੀਤਾਂ ਵਿਚ ਹਥਿਆਰਾਂ, ਗੈਂਗਵਾਦ, ਧੌਂਸ, ਜੱਟਵਾਦ ਅਤੇ ਆਪਸੀ ਲੜਾਈਆਂ ਦੀ ਬੇਸਿਰ-ਪੈਰ ਦੀ ਹਿੰਸਾ ਨੂੰ ਵਡਿਆਇਆ ਜਾਂਦਾ ਹੈ। ਇਹ ਜਵਾਨੀ ਦੇ ਅੱਲੜ ਮਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਇਸ ਵਰਤਾਰੇ ਦਾ ਇੱਕ ਹੋਰ ਪਹਿਲੂ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਵਰਤਾਰਾ ਵੀ ਇਸੇ ਨਾਲ ਜੁੜਿਆ ਹੈ। ਇਹ ਇੱਕੋ ਸਿੱਕੇ ਦੇ ਦੋ ਪਾਸੇ ਹਨ। ਗੈਂਗਵਾਦ ਦਾ ਵਰਤਾਰਾ ਸਿਰਫ ਅਮਨ-ਕਾਨੂੰਨ ਦਾ ਮਾਮਲਾ ਨਹੀਂ, ਬਲਕਿ ਇਸ ਦੀਆਂ ਕਈ ਪਰਤਾਂ ਹਨ। ਗੈਂਗਵਾਦ, ਨਸ਼ੇ ਇਹ ਵਰਤਾਰੇ ਇਸ ਸਮਾਜਿਕ-ਆਰਥਿਕ-ਰਾਜਨੀਤਿਕ ਪ੍ਰਬੰਧ ਦੀ ਦੇਣ ਹਨ। ਇਨ੍ਹਾਂ ਦਾ ਅਸਲੀ ਹੱਲ ਇਸ ਪ੍ਰਬੰਧ ਨੂੰ ਮੁੱਢੋਂ-ਸੁੱਢੋਂ ਬਦਲਣਾ ਹੈ।

# ਸੀ. ਪੀ. ਐਮ., ਸੰਸਦੀ ਸਿਆਸਤ ਅਤੇ ਹਿੰਦੂਤਵ ਫਾਸ਼ੀਵਾਦ

ਸੰਘ ਬ੍ਰਿਗੇਡ 2019 ਵਿਚ ਮੁੜ ਸਰਕਾਰ ਬਣਾ ਕੇ ਸੱਤਾ ਉਪਰ ਆਪਣਾ ਕਬਜ਼ਾ ਬਰਕਰਾਰ ਰੱਖਣ ਅਤੇ ਮੁਲਕ ਨੂੰ ਹਿੰਦੂ ਰਾਸ਼ਟਰ ਵਿਚ ਬਦਲਣ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਜ਼ੋਰ-ਸ਼ੋਰ ਨਾਲ ਜੁਟਿਆ ਹੋਇਆ ਹੈ, ਪਰ ਮੁਲਕ ਦੀ ਸੰਸਦੀ ਖੱਬੀ ਧਿਰ ਦੀ ਮੁਖ ਪਾਰਟੀ ਸੀ ਪੀ ਐਮ ਅਜੇ ਇਹ ਬਹਿਸ ਕਰ ਰਹੀ ਹੈ ਕਿ ਭਗਵੀ ਤਾਕਤ ਦਾ ਸੱਤਾ ਉਪਰ ਕਾਬਜ਼ ਹੋ ਕੇ ਦਨਦਨਾਉਣ ਦਾ ਵਰਤਾਰਾ ਫਾਸ਼ੀਵਾਦ ਦੀ ਦਸਤਕ ਹੈ, ਜਾਂ ਇਹ ਫਿਰਕੂ ਤਾਨਾਸ਼ਾਹ ਰਾਜ ਹੈ? ਇਸੇ ਨਾਲ ਜੁੜਿਆ ਅਗਲਾ ਮੁੱਦਾ ਹੈ- ਇਸ ਵਿਰੁਧ ਲੜਨ ਲਈ ਕਾਂਗਰਸ ਨਾਲ ਮਿਲ ਕੇ ਵਿਆਪਕ ਗੱਠਜੋੜ ਬਣਾਇਆ ਜਾਵੇ, ਜਾਂ ਮੁਕਾਮੀ ਹਾਲਤ ਅਨੁਸਾਰ

**ਬੂਟਾ ਸਿੰਘ**
ਫੋਨ: 91-94634-74342

ਚੋਣਾਂ ਵਿਚ ਸੀਟਾਂ ਦਾ ਲੈਣ-ਦੇਣ ਹੀ ਕੀਤਾ ਜਾਵੇ? ਪਿਛਲੇ ਮਹੀਨੇ ਕੋਲਕਾਤਾ ਵਿਚ ਸੀ ਪੀ ਐਮ ਦੀ ਕੇਂਦਰੀ ਕਮੇਟੀ ਦੀ ਜੋ ਮੀਟਿੰਗ ਹੋਈ, ਉਸ ਵਿਚ ਪਾਰਟੀ ਦੇ ਦੋ ਮੁੱਖ ਆਗੂਆਂ ਸੀਤਾਰਾਮ ਯੈਚੁਰੀ ਅਤੇ ਪ੍ਰਕਾਸ਼ ਕਰਤ ਵਲੋਂ ਪੇਸ਼ ਕੀਤੀਆਂ ਦੋ ਵੱਖ ਵੱਖ ਸਿਆਸੀ ਦਾਅਪੇਚਕ ਲਾਈਨਾਂ ਦਾ ਕੇਂਦਰੀ ਮੁੱਦਾ ਇਹੀ ਸੀ। ਕੇਂਦਰੀ ਕਮੇਟੀ ਦੀ ਬਹੁਗਿਣਤੀ ਨੇ ਕਰਤ ਲਾਈਨ ਨਾਲ ਸਹਿਮਤੀ ਪ੍ਰਗਟਾਈ। ਕਰਤ ਦੇ ਸਿਆਸੀ ਜਾਇਜ਼ੇ ਦਾ ਸਾਰ-ਤੱਤ ਇਹ ਹੈ ਕਿ ਮੋਦੀ ਸਰਕਾਰ ਦੀ ਛੱਤਰ-ਛਾਇਆ ਹੇਠ ਸੰਘ ਪਰਿਵਾਰ ਦੀਆਂ ਦਹਿਸ਼ਤੀ ਮੁਹਿੰਮਾਂ ਨੂੰ ਫਾਸ਼ੀਵਾਦ ਨਹੀਂ ਕਿਹਾ ਜਾ ਸਕਦਾ, ਫਿਰ ਇਸ ਚੁਣੌਤੀ ਦਾ ਮੁਕਾਬਲਾ ਕਰਨ ਲਈ ਕਾਂਗਰਸ ਸਮੇਤ 'ਧਰਮ ਨਿਰਪੱਖ' ਤਾਕਤਾਂ ਨਾਲ ਵਿਆਪਕ ਗੱਠਜੋੜ ਬਣਾਉਣ ਦੀ ਲੋੜ ਨਹੀਂ ਉਪਜਦੀ। ਪ੍ਰਕਾਸ਼ ਕਰਤ ਵਲੋਂ ਪੇਸ਼ ਕੀਤੇ ਸਿਆਸੀ ਜਾਇਜ਼ੇ ਉਪਰ ਸੀ ਪੀ ਐਮ ਦੀ ਅਪਰੈਲ ਵਿਚ ਹੈਦਰਾਬਾਦ ਵਿਖੇ ਹੋ ਰਹੀ ਕੌਮੀ ਕਾਂਗਰਸ ਅੰਦਰ ਬਹਿਸ ਹੋਵੇਗੀ ਅਤੇ ਉਥੇ ਅੰਤਿਮ ਫ਼ੈਸਲਾ ਕੀਤਾ ਜਾਵੇਗਾ। ਦੇਖਣਾ ਇਹ ਹੈ ਕਿ ਪਾਰਟੀ ਕਾਂਗਰਸ ਕਿਸ ਸਿਆਸੀ ਲਾਈਨ ਨੂੰ ਪ੍ਰਵਾਨਗੀ ਦਿੰਦੀ ਹੈ।

ਸੀ ਪੀ ਐਮ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਬਹਿਸ ਨਵੀਂ ਗੱਲ ਨਹੀਂ। ਪਹਿਲਾਂ ਵੀ ਫਿਰਕੂ ਤਾਕਤਾਂ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ 'ਧਰਮ ਨਿਰਪੱਖ' ਕਾਂਗਰਸ ਨੂੰ ਕਿਸ ਰੂਪ ਵਿਚ ਹਮਾਇਤ ਦਿੱਤੀ ਜਾਵੇ, ਇਸ ਉਪਰ ਵਿਵਾਦ ਉਠਦਾ ਰਿਹਾ ਹੈ। 'ਧਰਮ ਨਿਰਪੱਖ' ਤਾਕਤਾਂ ਨਾਲ ਗੱਠਜੋੜ ਬਣਾ ਕੇ ਸਰਕਾਰ ਵਿਚ ਸਿੱਧੇ ਭਾਈਵਾਲ ਬਣਨ ਜਾਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦੀ ਬਾਹਰੋਂ ਹਮਾਇਤ ਕਰਨ ਦੇ ਸਵਾਲ ਉਪਰ ਬਹਿਸ ਹੁੰਦੀ ਰਹੀ ਹੈ। ਇਕ ਵਾਰ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਤਜਵੀਜ਼ ਉਪਰ ਸੀ ਪੀ ਐਮ ਅੰਦਰਲੀ ਤਿੱਖੀ ਧੜੇਬੰਦੀ ਸਾਹਮਣੇ ਆਈ ਸੀ। 2004 ਵਿਚ ਕਾਂਗਰਸ ਨੇ 'ਘੱਟੋ-ਘੱਟ ਸਾਂਝੇ ਪ੍ਰੋਗਰਾਮ' ਦੇ ਆਧਾਰ 'ਤੇ ਸੰਸਦੀ ਖੱਬੀ ਧਿਰ ਦੀ ਮਦਦ ਨਾਲ ਸਰਕਾਰ ਬਣਾਈ ਜਿਸ ਵਿਚ ਸੀ ਪੀ ਐਮ ਮੁਖ ਤਾਕਤ ਸੀ। ਫਿਰ ਪ੍ਰਕਾਸ਼ ਕਰਤ ਦੀ ਅਗਵਾਈ ਵਿਚ ਇਹ ਖੱਬੀ ਧਿਰ ਜੁਲਾਈ 2008 ਵਿਚ ਯੂ ਪੀ ਏ ਸਰਕਾਰ ਦੀ ਅਸਿਧੀ ਭਾਈਵਾਲੀ ਵਿਚੋਂ ਬਾਹਰ ਆ ਗਈ। ਇਸ ਦਾ ਕਾਰਨ ਸਰਕਾਰ ਵਲੋਂ ਅਮਰੀਕਾ ਨਾਲ ਪਰਮਾਣੂ ਸਮਝੌਤਾ ਕਰਨਾ ਬਣਿਆ ਸੀ। ਸੀ ਪੀ ਐਮ ਦੀ ਲੀਡਰਸ਼ਿਪ ਦਾ ਕਹਿਣਾ ਸੀ ਕਿ ਮਨਮੋਹਨ ਸਿੰਘ ਸਰਕਾਰ ਵਲੋਂ ਇਹ ਸਮਝੌਤਾ 'ਘੱਟੋ-ਘੱਟ ਸਾਂਝਾ ਪ੍ਰੋਗਰਾਮ' ਦੀ ਉਲੰਘਣਾ ਸੀ, ਕਿਉਂਕਿ ਇਸ ਪ੍ਰੋਗਰਾਮ ਵਿਚ ਇਸ ਤੋਂ ਪਹਿਲੀ ਭਾਜਪਾ ਸਰਕਾਰ ਦੀ ਅਮਰੀਕਾ ਪੱਖੀ ਵਿਦੇਸ਼ ਨੀਤੀ ਨੂੰ ਰੱਦ ਕਰ ਕੇ ਆਜ਼ਾਦ ਵਿਦੇਸ਼ ਨੀਤੀ ਅਖ਼ਤਿਆਰ ਕਰਨ ਦਾ ਵਚਨ ਦਿੱਤਾ ਗਿਆ ਸੀ। ਇਸ ਪ੍ਰੋਗਰਾਮ ਦਾ ਨਿਸ਼ਾਨਾ 'ਫਿਰਕੂ ਤਾਕਤਾਂ ਵਿਰੁਧ ਲੜਾਈ ਦੇਣਾ ਅਤੇ ਭਾਜਪਾ ਦੇ ਰਾਜ ਵਿਚ ਮੁਲਕ ਦੇ ਧਰਮ ਨਿਰਪੱਖ ਰਾਜਤੰਤਰ ਨੂੰ ਪਹੁੰਚਾਏ ਗਏ ਨੁਕਸਾਨ ਨੂੰ ਪੂਰਾ ਕਰਨਾ' ਦੱਸਿਆ ਗਿਆ ਸੀ। ਯੈਚੁਰੀ ਧੜੇ ਅਨੁਸਾਰ ਸੀ ਪੀ ਐਮ ਦੀ ਸਿਆਸੀ ਸਾਖ਼ ਨੂੰ ਖ਼ੋਰਾ ਲੱਗਣ ਦਾ ਕਾਰਨ ਕਰਤ ਦੀ ਇਹ ਸਿਆਸੀ ਲਾਈਨ ਸੀ। ਇਕ ਗੱਲ ਪੂਰੀ ਤਰ੍ਹਾਂ ਸਾਫ਼ ਹੈ ਕਿ ਦੋਨਾਂ ਵਿਚੋਂ ਕੋਈ ਵੀ ਧੜਾ, ਭਾਜਪਾ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਕਾਂਗਰਸ ਨਾਲ ਸਾਂਝ ਦੇ ਖ਼ਿਲਾਫ਼ ਨਹੀਂ, ਬਹਿਸ ਇਸ ਨੂੰ ਲੈ ਕੇ ਹੈ ਕਿ ਹਾਸਲ ਹਾਲਤ ਵਿਚ ਸਾਂਝ ਕਿਸ ਤਰ੍ਹਾਂ ਦੀ ਹੋਵੇ।

ਯੈਚੁਰੀ ਵਲੋਂ ਪੇਸ਼ ਕੀਤੀ ਸਿਆਸੀ ਲਾਈਨ ਸੰਘ ਬ੍ਰਿਗੇਡ ਦੀ ਹਿੰਦੂਤਵੀ ਫਾਸ਼ੀਵਾਦ ਵਜੋਂ ਨਿਸ਼ਾਨਦੇਹੀ ਤਾਂ ਕਰਦੀ ਹੈ, ਲੇਕਿਨ ਇਸ ਵਿਰੁਧ ਲੜਨ ਲਈ ਇਸ ਦੀ ਮੁਕੰਮਲ ਟੇਕ ਕਾਂਗਰਸ ਨਾਲ ਗੱਠਜੋੜ ਬਣਾਉਣ ਉਪਰ ਹੈ। ਕਰਤ ਦੀ ਸਿਆਸੀ ਲਾਈਨ ਹਿੰਦੂਤਵ ਤਾਕਤਾਂ ਵਲੋਂ ਸੱਤਾ ਉਪਰ ਕਾਬਜ਼ ਹੋ ਕੇ ਚਲਾਈ ਜਾ ਰਹੀ ਵੰਨ-ਸੁਵੰਨੀ ਹਮਲਾਵਰ ਮੁਹਿੰਮ ਦੇ ਖ਼ਤਰੇ ਨੂੰ ਫਿਰਕੂ ਹਿੰਸਾ ਤਕ ਘਟਾ ਕੇ ਦੇਖਦੀ ਹੈ, ਜਦਕਿ ਇਹ ਹਿੰਸਾ ਆਏ ਦਿਨ ਜ਼ਾਹਰਾ ਤੌਰ 'ਤੇ ਵਧੇਰੇ ਖ਼ੂੰਖ਼ਾਰ ਬਣ ਰਹੀ ਹੈ। ਮਤਲਬ, ਜਦੋਂ ਤਕ ਹਿੰਦੂਤਵ ਦੇ ਹਥਿਆਰਬੰਦ ਦਸਤੇ ਇਟਲੀ ਵਿਚ ਮੁਸੋਲਿਨੀ ਜਾਂ ਜਰਮਨੀ ਵਿਚ ਹਿਟਲਰ ਦੀ ਅਗਵਾਈ ਵਾਲੇ ਹਥਿਆਰਬੰਦ ਗਰੋਹਾਂ ਦੀ ਤਰਜ਼ 'ਤੇ ਖੁੱਲ੍ਹੇਆਮ ਸੜਕਾਂ ਉਪਰ ਆ ਕੇ ਥੋਕ ਵਿਚ ਨਸਲਕੁਸ਼ੀ ਸ਼ੁਰੂ ਨਹੀਂ ਕਰਦੇ, ਉਦੋਂ ਤਕ ਇਸ ਨੂੰ ਫਾਸ਼ੀਵਾਦ ਨਹੀਂ ਕਿਹਾ ਜਾ ਸਕਦਾ। ਜਦੋਂ ਸਾਹਮਣੇ ਖੜ੍ਹੇ ਖ਼ਤਰੇ ਬਾਰੇ ਸਿਆਸੀ ਜਾਇਜ਼ਾ ਹੀ ਦਰੁਸਤ ਨਹੀਂ, ਫਿਰ ਇਸ ਖ਼ਤਰੇ ਦਾ ਮੁਕਾਬਲਾ ਕਰਨ ਲਈ ਅਸਰਦਾਰ ਸਿਆਸੀ ਲੜਾਈ ਵਿੱਢੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਅਗਲਾ ਸਵਾਲ ਇਹ ਹੈ ਕਿ ਇਸ ਖ਼ਤਰੇ ਦਾ ਮੁਕਾਬਲਾ ਕਰਨ ਲਈ ਕਿਨ੍ਹਾਂ ਤਾਕਤਾਂ ਨਾਲ ਮਿਲ ਕੇ ਲੜਿਆ ਜਾਵੇ। ਕਰਤ ਸਮੇਤ ਸਮੁੱਚੀ ਸੰਸਦੀ ਖੱਬੀ ਧਿਰ ਅਨੁਸਾਰ ਕਾਂਗਰਸ 'ਧਰਮ ਨਿਰਪੱਖ' ਤਾਕਤ ਹੈ, ਭਾਵੇਂ ਇਹ ਖੁੱਲ੍ਹੀ ਮੰਡੀ ਦੇ ਨਵਉਦਾਰਵਾਦੀ ਆਰਥਿਕ ਮਾਡਲ ਦੀ ਅੰਨ੍ਹੀ ਪੈਰੋਕਾਰ ਹੈ; ਲੇਕਿਨ ਹਕੀਕਤ ਇਹ ਨਹੀਂ। ਕਾਂਗਰਸ ਅਤੇ ਭਾਜਪਾ ਦੀ ਕਰੂਰੇ ਦੀ ਸਾਂਝ ਨਿਰੀ ਆਰਥਿਕ ਨੀਤੀਆਂ ਨੂੰ ਲੈ ਕੇ ਨਹੀਂ। ਇਨ੍ਹਾਂ ਦਾ ਹੋਰ ਵੀ ਬਹੁਤ ਕੁਝ ਸਾਂਝਾ ਹੈ। 1947 ਦੀ ਸੱਤਾ ਬਦਲੀ ਤੋਂ ਬਾਅਦ ਦੇ ਸੱਤ ਦਹਾਕਿਆਂ ਵਿਚ ਇਹ ਵਾਰ ਵਾਰ ਸਾਬਤ ਹੋ ਚੁੱਕਾ ਹੈ ਕਿ ਕਾਂਗਰਸ ਧਰਮ ਨਿਰਪੱਖ ਪਾਰਟੀ ਨਾ ਹੋ ਕੇ ਇਕ ਹਿੰਦੂ ਝੁਕਾਅ ਵਾਲੀ ਪਾਰਟੀ ਹੈ। ਭਾਜਪਾ ਅਤੇ ਕਾਂਗਰਸ ਹਿੰਦੁਸਤਾਨੀ ਹਾਕਮ ਜਮਾਤ ਦੀਆਂ ਏ ਅਤੇ ਬੀ ਟੀਮਾਂ ਦੀ ਤਰ੍ਹਾਂ ਹਨ। ਇਨ੍ਹਾਂ ਦਰਮਿਆਨ ਮੁਖ ਫ਼ਰਕ ਇਹ ਹੈ ਕਿ ਭਾਜਪਾ ਖੁੱਲ੍ਹੇਆਮ ਹਿੰਦੂਤਵ ਦਾ ਏਜੰਡੇ ਲੈ ਕੇ ਚਲਦੀ ਹੈ, ਭਾਵ ਹਿੰਦੂ ਰਾਸ਼ਟਰ ਬਣਾਉਣ ਦੇ ਸਿਆਸੀ ਏਜੰਡੇ ਤਹਿਤ ਹਿੰਦੂ ਵਸੋਂ ਨੂੰ ਸ਼ਰੇਆਮ ਸਿਆਸੀ ਤੌਰ 'ਤੇ ਲਾਮਬੰਦ ਕਰਦੀ ਹੈ, ਜਦਕਿ ਕਾਂਗਰਸ ਧਰਮ ਨਿਰਪੱਖਤਾ ਦਾ ਮਖੌਟਾ ਪਾ ਕੇ ਹਿੰਦੂ ਰਾਸ਼ਟਰਵਾਦ ਨੂੰ ਅਮਲ ਵਿਚ ਲਿਆਉਂਦੀ ਹੈ। ਸੱਤਾ ਉਪਰ ਕਾਬਜ਼ ਹੋਣ ਲਈ ਕਾਂਗਰਸ ਦੀ ਲੀਡਰਸ਼ਿਪ ਨੂੰ ਬਹੁਗਿਣਤੀ ਹਿੰਦੂ ਫਿਰਕੇ ਨੂੰ ਆਪਣੇ ਵੋਟ ਬੈਂਕ ਦੇ ਤੌਰ 'ਤੇ ਲਾਮਬੰਦ ਕਰਨ ਲਈ ਨਾ ਹਿੰਦੂ ਪੱਤਾ ਖੇਡਣ ਤੋਂ ਗੁਰੇਜ਼ ਹੈ, ਨਾ ਹਿੰਦੂ ਫਿਰਕਾਪ੍ਰਸਤੀ ਨੂੰ ਸ਼ਹਿ ਦੇਣ ਤੋਂ। 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਿੰਦੂ ਪੱਤੇ ਦਾ ਇਸਤੇਮਾਲ ਕਰਨਾ, ਬਾਬਰੀ ਮਸਜਿਦ ਮਾਮਲੇ ਵਿਚ ਵੱਖ ਵੱਖ ਸਮੇਂ ਉਪਰ ਹਿੰਦੂ ਫਿਰਕਾਪ੍ਰਸਤਾਂ ਨੂੰ ਖੁੱਲ੍ਹ ਦੇਣਾ ਅਤੇ ਹਾਲ ਹੀ ਵਿਚ ਗੁਜਰਾਤ ਵਿਚ ਹੋਈਆਂ ਚੋਣਾਂ ਵਿਚ ਰਾਹੁਲ ਗਾਂਧੀ ਵਲੋਂ 'ਨਰਮ ਹਿੰਦੂਤਵ' ਉਪਰ ਟੇਕ ਰੱਖ ਕੇ ਚੱਲਣਾ ਇਸ ਦੀਆਂ ਜ਼ਾਹਰਾ ਮਿਸਾਲਾਂ ਹਨ। ਕਾਂਗਰਸ ਦੇ ਅਸਲ ਕਿਰਦਾਰ ਨੂੰ ਬੇਨਕਾਬ ਕਰਨ ਦੀ ਬਜਾਏ ਸੰਸਦੀ ਖੱਬੀ ਧਿਰ ਨੇ ਧਰਮ ਨਿਰਪੱਖਤਾ ਦੇ ਸਰਟੀਫੀਕੇਟ ਨਾਲ ਇਸ ਮਖੌਟੇ ਨੂੰ ਹੋਰ ਭਰਮਾਊ ਬਣਾਇਆ ਹੋਇਆ ਹੈ। ਇਹ ਤਾਂ ਸਮਝ ਆਉਂਦਾ ਹੈ ਕਿ ਮੁਲਕ ਦੇ ਫਿਰਕਾਪ੍ਰਸਤੀ ਵਿਰੋਧੀ ਆਮ ਲੋਕ ਕਾਂਗਰਸ ਦੇ ਇਸ ਮਖੌਟੇ ਨੂੰ ਸਮਝਣ ਵਿਚ ਧੋਖਾ ਖਾ ਸਕਦੇ ਹਨ ਅਤੇ ਖਾਂਦੇ ਰਹੇ ਹਨ; ਲੇਕਿਨ ਇਹ ਸੰਸਦੀ ਖੱਬੀ ਧਿਰ ਦੀ ਦੀਵਾਲੀਆ ਸਿਆਸਤ ਹੈ, ਜਿਸ ਨੇ ਹਮੇਸ਼ਾ ਇਸ ਭਰਮ ਨੂੰ ਪੱਕਾ ਕਰਨ ਵਿਚ ਮੁਖ ਭੂਮਿਕਾ ਨਿਭਾਈ ਹੈ।

ਇਹ ਸਾਬਤ ਹੋ ਚੁੱਕਾ ਹੈ ਕਿ ਸੰਘ ਬ੍ਰਿਗੇਡ ਨੂੰ ਚੋਣਾਂ ਰਾਹੀਂ ਸੱਤਾ ਤੋਂ ਲਾਹੁਣ ਅਤੇ ਦੁਬਾਰਾ ਆਉਣ ਤੋਂ ਰੋਕਣ ਦੇ ਨਾਂ ਹੇਠ ਵੱਖ ਵੱਖ ਚੋਣਵਾਦੀ ਪਾਰਟੀਆਂ ਵਲੋਂ ਮਿਲ ਕੇ ਜੋ ਗੱਠਜੋੜ ਬਣਾਏ ਜਾਂਦੇ ਰਹੇ ਹਨ, ਉਹ ਤਾਂ ਸਗੋਂ ਹਿੰਦੂਤਵ ਤਾਕਤਾਂ ਦੇ ਸੱਤਾ ਵਿਚ ਆਉਣ ਲਈ ਹੋਰ ਜ਼ਰਖੇਜ਼ ਜ਼ਮੀਨ ਤਿਆਰ ਕਰਦੇ ਰਹੇ ਹਨ। ਨਕਲੀ ਧਰਮ ਨਿਰਪੱਖ ਤਾਕਤਾਂ ਨਾਲ ਚੋਣ ਜੋੜ-ਤੋੜ ਸੰਘ ਬ੍ਰਿਗੇਡ ਨੂੰ ਵਕਤੀ ਤੌਰ 'ਤੇ ਸੱਤਾ ਤੋਂ ਬਾਹਰ ਰੱਖਣ ਦਾ ਸਾਧਨ ਤਾਂ ਬਣ ਸਕਦੇ ਹਨ, ਲੇਕਿਨ ਸੰਘ ਪਰਿਵਾਰ ਅਤੇ ਹੋਰ ਫਿਰਕਾਪ੍ਰਸਤ ਤਾਕਤਾਂ ਵਲੋਂ ਸਮਾਜ ਵਿਚ ਫੈਲਾਈ ਜਾਂਦੀ ਫਿਰਕੂ ਜ਼ਹਿਰ ਨੂੰ ਖ਼ਤਮ ਕਰਨ ਵਿਚ ਇਨ੍ਹਾਂ ਦੀ ਕੋਈ ਭੂਮਿਕਾ ਨਹੀਂ। ਇਨ੍ਹਾਂ ਲੋਕ ਦੁਸ਼ਮਣ ਤਾਕਤਾਂ ਦੇ ਰਾਜ ਪ੍ਰਤੀ ਅਵਾਮ ਵਿਚ ਫੈਲੀ ਵਿਆਪਕ ਬਦਜ਼ਨੀ ਸਗੋਂ ਸੰਘ ਬ੍ਰਿਗੇਡ ਨੂੰ ਸੱਤਾ ਵਿਚ ਆਉਣ ਦਾ ਰਾਹ ਪੱਧਰਾ ਕਰਦੀ ਹੈ। ਪੱਛਮੀ ਬੰਗਾਲ ਤੋਂ ਬਾਅਦ ਆਰ ਐਸ ਐਸ. ਨੇ ਸੀ ਪੀ ਐਮ ਦੀ ਅਗਵਾਈ ਵਾਲੇ ਰਾਜ, ਕੇਰਲਾ ਵਿਚ ਵੀ ਚੋਖਾ ਸਮਾਜੀ ਆਧਾਰ ਤਿਆਰ ਕਰ ਲਿਆ ਹੈ। ਸੀ ਪੀ ਐਮ ਅਤੇ ਆਰ ਐਸ ਐਸ ਵਧ ਰਿਹਾ ਟਕਰਾਓ ਇਸ ਦਾ ਸਬੂਤ ਹੈ। ਇਹ ਅਖੌਤੀ ਮੁਖਧਾਰਾ ਸਿਆਸਤ ਦੇ ਦੀਵਾਲੀਆਪਣ ਅਤੇ ਲੋਕ ਪੱਖੀ ਤਾਕਤਾਂ ਵਲੋਂ ਅਵਾਮ ਅੱਗੇ ਬਦਲ ਪੇਸ਼ ਨਾ ਕਰ ਸਕਣ ਪੈਦਾ ਹੁੰਦਾ ਰਾਜਸੀ ਖ਼ਲਾਅ ਹੈ ਜਿਸ ਵਿਚ ਸੰਘ ਬ੍ਰਿਗੇਡ ਅਵਾਮ ਅੱਗੇ ਰਾਜਸੀ ਬਦਲ ਬਣ ਕੇ ਪੇਸ਼ ਹੁੰਦਾ ਹੈ। 2004 ਤੋਂ ਲੈ ਕੇ 2014 ਤਕ ਕਾਂਗਰਸ ਦੀ ਅਗਵਾਈ ਵਾਲੀ 'ਸਾਂਝਾ ਪ੍ਰਗਤੀਸ਼ੀਲ ਗੱਠਜੋੜ' ਸਰਕਾਰ ਵਲੋਂ ਲਾਗੂ ਕੀਤੀਆਂ ਆਰਥਿਕ ਨੀਤੀਆਂ ਰਾਹੀਂ ਅਵਾਮ ਦੀ ਬੇਤਹਾਸ਼ਾ ਲੁਟਮਾਰ, ਘੁਟਾਲਿਆਂ ਅਤੇ ਰਾਜਕੀ ਜਬਰ ਕਾਰਨ ਮੁਲਕ ਵਿਚ ਜੋ ਵਿਆਪਕ ਬੇਚੈਨੀ ਬਣੀ, ਉਸ ਦਾ ਸਿੱਧਾ ਫ਼ਾਇਦਾ ਸੰਘ ਬ੍ਰਿਗੇਡ ਨੂੰ ਹੋਇਆ। ਮੋਦੀ ਦੇ ਗੁਜਰਾਤ ਮਾਡਲ ਦੀ ਕਾਇਲ ਕਾਰਪੋਰੇਟ ਸਰਮਾਏਦਾਰੀ ਨੇ ਇਸ ਨੂੰ ਸੱਤਾ ਵਿਚ ਲਿਆਉਣ ਲਈ ਹਰ ਤਰ੍ਹਾਂ ਦੀ ਮਦਦ ਕੀਤੀ।



ਪਿੱਛੇ ਜਿਹੇ ਮੁੰਬਈ ਵਿਚ ਕੀਤੀ ਤਕਰੀਰ ਵਿਚ ਪ੍ਰਕਾਸ਼ ਕਰਤ ਨੇ ਮੰਨਿਆ ਕਿ 2004 ਵਿਚ ਖੱਬੀ ਧਿਰ ਵਲੋਂ ਅਖ਼ਤਿਆਰ ਕੀਤੇ ਚੋਣ ਦਾਅਪੇਚਾਂ ਨਾਲ ਵਾਜਪਾਈ ਸਰਕਾਰ ਨੂੰ ਸੱਤਾ ਤੋਂ ਪਾਸੇ ਜ਼ਰੂਰ ਕਰ ਦਿੱਤਾ ਗਿਆ, ਪਰ ਉਸ ਦੇ ਸਮਾਜੀ ਆਧਾਰ ਨੂੰ ਕੋਈ ਆਂਚ ਨਹੀਂ ਆਈ; ਕਿਉਂਕਿ ਸੰਘ ਪਰਿਵਾਰ ਦੀ ਅਸਲ ਤਾਕਤ ਭਾਜਪਾ ਨਹੀਂ, ਆਰ ਐਸ ਐਸ ਹੈ ਜਿਸ ਦੀ ਵਿਆਪਕ ਕਾਰਜਕੁਸ਼ਲ ਮਸ਼ੀਨਰੀ ਹਿੰਦੂਤਵ ਦੀ ਵਿਚਾਰਧਾਰਾ ਨੂੰ ਸਮਾਜ ਦੇ ਵੱਖ ਵੱਖ ਖੇਤਰਾਂ ਵਿਚ ਫੈਲਾਉਣ ਲਈ ਦਿਨ-ਰਾਤ ਜੁਟੀ ਰਹਿੰਦੀ ਹੈ। ਹਾਲ ਹੀ ਵਿਚ ਸੰਘ ਮੁਖੀ ਮੋਹਨ ਭਾਗਵਤ ਨੇ ਹਿੱਕ ਠੋਕ ਕੇ ਕਿਹਾ ਹੈ ਕਿ ਆਰ ਐਸ ਐਸ ਦਾ ਤਾਣਾ-ਬਾਣਾ ਮੁਲਕ ਦੀ ਫ਼ੌਜ ਨਾਲੋਂ ਜ਼ਿਆਦਾ ਕਾਰਜਕੁਸ਼ਲਤਾ ਨਾਲ ਲੜਾਈ ਦੇ ਮੋਰਚਿਆਂ ਉਪਰ ਤਾਇਨਾਤ ਕੀਤਾ ਜਾ ਸਕਦਾ ਹੈ। ਇਹ ਅਤਿਕਥਨੀ ਨਹੀਂ ਹੈ। ਕਰਤ ਨੇ ਆਪਣੀ ਤਕਰੀਰ ਵਿਚ ਜੋ ਕਿਹਾ, ਉਹ ਅਧੂਰਾ ਸੱਚ ਹੈ। ਪੂਰਾ ਸੱਚ ਇਹ ਹੈ ਕਿ ਸੰਸਦੀ ਖੱਬੀ ਧਿਰ ਨੇ ਨਾ ਸਿਰਫ਼ ਹਿੰਦੂਤਵ ਦੇ ਖ਼ਤਰੇ ਨਾਲ ਨਜਿਠਣ ਪ੍ਰਤੀ ਗ਼ੈਰ-ਗੰਭੀਰਤਾ ਦਿਖਾਈ ਹੈ, ਸਗੋਂ ਕਾਂਗਰਸ ਵਲੋਂ ਧਰਮ ਨਿਰਪੱਖਤਾ ਦੇ ਪਰਦੇ ਹੇਠ ਖੇਡੀ ਜਾ ਰਹੀ ਖ਼ਤਰਨਾਕ ਫਿਰਕੂ ਖੇਡ ਅਤੇ ਉਸ ਵਲੋਂ ਅੰਜਾਮ ਦਿੱਤੇ ਫਿਰਕੂ ਕਤਲੇਆਮਾਂ ਨੂੰ ਦੇਖ ਕੇ ਵੀ ਅਣਡਿੱਠ ਕੀਤਾ ਹੈ।

ਜਿਥੋਂ ਤਕ ਹਿੰਦੂਤਵ ਫਾਸ਼ੀਵਾਦ ਦੇ ਹਮਲਾਵਰ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਅਸਰਦਾਰ ਲੜਾਈ ਦੇਣ ਦਾ ਸਵਾਲ ਹੈ, ਇਹ ਚੋਣਾਂ ਰਾਹੀਂ ਸਰਕਾਰ ਬਦਲ ਕੇ ਨਹੀਂ ਲੜੀ ਜਾ ਸਕਦੀ। ਇਹ ਅਵਾਮ ਦੇ ਵੱਖ ਵੱਖ ਹਿੱਸਿਆਂ ਵਿਚ ਸਿਆਸੀ ਚੇਤਨਾ ਦੇ ਪਸਾਰੇ ਦੇ ਆਧਾਰ 'ਤੇ ਲੜੇ ਜਾਣ ਵਾਲੇ ਸੰਘਰਸ਼ ਹਨ ਜੋ ਫਾਸ਼ੀਵਾਦੀ ਤਾਕਤਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰਦੇ ਹਨ। ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ, ਹੈਦਰਾਬਾਦ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ, ਖ਼ਾਸ ਕਰ ਕੇ ਜੇ ਐਨ ਯੂ ਵਿਚ ਰੌਸ਼ਨਖ਼ਿਆਲ ਵਿਦਿਆਰਥੀ ਸਮੂਹਾਂ ਵਲੋਂ ਜਮਹੂਰੀ ਤਾਕਤਾਂ ਦੀ ਹਮਾਇਤ ਨਾਲ ਲੜੇ ਸੰਘਰਸ਼ਾਂ ਨੇ ਰਾਹ ਦਿਖਾਇਆ ਹੈ ਕਿ ਹਿੰਦੂਤਵ ਫਾਸ਼ੀਵਾਦ ਵਿਰੁਧ ਲੜਾਈ ਦੇ ਅਸਲ ਮੋਰਚੇ ਕਿਹੋ ਜਿਹੇ ਹੋਣੇ ਚਾਹੀਦੇ ਹਨ। ਕੀ ਸੰਸੀ ਖੱਬੀ ਧਿਰ ਅਤੇ ਇਸ ਦੀ ਮੁਖ ਤਾਕਤ ਸੀ ਪੀ ਐਮ ਵਿਚ ਦੀਵਾਲੀਆ ਸੰਸਦੀ ਸਿਆਸਤ ਨੂੰ ਛੱਡ ਕੇ ਫਾਸ਼ੀਵਾਦ ਵਿਰੁਧ ਜੁਝਾਰੂ ਸੰਘਰਸ਼ ਦੇ ਰਾਹ ਤੁਰਨ ਦਾ ਦਮ ਹੈ?

---

# ਹਿੰਦੂਤਵੀ ਸਿਆਸਤ ਵਿਚ ਵੱਡੀ ਤਬਦੀਲੀ

ਸੱਤ ਸਾਲ ਬਾਅਦ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਦੀ ਉਮਰ 100 ਸਾਲ ਦੀ ਹੋ ਜਾਵੇਗੀ। ਜੇ ਭਾਰਤੀ ਸਿਆਸਤ ਮੌਜੂਦਾ ਦਿਸ਼ਾ ਵਿਚ ਹੀ ਅੱਗੇ ਵਧਦੀ ਰਹੀ, ਤਾਂ ਸ਼ਾਇਦ ਉਸ ਸਮੇਂ ਇਹ ਸੰਗਠਨ ਆਪਣੀ ਸਫ਼ਲਤਾ ਦੇ ਸਿਖ਼ਰ 'ਤੇ ਹੋਵੇਗਾ। ਵੱਖ ਵੱਖ ਹਿੰਦੂ ਵਰਗਾਂ ਵਿਚਕਾਰ ਹਿੰਦੂਤਵ ਦੀ ਬਹੁਸੰਖਿਆਵਾਦੀ ਵਿਚਾਰਧਾਰਾ ਦੇ ਆਧਾਰ 'ਤੇ ਸਿਆਸੀ ਏਕਤਾ ਕਾਇਮ ਕਰਨ ਦੀ ਯੋਜਨਾ ਉਸ ਸਮੇਂ ਤੱਕ ਘੱਟੋ-ਘੱਟ ਉਤਰ ਭਾਰਤ ਵਿਚ ਸਫ਼ਲ ਹੋ ਚੁੱਕੀ ਹੋਵੇਗੀ। ਦੱਖਣੀ ਭਾਰਤ ਨੂੰ ਹਿੰਦੂਤਵ ਦੇ ਝੰਡੇ ਹੇਠ ਆਉਣ

**ਅਭੈ ਕੁਮਾਰ ਦੂਬੇ**

ਵਿਚ ਅਜੇ ਥੋੜ੍ਹਾ ਹੋਰ ਸਮਾਂ ਲੱਗੇਗਾ, ਪਰ ਉਤਰ ਭਾਰਤ ਦੇ ਦਮ 'ਤੇ ਹਿੰਦੂਤਵ ਦੀ ਸਿਆਸੀ ਸ਼ਾਖਾ ਮੁਲਕ 'ਤੇ ਹਕੂਮਤ ਕਰਦੀ ਰਹਿ ਸਕਦੀ ਹੈ। ਹੁਣ ਸਵਾਲ ਹੈ ਕਿ 100ਵੇਂ ਸਾਲ ਵਾਲਾ ਸੰਘ ਉਹੀ ਹੋਵੇਗਾ, ਜਿਸ ਦੀ ਸਥਾਪਨਾ 1925 ਵਿਚ ਹੈਡਗੇਵਾਰ ਨੇ ਕੀਤੀ ਸੀ? ਕੀ ਉਹੀ ਸੰਘ ਹੋਵੇਗਾ, ਜੋ ਆਪਣੇ ਪਰਿਵਾਰ ਦੇ ਵੱਖ ਵੱਖ ਸੰਗਠਨਾਂ ਨੂੰ ਪੂਰੀ ਤਰ੍ਹਾਂ ਕੰਟਰੋਲ ਕਰਦਾ ਸੀ? ਜਾਂ ਸਥਿਤੀ ਕੁਝ ਬਦਲ ਚੁੱਕੀ ਹੋਵੇਗੀ?

ਜੇ ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀਆਂ ਤੋਂ ਪੁੱਛਿਆ ਜਾਵੇ ਕਿ ਸੰਘ ਭਾਜਪਾ ਅਤੇ ਉਸ ਦੀ ਸਰਕਾਰ ਨੂੰ ਕੰਟਰੋਲ ਕਰਦਾ ਹੈ ਜਾਂ ਭਾਜਪਾ ਦੀ ਸਰਕਾਰ ਸੰਘ ਨੂੰ ਕੰਟਰੋਲ ਕਰਦੀ ਹੈ, ਤਾਂ ਜਵਾਬ ਕੀ ਹੋਵੇਗਾ? ਦਿਲਚਸਪ ਗੱਲ ਇਹ ਹੈ ਕਿ ਇਸ ਸਵਾਲ ਦੇ ਇਕ ਨਹੀਂ, ਦੋ ਜਵਾਬ ਹੋ ਸਕਦੇ ਹਨ। ਚਾਰ ਸਾਲ ਪਹਿਲਾਂ, ਭਾਵ ਨਰੇਂਦਰ ਮੋਦੀ ਦੇ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਨ ਤੋਂ ਪਹਿਲਾਂ ਦੇ ਪ੍ਰਸੰਗ ਵਿਚ ਜੇ ਇਸ ਨੂੰ ਪੁੱਛਿਆ ਜਾਂਦਾ ਤਾਂ ਜਵਾਬ ਹੁੰਦਾ ਕਿ ਬਿਨਾਂ ਸ਼ੱਕ ਸੰਘ ਦੇ ਹੱਥ ਵਿਚ ਭਾਜਪਾ ਦੀ ਕਮਾਨ ਰਹਿੰਦੀ ਹੈ, ਪਰ ਮੋਦੀ ਦੇ ਉਭਾਰ ਤੋਂ ਬਾਅਦ ਦੀਆਂ ਸਥਿਤੀਆਂ ਵਿਚ ਇਹ ਜਵਾਬ ਪੂਰੀ ਤਰ੍ਹਾਂ ਬਦਲ ਜਾਵੇਗਾ। ਹੁਣ ਕਿਹਾ ਜਾ ਸਕਦਾ ਹੈ ਕਿ ਕਦੇ ਸੰਘ ਭਾਜਪਾ ਨੂੰ ਚਲਾਉਂਦਾ ਸੀ, ਪਰ ਹੁਣ ਭਾਜਪਾ ਦੀ ਸਰਕਾਰ ਤੈਅ ਕਰਦੀ ਹੈ ਕਿ ਸੰਘ ਨੂੰ ਉਸ ਬਾਰੇ ਕੀ ਫ਼ੈਸਲਾ ਕਰਨਾ ਚਾਹੀਦਾ ਹੈ। ਇਸ ਦਾ ਸਭ ਤੋਂ ਤਾਜ਼ਾ ਸਬੂਤ ਇਹ ਹੈ ਕਿ ਸੰਘ ਪਰਿਵਾਰ ਅੰਦਰ ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਮਜ਼ਦੂਰ ਸੰਘ ਅਤੇ ਸਵਦੇਸ਼ੀ ਜਾਗਰਣ ਮੰਚ ਵਰਗੇ ਸੰਗਠਨਾਂ ਦੇ ਉਨ੍ਹਾਂ ਨੇਤਾਵਾਂ ਨੂੰ ਹਟਾਉਣ ਦੀ ਤਿਆਰੀ ਚੱਲ ਰਹੀ ਹੈ, ਜਿਹੜੇ ਮੋਦੀ, ਭਾਜਪਾ ਤੇ ਕੇਂਦਰ ਸਰਕਾਰ ਨਾਲ ਲਗਾਤਾਰ ਟਕਰਾਅ ਦੀ ਮੁਦਰਾ ਅਪਣਾਉਣ ਲਈ ਜਾਣੇ ਜਾਂਦੇ ਹਨ। ਇਨ੍ਹਾਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਵੀਨ ਤੋਗੜੀਆ ਅਤੇ ਰਾਘਵ ਰੈਡੀ ਦੇ ਨਾਲ ਨਾਲ ਭਾਰਤੀ ਮਜ਼ਦੂਰ ਸੰਘ ਦੇ ਵਿਰਜੇਸ਼ ਉਪਾਧਿਆਏ ਦੇ ਨਾਂ ਮੁੱਖ ਹਨ। ਸੰਘ ਦੀ ਅਗਲੀ ਪ੍ਰਤੀਨਿਧੀ ਸਭਾ ਦੀ ਬੈਠਕ ਤੋਂ ਪਹਿਲਾਂ ਜੇ ਇਨ੍ਹਾਂ ਲੋਕਾਂ ਨੇ ਆਪਣੇ-ਆਪ ਅਸਤੀਫ਼ਾ ਨਾ ਦਿੱਤਾ, ਤਾਂ ਇਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਵੇਗਾ।

ਗੁਜਰਾਤ ਵਿਚ ਮੋਦੀ ਦਾ 12 ਸਾਲ ਲੰਮਾ ਸ਼ਾਸਨ ਹਿੰਦੂਵਾਦੀ ਤਾਂ ਸੀ, ਪਰ ਸੰਘ ਮੁਕਤ ਵੀ ਸੀ। ਪ੍ਰਧਾਨ ਮੰਤਰੀ ਅਹੁਦੇ ਦੀ ਉਮੀਦਵਾਰੀ ਵੀ ਮੋਦੀ ਨੇ ਸੰਘ ਦੀ ਮਰਜ਼ੀ ਦੇ ਖ਼ਿਲਾਫ਼ ਜਾ ਕੇ ਹਾਸਲ ਕੀਤੀ, ਕਿਉਂਕਿ ਸੰਘ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨੇ ਬਿਨਾਂ ਹੀ ਚੋਣ ਲੜਨ ਦੇ ਪੱਖ ਵਿਚ ਸੀ। ਚਰਚਾ ਹੈ ਕਿ ਜਦੋਂ 2014 ਦੀ ਅਸਾਧਾਰਨ ਚੋਣ ਜਿੱਤ ਲਈ ਗਈ ਅਤੇ ਸੰਘ ਵਲੋਂ ਜਦੋਂ ਇਹ ਪ੍ਰਸਤਾਵ ਰੱਖਿਆ ਗਿਆ ਕਿ ਸਰਕਾਰ ਅਤੇ ਸੰਘ ਦੇ ਵਿਚਕਾਰ ਮੇਲ-ਮਿਲਾਪ ਹੋਣਾ ਚਾਹੀਦਾ ਹੈ, ਤਾਂ ਮੋਦੀ ਦਾ ਜਵਾਬ ਸੀ ਕਿ ਸਰਕਾਰ ਦੇ ਨਾਲ ਸੰਘ ਦਾ ਕੋਈ ਮੇਲ-ਮਿਲਾਪ ਨਹੀਂ ਹੋਵੇਗਾ, ਸਗੋਂ ਹੋਵੇਗਾ ਤਾਂ ਪਾਰਟੀ ਦੇ ਨਾਲ ਹੋਵੇਗਾ; ਭਾਵ ਸੰਘ ਸਿਧੇ ਦਖ਼ਲ ਦੇਣ ਦੀ ਬਜਾਏ ਭਾਜਪਾ ਰਾਹੀਂ ਸਰਕਾਰ ਤੱਕ ਆਪਣੀ ਬੇਨਤੀ ਪਹੁੰਚਾ ਸਕਦਾ ਹੈ। ਇਹ ਸਥਿਤੀ 90 ਦੇ ਦਹਾਕੇ ਦੀ ਉਸ ਸਥਿਤੀ ਤੋਂ ਪੂਰੀ ਤਰ੍ਹਾਂ ਵੱਖਰੀ ਹੈ, ਜਦੋਂ ਸੰਘ ਨੇ ਦਬਾਅ ਪਾ ਕੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਉਪ ਪ੍ਰਧਾਨ ਮੰਤਰੀ ਬਣਵਾ ਕੇ 'ਟਾਇਰਡ ਅਤੇ ਰਿਟਾਇਰਡ' ਹੋਣ ਤੋਂ ਇਨਕਾਰ ਕਰਨ ਦੇ ਬਾਵਜੂਦ ਅਟਲ ਬਿਹਾਰੀ ਵਾਜਪਾਈ ਦੀ ਸੱਤਾ ਦੇ ਖੰਭ ਕੁਤਰ ਦਿੱਤੇ ਸਨ।

ਹਿੰਦੂਤਵ ਦੀ ਰਾਜਨੀਤੀ ਵਿਚ ਸੰਘ ਦੇ ਘਟਦੇ ਪ੍ਰਭਾਵ ਅਤੇ ਭਾਜਪਾ ਅਤੇ ਸਰਕਾਰ ਦੇ ਵਧਦੇ ਹੋਏ ਗਲਬੇ ਦਾ ਵੱਡਾ ਨਮੂਨਾ ਗੋਆ ਦੀ ਰਾਜਨੀਤੀ ਵਿਚ ਦੇਖਿਆ ਗਿਆ ਸੀ, ਜਦੋਂ ਕੋਂਕਣ ਪ੍ਰਦੇਸ਼ ਦੇ ਸੰਘ ਮੁਖੀ ਸੁਭਾਸ਼ ਵੇਲਿੰਗਕਰ ਦੀ ਅੰਗਰੇਜ਼ੀ ਬਨਾਮ ਕੋਂਕਣੀ ਭਾਸ਼ਾ ਦੇ ਸਵਾਲ ਦੇ ਮਨੋਹਰ ਪਰੀਕਰ ਨਾਲ ਟੱਕਰ ਹੋ ਗਈ ਸੀ। ਉਸ ਸਮੇਂ ਸੰਘ ਦੇ ਮੁਖ ਦਫ਼ਤਰ ਨੇ ਆਪਣੇ ਸਭ ਤੋਂ ਵੱਡੇ ਅਧਿਕਾਰੀ ਦਾ ਸਾਥ ਨਾ ਦੇ ਕੇ ਪਰੀਕਰ ਦਾ ਹੀ ਸਾਥ ਦੇਣਾ ਪਸੰਦ ਕੀਤਾ ਸੀ (ਇਹ ਵੱਖਰੀ ਗੱਲ ਹੈ ਕਿ ਕਿਸੇ ਜ਼ਮਾਨੇ ਵਿਚ ਵੇਲਿੰਗਕਰ ਹੀ ਪਾਰੀਕਰ ਦੇ ਗੁਰੂ ਸਨ)। ਜ਼ਾਹਰ ਹੈ ਕਿ ਤੋਗੜੀਆ ਵਾਂਗ ਇਹ ਮਸਲਾ ਨਿੱਜੀ ਨਹੀਂ ਸੀ। ਵੇਲਿੰਗਕਰ ਤਾਂ ਸੰਘ ਦੀ ਸਥਾਪਤ ਭਾਸ਼ਾ ਨੀਤੀ ਹੀ ਗੋਆ ਦੀ ਭਾਜਪਾ ਤੋਂ ਮੰਨਵਾਉਣਾ ਚਾਹੁੰਦੇ ਸਨ।

ਮੋਦੀ ਸਰਕਾਰ ਬਣਨ ਤੋਂ ਕੁਝ ਦਿਨ ਬਾਅਦ ਹੀ ਸੰਘ ਦੀ ਅਗਵਾਈ ਨੇ ਅੰਦਰੂਨੀ ਹਦਾਇਤ ਜਾਰੀ ਕਰਵਾ ਕੇ ਆਪਣੇ ਸਾਰੇ ਸੰਗਠਨਾਂ ਨੂੰ ਕਹਿ ਦਿੱਤਾ ਸੀ ਕਿ ਉਹ ਘੱਟ ਤੋਂ ਘੱਟ ਇਕ ਸਾਲ ਲਈ ਆਪਣਾ ਮੂੰਹ ਬੰਦ ਰੱਖਣ। ਉਸ ਸਮੇਂ ਇਸ ਦਾ ਮਤਲਬ ਇਹ ਕੱਢਿਆ ਗਿਆ ਸੀ ਕਿ ਮੋਦੀ ਦੇ ਕੰਮਕਾਜ 'ਤੇ ਇਕ ਸਾਲ ਤੱਕ ਨਿਗ੍ਹਾ ਰੱਖਣ ਤੋਂ ਬਾਅਦ ਸੰਘ ਆਪਣੇ ਇਸ ਫ਼ੈਸਲੇ ਦੀ ਮੁੜ ਸਮੀਖਿਆ ਕਰੇਗਾ, ਪਰ ਅਜਿਹਾ ਸਮਾਂ ਮੁੜ ਨਹੀਂ ਆਇਆ। ਸੰਘ ਦੇ ਸਾਰੇ ਸੰਗਠਨ ਮੋਟੇ ਤੌਰ 'ਤੇ ਅੱਜ ਤੱਕ ਚੁੱਪ ਹਨ।

ਇਸ ਦਾ ਮਤਲਬ ਇਹ ਨਹੀਂ ਕੱਢਣਾ ਚਾਹੀਦਾ ਕਿ ਮੋਦੀ ਸਰਕਾਰ ਕੁਝ ਘੱਟ ਹਿੰਦੂਤਵਵਾਦੀ ਜਾਂ ਘੱਟ ਬਹੁਸੰਖਿਆਵਾਦੀ ਹੈ। ਨਾ ਹੀ ਇਸ ਦਾ ਮਤਲਬ ਇਹ ਹੈ ਕਿ ਕੇਂਦਰ ਦੀ ਸਰਕਾਰ ਦੇ ਵੱਡੇ ਮੰਤਰੀ ਕਾਲੀ ਟੋਪੀ ਪਾ ਕੇ ਅਤੇ ਪੇਟੀ ਬੰਨ੍ਹ ਕੇ ਸੰਘ ਦੇ ਸਮਾਗਮਾਂ ਵਿਚ ਜਾਣ ਤੋਂ ਪਰਹੇਜ਼ ਕਰਨਗੇ। ਫ਼ਰਕ ਸਿਰਫ ਇੰਨਾ ਹੈ ਕਿ ਸੰਘ ਸਵਦੇਸ਼ੀ ਜਾਗਰਣ ਮੰਚ ਨੂੰ ਜਦੋਂ ਚਾਹੇ ਭੰਗ ਕਰ ਸਕਦਾ ਹੈ, ਪਰ ਭਾਜਪਾ ਨੂੰ ਨਹੀਂ। ਇਕ ਵਾਰ ਭਾਰਤੀ ਜਨਸੰਘ ਬਾਰੇ ਗੋਲਵਲਕਰ ਨੇ ਕਿਹਾ ਸੀ ਕਿ ਜਨਸੰਘ ਤਾਂ ਗਾਜਰ ਦੀ ਸੀਟੀ ਹੈ, ਜਦੋਂ ਤੱਕ ਵੱਜੇਗੀ, ਵਜਾਵਾਂਗੇ; ਜਦੋਂ ਨਹੀਂ ਵੱਜੇਗੀ ਤਾਂ ਇਸ ਨੂੰ ਖਾ ਜਾਵਾਂਗੇ। ਅੱਜ ਮੋਹਨ ਭਾਗਵਤ ਦਾ ਸੰਘ ਅਜਿਹੇ ਬਿਆਨ ਦੇਣ ਦੀ ਕਲਪਨਾ ਵੀ ਨਹੀਂ ਕਰ ਸਕਦਾ। ਭਾਜਪਾ ਦਾ ਰਾਸ਼ਟਰੀ ਪ੍ਰਚਾਰ-ਪ੍ਰਸਾਰ ਇੰਨਾ ਜ਼ਿਆਦਾ ਹੋ ਚੁੱਕਾ ਹੈ ਕਿ ਸੰਘ ਆਪਣੇ ਪ੍ਰਚਾਰ-ਪ੍ਰਸਾਰ ਲਈ ਉਸ ਉਤੇ ਨਿਰਭਰ ਹੋ ਗਿਆ ਹੈ। ਭਾਜਪਾ ਸੰਘ ਦੇ ਕੰਟਰੋਲ ਤੋਂ ਆਜ਼ਾਦ ਹੋ ਚੁੱਕੀ ਹੈ ਅਤੇ ਉਹ ਸੰਘ ਪਰਿਵਾਰ ਦੇ ਅੰਦਰ ਦੀ ਰਾਜਨੀਤੀ ਵਿਚ ਆਪਣੇ ਖਿਲਾਫ ਖੜ੍ਹੇ ਤੱਤਾਂ ਨੂੰ ਹਟਾ ਸਕਦੀ ਹੈ। ਕਦੇ ਅਟਲ ਬਿਹਾਰੀ ਨੇ ਨਾਰਾਜ਼ ਹੋ ਕੇ ਗੋਵਿੰਦਚਾਰਿਆ ਨਾਲ ਅਜਿਹੇ ਪ੍ਰਭਾਵ ਦਾ ਇਸਤੇਮਾਲ ਕਰ ਕੇ ਅਜਿਹਾ ਹੀ ਸਲੂਕ ਕਰਵਾਇਆ ਸੀ, ਪਰ ਉਹ ਅਪਵਾਦ ਸੀ। ਮੋਦੀ ਦੇ ਜ਼ਮਾਨੇ ਵਿਚ ਇਹ ਅਪਵਾਦ ਹੁਣ ਨਿਯਮ ਬਣ ਗਿਆ ਹੈ।

# ਤੁਰ ਗਿਆ ਸਾਡਾ ਯਾਰ-ਸਤਨਾਮ ਕੈਂਥ

**ਸ਼ਰਧਾਂਜਲੀ**

"ਇਕਬਾਲ ਸਿੰਹਾ, ਕੈਂਥ ਸਾਹਿਬ ਪੂਰੇ ਹੋ ਗਏ।" ਬੰਗਿਆਂ ਵਾਲੇ ਮੱਖਣ ਮਾਨ ਦਾ ਫੋਨ ਆਇਆ। ਸੁਣ ਕੇ ਸਰੀਰ ਇਕ ਦਮ ਸੁੰਨ ਹੋ ਗਿਆ।

"ਤੂੰ ਏਹ ਕੀ ਕਹਿ ਰਿਹੈਂ?" ਮੈਨੂੰ ਯਕੀਨ ਨਾ ਆਇਆ।

"ਬਿਲਕੁਲ ਸੱਚ ਹੈ।" ਭਾਵਕ ਹੋਏ ਮੱਖਣ ਨੇ ਕਿਹਾ।

ਫਿਰ ਹੋਰ ਯਾਰਾਂ-ਦੋਸਤਾਂ ਦੇ ਫੋਨ ਆ ਗਏ। ਖਬਰ ਬਿਲਕੁਲ ਸੱਚ ਸੀ। ਹਾਲੇ ਕੁਝ ਮਹੀਨੇ ਪਹਿਲਾਂ ਤਾਂ ਕੈਲੀਫੋਰਨੀਆ ਦਾ ਮੇਅਰ ਸੰਨੀ (ਸੁੱਖਾ) ਧਾਲੀਵਾਲ ਕਹਿ ਰਿਹਾ ਸੀ ਕਿ ਕੈਂਥ ਸਾਹਿਬ ਨੇ ਮਾਰਚ-ਅਪਰੈਲ ਵਿਚ ਮਿਲਣ

**ਇਕਬਾਲ ਸਿੰਘ ਜੱਬੋਵਾਲੀਆ**

ਆਉਣੈ। ਸ. ਕੈਂਥ ਪਹਿਲਾਂ ਵੀ ਉਹਦੇ ਕੋਲ ਜਾ ਚੁਕੇ ਸਨ। ਮੈਂ ਖੁਸ਼ੀ ਪ੍ਰਗਟਾਈ ਕਿ ਮੈਂ ਵੀ ਆਵਾਂਗਾ ਤੇ ਪੁਰਾਣੇ ਸਾਥੀ ਕੁਝ ਦਿਨ 'ਕੱਠੇ ਰਹਿ ਕੇ ਗੱਲਾਂਬਾਤਾਂ ਕਰਾਂਗੇ। ਸੁੱਖਾ ਸਾਡਾ ਬੰਗਾ ਕਾਲਜ ਦਾ ਸਾਥੀ ਤੇ ਸ. ਕੈਂਥ ਦਾ ਪਰਮ ਮਿੱਤਰ ਸੀ।

ਬਚਪਨ ਤੋਂ ਜੁਆਨੀ ਤੱਕ ਸ. ਕੈਂਥ ਨੂੰ ਮੈਂ ਬੜਾ ਨੇੜਿਓਂ ਤੱਕਿਆ। ਸੋਤਰੀਂ ਸਾਡੀ ਰਿਸ਼ਤੇਦਾਰੀ ਸੀ। ਉਨ੍ਹਾਂ ਦੇ ਘਰ ਦੇ ਮਗਰਲੇ ਪਾਸੇ ਸ. ਕੈਂਥ ਦਾ ਘਰ ਸੀ। ਉਦੋਂ ਮੈਂ ਅੱਠ-ਦਸ ਸਾਲ ਦਾ ਹੋਵਾਂਗਾ। ਉਹਦੀ ਮਾਤਾ ਨੇ 'ਸ਼ਾਮੀ' ਕਹਿ ਕੇ ਆਵਾਜ਼ਾਂ ਮਾਰਨੀਆਂ। ਕੱਚਾ ਘਰ ਤੇ ਖੁੱਲ੍ਹਾ ਵਿਹੜਾ ਹੋਣ ਕਰਕੇ ਆਵਾਜ਼ ਸਾਫ ਸੁਣਦੀ। ਦੂਜੀ ਗੱਲ, ਮੇਰੇ ਪਿੰਡ ਉਹਦੇ ਨਾਨਕੇ ਸਨ। ਨਾਨਕਿਆਂ ਦਾ ਬਹੁਤਾ ਮੋਹ ਹੋਣ ਕਰਕੇ ਉਹ ਅਕਸਰ ਜੱਬੋਵਾਲ ਆਇਆ ਰਹਿੰਦਾ।

ਫਿਰ ਉਹ ਸਿੱਖ ਨੈਸ਼ਨਲ ਕਾਲਜ, ਬੰਗਾ ਦਾਖਲ ਹੋ ਗਿਆ। ਕਾਲਜ ਫਿਰ ਅਸੀਂ 'ਕੱਠੇ ਹੋ ਗਏ। ਮੈਂ ਉਹਦੇ ਘਰ ਕਦੇ ਕਦਾਈਂ ਸੋਤਰੀ ਗੇੜਾ ਕੱਢ ਆਉਂਦਾ। ਨਿਊ ਯਾਰਕ ਰਹਿੰਦੇ ਭਰਾ-ਸੁਰਜੀਤ ਤੇ ਅਮਰਜੀਤ ਉਦੋਂ ਛੋਟੇ ਛੋਟੇ ਸਨ। ਉਹਦੇ ਮਨ ਵਿਚ ਕੁਝ ਨਾ ਕੁਝ ਬਣਨ ਅਤੇ ਕਰਨ ਦੀ ਇੱਛਾ ਹੁੰਦੀ। 'ਪਾਰਟ ਵੰਨ' ਦਾ ਉਹਨੂੰ 'ਕਲਾਸ-ਪ੍ਰਤੀਨਿਧ' ਬਣਾਇਆ ਗਿਆ। ਜਿੱਤ ਦੀ ਖੁਸ਼ੀ ਵਿਚ ਮੁਕੰਦਪੁਰ ਰੋਡ 'ਤੇ ਯਾਰਾਂ-ਦੋਸਤਾਂ ਨੇ ਮਹਿਫਿਲ ਲਾਈ। ਸ. ਕੈਂਥ ਦਾ ਮਾਮਾ ਚਰਨਜੀਤ, ਜੋਗਾ ਸਿੰਘ ਜੱਬੋਵਾਲ ਤੇ ਸਤਪਾਲ ਜੱਬੋਵਾਲ ਨਵਾਂ ਸ਼ਹਿਰ ਕਾਲਜ ਤੋਂ ਜਾ ਪਹੁੰਚੇ ਤੇ ਉਸ ਮਹਿਫਿਲ ਦਾ ਹਿੱਸਾ ਬਣੇ। ਫਿਰ ਉਹ ਸਟੂਡੈਂਟ ਸੈਂਟਰਲ ਐਸੋਸੀਏਸ਼ਨ ਦਾ ਪ੍ਰਧਾਨ ਬਣਿਆ। ਉਹਦੀ ਲਿਆਕਤ ਤੇ ਪਿਆਰ ਕਰਕੇ ਬਹੁਤੇ ਯਾਰ-ਬੇਲੀ ਉਹਦੇ ਨਾਲ ਰਹਿੰਦੇ। ਠੰਡੇ ਸੁਭਾ ਦਾ ਮਾਲਕ ਸਤਨਾਮ ਹਮੇਸ਼ਾ ਮੁਸਕਰਾਉਂਦਾ ਰਹਿੰਦਾ, ਕਦੇ ਉਚੀ ਨਾ ਬੋਲਦਾ।

ਉਸਾਰੂ ਸੋਚ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਦੀ ਸਮਾਜਕ ਵਿਚਾਰਧਾਰਾ ਦਾ ਅਸਰ ਹੋਣ ਕਰਕੇ ਉਹ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਜੁੜ ਗਿਆ। ਬਸਪਾ ਸੁਪਰੀਮੋ ਬਾਬੂ ਕਾਂਸ਼ੀ ਰਾਮ ਦੀ ਲਹਿਰ ਦਾ ਸਾਥੀ ਬਣ ਕੇ ਉਨ੍ਹਾਂ ਦੇ ਬਹੁਤ ਨੇੜੇ ਹੋ ਗਿਆ। ਸਤਨਾਮ ਨੂੰ ਡੀ. ਐਸ. ਫੋਰਮ ਪੰਜਾਬ ਸਟੇਟ ਅਤੇ ਯੂਥ ਵਿੰਗ ਬਸਪਾ ਦਾ ਪ੍ਰਧਾਨ ਥਾਪਿਆ ਗਿਆ। ਹਲਕਾ ਬੰਗਾ ਤੋਂ ਬਸਪਾ ਦੀ ਟਿਕਟ 'ਤੇ ਜਿੱਤ ਕੇ ਪਹਿਲੀ ਵਾਰ ਵਿਧਾਇਕ ਬਣਿਆ। ਬਸਪਾ ਵਲੋਂ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਚੋਣ ਲੜੀ। ਨੈਸ਼ਨਲ ਯੂਥ ਕੌਂਸਲ ਆਫ ਇੰਡੀਆ ਦਾ ਨੁਮਾਇੰਦਾ ਚੁਣਿਆ ਗਿਆ। ਬਹੁਜਨ ਸਮਾਜ ਮੋਰਚਾ ਦਾ ਬਾਨੀ ਬਣਿਆ ਅਤੇ ਬਹੁਜਨ ਸਮਾਜ ਮੋਰਚਾ ਤੇ ਅਕਾਲੀ ਦਲ ਗੱਠਜੋੜ ਕਰਕੇ 1998 'ਚ ਲੋਕ ਸਭਾ ਹਲਕਾ ਫਿਲੌਰ ਤੋਂ ਚੋਣ ਲੜੀ ਤੇ ਸੰਸਦ ਮੈਂਬਰ ਚੁਣਿਆ ਗਿਆ। ਬੇਅੰਤ ਸਿੰਘ ਦੀ ਸਰਕਾਰ ਸਮੇਂ ਉਹ ਵਿਰੋਧੀ ਧਿਰ ਦਾ ਨੇਤਾ ਸੀ। ਦਲਿਤ ਰਾਜਨੀਤੀ ਵਿਚ ਉਭਰ ਕੇ ਆਇਆ ਅਤੇ ਇਕ ਸੁਲਝੇ ਸਿਆਸਤਦਾਨ ਵਜੋਂ ਜਾਣਿਆ ਜਾਣ ਲੱਗਾ।

1991 'ਚ ਪਹਿਲੀ ਵਾਰ ਅਮਰੀਕਾ ਤੋਂ ਜਾ ਕੇ ਮੈਂ ਉਹਦੇ ਨਾਲ ਸੰਪਰਕ ਕੀਤਾ। ਉਦੋਂ ਅੱਜ ਵਾਂਗ ਸੈਲ ਫੋਨ ਦਾ ਜ਼ਮਾਨਾ ਨਹੀਂ ਸੀ ਹੁੰਦਾ। ਘਰਾਂ ਜਾਂ ਦਫਤਰਾਂ 'ਚ ਹੀ ਫੋਨ ਹੁੰਦੇ ਸਨ। ਚਿੱਠੀਆਂ ਪੱਤਰਾਂ ਨਾਲ ਹੀ ਰਾਬਤਾ ਹੁੰਦਾ। ਸ.



ਕੈਂਥ ਨੂੰ ਜਦੋਂ ਕੋਈ ਸਨੇਹਾ ਦੇਣਾ ਹੁੰਦਾ ਤਾਂ ਬੰਗੀਂ ਅੱਡੇ 'ਚ ਖੜ੍ਹੇ ਰੇਹੜੀਆਂ ਵਾਲਿਆਂ ਨੂੰ ਮਿਲ ਲੈਣਾ। ਉਨ੍ਹਾਂ ਮਿੰਟੋ-ਮਿੰਟੀ ਸੁਨੇਹਾ ਸ. ਕੈਂਥ ਕੋਲ ਪਹੁੰਚਾ ਦੇਣਾ।

1992 'ਚ ਉਹਦੇ ਵਿਆਹ ਵਿਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਪੰਜਾਬ ਦੀ ਲਗਭਗ ਸਾਰੀ ਮਨਿਸਟਰੀ ਪਹੁੰਚੀ ਹੋਈ ਸੀ। ਮੈਂਬਰ ਪਾਰਲੀਮੈਂਟ ਮਰਹੂਮ ਹਰਭਜਨ ਲਾਖਾ ਨੇ ਵੱਡੇ ਭਰਾ ਦਾ ਰੋਲ ਅਦਾ ਕੀਤਾ। ਬੜਾ ਰੌਣਕ-ਮੇਲਾ ਸੀ। ਗਾਇਕ ਸੁਖਵਿੰਦਰ ਪੰਛੀ ਨੇ ਬੜਾ ਰੰਗ ਬੰਨ੍ਹਿਆ। ਪੰਜਾਬ ਦੀ ਸਿਆਸਤ ਵਿਚ ਸਤਨਾਮ ਕੈਂਥ ਦਾ ਉਦੋਂ ਪੂਰਾ ਬੋਲ ਬਾਲਾ ਸੀ।

ਉਹ ਪੰਜਾਬ ਕਾਂਗਰਸ ਦਾ ਸੂਬਾਈ ਮੀਤ ਪ੍ਰਧਾਨ ਅਤੇ ਦਲਿਤ ਨੇਤਾ ਸੀ। ਹਰ ਵੇਲੇ ਨੱਠ-ਭੱਜ ਅਤੇ ਲੋਕ-ਭਲਾਈ ਦੇ ਕਾਰਜਾਂ ਵਿਚ ਕਾਫੀ ਰੁੱਝਿਆ ਰਹਿੰਦਾ। ਮੁਹਾਲੀ ਘੁੰਮਣ ਗਏ ਦੀ ਅਚਾਨਕ ਸਿਹਤ ਖਰਾਬ ਹੋ ਗਈ। ਹਸਪਤਾਲ ਦਾਖਲ ਕਰਾਇਆ ਗਿਆ।

"ਕੈਂਥ ਸਾਹਿਬ ਕਾਫੀ ਸੀਰੀਅਸ ਹਨ।" ਅਮਰੀਕਾ ਫੇਰੀ 'ਤੇ ਆਏ ਬੰਗਾ ਦੇ ਅਕਾਲੀ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਦੱਸਿਆ। ਸ. ਕੈਂਥ ਦੇ ਦੇਹਾਂਤ ਵੇਲੇ ਡਾ. ਸੁੱਖੀ ਅਮਰੀਕਾ ਸਨ। ਉਨ੍ਹਾਂ ਭਰੇ ਮਨ ਨਾਲ ਕਿਹਾ ਕਿ ਉਨ੍ਹਾਂ ਦੀ ਪਾਰਟੀ ਭਾਵੇਂ ਵੱਖ ਵੱਖ ਸੀ ਪਰ ਸਤਨਾਮ ਕੈਂਥ ਵਧੀਆ ਇਨਸਾਨ ਸੀ। ਉਹਦਾ ਮਾਰਗ ਦਰਸ਼ਕ ਸੀ।

ਸਤਨਾਮ ਕੈਂਥ ਵਿਚ ਇਕ ਖਾਸੀਅਤ ਇਹ ਵੀ ਸੀ ਕਿ ਉਹ ਮੌਕੇ ਮੁਤਾਬਕ ਆਪਣੇ ਆਪ ਨੂੰ ਢਾਲ ਲੈਂਦਾ ਸੀ। ਦੋਸਤਾਂ ਵਿਚ ਦੋਸਤ, ਬਜ਼ੁਰਗਾਂ ਵਿਚ ਬਜ਼ੁਰਗ ਤੇ ਸਿਆਸਤਦਾਨਾਂ ਵਿਚ ਸਿਆਸੀ ਬਣ ਜਾਂਦਾ। ਮੈਂ ਇਕ ਵਾਰ ਸ਼ੁਗਲ ਕਰਦਿਆਂ ਕਿਹਾ, "ਕੈਂਥ ਸਾਹਿਬ, ਐਮ. ਐਲ. ਏ., ਐਮ. ਪੀ. ਤੁਸੀਂ ਲੋਕਾਂ ਲਈ ਹੋਵੋਂਗੇ, ਸਾਡੇ ਲਈ ਤਾਂ ਤੁਸੀਂ ਸਾਡੇ ਦੋਸਤ ਹੋ, ਕਲਾਸ ਫੈਲੋ ਹੋ।" ਹੱਸ ਕੇ ਕਹਿਣ ਲੱਗੇ, "ਜੋ ਚੰਗਾ ਲੱਗਦਾ ਕਹਿ ਲਿਆ ਕਰ।"

ਮੇਰੇ ਵੱਡੇ ਵੀਰ ਹੈਡ ਮਾਸਟਰ ਗਿਆਨ ਸਿੰਘ ਦੀ ਜਦੋਂ ਮੌਤ ਹੋਈ ਤਾਂ ਭੋਗ ਤੋਂ ਕੁਝ ਦਿਨ ਬਾਅਦ ਸਾਡੇ ਘਰ ਆ ਗਿਆ ਤੇ ਬੜੀ ਦੇਰ ਭਾਅ ਜੀ ਬਾਰੇ ਗੱਲਾਂ ਕਰਦਾ ਰਿਹਾ, "ਇਕਬਾਲ ਸਿੰਹਾ, ਤੂੰ ਕਿਸਮਤ ਵਾਲਾ ਏਂ, ਤੈਨੂੰ ਇਸ ਤਰ੍ਹਾਂ ਦਾ ਭਰਾ ਮਿਲਿਆ। ਗਰੀਬ ਬੱਚਿਆਂ ਦਾ ਬਹੁਤ ਮੱਦਦਗਾਰ ਸੀ। ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਆਪ ਵੀ ਪੜ੍ਹੀ ਗਿਆ। ਲੋਕਾਂ ਤੋਂ ਇਕ ਐਮ. ਏ. ਨੀਂ ਹੁੰਦੀ, ਉਹ ਚਾਰ ਕਰ ਗਿਆ। ਜਲੰਧਰ ਜਿਲ੍ਹੇ ਦਾ ਪ੍ਰਧਾਨ ਬਣਨਾ ਵੱਡੀ ਗੱਲ ਸੀ। ਜਦੋਂ ਕਦੇ ਬਾਹਰ ਘੁੰਮਦਾ ਫਿਰਦਾ ਮਿਲ ਪੈਂਦਾ ਤਾਂ ਲੋਕਾਂ ਨੂੰ ਦੱਸਦਾ ਸੀ, ਮੇਰੇ ਨਾਨਕੇ ਘੁੰਮ ਰਹੇ ਨੇ। ਬੜਾ ਮਾਣ ਸੀ।"

ਸਤਨਾਮ ਕੈਂਥ ਨਾਲ ਆਖਰੀ ਮੁਲਾਕਾਤ 2013 'ਚ ਹੋਈ। ਸੋਤਰਾਂ ਦੇ ਰਾਹ 'ਚ ਪਹਿਲਾਂ ਹਰਭਜਨ ਲਾਖਾ (ਸੰਸਦ ਮੈਂਬਰ) ਨੂੰ ਬਣ ਰਹੀ ਨਵੀਂ ਕੋਠੀ 'ਚ ਮਿਲਿਆ। ਸ੍ਰੀ ਲਾਖਾ ਨੂੰ ਕਿਹਾ, "ਚਲੋ ਕੈਂਥ ਸਾਹਿਬ ਨੂੰ ਮਿਲ ਆਈਏ।" "ਜਾਣ ਨੂੰ ਤਾਂ ਕੋਈ ਨੀਂ, ਬੰਦੇ ਮਿਲਣ ਆ ਰਹੇ ਨੇ।" ਲਾਖਾ ਸਾਹਿਬ ਨੇ ਕਿਹਾ।

'ਕੱਲਾ ਚਲ ਪਿਆ ਕੈਂਥ ਸਾਹਿਬ ਨੂੰ ਮਿਲਣ। ਸੋਤਰੀਂ ਸੜਕ 'ਤੇ ਬਣੀ ਵੱਡੀ ਕੋਠੀ 'ਚ ਜਾ ਪਹੁੰਚਾ। ਜਦੋਂ ਕੋਠੀ ਪਹੁੰਚਾ ਤਾਂ ਬਿਜਲੀ ਚਲੀ ਗਈ।

"ਕੈਂਥ ਸਾਹਿਬ, ਇਹ ਕੀ?"

"ਪਿਛਿਓਂ ਲੈਣ ਖਰਾਬ ਹੋ ਗਈ, ਬਿਜਲੀ ਵਾਲੇ ਠੀਕ ਕਰ ਰਹੇ ਨੇ।"

ਮੋਮਬੱਤੀ ਬਾਲ ਕੇ ਚਾਹ ਪਾਣੀ ਪੀਤਾ ਤੇ ਪੁਰਾਣੀਆਂ ਯਾਦਾਂ ਤਾਜ਼ੀਆਂ ਕੀਤੀਆਂ। ਬੇਟਿਆਂ-ਡਾ. ਹਰਪ੍ਰੀਤ ਸਿੰਘ ਤੇ ਪਰਮਜੀਤ ਸਿੰਘ ਇੰਜੀਨੀਅਰ ਦੀ ਪੜ੍ਹਾਈ ਦੀਆਂ ਗੱਲਾਂ ਹੋਈਆਂ। ਜਾਣ ਦੀ ਆਗਿਆ ਮੰਗੀ ਤਾਂ ਸਤਨਾਮ ਉਠ ਕੇ ਖੜ੍ਹਾ ਹੋ ਗਿਆ, "ਨੇਰਾ ਹੋ ਗਿਆ ਹੈ, ਨਾਲੇ ਧੁੰਦ ਪਈ ਹੋਈ ਹੈ, ਰਾਤ ਇਥੇ ਹੀ ਰਹਿ ਪਓ, ਸਵੇਰੇ ਚਲੇ ਜਾਈਂ।"

ਉਹਦੇ ਰੋਕਦੇ ਰੋਕਦੇ ਮੈਂ ਪਿੰਡ ਨੂੰ ਤੁਰ ਪਿਆ। ਜੇ ਪਤਾ ਹੁੰਦਾ ਕਿ ਇਹ ਆਖਰੀ ਮਿਲਣੀ ਹੈ ਤਾਂ ਜਰੂਰ ਰੁਕ ਪੈਂਦਾ। ਹੁਣ ਯਾਦਾਂ ਰਹਿ ਗਈਆਂ ਨੇ, ਸਾਡੇ ਯਾਰ ਦੀਆਂ। 50 ਸਾਲ ਤੋਂ ਵੱਧ ਉਹਦੇ ਨਾਲ ਨੇੜਤਾ ਰਹੀ। ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਸਤਨਾਮ ਸਿੰਘ ਕੈਂਥ ਹਮੇਸ਼ਾ ਲਈ ਅਲੋਪ ਹੋ ਗਿਆ, ਹੁਣ ਕਦੇ ਨਹੀਂ ਮਿਲੇਗਾ।

# ਜਸਟਿਸ ਰਣਜੀਤ ਕਮਿਸ਼ਨ ਵੱਲੋਂ ਬੇਅਦਬੀ ਮਾਮਲਿਆਂ ਬਾਰੇ ਬਿਆਨ ਕਲਮਬੱਧ

**ਲੁਧਿਆਣਾ:** ਸੂਬੇ ਵਿਚ ਪਿਛਲੇ ਸਮੇਂ ਦੌਰਾਨ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਸੂਬਾ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਰਣਜੀਤ ਸਿੰਘ ਪੜਤਾਲੀਆ ਕਮਿਸ਼ਨ ਦੇ ਮੈਂਬਰਾਂ ਨੇ ਸਨਅਤੀ ਸ਼ਹਿਰ ਦਾ ਦੌਰਾ ਕੀਤਾ ਹੈ।

ਕਮਿਸ਼ਨ ਦੀ ਟੀਮ ਉਨ੍ਹਾਂ ਥਾਵਾਂ ਉਤੇ ਪੁੱਜੀ ਜਿਥੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋਈ ਸੀ, ਉਥੇ ਟੀਮ ਨੇ ਪੂਰਾ ਮੌਕਾ ਜਾਂਚਿਆ ਤੇ ਮੌਕੇ ਉਤੇ ਹੀ ਇਨ੍ਹਾਂ ਮਾਮਲਿਆਂ ਸਬੰਧੀ ਗਵਾਹਾਂ ਦੇ ਬਿਆਨ ਕਲਮਬੱਧ ਕੀਤੇ ਗਏ। ਇਸ ਕਮਿਸ਼ਨ ਦੀ ਅਗਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਕਰ ਰਹੇ ਹਨ। ਕਮਿਸ਼ਨ ਨੇ ਸਵੇਰੇ ਸਭ ਤੋਂ ਪਹਿਲਾਂ ਚੰਦਰ ਨਗਰ ਸਥਿਤ ਮੱਲ੍ਹੀ ਫਾਰਮ ਹਾਊਸ ਵਿਚ ਉਸ ਘਟਨਾ ਦੀ ਜਾਂਚ ਕੀਤੀ ਜਿਸ ਤਹਿਤ ਇਥੇ ਸਾਲ 2016 ਦਸੰਬਰ ਮਹੀਨੇ ਧਾਰਮਿਕ ਗ੍ਰੰਥ ਦੀ ਬੇਅਦਬੀ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ।

ਇਸ ਮੌਕੇ ਨਾਲ ਪੁਲਿਸ ਅਧਿਕਾਰੀਆਂ ਦੇ ਵੀ ਬਿਆਨ ਲਏ ਗਏ। ਇਸ ਤੋਂ ਬਾਅਦ ਕਮਿਸ਼ਨ ਦੇ ਮੈਂਬਰਾਂ ਨੇ ਸ਼ਹਿਰ ਦੇ ਹੀ ਇਲਾਕੇ ਮੁਹੱਲਾ ਫਤਹਿਗੜ੍ਹ, ਪ੍ਰਤਾਪ ਸਿੰਘ ਵਾਲਾ ਸੜਕ ਸਥਿਤ ਗਲੀ ਨੰਬਰ 6 ਅਤੇ ਬਾਬਾ ਨੰਦ ਸਿੰਘ ਨਗਰ ਵੀ



ਘਟਨਾ ਸਥਾਨਾਂ ਦਾ ਦੌਰਾ ਕਰ ਕੇ ਲੋਕਾਂ ਦੇ ਬਿਆਨ ਲਏ। ਇਨ੍ਹਾਂ ਖੇਤਰਾਂ ਵਿਚ ਵੀ ਸਾਲ 2015 ਤੋਂ 2017 ਦੌਰਾਨ ਅਜਿਹੇ ਮਾਮਲੇ ਸਾਹਮਣੇ ਆਏ ਸਨ। ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਛੇਤੀ ਹੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਾਂਚ ਟੀਮ ਨੇ ਕਾਫੀ ਸਬੂਤ ਇਕੱਠੇ ਕੀਤੇ ਹਨ ਤੇ ਛੇਤੀ ਹੀ ਦੋਸ਼ੀਆਂ ਨੂੰ ਨਿਆਂ ਦੀ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ।

### ਕਮਿਸ਼ਨ ਤੋਂ ਕੋਈ ਆਸ ਨਹੀਂ ਕੀਤੀ ਜਾ ਸਕਦੀ: ਗੋਬਿੰਦ ਸਿੰਘ ਲੌਂਗੋਵਾਲ

**ਚੰਡੀਗੜ੍ਹ:** ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਪੰਜਾਬ ਵਿਚ ਬੇਅਦਬੀਆਂ ਦੀਆਂ ਘਟਨਾਵਾਂ ਲਈ ਕਾਂਗਰਸ ਸਰਕਾਰ ਵੱਲੋਂ ਨਿਯੁਕਤ ਜਸਟਿਸ ਰਣਜੀਤ ਸਿੰਘ ਕਮਿਸ਼ਨ ਤੋਂ ਕੋਈ ਆਸ ਨਹੀਂ ਕੀਤੀ ਜਾ ਸਕਦੀ। ਕਾਂਗਰਸ ਸਰਕਾਰ ਨੇ ਸੇਵਾ ਮੁਕਤ ਜੱਜ ਨੂੰ ਇਸ ਕਮਿਸ਼ਨ ਦਾ ਇੰਚਾਰਜ ਲਾ ਕੇ ਪਹਿਲਾਂ ਹੀ ਆਸ ਖਤਮ ਕਰ ਦਿੱਤੀ ਕਿਉਂਕਿ ਇਨ੍ਹਾਂ ਘਟਨਾਵਾਂ ਦੀ ਜਾਂਚ ਕਿਸੇ ਮੌਜੂਦਾ ਜੱਜ ਤੋਂ ਕਰਵਾਉਣੀ ਚਾਹੀਦੀ ਸੀ। ਕਾਂਗਰਸ ਸਰਕਾਰ ਪੰਜਾਬੀਆਂ ਦੇ ਧਾਰਮਿਕ ਮਸਲਿਆਂ ਨੂੰ ਹੱਲ ਕਰਨ ਲਈ ਕਦੀ ਵੀ ਗੰਭੀਰ ਨਹੀਂ ਰਹੀ। ਲੌਂਗੋਵਾਲ ਨੇ ਕਿਹਾ ਕਿ ਕਮਿਸ਼ਨ ਵੱਲੋਂ ਵੀ ਸੂਚਨਾ ਦੇਣ ਵਾਲਿਆਂ ਦੀ ਬਿਆਨ ਕਲਮਬੰਦ ਕੀਤੇ ਜਾ ਰਹੇ ਹਨ ਜਦਕਿ ਗੁਪਤ ਰੂਪ ਵਿਚ ਇਨ੍ਹਾਂ ਮਾਮਲਿਆਂ ਦੀ ਕੋਈ ਪੜਤਾਲ ਨਹੀਂ ਕੀਤੀ ਜਾ ਰਹੀ।

# ਹੁਣ ਗੈਂਗਸਟਰਾਂ ਦੀ 'ਘਰ ਵਾਪਸੀ' ਲਈ ਮੁਹਿੰਮ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਵਿਚ ਸਰਗਰਮ ਗੈਂਗਸਟਰਾਂ ਨੂੰ ਮੁੱਖ ਧਾਰਾ 'ਚ ਲਿਆਉਣ ਅਤੇ ਹਥਿਆਰ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੇ ਗਾਇਕਾਂ ਨੂੰ ਪ੍ਰੇਰਿਤ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਹੈ। 'ਸੰਗਠਿਤ ਅਪਰਾਧ ਰੋਕੂ ਯੂਨਿਟ' (ਓ.ਸੀ.ਸੀ.ਯੂ.) ਵੱਲੋਂ ਇਸ ਸਬੰਧੀ ਸਮੂਹ ਜ਼ਿਲ੍ਹਾ ਪੁਲਿਸ ਮੁਖੀਆਂ, ਕਮਿਸ਼ਨਰਾਂ, ਰੇਂਜਾਂ ਦੇ ਡੀ.ਆਈ.ਜੀਜ਼. ਅਤੇ ਜ਼ੋਨਲ ਆਈ.ਜੀਜ਼. ਨੂੰ ਗੈਂਗਸਟਰਾਂ ਦੇ ਪਰਿਵਾਰਕ ਮੈਂਬਰਾਂ ਅਤੇ ਗਾਇਕਾਂ ਤੱਕ ਪਹੁੰਚ ਕਰਨ ਲਈ ਕਿਹਾ ਗਿਆ ਹੈ।

ਓ.ਸੀ.ਸੀ.ਯੂ. ਦੇ ਆਈ.ਜੀ. ਵੱਲੋਂ ਲਿਖੇ ਇਸ ਪੱਤਰ ਦੇ ਨਾਲ ਏ, ਬੀ ਅਤੇ ਸੀ ਕੈਟੇਗਿਰੀ ਦੇ ਗੈਂਗਸਟਰਾਂ ਦੀ ਸੂਚੀ ਵੀ ਨੱਥੀ ਕੀਤੀ ਗਈ ਹੈ ਤੇ ਇਕ ਪ੍ਰੋਫਾਰਮਾ ਵੀ ਦਿੱਤਾ ਗਿਆ ਹੈ। ਸੂਤਰਾਂ ਅਨੁਸਾਰ ਪੁਲਿਸ ਵੱਲੋਂ ਇਹ ਮੁਹਿੰਮ 'ਝੂਠੇ ਪੁਲੀਸ' ਮੁਕਾਬਲਿਆਂ ਦੀ ਬਦਨਾਮੀ ਦਾ ਦਾਗ ਧੋਣ ਲਈ ਚਲਾਈ ਗਈ ਹੈ। ਹਾਲ ਹੀ 'ਚ ਮਾਰੇ ਗਏ ਦੋ ਗੈਂਗਸਟਰਾਂ ਵਿੱਕੀ ਗੌਂਡਰ ਅਤੇ ਪ੍ਰੇਮਾ ਲਾਹੌਰੀਆ ਦੇ ਪਰਿਵਾਰਕ ਮੈਂਬਰਾਂ ਨੇ ਮੁਕਾਬਲਾ ਫਰਜ਼ੀ ਹੋਣ ਦੇ ਦੋਸ਼ ਲਾ ਕੇ ਪੁਲਿਸ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਸੀ। ਗੈਂਗਸਟਰਾਂ ਦੀਆਂ ਅੰਤਿਮ ਯਾਤਰਾਵਾਂ ਅਤੇ ਭੋਗ ਸਮਾਗਮਾਂ 'ਚ ਲੋਕਾਂ ਦਾ ਇਕੱਠੇ ਹੋਣਾ ਵੀ ਪੁਲਿਸ ਲਈ ਸਿਰਦਰਦੀ ਬਣ ਗਿਆ ਹੈ। ਹਦਾਇਤਾਂ ਵਿੱਚ ਕਿਹਾ ਗਿਆ ਹੈ ਕਿ ਗੈਂਗਸਟਰਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੀਟਿੰਗਾਂ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਇਸ ਗੱਲ ਲਈ ਮਨਾਇਆ ਜਾਵੇ ਕਿ ਉਹ 'ਗੈਂਗਸਟਰ' ਨੂੰ ਜੁਰਮ ਦਾ ਰਾਹ ਛੱਡ ਕੇ ਆਤਮ ਸਮਰਪਣ ਕਰਨ ਲਈ ਪ੍ਰੇਰਿਤ ਕਰਨ।

ਪੁਲਿਸ ਅਫਸਰਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਅਪਰਾਧ ਦੀ ਦੁਨੀਆਂ 'ਚ ਪੈ ਚੁੱਕੇ ਗੈਂਗਸਟਰਾਂ ਦੀ ਘਰ ਵਾਪਸੀ ਲਈ ਹੀ ਯਤਨ ਨਾ ਕਰਨ ਸਗੋਂ ਹੋਰਨਾਂ ਨੌਜਵਾਨਾਂ ਨੂੰ ਵੀ ਹਥਿਆਰਾਂ ਤੋਂ ਦੂਰ ਰਹਿ ਕੇ ਅਮਨ ਪਸੰਦ ਸ਼ਹਿਰੀਆਂ ਵਾਲੀ ਜ਼ਿੰਦਗੀ ਬਤੀਤ ਕਰਨ ਲਈ ਪ੍ਰੇਰਿਤ ਕਰਨ।

# ਹੋਲੇ ਮਹੱਲੇ ਮੌਕੇ ਸ਼ਿਵ ਸੈਨਾ ਦੀ ਕਾਨਫਰੰਸ ਤੋਂ ਜਥੇਦਾਰ ਖਫਾ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਹੈ ਕਿ ਖਾਲਸਾ ਪੰਥ ਦੇ ਪ੍ਰਗਟ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਲਾਨਾ ਕੌਮੀ ਤਿਉਹਾਰ ਹੋਲਾ ਮਹੱਲਾ 25 ਫਰਵਰੀ ਤੋਂ 2 ਮਾਰਚ 2018 ਤੱਕ ਮਨਾਇਆ ਜਾ ਰਿਹਾ ਹੈ। ਮੁੱਢ ਤੋਂ ਹੁਣ ਤੱਕ ਇਹ ਤਿਉਹਾਰ ਬਹੁਤ ਹੀ ਸ਼ਾਂਤਮਈ ਮਾਹੌਲ ਵਿਚ ਸੰਪੰਨ ਹੁੰਦਾ ਆ ਰਿਹਾ ਹੈ ਪਰ ਅਤਿ ਦੁਖਦਾਈ ਗੱਲ ਇਹ ਹੈ ਕਿ ਇਸ ਵਾਰ ਸ਼ਿਵ ਸੈਨਾ ਵੱਲੋਂ ਇਸ ਸਮੇਂ ਕਾਨਫਰੰਸ ਕਰਨ ਦਾ ਐਲਾਨ ਕਰਨ ਨਾਲ ਸਿੱਖ ਵਿਦਵਾਨ ਅਤੇ ਚਿੰਤਕ ਗੰਭੀਰ ਸੋਚ ਵਿਚ ਹਨ।

ਸਿੱਖ ਕੌਮ ਨੇ ਕਦੇ ਵੀ ਕਿਸੇ ਧਰਮ ਦੇ ਅਸਥਾਨ ਜਾਂ ਕਿਸੇ ਸਮਾਗਮ ਵਿਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ, ਪਰ ਇਸ ਐਲਾਨ ਨੇ ਸਮੁੱਚੀ ਕੌਮ ਨੂੰ ਸੋਚਾਂ ਵਿਚ ਪਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਬੇਸ਼ੱਕ ਅਸੀਂ ਕਿਸੇ ਦੇ ਸਿਆਸੀ ਮਸਲਿਆਂ ਵਿਚ ਦਖਲ ਨਹੀਂ ਦਿੰਦੇ ਪਰ ਨਿਰੋਲ ਧਾਰਮਿਕ ਤਿਉਹਾਰ ਹੋਲੇ ਮਹੱਲੇ ਮੌਕੇ ਸਿੱਖਾਂ ਦੇ ਮਸਲਿਆਂ ਵਿਚ ਜਾਣਬੁੱਝ ਕੇ ਕੀਤੀ ਜਾ ਰਹੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਪ੍ਰਧਾਨ ਸ੍ਰੀ ਲੌਂਗੋਵਾਲ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਇਸ ਐਲਾਨ ਦੀ ਤਹਿ ਤੱਕ ਜਾ ਕੇ ਮਾੜੇ ਅਨਸਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਦੀ ਲੋੜ ਹੈ ਤਾਂ ਕਿ ਇਸ ਦੌਰਾਨ ਕਿਸੇ ਕਿਸਮ ਦੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

### ਦੋਆਬਾ ਜ਼ੋਨ ਲਈ ਧਰਮ ਪ੍ਰਚਾਰ ਲਹਿਰ ਸ਼ੁਰੂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋਆਬਾ ਜ਼ੋਨ ਲਈ ਧਰਮ ਪ੍ਰਚਾਰ ਲਹਿਰ ਦੀ ਸ਼ੁਰੂਆਤ ਕੀਤੀ ਗਈ ਹੈ। ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲਹਿਰ ਦਾ ਆਗਾਜ਼ ਕਰਨ ਮੌਕੇ ਕਿਹਾ ਕਿ ਅੱਜ ਸਮਾਜ ਨੂੰ ਨਸ਼ਿਆਂ, ਭਰੂਣ ਹੱਤਿਆ ਤੇ ਵਾਤਾਵਰਨ ਪ੍ਰਦੂਸ਼ਣ ਦੇ ਨਾਲ-ਨਾਲ ਕਈ ਮਾਨਸਿਕ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵਿਚੋਂ ਨਿਕਲਣ ਲਈ ਗੁਰਮਤਿ ਜੁਗਤ ਨੂੰ ਅਪਨਾਉਣਾ ਪਵੇਗਾ।

### ਗੂਗਲ ਨੂੰ 136 ਕਰੋੜ ਜੁਰਮਾਨਾ

**ਨਵੀਂ ਦਿੱਲੀ:** ਭਾਰਤੀ ਬਾਜ਼ਾਰ ਵਿਚ ਆਨ ਲਾਈਨ ਸਰਚ ਦੇ ਮਾਮਲੇ ਵਿਚ ਮਾੜੇ ਕਾਰੋਬਾਰੀ ਤੌਰ ਤਰੀਕੇ ਅਪਨਾਉਣ ਦੇ ਦੋਸ਼ ਹੇਠ ਕੰਪੀਟੀਸ਼ਨ ਕਮਿਸ਼ਨ ਨੇ ਇੰਟਰਨੈਟ ਕੰਪਨੀ ਗੂਗਲ ਉਤੇ 136 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। 2012 ਵਿਚ ਦਾਖਲ ਸ਼ਿਕਾਇਤਾਂ ਦੀ ਵਿਸਥਾਰਤ ਪੜਤਾਲ ਤੋਂ ਬਾਅਦ ਰੈਗੂਲੇਟਰੀ ਕਮਿਸ਼ਨ ਨੇ ਗੂਗਲ ਨੂੰ 'ਗੈਰਭਰੋਸੇਯੋਗ ਵਿਹਾਰ' ਲਈ ਜ਼ਿੰਮੇਵਾਰ ਠਹਿਰਾਉਂਦਿਆਂ ਇਹ ਜੁਰਮਾਨਾ ਲਾਇਆ ਹੈ।

# ਅੰਗਰੇਜ਼ੀ ਦਾਰੂ ਦਾ ਸ਼ੌਕੀਨ ਹੈ 21 ਕਰੋੜੀ ਸੁਲਤਾਨ

**ਜਲੰਧਰ:** ਜੱਟ ਐਕਸਪੋ ਕਿਸਾਨ ਮੇਲੇ ਵਿਚ ਲੋਕ 21 ਕਰੋੜੀ ਝੋਟੇ ਸੁਲਤਾਨ ਨਾਲ ਸੈਲਫੀਆਂ ਲੈਣ ਵਿਚ ਹੀ ਰੁੱਝੇ ਰਹੇ। ਸਾਬਕਾ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਵੀ ਸੁਲਤਾਨ ਨਾਲ ਸੈਲਫੀ ਕਰਵਾਈ। ਮੇਲੇ ਵਿਚ ਸੁਲਤਾਨ ਨੂੰ ਲਿਆਉਣ ਵਾਲੇ ਨਰੇਸ਼ ਬੈਨੀਵਾਲ ਨੇ ਦੱਸਿਆ ਕਿ ਇਸ ਦੀ ਰੋਜ਼ਾਨਾ ਦੀ ਖੁਰਾਕ 15 ਕਿਲੋ ਗਾਜਰਾਂ, 10 ਕਿਲੋ ਦੁੱਧ, 10 ਕਿਲੋ ਦਾਣਾ ਤੇ 15 ਕਿਲੋ ਹਰਾ ਚਾਰਾ ਹੈ। ਇਸ ਦਾ ਵਜ਼ਨ 17 ਕੁਇੰਟਲ ਦੇ ਕਰੀਬ ਹੈ।



ਸੁਲਤਾਨ ਦੀ ਲੰਬਾਈ 15 ਫੁੱਟ 7 ਇੰਚ ਅਤੇ ਉਚਾਈ 6 ਫੁੱਟ ਦੇ ਕਰੀਬ ਹੈ। ਸੁਲਤਾਨ ਨੂੰ ਜਿਥੇ ਫਲ ਖਵਾਏ ਜਾਂਦੇ ਹਨ ਉਥੇ ਉਸ ਨੂੰ ਰੋਜ਼ਾਨਾ ਵਿਸਕੀ ਵੀ ਪਿਲਾਈ ਜਾਂਦੀ ਹੈ ਤੇ ਉਹ ਵੀ ਮਹਿੰਗੇ ਬਰਾਂਡ ਦੀ। ਵਿਸਕੀ ਤੇ ਫਲਾਂ ਦਾ ਖਰਚਾ ਹੀ ਰੋਜ਼ਾਨਾ ਤਿੰਨ ਹਜ਼ਾਰ ਦੱਸਿਆ ਜਾ ਰਿਹਾ ਹੈ। ਦਿਨ ਵਿਚ ਦੋ ਵਾਰੀ ਤੇਲ ਨਾਲ ਮਾਲਸ਼ ਕਰਨੀ ਪੈਂਦੀ ਹੈ ਤੇ ਤਿੰਨ ਕਿਲੋਮੀਟਰ ਰੋਜ਼ ਸੈਰ ਕਰਾਉਣੀ ਪੈਂਦੀ ਹੈ। 9 ਸਾਲਾ ਸੁਲਤਾਨ ਆਪਣੇ ਮਾਲਕਾਂ ਨੂੰ ਸਾਲ ਦੇ 90 ਲੱਖ ਰੁਪਏ ਕਮਾ ਕੇ ਦਿੰਦਾ ਹੈ। ਨਰੇਸ਼ ਬੈਨੀਵਾਲ ਨੇ ਦੱਸਿਆ ਕਿ ਕੌਮੀ ਪੱਧਰ 'ਤੇ ਹੋਣ ਵਾਲੇ ਪਸ਼ੂ ਮੇਲਿਆਂ ਵਿਚ ਹਰ ਥਾਂ ਸੁਲਤਾਨ ਪਹਿਲਾ ਸਥਾਨ ਹਾਸਲ ਕਰਦਾ ਹੈ। ਰਾਜਸਥਾਨ ਦੇ ਪੁਸ਼ਕਰ ਮੇਲੇ ਵਿਚ ਇਕ ਵਿਦੇਸ਼ੀ ਪਸ਼ੂ ਪ੍ਰੇਮੀ ਨੇ ਇਸ ਦੀ ਕੀਮਤ 21 ਕਰੋੜ ਰੁਪਏ ਲਾਈ ਸੀ।

# ਸੁਰੇਸ਼ ਕੁਮਾਰ ਦੀ ਬਹਾਲੀ ਲਈ ਕੈਪਟਨ ਵੱਲੋਂ ਮੁੜ ਸਰਗਰਮੀ

**ਚੰਡੀਗੜ੍ਹ:** ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਸੁਰੇਸ਼ ਕੁਮਾਰ ਦੀ ਮੁੱਖ ਪ੍ਰਮੁੱਖ ਸਕੱਤਰ ਦੇ ਅਹੁਦੇ ਤੋਂ ਨਿਯੁਕਤੀ ਨੂੰ ਰੱਦ ਕਰਨ ਦੇ ਇਕਹਿਰੇ ਬੈਂਚ ਦੇ ਫੈਸਲੇ ਖਿਲਾਫ਼ ਪੰਜਾਬ ਸਰਕਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖਲ ਕਰ ਦਿੱਤੀ ਹੈ। ਇਕਹਿਰੇ ਬੈਂਚ ਦੇ ਫੈਸਲੇ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਕਿਸੇ ਵੀ ਵਿਅਕਤੀ ਨੂੰ ਸਹਿਯੋਗ ਲਈ ਨਿਯੁਕਤ ਕਰਨ ਦਾ ਅਧਿਕਾਰ ਮੁੱਖ ਮੰਤਰੀ ਕੋਲ ਹੈ।

ਪਟੀਸ਼ਨ ਵਿਚ ਕਿਹਾ ਗਿਆ ਕਿ ਫੈਸਲਾ ਤੱਥਾਂ ਅਤੇ ਸਿਧਾਂਤਾਂ ਦੇ ਉਲਟ ਸੀ ਅਤੇ ਨਿਯੁਕਤ ਕੀਤੇ ਗਏ ਅਧਿਕਾਰੀ ਨੂੰ ਕੰਮ ਵੰਡਣ ਦਾ ਅਧਿਕਾਰ ਸਰਕਾਰ ਕੋਲ ਹੈ। ਅਪੀਲ 'ਚ ਸੁਰੇਸ਼ ਕੁਮਾਰ ਨੂੰ ਇਕ ਧਿਰ ਬਣਾਇਆ ਗਿਆ ਹੈ ਅਤੇ ਇਸ ਦੀ ਪੈਰਵੀ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਕਰਨਗੇ। ਸ੍ਰੀ ਨੰਦਾ ਵੱਲੋਂ ਕੇਸ ਦੀ ਪੈਰਵੀ ਕੀਤੇ ਜਾਣ ਨਾਲ ਉਨ੍ਹਾਂ ਕਿਆਸਾਂ ਦਾ ਵੀ ਅੰਤ ਹੋ ਗਿਆ ਜਿਨ੍ਹਾਂ 'ਚ ਕਿਹਾ ਜਾ ਰਿਹਾ ਸੀ ਕਿ ਸ੍ਰੀ ਨੰਦਾ ਵੱਲੋਂ ਹੀ ਸੁਰੇਸ਼ ਕੁਮਾਰ ਦਾ ਵਿਰੋਧ ਕੀਤਾ ਜਾ ਰਿਹਾ ਸੀ ਅਤੇ ਉਨ੍ਹਾਂ ਹੀ ਕੇਸ ਨੂੰ ਠੀਕ ਢੰਗ ਨਾਲ ਨਹੀਂ ਵਾਚਿਆ।


ੴ ਸਤਿਗੁਰ ਪ੍ਰਸਾਦਿ॥

## ਧੰਨ ਧੰਨ ਸ੍ਰੀ ਨਾਭਕੰਵਲ ਰਾਜਾ ਸਾਹਿਬ




ਹਰ ਸਾਲ ਦੀ ਤਰ੍ਹਾਂ 108 ਬ੍ਰਹਮ ਗਿਆਨੀ ਸ੍ਰੀ ਨਾਭਕੰਵਲ ਰਾਜਾ ਸਾਹਿਬ (ਮਜਾਰਾ ਬੰਗਾ) ਦੇ 156ਵੇਂ ਪ੍ਰਕਾਸ਼ ਦਿਹਾੜੇ ਮੌਕੇ ਇਕ ਵਿਸ਼ੇਸ਼ ਸਮਾਗਮ ਗੁਰਦੁਆਰਾ ਦੀਵਾਨ ਐਵਨਿਊ ਸ਼ਿਕਾਗੋ ਵਿਖੇ 18 ਫਰਵਰੀ 2018 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਗੁਰੂ ਘਰ ਦੇ ਕੀਰਤਨੀਏ ਭਾਈ ਮਨਜੀਤ ਸਿੰਘ, ਭਾਈ ਪ੍ਰੇਮ ਸਿੰਘ ਤੇ ਭਾਈ ਗੁਰਵਿੰਦਰ ਸਿੰਘ ਦਾ ਜਥਾ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਲਾਹਾ ਲਓ ਅਤੇ ਮਹਾਪੁਰਖਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 16 ਫਰਵਰੀ 2018 (ਸ਼ੁੱਕਰਵਾਰ)
ਸਮਾਂ: ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ: 18 ਫਰਵਰੀ 2018 (ਐਤਵਾਰ)
ਸਮਾਂ: ਸਵੇਰੇ 10 ਤੋਂ 12 ਵਜੇ ਤੱਕ
*ਗੁਰੂ ਕਾ ਲੰਗਰ ਅਤੁੱਟ ਵਰਤੇਗਾ*

**ਹੋਰ ਜਾਣਕਾਰੀ ਲਈ ਸੰਪਰਕ ਕਰੋ**
ਗੁਰਦੁਆਰਾ ਦੀਵਾਨ ਐਵਨਿਊ 773-274-3133,
ਗੁਰਮੇਲ ਸਿੰਘ (ਪੁੱਤਰ ਹੌਲਦਾਰ ਰਾਮ ਸਿੰਘ) 773-603-1697
ਪਰਮਜੀਤ ਕੌਰ ਤੇ ਸੁਰਜੀਤ ਸਿੰਘ ਸੋਢੀ 630-422-1737



# Noblesville Trucks and Trailers Repair Shop

15203 Stony Creek Way, Noblesville, IN 46060

## ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ



## ਵਧੀਆ ਤੇ ਭਰੋਸੇਯੋਗ ਸਰਵਿਸ

*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
*(150 ਮੀਲ ਦੇ ਏਰੀਏ ਵਿਚ)*
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




**ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976**
ਫੈਕਸ: 317-774-9665

# ਵਾਦੀ 'ਚ ਫੌਜੀ ਕੈਂਪਾਂ 'ਤੇ ਅਤਿਵਾਦੀ ਹਮਲੇ

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਇਕ ਹਫਤੇ ਦੌਰਾਨ ਫੌਜੀ ਕੈਂਪਾਂ 'ਤੇ ਤਿੰਨ ਅਤਿਵਾਦੀ ਹਮਲਿਆਂ ਨੇ ਵਾਦੀ ਵਿਚ ਅਤਿਵਾਦ ਦੇ ਸਫਾਏ ਦੇ ਦਾਅਵੇ ਕਰਨ ਵਾਲੀ ਨਰੇਂਦਰ ਮੋਦੀ ਸਰਕਾਰ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਸੁੰਜਵਾਂ ਇਲਾਕੇ ਵਿਚ ਫੌਜੀ ਕੈਂਪ 'ਤੇ ਹਮਲੇ ਦੇ ਸਿਰਫ ਦੋ ਦਿਨ ਮਗਰੋਂ ਸ੍ਰੀਨਗਰ ਦੇ ਕਰਨ ਨਗਰ ਇਲਾਕੇ ਵਿਚ ਅਤਿਵਾਦੀਆਂ ਨੇ ਸੀ. ਆਰ. ਪੀ. ਐਫ. ਕੈਂਪ ਨੂੰ ਨਿਸ਼ਾਨਾ ਬਣਾ ਦਿੱਤਾ। ਸੁਰੱਖਿਆ ਬਲਾਂ ਤੇ ਦਹਿਸ਼ਤਗਰਦਾਂ ਵਿਚਾਲੇ ਹੋਏ ਮੁਕਾਬਲੇ ਵਿਚ ਨੀਮ ਫੌਜ ਬਲ ਦਾ ਇਕ ਜਵਾਨ ਹਲਾਕ ਹੋ ਗਿਆ। ਦੋ ਅਤਿਵਾਦੀਆਂ ਨੇ ਤੜਕੇ ਸਾਢੇ ਚਾਰ ਵਜੇ ਸੀ.ਆਰ.ਪੀ.ਐਫ. ਦੇ ਸਦਰਮੁਕਾਮ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਇਸ ਵਿਚ ਨਾਕਾਮ ਰਹਿਣ ਮਗਰੋਂ ਉਹ ਨੇੜਲੇ ਇਕ ਮਕਾਨ ਵਿਚ ਵੜ ਗਏ। ਫੌਜ ਦਾ ਦਾਅਵਾ ਹੈ ਕਿ ਅਤਿਵਾਦੀ ਸ੍ਰੀਨਗਰ ਵਿਚ ਹੋਈ ਸੱਜਰੀ ਬਰਫਬਾਰੀ ਦਾ ਲਾਹਾ ਲੈਣਾ ਚਾਹੁੰਦੇ ਸਨ। ਇਸ ਤੋਂ ਪਹਿਲਾਂ ਸੁੰਜਵਾਂ ਇਲਾਕੇ ਵਿਚ ਫੌਜੀ ਕੈਂਪ 'ਤੇ ਦਹਿਸ਼ਤੀ ਹਮਲੇ ਦੌਰਾਨ ਛੇ ਜਵਾਨ ਮਾਰੇ ਗਏ ਸਨ।




ਇਸ ਹਮਲੇ ਵਿਚ ਫੌਜ ਨੇ ਜੈਸ਼-ਏ-ਮੁਹੰਮਦ ਦੇ ਤਿੰਨ ਸ਼ੱਕੀ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ ਸੀ। ਫ਼ੌਜ ਦੇ ਤਰਜਮਾਨ ਨੇ ਕਿਹਾ ਕਿ ਜੰਮੂ ਕਸ਼ਮੀਰ ਲਾਈਟ ਇਨਫੈਂਟਰੀ ਦੀ 36 ਬ੍ਰਿਗੇਡ ਦੇ ਕੈਂਪ 'ਤੇ ਦਹਿਸ਼ਤੀ ਹਮਲੇ ਦੌਰਾਨ ਦੋ ਜੂਨੀਅਰ ਕਮਿਸ਼ਨਡ ਅਫਸਰਾਂ (ਜੇ.ਸੀ.ਓਜ਼.) ਸਮੇਤ ਪੰਜ ਜਵਾਨ ਅਤੇ ਇਕ ਜਵਾਨ ਦਾ ਪਿਤਾ ਹਲਾਕ ਹੋਏ ਹਨ। ਮ੍ਰਿਤਕਾਂ 'ਚ ਸੂਬੇਦਾਰ ਮਦਨ ਲਾਲ ਚੌਧਰੀ, ਸੂਬੇਦਾਰ ਮੁਹੰਮਦ ਅਸ਼ਰਫ ਮੀਰ, ਹੌਲਦਾਰ ਹਬੀਬ-ਉਲ੍ਹਾ ਕੁਰੈਸ਼ੀ, ਨਾਇਕ ਮਨਜ਼ੂਰ ਅਹਿਮਦ, ਲਾਂਸ ਨਾਇਕ ਮੁਹੰਮਦ ਇਕਬਾਲ ਅਤੇ ਉਸ ਦਾ ਪਿਤਾ ਸ਼ਾਮਲ ਹਨ।

ਸੂਬੇਦਾਰ ਮਦਨ ਲਾਲ ਨੇ ਮਾਰੂ ਹਥਿਆਰਾਂ ਨਾਲ ਲੈਸ ਖਤਰਨਾਕ ਅਤਿਵਾਦੀਆਂ ਦਾ ਖਾਲੀ ਹੱਥ ਮੁਕਾਬਲਾ ਕਰਦਿਆਂ ਸੈਂਕੜੇ ਗੋਲੀਆਂ ਆਪਣੇ ਸੀਨੇ 'ਤੇ ਖਾਦੀਆਂ ਤੇ ਆਪਣੀ ਜਾਨ ਦੇ ਕੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਬਚਾ ਲਿਆ। ਅਤਿਵਾਦੀਆਂ ਨੇ ਜੰਮੂ ਦੇ ਸੁੰਜਵਾਂ ਫੌਜੀ ਕੈਂਪ ਵਿਚ ਹਮਲਾ ਕੀਤਾ ਸੀ।

ਅਤਿਵਾਦੀਆਂ ਨੇ ਵਧ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਸੂਬੇਦਾਰ ਮਦਨ ਲਾਲ ਚੌਧਰੀ (50) ਦੇ ਕੁਆਰਟਰ ਨੂੰ ਨਿਸ਼ਾਨਾ ਬਣਾਉਂਦਿਆਂ ਏਕੇ 47 ਦੀਆਂ ਗੋਲੀਆਂ ਦੀ ਵਾਛੜ ਕਰ ਦਿੱਤੀ ਪਰ ਸੂਬੇਦਾਰ ਮਦਨ ਲਾਲ ਉਨ੍ਹਾਂ ਦੇ ਅੱਗੇ ਆ ਗਿਆ ਅਤੇ ਅਤਿਵਾਦੀਆਂ ਦੀ ਯੋਜਨਾ ਅਸਫਲ ਕਰ ਦਿੱਤੀ। ਮਦਨ ਲਾਲ ਦੇ ਪਰਿਵਾਰ ਦੇ ਕੁਝ ਜੀਅ ਰਿਸ਼ਤੇਦਾਰ ਦੇ ਵਿਆਹ ਲਈ ਖਰੀਦਦਾਰੀ ਕਰਨ ਗਏ ਹੋਏ ਸੀ।

ਉਸ ਦੇ ਵੱਡੇ ਭਰਾ ਸੁਰਿੰਦਰ ਚੌਧਰੀ ਨੇ ਦੱਸਿਆ ਕਿ ਉਸ ਦੇ ਭਰਾ ਨੇ ਬਹੁਤ ਹਿੰਮਤ ਦਿਖਾਈ ਅਤੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਦੀ ਜ਼ਿੰਦਗੀ ਬਚਾ ਲਈ। ਉਸ ਨੇ ਬਹੁਤ ਸਿਆਣਪ ਨਾਲ ਕੰਮ ਲਿਆ ਅਤੇ ਅਤਿਵਾਦੀਆਂ ਨੂੰ ਘਰ ਦੇ ਅੰਦਰ ਦਾਖਲ ਨਹੀਂ ਹੋਣ ਦਿੱਤਾ। ਉਸ ਦੇ ਭਰਾ ਨੇ ਪਰਿਵਾਰ ਨੂੰ ਪਿੱਛੋਂ ਬਾਹਰ ਕੱਢ ਦਿੱਤਾ ਅਤੇ ਅਤਿਵਾਦੀਆਂ ਦਾ ਰਾਹ ਰੋਕ ਲਿਆ। ਉਨ੍ਹਾਂ ਦੱਸਿਆ ਕਿ ਮਦਨ ਦੀ 20 ਸਾਲ ਦੀ ਲੜਕੀ ਦੇ ਪੈਰ ਵਿਚ ਗੋਲੀ ਜਦੋਂ ਕਿ ਉਸ ਦੀ ਸਾਲੀ ਪਰਮਜੀਤ ਕੌਰ ਨੂੰ ਹਲਕੀ ਸੱਟ ਲੱਗੀ ਹੈ ਪਰ ਸਾਰਿਆਂ ਦਾ ਬਚਾਅ ਹੋ ਗਿਆ।

# ਜੰਮੂ ਕਸ਼ਮੀਰ ਅਸੈਂਬਲੀ 'ਚ ਪਾਕਿ ਪੱਖੀ ਨਾਅਰੇ

**ਜੰਮੂ:** ਭਾਜਪਾ ਮੈਂਬਰਾਂ ਵੱਲੋਂ ਫੌਜੀ ਕੈਂਪ ਉਤੇ ਅਤਿਵਾਦੀ ਹਮਲੇ ਲਈ ਗੁਆਂਢੀ ਮੁਲਕ ਦੀ ਨਿਖੇਧੀ ਕੀਤੇ ਜਾਣ ਬਾਅਦ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਨੈਸ਼ਨਲ ਕਾਨਫਰੰਸ ਦੇ ਇਕ ਸੀਨੀਅਰ ਵਿਧਾਇਕ ਨੇ ਪਾਕਿਸਤਾਨ ਪੱਖੀ ਨਾਅਰੇ ਲਗਾ ਦਿੱਤੇ। ਵਿਧਾਇਕ ਮੁਹੰਮਦ ਅਕਬਰ ਲੋਨ ਵੱਲੋਂ ਨਾਅਰੇ ਲਾਏ ਜਾਣ ਤੋਂ ਐਨਸੀ ਨੇ ਖੁਦ ਨੂੰ ਵੱਖ ਕਰਦਿਆਂ ਇਸ ਨੂੰ ਨਾਬਰਦਾਸ਼ਤਯੋਗ ਕਰਾਰ ਦਿੱਤਾ ਹੈ। ਸਦਨ ਦੇ ਜੁੜਨ ਬਾਅਦ ਭਾਜਪਾ ਵਿਧਾਇਕਾਂ ਨੇ ਅਤਿਵਾਦੀ ਹਮਲੇ ਦੀ ਨਿੰਦਾ ਕੀਤੀ ਅਤੇ ਸਰਕਾਰ ਤੋਂ ਇਸ ਬਾਰੇ ਸਪੱਸ਼ਟੀਕਰਨ ਮੰਗਿਆ।

ਸਪੀਕਰ ਕਵਿੰਦਰ ਗੁਪਤਾ ਨੇ ਕੁਝ ਟਿੱਪਣੀਆਂ ਕੀਤੀਆਂ, ਜਿਸ ਬਾਅਦ ਭਾਜਪਾ ਮੈਂਬਰਾਂ ਵੱਲੋਂ ਪਾਕਿਸਤਾਨ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਐਨਸੀ ਵਿਧਾਇਕ ਜਾਵੇਦ ਰਾਣਾ, ਅਲੀ ਮੁਹੰਮਦ ਸਾਗਰ, ਅਕਬਰ ਲੋਨ, ਅਬਦੁੱਲ ਮਾਜਿਦ ਤੇ ਹੋਰ ਸਪੀਕਰ ਦੇ ਆਸਣ ਸਾਹਮਣੇ ਆ ਗਏ ਅਤੇ ਸਪੀਕਰ ਤੋਂ ਮੁਆਫੀ ਦੀ ਮੰਗ ਕੀਤੀ। ਇਸ ਦੌਰਾਨ ਭਾਜਪਾ ਮੈਂਬਰਾਂ ਵੱਲੋਂ ਪਾਕਿ ਖਿਲਾਫ਼ ਹੋਰ ਜ਼ੋਰ ਨਾਲ ਨਾਅਰੇ ਬੁਲੰਦ ਕੀਤੇ ਗਏ। ਇਸ ਤੋਂ ਖਿਝੇ ਵਿਧਾਇਕ ਲੋਨ ਨੇ ਪਾਕਿਸਤਾਨ ਦੇ ਹੱਕ ਵਿਚ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਬਾਅਦ ਸਦਨ ਵਿੱਚ ਹਾਲਾਤ ਹੋਰ ਵਿਗੜ ਗਏ। ਸ੍ਰੀ ਲੋਨ ਨੇ ਕਿਹਾ ਕਿ ਉਨ੍ਹਾਂ ਦੇ ਪਾਕਿਸਤਾਨ ਪੱਖੀ ਨਾਅਰੇ ਸਿਰਫ ਭਾਜਪਾ ਮੈਂਬਰਾਂ ਦੇ ਵਤੀਰੇ ਖਿਲਾਫ਼ ਪ੍ਰਤੀਕਿਰਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਮੈਂਬਰਾਂ ਨੇ ਦਿਖਾ ਦਿੱਤਾ ਹੈ ਕਿ ਉਹ ਮੁਸਲਮਾਨਾਂ ਨੂੰ ਨਫਰਤ ਕਰਦੇ ਹਨ।

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਨੂੰ ਜੇਲ੍ਹ

**ਢਾਕਾ:** ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਪੰਜ ਸਾਲ ਦੀ ਕੈਦ ਹੋ ਗਈ ਹੈ। ਵਿਰੋਧੀ



ਧਿਰ ਬੀ.ਐਨ.ਪੀ. ਦੀ ਮੁਖੀ ਲਈ ਇਹ ਵੱਡਾ ਝਟਕਾ ਹੈ ਕਿਉਂਕਿ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਬਾਅਦ ਜ਼ਿਆ ਨੂੰ ਦਸੰਬਰ 'ਚ ਹੋਣ ਵਾਲੀਆਂ ਆਮ ਚੋਣਾਂ ਲੜਨ ਦੇ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। 72 ਸਾਲਾ ਜ਼ਿਆ ਨੂੰ 21 ਮਿਲੀਅਨ ਟਕਾ (252,000 ਅਮਰੀਕੀ ਡਾਲਰ) ਦੇ ਗਬਨ ਲਈ ਰਾਜਧਾਨੀ ਢਾਕਾ ਵਿਚ ਵਿਸ਼ੇਸ਼ ਅਦਾਲਤ-5 ਵੱਲੋਂ ਸਜ਼ਾ ਸੁਣਾਈ ਗਈ ਹੈ। ਇਹ ਵਿਦੇਸ਼ੀ ਚੰਦਾ ਜ਼ਿਆ ਅਨਾਥ ਟਰੱਸਟ ਲਈ ਸੀ। ਇਸੇ ਕੇਸ 'ਚ ਜ਼ਿਆ ਦੇ ਪੁੱਤਰ ਤਾਰਿਕ ਰਹਿਮਾਨ ਅਤੇ ਚਾਰ ਹੋਰਾਂ ਨੂੰ 10 ਸਾਲ ਦੀ ਕੈਦ ਹੋ ਚੁੱਕੀ ਹੈ। ਦੱਸਣਯੋਗ ਹੈ ਕਿ ਇਸ ਕੇਸ ਵਿਚ ਜ਼ਿਆ ਤੇ ਹੋਰਾਂ ਖਿਲਾਫ਼ ਦੋਸ਼ ਆਇਦ ਹੋਣ ਦੇ ਚਾਰ ਸਾਲਾਂ ਬਾਅਦ ਇਹ ਫੈਸਲਾ ਆਇਆ ਹੈ।

ਇਸ ਫੈਸਲੇ ਮੱਦੇਨਜ਼ਰ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆਂ ਦੀ ਸੁਰੱਖਿਆ ਵਧਾਈ ਗਈ ਸੀ। ਜਦੋਂ ਜ਼ਿਆ ਅਦਾਲਤ ਜਾ ਰਹੇ ਸਨ ਤਾਂ ਉਨ੍ਹਾਂ ਦੇ ਸਮਰਥਕਾਂ ਤੇ ਪੁਲਿਸ ਦਰਮਿਆਨ ਝੜਪ ਹੋਈ। ਗੌਰਤਲਬ ਹੈ ਕਿ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ (ਏ.ਸੀ.ਸੀ.) ਨੇ ਦੋਸ਼ ਲਾਇਆ ਸੀ ਕਿ 2001-2006 ਦੌਰਾਨ ਬੀ.ਐਨ.ਪੀ. ਦੀ ਸਰਕਾਰ ਸਮੇਂ ਜਦੋਂ ਜ਼ਿਆ ਪ੍ਰਧਾਨ ਮੰਤਰੀ ਸਨ ਤਾਂ ਜ਼ਿਆ ਚੈਰੀਟੇਬਲ ਟਰੱਸਟ ਤੇ ਜ਼ਿਆ ਔਰਫਨੇਜ ਟਰੱਸਟ, ਜੋ ਮਹਿਜ਼ ਕਾਗਜ਼ਾਂ ਤੱਕ ਸੀਮਤ ਸਨ, ਦੇ ਨਾਂ ਉਤੇ ਵੱਡੇ ਪੱਧਰ 'ਤੇ ਫੰਡਾਂ ਦੀ ਦੁਰਵਰਤੋਂ ਕੀਤੀ ਗਈ ਹੈ।

# ਪਾਕਿਸਤਾਨ ਵਿਚ ਵੀ ਅਨੰਦ ਮੈਰਿਜ ਐਕਟ ਲਈ ਚਾਰਾਜੋਈ

**ਨਵੀਂ ਦਿੱਲੀ:** ਭਾਰਤੀ ਸੰਸਦ ਵੱਲੋਂ ਅਨੰਦ ਮੈਰਿਜ ਐਕਟ 2012 ਪਾਸ ਕਰਨ ਤੇ ਇਸ ਨੂੰ ਕੌਮੀ ਰਾਜਧਾਨੀ ਦਿੱਲੀ ਸਮੇਤ 14 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵੱਲੋਂ ਲਾਗੂ ਕੀਤੇ ਜਾਣ ਪਿੱਛੋਂ ਹੁਣ ਪਾਕਿਸਤਾਨ ਵਿਚ ਵੀ ਇਸੇ ਤਰਜ਼ ਉਤੇ ਅਨੰਦ ਮੈਰਿਜ ਐਕਟ ਬਣਾਉਣ ਲਈ ਚਾਰਾਜੋਈ ਸ਼ੁਰੂ ਹੋ ਗਈ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਪਾਕਿਸਤਾਨ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਇਸ ਸਬੰਧੀ ਸੂਬਾਈ ਵਿਧਾਨ ਸਭਾ ਵਿਚ ਇਕ ਬਿੱਲ ਪੇਸ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਦੇ ਸਪੀਕਰ ਨੇ ਉਕਤ ਬਿੱਲ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਹੈ ਤਾਂ ਕਿ ਬਿੱਲ ਦਾ ਖਰੜਾ ਤਿਆਰ ਕੀਤਾ ਜਾ ਸਕੇ। ਉਨ੍ਹਾਂ ਨੇ ਇਸ ਲਈ ਦਿੱਲੀ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸਹਿਯੋਗ ਮੰਗਣ ਦੇ ਨਾਲ-ਨਾਲ ਭਾਰਤ ਵਿਚ ਪਾਸ ਬਿੱਲ ਦੀ ਕਾਪੀ ਵੀ ਮੰਗੀ ਹੈ। ਸ੍ਰੀ ਸਿਰਸਾ ਨੇ ਅਰੋੜਾ ਨੂੰ ਪੂਰਾ ਸਹਿਯੋਗ ਦਿੱਤੇ ਜਾਣ ਦਾ ਭਰੋਸਾ ਦਿੱਤਾ ਹੈ। ਸ੍ਰੀ ਸਿਰਸਾ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਨੰਦ ਮੈਰਿਜ ਐਕਟ ਦੁਨੀਆਂ ਦੇ ਸਾਰੇ ਪ੍ਰਮੁੱਖ ਦੇਸ਼ਾਂ 'ਚ ਤਿਆਰ ਕੀਤਾ ਜਾਵੇ। ਇਨ੍ਹਾਂ ਮੁਲਕਾਂ ਵਿਚ ਇਹ ਐਕਟ ਤਿਆਰ ਹੋਣ ਨਾਲ ਸਿੱਖ ਜੋੜਿਆਂ ਨੂੰ ਵਿਆਹਾਂ ਦਾ ਰਜਿਸਟਰੇਸ਼ਨ ਕਰਵਾਉਣ 'ਚ ਸਹੂਲਤ ਹੋਵੇਗੀ।

# ਮਹਿਬੂਬਾ ਵੱਲੋਂ ਪਾਕਿ ਨਾਲ ਵਾਰਤਾ ਦੀ ਵਕਾਲਤ

**ਜੰਮੂ:** ਸ੍ਰੀਨਗਰ ਵਿਚ ਜਦੋਂ ਸੁਰੱਖਿਆ ਬਲ ਦਹਿਸ਼ਤਗਰਦਾਂ ਨਾਲ ਜੂਝ ਰਹੇ ਹਨ ਤਾਂ ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਅਸ਼ਾਂਤ ਸੂਬੇ 'ਚ ਹਿੰਸਾ ਦੇ ਖਾਤਮੇ ਲਈ ਭਾਰਤ ਅਤੇ ਪਾਕਿਸਤਾਨ ਵਿਚਕਾਰ ਗੱਲਬਾਤ ਦੇ ਨਵੇਂ ਦੌਰ ਦੀ ਵਕਾਲਤ ਕੀਤੀ ਹੈ।

ਕੁਝ ਮੀਡੀਆ ਘਰਾਣਿਆਂ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਹ ਅਜਿਹਾ ਮਾਹੌਲ ਤਿਆਰ ਕਰ ਰਹੇ ਹਨ ਜਿਸ ਨਾਲ ਵਾਰਤਾ ਨੂੰ ਰਾਸ਼ਟਰ ਵਿਰੋਧੀ ਮੰਨਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ (ਕਸ਼ਮੀਰੀ) ਵਾਰਤਾ ਬਾਰੇ ਗੱਲ ਨਹੀਂ ਕਰਾਂਗੇ ਤਾਂ ਹੋਰ ਕੌਣ ਕਰੇਗਾ? 'ਨਾ ਕੋਈ ਬਿਹਾਰੀ ਅਤੇ ਨਾ ਹੀ ਪੰਜਾਬੀ ਸ਼ਾਂਤੀ ਲਈ ਵਾਰਤਾ ਕਰਨ ਦੀ ਗੱਲ ਆਖੇਗਾ।'

# ਸਿੱਖ ਦੇ ਗੈਸ ਸਟੇਸ਼ਨ ਦੀ ਭੰਨਤੋੜ; ਨਸਲੀ ਟਿੱਪਣੀਆਂ ਲਿਖੀਆਂ

**ਵਾਸ਼ਿੰਗਟਨ:** ਅਮਰੀਕੀ ਸੂਬੇ ਕੈਨਟਕੀ ਵਿਚ ਇਕ ਨਕਾਬਪੋਸ਼ ਨੇ ਸਿੱਖ ਦੇ ਗੈਸ ਸਟੇਸ਼ਨ 'ਚ ਪੈਂਦੇ ਇਸ ਸਟੇਸ਼ਨ ਉਤੇ ਪਿਛਲੇ ਹਫਤੇ ਹਮਲਾ ਕੀਤਾ ਗਿਆ ਜਿਸ ਨਾਲ ਸਿੱਖ ਭਾਈਚਾਰੇ 'ਚ ਰੋਸ ਦੀ ਲਹਿਰ ਹੈ।



ਸਥਾਨਕ ਡਬਲਿਊ.ਐਸ.ਏ.ਜ਼ੈਡ. ਟੀਵੀ ਮੁਤਾਬਕ ਸਪਰੇਅ ਨਾਲ 'ਗੋਰਿਆਂ ਦੀ ਤਾਕਤ' ਅਤੇ ਭੱਦੀ ਭਾਸ਼ਾ ਆਦਿ ਦੀ ਵਰਤੋਂ ਕੀਤੀ ਗਈ। ਗੈਸ ਸਟੇਸ਼ਨ ਦੇ ਮਾਲਕ ਗੈਰੀ ਸਿੰਘ ਨੇ ਕਿਹਾ ਕਿ ਉਹ ਘਟਨਾ ਮਗਰੋਂ ਸਦਮੇ 'ਚ ਹੈ। ਕੈਨਟਕੀ ਪੁਲਿਸ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਟੀਵੀ ਚੈਨਲ ਨੇ ਕਿਹਾ ਕਿ ਸੁਰੱਖਿਆ ਫੁਟੇਜ 'ਚ ਇਕ ਵਿਅਕਤੀ ਸਕੀਇੰਗ ਵਾਲਾ ਮਾਸਕ ਪਹਿਨੇ ਹੋਏ ਰਾਤ ਸਾਢੇ 11 ਵਜੇ ਤੋਂ ਬਾਅਦ ਸਟੋਰ ਵੱਲ ਜਾਂਦਾ ਦਿਖਾਈ ਦਿੰਦਾ ਹੈ। ਉਸ ਨੇ ਸਟੋਰ ਦੀ ਭੰਨ-ਤੋੜ ਕਰ ਕੇ ਉਸ ਉਤੇ ਨਸਲੀ ਅਤੇ ਭੱਦੇ ਚਿੰਨ੍ਹ ਉਕੇਰ ਦਿੱਤੇ। ਗਰੀਨਅੱਪ ਕਾਊਂਟੀ

ਗੈਰੀ ਸਿੰਘ ਨੇ ਕਿਹਾ ਕਿ ਚਾਰ ਸਾਲਾਂ 'ਚ ਅਜਿਹੀ ਘਟਨਾ ਉਸ ਨਾਲ ਪਹਿਲੀ ਵਾਰ ਵਾਪਰੀ ਹੈ। ਸਥਾਨਕ ਡੇਲੀ ਮੇਲ ਮੁਤਾਬਕ ਸਟੋਰ 'ਤੇ ਭੱਦੀ ਸ਼ਬਦਾਵਲੀ ਅਤੇ ਹੋਰ ਨਿਸ਼ਾਨਾਂ ਵਾਲੇ ਪੱਤਰ ਵੀ ਮਿਲੇ ਹਨ ਜਿਨ੍ਹਾਂ ਤੋਂ ਭਾਵ ਸੀ ਕਿ 'ਲੀਵ' ਯਾਨੀ ਸਟੋਰ ਖਾਲੀ ਕਰ ਦਿਓ। ਗੈਰੀ ਸਿੰਘ ਨੇ ਦੱਸਿਆ ਕਿ ਉਹ 1990ਵਿਆਂ ਦੇ ਸ਼ੁਰੂ 'ਚ ਭਾਰਤ ਤੋਂ ਅਮਰੀਕਾ ਸੁਪਨਾ ਲੈ ਕੇ ਆਏ ਸਨ ਪਰ ਜੋ ਕੁਝ ਸਟੋਰ 'ਤੇ ਵਾਪਰਿਆ, ਉਹ ਤਾਂ ਬੁਰੇ ਸੁਪਨੇ ਵਰਗਾ ਸੀ।

# ਅਟਾਰੀ ਸਮਾਗਮ: ਕੁਰਸੀਆਂ ਖਾਲੀ ਵੇਖ ਚੁੱਪ-ਚੁਪੀਤੇ ਪਰਤੇ ਕੈਪਟਨ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ਼ਹੀਦ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੇ 172ਵੇਂ ਸ਼ਹੀਦੀ ਦਿਹਾੜੇ ਸਬੰਧੀ



ਅਟਾਰੀ ਵਿਚ ਮਨਾਏ ਗਏ ਰਾਜ ਪੱਧਰੀ ਸਮਾਰੋਹ ਵਿਚ ਕੁਰਸੀਆਂ ਖਾਲੀ ਵੇਖ ਕੇ ਸੰਬੋਧਨ ਕੀਤੇ ਬਗੈਰ ਵਾਪਸ ਪਰਤ ਗਏ। ਅਸਫਲ ਰਹੇ ਸਮਾਗਮ ਲਈ ਕਾਂਗਰਸੀ ਆਗੂਆਂ ਨੇ ਸਬੰਧਤ ਟਰੱਸਟ ਉਤੇ ਦੋਸ਼ ਲਗਾਏ ਹਨ।

ਮੁੱਖ ਮੰਤਰੀ ਨੇ ਸਿੱਖ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੀ ਯਾਦ 'ਚ ਨਰਾਇਣਗੜ੍ਹ ਅੰਮ੍ਰਿਤਸਰ ਅਤੇ ਅਟਾਰੀ ਵਿਚ ਕਰਵਾਏ ਜਾ ਰਹੇ ਸਮਾਗਮਾਂ 'ਚ ਸ਼ਿਰਕਤ ਕੀਤੀ ਹੈ। ਕੁਝ ਕਾਂਗਰਸੀਆਂ ਦਾ ਇਹ ਵੀ ਕਹਿਣਾ ਹੈ ਕਿ ਇਥੇ ਮੁੱਖ ਮੰਤਰੀ ਦਾ ਸੰਬੋਧਨ ਕਰਨ ਦਾ ਪ੍ਰੋਗਰਾਮ ਹੀ ਨਹੀਂ ਸੀ। ਦੂਜੇ ਪਾਸੇ ਵਿਰੋਧੀ ਕਹਿ ਰਹੇ ਹਨ ਕਿ ਪ੍ਰੋਗਰਾਮ ਦੀ ਫੂਕ ਨਿਕਲ ਚੁਕੀ ਹੈ। ਇਸ ਮੌਕੇ ਕੈਪਟਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸ਼ਾਮ ਸਿੰਘ ਅਟਾਰੀਵਾਲਾ ਦੀ ਜੀਵਨੀ ਅਤੇ ਸ਼ਹੀਦੀ ਉਤੇ ਚਾਨਣਾ ਪਾਉਂਦਾ ਅਧਿਆਇ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ ਪੁਸਤਕਾਂ 'ਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ।

ਇਸ ਤੋਂ ਇਲਾਵਾ ਅਟਾਰੀ ਰੇਲਵੇ ਸਟੇਸ਼ਨ ਅਤੇ ਆਈ.ਸੀ.ਪੀ. ਅਟਾਰੀ ਦਾ ਨਾਂ ਸ਼ਾਮ ਸਿੰਘ ਅਟਾਰੀਵਾਲਾ ਦੇ ਨਾਂ ਉਤੇ ਰੱਖਣ ਲਈ ਕੇਂਦਰ ਸਰਕਾਰ ਕੋਲ ਪਹੁੰਚ ਕੀਤੀ ਗਈ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਅਟਾਰੀਵਾਲਾ ਜੀ ਦੀ ਜੀਵਨੀ ਉਤੇ ਵਿਸਥਾਰ ਵਿਚ ਚਾਨਣਾ ਪਾਉਂਦਾ ਇਕ ਲੇਖ ਆਪਣੀਆਂ ਪਾਠ ਪੁਸਤਕਾਂ ਵਿਚ ਸ਼ਾਮਲ ਕਰਨ ਜਿਸ ਤੋਂ ਬੱਚੇ ਦੇਸ਼ ਭਗਤੀ ਦੀ ਪ੍ਰੇਰਨਾ ਲੈ ਸਕਣ।

# ਇੰਦਰਾ ਨੂਈ ਆਈ.ਸੀ.ਸੀ. ਵਿਚ ਪਲੇਠੀ ਮਹਿਲਾ ਡਾਇਰੈਕਟਰ

**ਦੁਬਈ:** ਪੈਪਸੀਕੋ ਕੰਪਨੀ ਦੀ ਚੇਅਰਮੈਨ ਇੰਦਰਾ ਨੂਈ ਨੂੰ ਕੌਮਾਂਤਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਦੀ ਆਜ਼ਾਦ ਤੌਰ ਉਤੇ ਪਲੇਠੀ ਮਹਿਲਾ ਡਾਇਰੈਕਟਰ ਵਜੋਂ ਨਾਮਜ਼ਦ ਕੀਤਾ ਗਿਆ ਹੈ। ਨੂਈ, ਕ੍ਰਿਕਟ ਦੀ ਖੇਡ ਨੂੰ ਕੰਟਰੋਲ ਕਰਦੀ ਇਸ ਆਲਮੀ ਸੰਸਥਾ ਦੇ ਬੋਰਡ ਦਾ ਹਿੱਸਾ ਜੂਨ ਮਹੀਨੇ ਤੋਂ ਬਣੇਗੀ। ਨੂਈ ਦੀ ਨਿਯੁਕਤੀ ਦਾ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ ਹੈ। ਆਜ਼ਾਦ ਡਾਇਰੈਕਟਰ ਵਜੋਂ ਨੂਈ ਦਾ ਕਾਰਜਕਾਲ ਦੋ ਸਾਲ ਲਈ ਹੋਵੇਗਾ, ਹਾਲਾਂਕਿ ਉਨ੍ਹਾਂ ਨੂੰ ਅੱਗੋਂ ਦੋ-ਦੋ ਸਾਲ ਲਈ ਇਸ ਅਹੁਦੇ ਉਤੇ ਮੁੜ ਨਿਯੁਕਤ ਕੀਤਾ ਜਾ ਸਕਦਾ ਹੈ। ਆਜ਼ਾਦ ਡਾਇਰੈਕਟਰ ਵਜੋਂ ਇਕ ਮਹਿਲਾ ਨੂੰ ਨਿਯੁਕਤ ਕੀਤੇ ਜਾਣ ਸਬੰਧੀ ਤਜਵੀਜ਼ ਉਤੇ ਆਈ.ਸੀ.ਸੀ. ਦੀ ਪੂਰੀ ਕੌਂਸਲ ਨੇ ਪਿਛਲੇ ਸਾਲ ਜੂਨ ਵਿਚ ਮੋਹਰ ਲਾਈ ਸੀ।

ਕਿਲਾ ਰਾਏਪੁਰ ਦੀਆਂ ਖੇਡਾਂ

ਖੇਡ ਜਗਤ

# ਪੇਂਡੂ ਓਲੰਪਿਕਸ ਦੇ ਨਾਂ ਉਤੇ ਪੇਂਡੂ ਖੇਡਾਂ ਕਿ ਸਰਕਸੀ ਤਮਾਸ਼ੇ?

ਕਦੇ ਮੈਂ ਲਿਖਿਆ ਸੀ, "ਜੀਹਨੇ ਪੰਜਾਬ ਦੀ ਰੂਹ ਦੇ ਦਰਸ਼ਨ ਕਰਨੇ ਹੋਣ, ਉਹ ਕਿਲਾ ਰਾਏਪੁਰ ਦਾ ਖੇਡ ਮੇਲਾ ਵੇਖ ਲਵੇ। ਉਹ ਪੰਜਾਬੀ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੁੰਦਾ, ਜਿਥੇ ਖੇਡਦੇ-ਮੱਲ੍ਹਦੇ ਤੇ ਨੱਚਦੇ-ਟੱਪਦੇ ਪੰਜਾਬ ਦੇ ਦਰਸ਼ਨ ਦੀਦਾਰ ਹੁੰਦੇ ਹਨ। ਉਥੇ ਬੈਲ ਗੱਡੀਆਂ ਦੀ ਦੌੜ ਤੋਂ ਲੈ ਕੇ ਗਿੱਧੇ, ਗਤਕੇ ਤਕ ਸਭ ਕੁਝ ਹੁੰਦਾ ਹੈ। ਗੱਭਰੂਆਂ ਦੇ ਡੌਲੇ, ਮੁਟਿਆਰਾਂ ਦੀਆਂ ਪੰਜੇਬਾਂ ਤੇ ਬਜ਼ੁਰਗਾਂ ਦੀਆਂ ਬੀਬੀਆਂ ਦਾੜ੍ਹੀਆਂ। ਉਥੇ ਰੰਗਲਾ ਪੰਜਾਬ ਸਤਰੰਗੀ ਪੀਂਘ ਵਾਂਗ ਨਜ਼ਰੀਂ ਪੈਂਦਾ ਹੈ। ਕਿਧਰੇ ਕਬੱਡੀ ਹੁੰਦੀ ਹੈ, ਕਿਧਰੇ ਨੇਜ਼ਾਬਾਜ਼ੀ, ਕਿਧਰੇ ਬਾਜ਼ੀਗਰਾਂ ਦੇ ਕਰਤੱਬ ਤੇ ਕੁੜੀਆਂ-ਮੁੰਡਿਆਂ ਦੀ ਹਾਕੀ। ਵਿਚੇ ਭੰਗੜੇ ਪਈ ਜਾਂਦੇ ਹਨ ਤੇ ਵਿਚੇ ਊਠਾਂ-ਘੋੜੀਆਂ ਦੀ ਦੌੜ ਹੋਈ

**ਪ੍ਰਿੰ. ਸਰਵਣ ਸਿੰਘ**

ਜਾਂਦੀ ਹੈ। ਕੋਈ ਜੁਆਨ ਬੋਰੀ ਚੁੱਕਦਾ ਹੈ, ਕੋਈ ਮੁਗਦਰ ਤੇ ਕੋਈ ਬਾਬਾ ਮੂੰਗਲੀਆਂ ਫੇਰੀ ਜਾਂਦਾ ਹੈ। ਉਥੇ ਤੇਜ਼ ਤਰਾਰ ਤੇ ਲੰਮੀਆਂ ਦੌੜਾਂ ਲਾਉਣ ਵਾਲੇ ਟਰੈਕ ਨੂੰ ਸਾਹ ਨਹੀਂ ਲੈਣ ਦਿੰਦੇ। ਆਏ ਸਾਲ ਰਿਕਾਰਡ ਟੁੱਟਦੇ ਤੇ ਨਵੇਂ ਰਿਕਾਰਡ ਰੱਖੇ ਜਾਂਦੇ ਹਨ। ਵਿਚੇ ਸਾਈਕਲ ਸਵਾਰ ਘੁਕਾਟ ਪਾਈ ਜਾਂਦੇ ਹਨ, ਖੱਚਰ ਰੇਹੜੇ ਦੌੜਦੇ ਹਨ ਤੇ ਸੁਹਾਗਾ ਦੌੜਾਂ ਲੱਗਦੀਆਂ ਹਨ। ਕਿਧਰੇ ਊਠ 'ਤੇ ਖੜ੍ਹਾ ਸਵਾਰ ਪਾਣੀ ਦਾ ਛੰਨਾ ਹਥੇਲੀ ਉਤੇ ਟਿਕਾਈ ਜਾਂਦਾ ਹੈ ਤੇ ਕਿਧਰੇ ਕੋਈ ਨਿਹੰਗ ਦੋ ਘੋੜਿਆਂ ਉਤੇ ਖੜ੍ਹਾ ਘੋੜਿਆਂ ਦੀ ਜੋੜੀ ਨੂੰ ਬਰਾਬਰ ਉਡਾਈ ਜਾਂਦਾ ਦਿਸਦਾ ਹੈ। ਰਵਾਇਤੀ ਪੇਂਡੂ ਖੇਡਾਂ ਦਾ ਮਘਦਾ ਜਲੌਅ ਹੁੰਦਾ ਹੈ। ਕਿਸੇ ਕੋਨੇ ਬੱਗੀਆਂ ਦਾੜ੍ਹੀਆਂ ਵਾਲੇ ਬਾਬੇ ਰੱਸਾਕਸ਼ੀ ਕਰਦੇ ਹੌਂਕ ਰਹੇ ਹੁੰਦੇ ਹਨ। ਨਾਲ ਦੀ ਨਾਲ ਕੁਮੈਂਟਰੀ ਗੂੰਜਦੀ ਹੈ:

-ਲੈ ਬਈ ਮੁੰਡਿਆ, ਲਾ ਛਾਲ ਕਿ ਤੈਨੂੰ ਵੀ ਕੋਈ ਢੋਲ-ਢੂਲ ਆਲਾ ਚਾਹੀਦੈ?

-ਬੀਂਡੀ ਜੁੜਿਆ ਬਾਬਾ ਗੱਡੀ ਖੜ੍ਹਾ ਪੈਰ। ਲੈ ਇਹ ਨ੍ਹੀਂ ਹਿੱਲਦਾ ਹੁਣ।

-ਅਹੁ ਡਿੱਗ-ਪੀ ਝੰਡੀ। ਆਉਂਦੇ ਆ ਵਹਿੜੇ 'ਵਾ ਨੂੰ ਗੰਢਾਂ ਦਿੰਦੇ। ਪਰ੍ਹੇ-ਪਰ੍ਹੇ ਹੋ ਜੋ, ਹੋਰ ਨਾ ਕਿਸੇ ਦੀ ਜਾਹ ਜਾਂਦੀ ਹੋ ਜੇ। ਗੱਡੀਆਂ ਵਾਲਿਆਂ ਦੇ ਬਰੇਕ ਨ੍ਹੀਂ ਹੁੰਦੇ।

ਉਥੇ ਝੰਡੇ ਝੂਲਦੇ, ਬੈਂਡ ਵੱਜਦੇ ਤੇ ਗਾਇਕ ਪਾਰਟੀਆਂ ਦਾ ਗੀਤ-ਸੰਗੀਤ ਹੁੰਦਾ ਹੈ। ਜਿਮਨਾਸਟ ਕਲਾਬਾਜ਼ੀਆਂ ਵਿਖਾਉਂਦੇ ਹਨ ਤੇ ਪੈਰਾਸੂਟਰ ਅਸਮਾਨ 'ਚ ਉਡਦੇ ਹਨ। ਆਏ ਸਾਲ ਰੰਗਾਂ ਦੀ ਅਜਿਹੀ ਲੀਲ੍ਹਾ ਰਚੀ ਜਾਂਦੀ ਹੈ, ਜਿਹਦਾ ਨਜ਼ਾਰਾ ਫੇਰ ਸਾਲ ਭਰ ਨਹੀਂ ਭੁੱਲਦਾ। ਕਿਲਾ ਰਾਏਪੁਰ ਦੀਆਂ ਖੇਡਾਂ ਦਾ ਮੇਲਾ ਦੇਸ਼ ਤੋਂ ਬਾਹਰ ਪਰਦੇਸਾਂ ਵਿਚ ਵੀ ਮਸ਼ਹੂਰ ਹੋ ਗਿਆ ਹੈ ਤੇ ਮੀਡੀਏ ਨੇ ਇਸ ਨੂੰ ਪੇਂਡੂ ਓਲੰਪਿਕਸ ਦਾ ਨਾਂ ਦੇ ਦਿੱਤਾ ਹੈ।"

'ਕਿਲਾ ਰਾਏਪੁਰ ਦੀਆਂ ਖੇਡਾਂ' ਵਾਲਾ ਇਹ ਲੇਖ ਸਕੂਲਾਂ ਦੀਆਂ ਪਾਠ ਪੁਸਤਕਾਂ 'ਚ ਪੜ੍ਹਾਇਆ ਜਾਂਦਾ ਰਿਹਾ।

ਮੈਂ ਇਹ ਖੇਡ ਮੇਲਾ ਬਚਪਨ ਤੋਂ ਬੁਢਾਪੇ ਤਕ ਅਨੇਕਾਂ ਵਾਰ ਵੇਖਿਆ ਹੈ। ਇਹ 1934 ਵਿਚ ਸ਼ੁਰੂ ਹੋਇਆ ਸੀ ਜੋ 2018 ਵਿਚ 82ਵੀਂ ਵਾਰ ਮਨਾਇਆ ਗਿਆ। ਮੈਂ 2-3 ਫਰਵਰੀ ਨੂੰ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਵਿਚ ਦਿੱਲੀ ਜਾਣਾ ਸੀ, ਇਸ ਕਰਕੇ ਇਸ ਵਾਰ ਮੇਰਾ ਇਹ ਮੇਲਾ ਵੇਖਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਪਰ ਦਿੱਲੀ ਵਿਖੇ ਬੀ. ਬੀ. ਸੀ. ਦੇ ਪੰਜਾਬੀ ਟੀ. ਵੀ.



ਚੈਨਲ ਵਾਲਾ ਦਲਜੀਤ ਅਮੀ ਮਿਲਿਆ ਜੋ ਜ਼ੋਰ ਦੇਣ ਲੱਗਾ, ਪਈ ਜੇ 4 ਫਰਵਰੀ ਨੂੰ ਕਿਲਾ ਰਾਏਪੁਰ ਪਹੁੰਚ ਸਕੋ ਤਾਂ ਬਹੁਤ ਵਧੀਆ ਰਹੇਗਾ ਕਿਉਂਕਿ ਖੇਡਾਂ ਬਾਰੇ ਬੀ. ਬੀ. ਸੀ. ਨੂੰ ਤੁਹਾਡਾ ਲਾਈਵ ਤਬਸਰਾ ਚਾਹੀਦੈ। ਉਦਣ ਖੇਡਾਂ ਦਾ ਆਖਰੀ ਦਿਨ ਸੀ। ਮੈਂ ਹਾਂ ਕਰ ਦਿੱਤੀ।



ਬੀ. ਬੀ. ਸੀ. ਦੀ ਟੀਮ ਕਿਲਾ ਰਾਏਪੁਰ ਦੇ ਸਟੇਡੀਅਮ ਵਿਚ ਪੁੱਜੀ ਤਾਂ ਮੈਨੂੰ ਪਹਿਲਾਂ ਨਾਲੋਂ ਬੜੇ ਘੱਟ ਦਰਸ਼ਕ ਵੇਖ ਕੇ ਮਾਯੂਸੀ ਹੋਈ। ਖੇਡ ਮੁਕਾਬਲੇ ਵੀ ਕੋਈ ਖਾਸ ਨਹੀਂ ਸਨ ਹੋ ਰਹੇ। ਪਿੰਡ ਪੱਧਰ ਦੇ ਕਬੱਡੀ ਮੈਚਾਂ ਲਈ ਵੀ ਵਾਰ ਵਾਰ ਆਵਾਜ਼ਾਂ ਮਾਰੀਆਂ ਜਾ ਰਹੀਆਂ ਸਨ ਪਰ ਖਿਡਾਰੀ ਨਹੀਂ ਸਨ ਨਿਕਲ ਰਹੇ। ਟਰੈਕ ਵਿਚ ਵੀ ਪਹਿਲਾਂ ਵਰਗੀ ਸਰਗਰਮੀ ਨਹੀਂ ਸੀ। ਹਾਕੀ ਦਾ ਮੈਚ ਵੀ ਸਾਧਾਰਨ ਸੀ। ਓਲੰਪਿਕ ਪੈਟਰਨ ਦੀ ਕੋਈ ਹੋਰ ਖੇਡ ਨਹੀਂ ਸੀ ਹੋ ਰਹੀ। ਪੰਜਾਬ ਦੀਆਂ ਰਵਾਇਤੀ ਖੇਡਾਂ 'ਚੋਂ ਵੀ ਕੋਈ ਖੇਡ ਨਹੀਂ ਸੀ ਚੱਲ ਰਹੀ। ਖੇਡਾਂ ਬੁਝੀਆਂ-ਬੁਝੀਆਂ ਲੱਗੀਆਂ। ਮੈਨੂੰ ਲੱਗਾ ਕਿਤੇ ਮੇਰੀ ਨਿਗ੍ਹਾ 'ਚ ਹੀ ਤਾਂ ਫਰਕ ਨਹੀਂ ਪੈ ਗਿਆ?

ਮੁੜ ਕੇ ਧਿਆਨ ਨਾਲ ਨਿਗ੍ਹਾ ਮਾਰੀ ਤਾਂ ਕੁਝ ਖੇਡ ਤਮਾਸ਼ੇ ਹੋ ਰਹੇ ਸਨ। ਉਨ੍ਹਾਂ ਨੂੰ ਸਟੰਟ ਖੇਡਾਂ ਕਹਿ ਲਓ ਜਾਂ ਸਰਕਸੀ ਕਰਤਬ। ਕੋਈ ਹੱਥ ਛੱਡੀ ਮੋਟਰ ਸਾਈਕਲ 'ਤੇ ਖੜ੍ਹਾ ਸੀ, ਕੋਈ ਇੱਟ ਉਤੇ ਬੋਤਲ ਟਿਕਾ ਕੇ ਉਹਦੇ ਉਤੇ! ਕੋਈ ਗੋਡਣੀਏਂ ਹੋਇਆ ਬੈਠਾ ਸੀ, ਕੋਈ ਸਿਰ ਪਰਨੇ। ਕੋਈ ਦੰਦਾਂ 'ਚ ਹਲ ਚੁੱਕੀ ਖੜ੍ਹਾ ਸੀ ਤੇ ਕੋਈ ਰੱਸੀ ਨਾਲ ਪੰਦਰਾਂ ਵੀਹ ਇੱਟਾਂ ਬੰਨ੍ਹ ਕੇ ਰੱਸੀ ਦੰਦਾਂ 'ਚ ਫੜੀ ਖੜ੍ਹਾ ਸੀ। ਕੋਈ ਛਾਤੀ 'ਤੇ ਫੱਟਾ ਰੱਖ ਕੇ ਉਤੋਂ ਦੀ ਮੋਟਰ ਸਾਈਕਲ ਲੰਘਵਾ ਰਿਹਾ ਸੀ ਤੇ ਕੋਈ ਕੰਨਾਂ ਨਾਲ ਮੋਟਰ ਸਾਈਕਲ ਖਿੱਚ ਰਿਹਾ ਸੀ। ਕੋਈ ਮੁੱਛਾਂ 'ਤੇ ਨਿੰਬੂ ਟਿਕਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਕੋਈ ਕੁੱਕੜ ਲਈ ਫਿਰਦਾ ਸੀ, ਕੋਈ ਬਟੇਰਾ। ਹਾਥੀਆਂ ਤੇ ਬੋਤਿਆਂ ਉਤੇ ਰੰਗੀਨ ਝੁੱਲ ਦਿੱਤੇ ਹੋਏ ਸਨ। ਇਕ ਅਮਲੀ ਜਿਹਾ ਬੰਦਾ ਘੰਡੀ ਨਾਲ ਸਰੀਆ ਦੂਹਰਾ ਕਰ ਰਿਹਾ ਸੀ। ਇਕ ਪਾਸੇ ਟਰੈਕਟਰਾਂ ਨਾਲ ਤਵੀਆਂ ਦੀ ਵਾਹੀ ਦੇ ਮੁਕਾਬਲੇ ਹੋ ਰਹੇ ਸਨ। ਦੋ ਟਰਾਲੀਆਂ ਬੋਰੀਆਂ ਨਾਲ ਲੱਦੀਆਂ ਖੜ੍ਹੀਆਂ ਸਨ। ਭੁਕਾਨਿਆਂ ਵਾਲੇ ਵੱਖ ਤੁਰੇ ਫਿਰਦੇ ਸਨ, ਪਤੰਗਾਂ ਵਾਲੇ ਵੱਖ। ਕੋਈ ਟੱਲੀਆਂ ਲਈ ਫਿਰਦਾ ਸੀ, ਕੋਈ ਛੈਣੇ। ਖਿਡਾਰੀਆਂ ਦੀ ਥਾਂ ਮੀਡੀਏ ਦੀਆਂ ਟੋਲੀਆਂ ਖੇਡ ਮੈਦਾਨ ਮੱਲੀ ਖੜ੍ਹੀਆਂ ਸਨ। ਇਕ ਮੋਟਰ ਸਾਈਕਲ ਵਾਲਾ ਮੋੜ ਕੱਟਦਾ ਡਿੱਗ ਪਿਆ ਪਰ ਉਠ ਖੜ੍ਹਾ ਹੋਇਆ। ਇਕ ਅੱਖਾਂ ਬੰਨ੍ਹੀ ਨਿਸ਼ਾਨਾ ਲਾ ਰਿਹਾ ਸੀ। ਕੈਸੀਆਂ ਸਨ ਇਹ 'ਕਿਲਾ ਰਾਏਪੁਰ ਦੀਆਂ ਖੇਡਾਂ?' ਬੀ. ਬੀ. ਸੀ. ਲਈ ਕੀ ਤਬਸਰਾ ਕਰਦਾ ਮੈਂ?

ਨਾ ਉਥੇ ਭਗਵੰਤ ਮੈਮੋਰੀਅਲ ਗੋਲਡ ਕੱਪ ਦਿਸਿਆ ਜੋ ਸੌ ਤੋਲੇ ਸ਼ੁਧ ਸੋਨੇ ਦਾ ਬਣਿਆ ਹੋਇਐ ਤੇ ਨਾ 1934 ਵਾਲਾ ਜਿਸਤੀ ਕੱਪ। ਪੁੱਛਿਆ ਤਾਂ ਪ੍ਰਬੰਧਕਾਂ ਨੇ ਕਿਹਾ ਕਿ ਕੱਪ ਬੈਂਕ ਦੇ ਲਾਕਰ ਵਿਚ ਹਨ। ਕੌਣ ਲਿਆਵੇ ਤੇ ਮੁੜ ਪੁਚਾਵੇ? ਮੈਂ ਸੋਚਿਆ ਸੀ, ਬੀ. ਬੀ. ਸੀ. ਦੇ ਦਰਸ਼ਕਾਂ ਨੂੰ ਉਨ੍ਹਾਂ ਕੱਪਾਂ ਦੇ ਦਰਸ਼ਨ ਕਰਵਾ ਕੇ ਉਨ੍ਹਾਂ ਦੀ ਅਹਿਮੀਅਤ ਦੱਸਾਂਗੇ। ਬੈਲ ਗੱਡੀਆਂ ਦੀਆਂ ਦੌੜਾਂ, ਘੋੜ ਦੌੜਾਂ, ਨਿਹੰਗਾਂ ਦੀ ਨੇਜ਼ਾਬਾਜ਼ੀ, ਸੁਹਾਗਾ ਦੌੜਾਂ ਤੇ ਖੱਚਰ ਰੇੜ੍ਹਾ ਦੌੜਾਂ-ਕੁਝ ਵੀ ਨਹੀਂ ਸੀ ਉਥੇ। ਓਲੰਪਿਕ ਖੇਡਾਂ ਵਿਚਲੀਆਂ ਖੇਡਾਂ ਦੇ ਮੁਕਾਬਲੇ ਨਾਮਾਤਰ ਸਨ। ਬੱਸ ਭੂੰਡ ਪਟਾਕੇ ਸਨ, ਕੁੱਤੇ-ਬਿੱਲੇ ਅਤੇ ਹਾਥੀ ਤੇ ਬੋਤੇ ਖੜ੍ਹੇ ਝੂਲ ਰਹੇ ਸਨ। ਨਾ ਪਹਿਲਾਂ ਜਿਹੀਆਂ ਕਬੱਡੀਆਂ ਸਨ, ਨਾ ਰਿਕਾਰਡ ਤੋੜਵੇਂ ਅਥਲੈਟਿਕ ਈਵੈਂਟ। ਅਸਲੀ ਖੇਡ ਪ੍ਰੇਮੀ ਗੈਰ ਹਾਜ਼ਰ ਸਨ, ਤਮਾਸ਼ਬੀਨ ਜ਼ਰੂਰ ਹਾਜ਼ਰ ਸਨ। ਕਿੰਨੀਆਂ ਬਦਲ ਗਈਆਂ ਸਨ, ਕਿਲਾ ਰਾਏਪੁਰ ਦੀਆਂ 'ਖੇਡਾਂ'!

ਪ੍ਰਬੰਧਕ ਵੀਰ ਬੁਰਾ ਨਾ ਮਨਾਉਣ। ਵੀਰ ਮੇਰਿਓ, ਰਤਾ ਅੰਦਰ ਝਾਤ ਮਾਰ ਕੇ ਵੇਖੋ। ਜਿੰਨਾ ਵੱਡਾ 'ਕਿਲਾ ਰਾਏਪੁਰ ਦੀਆਂ ਖੇਡਾਂ' ਦਾ ਨਾਂ ਹੈ, ਕੀ 84 ਸਾਲਾਂ ਵਿਚ ਆਪਣੇ ਇਲਾਕੇ ਵਿਚੋਂ ਉਨੇ ਵੱਡੇ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ? ਕਿੰਨੇ ਬਣਾਏ ਹਨ, ਨੈਸ਼ਨਲ ਜਾਂ ਇੰਟਰਨੈਸ਼ਨਲ ਚੈਂਪੀਅਨ? ਸਟੰਟ/ਤਮਾਸ਼ੇ ਖੇਡਾਂ ਨਹੀਂ ਕਹੇ ਜਾਂਦੇ। ਕਿਤੇ ਤੁਸੀਂ ਆਪਣੇ ਬਜ਼ੁਰਗਾਂ ਦੀਆਂ ਮਾਰੀਆਂ ਮੱਲਾਂ ਦੀ ਹੀ ਖੱਟੀ ਤਾਂ ਨਹੀਂ ਖਾਈ ਜਾ ਰਹੇ?

ਯਾਦ ਕਰੋ, 1943 ਵਿਚ ਕਲਕੱਤੇ ਦਾ ਟਰਾਂਸਪੋਰਟਰ ਦਲੀਪ ਸਿੰਘ ਗਰੇਵਾਲ ਮੇਲੇ 'ਚ ਸ਼ਾਮਲ ਹੋਇਆ ਸੀ। ਉਸ ਕੋਲ ਮਾਇਆ ਦੀ ਸੋਟ ਕਰਨ ਵਾਲਾ ਦਿਲ ਵੀ ਸੀ। ਉਹ ਮੇਲੇ ਵਿਚ ਖਿਡਾਰੀਆਂ ਉਤੋਂ ਦੀ ਰੁਪਈਆਂ ਦਾ ਮੀਂਹ ਵਰ੍ਹਾਉਣ ਲੱਗਾ। ਉਨ੍ਹੀਂ ਦਿਨੀਂ ਜਦੋਂ ਕਈ ਪੇਂਡੂਆਂ ਨੇ ਸੌ ਦਾ ਨੋਟ ਵੇਖਿਆ ਵੀ ਨਹੀਂ ਸੀ, ਉਹ ਕਬੱਡੀ ਦੇ ਇਕ-ਇਕ ਪੁਆਇੰਟ ਉਤੇ ਸੌ-ਸੌ ਦੇ ਨੋਟ ਇਨਾਮ ਦੇਣ ਲੱਗਾ। ਸੌ ਦਾ ਪਹਿਲਾ ਨੋਟ ਕਬੱਡੀ ਦੇ ਮਸ਼ਹੂਰ ਖਿਡਾਰੀ ਬਿੱਲੂ ਰਾਜੇਆਣੀਏਂ ਨੂੰ ਮਿਲਿਆ ਜਦੋਂ ਉਸ ਨੇ ਇਕ ਕਹਿੰਦੇ ਕਹਾਉਂਦੇ ਧਾਵੀ ਨੂੰ ਗੁੱਟੋਂ ਫੜ੍ਹ ਕੇ ਹੀ ਡੱਕ ਲਿਆ। ਮੇਲੇ ਤੋਂ ਮੁੜਦੇ ਖਿਡਾਰੀ ਕਹਿੰਦੇ ਜਾਂਦੇ ਸਨ, "ਕਿਲਾ ਰਾਏਪੁਰ ਦੀਆਂ ਖੇਡਾਂ ਨੇ ਸਾਡਾ ਪੂਰਾ ਮੁੱਲ ਪਾਇਆ।"

ਮੰਦੇ ਦੇ ਉਨ੍ਹਾਂ ਦਿਨਾਂ ਵਿਚ ਕਈ ਖਿਡਾਰੀਆਂ ਨੇ ਉਥੋਂ ਹਜ਼ਾਰ-ਹਜ਼ਾਰ ਦੇ ਇਨਾਮ ਹਾਸਲ ਕੀਤੇ।



*ਗੁਰਬਖਸ਼ ਸਿੰਘ ਸੰਧੂ, ਗੁਰਬਚਨ ਸਿੰਘ ਰੰਧਾਵਾ, ਅਲੈਕਸੀ ਸਿੰਘ ਗਰੇਵਾਲ, ਗੁਰਭਜਨ ਗਿੱਲ ਅਤੇ ਪ੍ਰਿੰ. ਸਰਵਣ ਸਿੰਘ*

ਖੇਡ ਵਿਭਾਗ ਦੀ ਸਾਬਕਾ ਅਫਸਰ ਸ੍ਰੀਮਤੀ ਸੁਨੀਤਾ ਧੀਰ ਦੱਸਦੀ ਹੁੰਦੀ ਸੀ ਕਿ ਉਹ ਅਜੇ ਵਿਦਿਆਰਥਣ ਸੀ, ਜਦੋਂ ਕਿਲਾ ਰਾਏਪੁਰ ਦੌੜਨ ਗਈ ਤੇ ਅੱਠ ਸੌ ਰੁਪਏ ਦੇ ਇਨਾਮ ਲੈ ਕੇ ਪਰਤੀ। ਉਦੋਂ ਏਨੇ ਪੈਸਿਆਂ ਨਾਲ ਇਕ ਏਕੜ ਜਮੀਨ ਆ ਜਾਂਦੀ ਸੀ। ਕਬੱਡੀ ਦੀ ਕੁਮੈਂਟਰੀ ਕਿਲਾ ਰਾਏਪੁਰ ਦੀਆਂ ਖੇਡਾਂ ਵਿਚੋਂ ਜਨਮੀ ਸੀ। ਪੀ. ਟੀ. ਜੋਗਿੰਦਰ ਸਿੰਘ ਇਸ ਦਾ ਜਨਮਦਾਤਾ ਸੀ।

ਇਸ ਖੇਡ ਮੇਲੇ ਵਿਚ ਹਾਕੀ ਦੇ ਜਾਦੂਗਰ ਧਿਆਨ ਚੰਦ, ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਤੇ ਸੁਰਜੀਤ ਸਿੰਘ ਵਰਗੇ ਆਲਮੀ ਪ੍ਰਸਿੱਧੀ ਵਾਲੇ ਖਿਡਾਰੀ ਖੇਡ ਦੇ ਜੌਹਰ ਵਿਖਾਉਂਦੇ ਰਹੇ। ਦੇਸ਼ ਭਰ 'ਚੋਂ ਚੋਟੀ ਦੇ ਅਥਲੀਟ ਇਸ ਦੇ ਟਰੈਕ ਵਿਚ ਦੌੜਦੇ ਰਹੇ। ਇਥੇ ਗੋਲੇ ਦਾ ਸੁਟਾਵਾ ਪ੍ਰਦੁੱਮਣ ਸਿੰਘ ਆਇਆ, ਡਿਸਕਸ ਵਾਲਾ ਬਲਕਾਰ ਸਿੰਘ ਵੀ ਤੇ ਹੈਮਰ ਸੁੱਟਣ ਵਾਲਾ ਪ੍ਰਵੀਨ ਕੁਮਾਰ ਵੀ। ਇਥੇ ਕੁਸ਼ਤੀਆਂ ਭਾਵੇਂ ਨਹੀਂ ਹੁੰਦੀਆਂ ਰਹੀਆਂ ਪਰ ਕਰਤਾਰ ਸਿੰਘ ਤੋਂ ਲੈ ਕੇ ਦਾਰਾ ਸਿੰਘ ਤਕ ਪਹਿਲਵਾਨ ਦਰਸ਼ਨ ਦਿੰਦੇ ਰਹੇ।

1953 'ਚ ਲਹਿੰਦੇ ਪੰਜਾਬ ਦੀ ਕਬੱਡੀ ਟੀਮ ਇਥੇ ਆਈ ਸੀ। ਉਦੋਂ ਬਿੱਲੂ, ਕਿਰਪਾਲ ਸਾਧ, ਮਾਲੜੀ ਤੇ ਤੋਖੀ ਹੋਰਾਂ ਦੀ ਚੜ੍ਹ ਮੱਚੀ ਸੀ। 70ਵਿਆਂ 'ਚ ਇੰਗਲੈਂਡ ਦੀ ਕਬੱਡੀ ਟੀਮ ਵੀ ਇਥੇ ਢੁੱਕੀ। ਇਸ ਖੇਡ ਮੇਲੇ ਨੇ ਪੰਜਾਬ ਦੇ ਪਿੰਡਾਂ ਵਿਚ ਖੇਡ ਮੇਲਿਆਂ ਦੀ ਅਜਿਹੀ ਜਾਗ ਲਾਈ ਕਿ ਕੋਈ ਦਿਨ ਖਾਲੀ ਨਹੀਂ ਸੀ ਜਾਂਦਾ ਜਦੋਂ ਕਿਸੇ ਪਿੰਡ ਖੇਡਾਂ ਨਾ ਹੋ ਰਹੀਆਂ ਹੋਣ।

ਇਸ ਪੇਂਡੂ ਖੇਡ ਮੇਲੇ ਦੀ ਮਸ਼ਹੂਰੀ ਦਾ ਇਹ ਹਾਲ ਰਿਹਾ ਕਿ ਪੱਚੀ-ਤੀਹ ਵਰ੍ਹੇ ਪਹਿਲਾਂ ਹੀ ਇਸ ਦੀਆਂ ਫਿਲਮਾਂ ਜਰਮਨੀ ਤੇ ਇੰਗਲੈਂਡ ਜਾ ਪੁੱਜੀਆਂ ਸਨ। ਬੀ. ਬੀ. ਸੀ. ਨੇ ਆਪਣੇ ਪ੍ਰੋਗਰਾਮ ਵਿਚ ਇਸ ਦੀ ਫਿਲਮ ਵਿਖਾਈ ਸੀ। ਸੈਨ ਫਰਾਂਸਿਸਕੋ ਦੇ ਇਕ ਅੰਗਰੇਜ਼ੀ ਅਖਬਾਰ ਨੇ ਇਨ੍ਹਾਂ ਖੇਡਾਂ ਬਾਰੇ ਵਿਸ਼ੇਸ਼ ਲੇਖ ਛਾਪਿਆ ਸੀ। ਸਾਧੂ ਸਿੰਘ ਹਮਦਰਦ, ਅਮਰ ਸਿੰਘ ਦੁਸਾਂਝ ਤੇ ਐਮ. ਐਲ. ਕਪੂਰ ਵਰਗੇ ਮੰਨੇ ਦੰਨੇ ਪੱਤਰਕਾਰ ਮੈਦਾਨ ਵਿਚ ਲੰਮੇ ਪੈ ਕੇ ਖੇਡਾਂ ਵੇਖਦੇ ਸਨ ਤੇ ਆਪੋ ਆਪਣੇ ਅਖਬਾਰਾਂ ਵਿਚ ਖੇਡਾਂ ਦੀਆਂ ਗੱਲਾਂ ਮਸਾਲੇ ਲਾ ਕੇ ਪ੍ਰਕਾਸ਼ਿਤ ਕਰਦੇ ਸਨ। ਇਥੇ ਗੁਰਬਖਸ਼ ਸਿੰਘ ਪ੍ਰੀਤ ਲੜੀ ਵਰਗੇ ਲੇਖਕ ਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਕਵੀ ਆਉਂਦੇ ਰਹੇ। ਗੁਰਬਖ਼ਸ਼ ਸਿੰਘ ਨੇ ਇਨ੍ਹਾਂ ਖੇਡਾਂ ਬਾਰੇ ਇਕ ਪ੍ਰਸ਼ੰਸਾਮਈ ਲੇਖ ਪ੍ਰੀਤ ਲੜੀ ਵਿਚ ਛਾਪਿਆ ਸੀ।

ਜਿਵੇਂ ਪੰਜਾਬੀ ਮੂਲ ਦੇ ਹਰਗੋਬਿੰਦ ਖੁਰਾਣੇ ਨੇ ਅਮਰੀਕਾ ਜਾ ਕੇ ਨੋਬਲ ਪੁਰਸਕਾਰ ਜਿੱਤਿਆ, ਉਵੇਂ ਨਾਰੰਗਵਾਲ ਦੇ ਅਲੈਕਸੀ ਸਿੰਘ ਗਰੇਵਾਲ ਨੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ-1984 'ਚੋਂ ਸਾਈਕਲ ਦੌੜ ਵਿਚ ਸੋਨੇ ਦਾ ਤਮਗਾ ਜਿੱਤਿਆ। ਅਲੈਕਸੀ ਦੀ ਮਾਂ ਜਰਮਨ ਮੂਲ ਦੀ ਹੈ ਤੇ ਪਿਤਾ ਪੰਜਾਬ ਦਾ ਸਰਦਾਰ। ਐਤਕੀਂ ਅਲੈਕਸੀ ਗਰੇਵਾਲ ਮੇਲੇ 'ਚ ਪਧਾਰਿਆ ਤਾਂ ਉਹਦਾ ਐਵੇਂ ਨਾਂ ਦਾ ਹੀ ਮਾਣ ਸਨਮਾਨ ਕੀਤਾ ਗਿਆ। ਓਲੰਪਿਕ ਚੈਂਪੀਅਨ ਹੋਣਾ ਬੜੀ ਵੱਡੀ ਗੱਲ ਹੁੰਦੀ ਹੈ।

ਟੋਕੀਓ-1964 ਦੀਆਂ ਉਲੰਪਿਕ ਖੇਡਾਂ ਵਿਚ 110 ਮੀਟਰ ਹਰਡਲਜ਼ ਦੌੜ 'ਚੋਂ 5ਵਾਂ ਸਥਾਨ ਹਾਸਲ ਕਰਨ ਵਾਲਾ ਗੁਰਬਚਨ ਸਿੰਘ ਰੰਧਾਵਾ ਵੀ ਮੇਲੇ 'ਚ ਆਇਆ ਤੇ ਭਾਰਤੀ ਮੁੱਕੇਬਾਜ਼ੀ ਦਾ ਮੁੱਖ ਕੋਚ ਗੁਰਬਖਸ਼ ਸਿੰਘ ਸੰਧੂ ਵੀ। ਉਨ੍ਹਾਂ ਦਾ ਵੀ ਮਾਮੂਲੀ ਮਾਣ ਸਨਮਾਨ ਹੋਇਆ। ਪੰਜਾਬ ਦੇ ਤਿੰਨ ਮੰਤਰੀ ਮੇਲੇ 'ਚ ਆਏ ਜਿਨ੍ਹਾਂ ਨੇ ਪੰਜਾਹ ਕੁ ਲੱਖ ਦੀਆਂ ਗਰਾਂਟਾਂ ਦਿੱਤੀਆਂ। ਕੀ ਕਿਲਾ ਰਾਏਪੁਰੀਏ ਪੇਂਡੂ ਖੇਡ ਮੇਲਿਆਂ ਦੀ ਮਾਂ ਕਹੀਆਂ ਜਾਂਦੀਆਂ 'ਕਿਲਾ ਰਾਏਪੁਰ ਦੀਆਂ ਖੇਡਾਂ' ਨੂੰ ਅਗਲੇ ਸਾਲ ਸੱਚੀ-ਮੁੱਚੀ ਦੀਆਂ ਅਸਲੀ ਖੇਡਾਂ ਬਣਾਉਣਗੇ ਜਾਂ ਨਿਰੇ ਖੇਡ-ਤਮਾਸ਼ੇ ਕਰਾ ਕੇ ਹੀ ਗਰਾਂਟਾਂ ਲਈ ਜਾਣਗੇ?





# ‘ਛਾਂਗਿਆ ਰੁੱਖ’ ਦੀ ਸੰਘਣੀ ਹੋਈ ਛਾਂ

*ਬਲਬੀਰ ਮਾਧੋਪੁਰੀ ਨੇ ਸਾਹਿਤ ਰਚਨਾ ਦੀ ਸ਼ੁਰੂਆਤ ਆਮ ਲੇਖਕਾਂ ਵਾਂਗ ਕਵਿਤਾ ਤੋਂ ਕੀਤੀ ਸੀ, ਪਰ ਆਪਣੇ ਦਿੱਲੀ ਕਿਆਮ ਦੌਰਾਨ ਉਸ ਨੇ ਜਦੋਂ ਸਵੈ-ਜੀਵਨੀ ‘ਛਾਂਗਿਆ ਰੁੱਖ’ ਦੀ ਰਚਨਾ ਕੀਤੀ ਤਾਂ ਇਹੀ ਕਿਤਾਬ ਉਸ ਦੀ ਪਛਾਣ ਬਣ ਗਈ ਅਤੇ ਉਹ ਖਾਸ ਲੇਖਕ ਹੋ ਨਿਬੜਿਆ। ਕਿਤਾਬ ਵਿਚ ਦਲਿਤ ਹੋਣ ਦਾ ਜੋ ਦਰਦ ਉਸ ਨੇ ਸੁਣਾਇਆ ਹੈ, ਉਹ ਦੂਣ-ਸਵਾਇਆ ਹੋ ਕੇ ਪਾਠਕਾਂ ਅਤੇ ਆਲੋਚਕਾਂ ਤੱਕ ਅੱਪੜਿਆ ਹੈ। ਹੁਣ ਤੱਕ ਇਸ ਕਿਤਾਬ ਦੇ ਕਈ ਐਡੀਸ਼ਨ ਛਪ ਚੁਕੇ ਹਨ ਅਤੇ ਇਹ ਅੰਗਰੇਜ਼ੀ ਤੇ ਹਿੰਦੀ ਤੋਂ ਬਿਨਾ ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਦੂਜੀਆਂ ਭਾਸ਼ਾਵਾਂ ਦੇ ਪਾਠਕਾਂ ਤੀਕ ਵੀ ਪਹੁੰਚ ਚੁਕੀ ਹੈ। ਕਿਤਾਬ ਦਾ ਨਵਾਂ ਐਡੀਸ਼ਨ ਛਪਣ ‘ਤੇ ਬਲਬੀਰ ਮਾਧੋਪੁਰੀ ਨੇ ਆਪਣੇ ਕੁਝ ਅਹਿਸਾਸ ਸਾਂਝੇ ਕੀਤੇ ਹਨ ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

## ਕਲਾ ਪਰਿਕਰਮਾ

‘ਛਾਂਗਿਆ ਰੁੱਖ’ ਦੀ ਨਵੀਂ ਛਾਪ ਮੇਰੇ ਸਾਹਮਣੇ ਪਈ ਹੈ। ਮੇਰਾ ਇੱਕ ਮਿੱਤਰ ਕਹਿੰਦਾ ਹੁੰਦਾ ਕਿ ਆਪਣੀ ਕਿਤਾਬ ਬਾਰੇ ਆਪ ਹੀ ਲਿਖਣਾ ਆਪਣਾ ਸਿਰ ਆਪ ਮੁੰਨਣ ਦੇ ਤੁੱਲ ਹੈ, ਪਰ ਮੈਨੂੰ ਹੁਣ ਇਹ ਕੰਮ ਕਰਨਾ ਪੈ ਰਿਹਾ ਹੈ। ਇਸ ਦੇ ਕੁਝ ਕੁ ਕਾਰਨ ਵੀ ਗਿਣਾਏ ਜਾ ਸਕਦੇ ਹਨ। ਖੈਰ! 1987 ਵਿਚ ਮੇਰੀ ਬਦਲੀ ਜਲੰਧਰ ਤੋਂ ਦਿੱਲੀ ਦੀ ਹੋਈ ਤਾਂ ਮੇਰਾ ਵਾਸਤਾ ਉਸ ਸਾਹਿਤ ਨਾਲ ਪਿਆ ਜੋ ਸੋਵੀਅਤ ਸਾਹਿਤ ਵਾਂਗ ਸਮਾਜਕ-ਆਰਥਕ ਤੌਰ ’ਤੇ ਸਮਾਜ ਨੂੰ ਉਹਦਾ ਕਰੂਰ ਚਿਹਰਾ ਦਿਖਾਉਣ ਵਾਲਾ ਸੀ। ਮੇਰੇ ਚਿੱਤ-ਚੇਤੇ ਵਿਚ ਕਈ ਉਹ ਘਟਨਾਵਾਂ ਉਭਰਦੀਆਂ ਜੋ ਭੁਲਾਇਆਂ ਵੀ ਨਾ ਭੁੱਲਦੀਆਂ। ਤੇ ਫਿਰ 1996 ਵਿਚ ਸਵੈ-ਜੀਵਨੀ



**ਬਲਬੀਰ ਮਾਧੋਪੁਰੀ**
**ਫੋਨ: 91-93505-48100**

ਲਿਖਣ ਦਾ ਫੈਸਲਾ ਹੋ ਗਿਆ।

ਸਭ ਤੋਂ ਪਹਿਲਾਂ ਮੈਂ ‘ਮੇਰੀ ਦਾਦੀ: ਇਕ ਇਤਿਹਾਸ’ ਕਾਂਡ ਲਿਖਿਆ ਜੋ ਨਵਯੁਗ ਪਬਲਿਸ਼ਰਜ਼ ਵਾਲੇ ਭਾਪਾ ਪ੍ਰੀਤਮ ਸਿੰਘ ਨੇ ਦਸੰਬਰ 1997 ਦੇ ‘ਆਰਸੀ’ ਵਿਚ ਛਾਪਿਆ ਅਤੇ ਨਾਲ ਹੀ ਸਲਾਹ ਦਿੱਤੀ ਕਿ ‘ਪੰਜਾਬੀ ਵਿਚ ਦਲਿਤ ਸਾਹਿਤ ਲਈ ਰੜਾ ਮੈਦਾਨ ਪਿਆ ਹੈ, ਛੇਤੀ ਹੀ ਸਵੈ-ਜੀਵਨੀ ਲਿਖ, ਮੈਂ ਛਾਪਾਂਗਾ।’ ਇਹ ਅਧਿਆਇ ਛਪਣ ਸਾਰ ਵੱਡੇ ਲੇਖਕਾਂ ਦੇ ਫੋਨ ਖੜਕਣ ਲੱਗੇ। ਪਹਿਲਾ ਫੋਨ ਕਹਾਣੀਕਾਰ ਅਜੀਤ ਕੌਰ ਦਾ ਸੀ ਜਿਨ੍ਹਾਂ ਭਰੀ ਸਾਹਿਤਕ ਸਭਾ ਅਤੇ ਮਗਰੋਂ ਦੂਰਦਰਸ਼ਨ ਦੇ ਇਕ ਪ੍ਰੋਗਰਾਮ ਵਿਚ ਵੀ ਕਿਹਾ, “ਲੋਕ ਅਜੀਤ ਕੌਰ ਨੂੰ ਲੱਭਦੇ ਨੇ, ਮੈਂ ਬਲਬੀਰ ਮਾਧੋਪੁਰੀ ਨੂੰ ਲੱਭਿਆ ਏ!”

ਮੁੱਕਦੀ ਗੱਲ ਇਹ ਕਿ 2002 ਵਿਚ ਮੇਰੀ ਸਵੈ-ਜੀਵਨੀ ‘ਛਾਂਗਿਆ ਰੁੱਖ’ ਦੇ ਨਾਂ ਹੇਠ ਛਪ ਗਈ। ਸਾਹਿਤਕ ਹਲਕਿਆਂ ਵਿਚ ਵਿਚਰਦੇ ਸਾਹਿਤਕਾਰਾਂ, ਆਲੋਚਕਾਂ, ਵਿਦਵਾਨਾਂ ਅਤੇ ਪਾਠਕਾਂ ਨੇ ਇਸ ਦੀ ਯਥਾਰਥਕ ਸ਼ੈਲੀ, ਪੇਂਡੂ ਚੱਜ-ਆਚਾਰ ਵਾਲੀ ਮੁਹਾਵਰੇਦਾਰ ਭਾਸ਼ਾ, ਰਚਨਾ ਦ੍ਰਿਸ਼ਟੀ ਦੇ ਨਾਲ ਨਾਲ ਪ੍ਰਕ੍ਰਿਤਕ ਦ੍ਰਿਸ਼ਾਂ ਦੇ ਵਰਣਨ-ਬਿਰਤਾਂਤ, ਬੇਬਾਕ ਸਵੈ-ਪ੍ਰਗਟਾਵੇ ਨੂੰ ਇਸ ਵਿਚਲੀ ਟੈਕਸਟ ਦੀ ਤਾਕਤ ਦੱਸਿਆ। ਨਾਵਲਕਾਰ ਪ੍ਰੋਫੈਸਰ ਗੁਰਦਿਆਲ ਸਿੰਘ ਨੇ ਨਵੰਬਰ 2002, ਅਗਸਤ 2003, ਮਾਰਚ 2006 ਅਤੇ ਜੁਲਾਈ 2007 ਵਿਚ ਚਾਰ ਚਿੱਠੀਆਂ ਲਿਖੀਆਂ। ਇਨ੍ਹਾਂ ਵਿਚੋਂ ਇਕ ਵਿਚ ਦਰਜ ਹੈ: ‘ਤੇਰੀ ਸਵੈ-ਜੀਵਨੀ ਵਿਚ ਤੇਰੇ ਪਿੰਡ ਦੀ ਕਹਾਣੀ ਬਹੁਤ ਸੰਵੇਦਨਸ਼ੀਲ, ਦਲਿਤਾਂ ਦੇ ਦੁੱਖ ਦੀ ਗਾਥਾ ਹੈ।’

‘ਛਾਂਗਿਆ ਰੁੱਖ’ ਪੰਜਾਬੀ ਵਿਚ ਦੋ ਪ੍ਰਕਾਸ਼ਕਾਂ ਵੱਲੋਂ ਵਾਰ ਵਾਰ ਛਪਣ ਦੀ ਵਜ੍ਹਾ ਧਾਰਮਕ ਕੱਟੜਤਾ ਦੇ ਸ਼ਿਕੰਜੇ ਤੋਂ ਮੁਕਤ ਜਾਂ ਉਦਾਰ ਤੇ ਮਾਨਵਵਾਦੀ ਪਹੁੰਚ ਵਾਲੇ ਦਲਿਤਾਂ, ਗੈਰ-ਦਲਿਤਾਂ ਤੇ ਤਰਕਸ਼ੀਲ ਵਿਚਾਰਧਾਰਾ ਨਾਲ ਜੁੜੀਆਂ ਜਥੇਬੰਦੀਆਂ ਵਲੋਂ ਖੁਦ ਸੈਂਕੜੇ ਕਿਤਾਬਾਂ ਖਰੀਦ ਕੇ ਲੋਕਾਂ ਵਿਚ ਵੰਡਣਾ ਸੀ। ਹੁਣ ਤਕ ‘ਛਾਂਗਿਆ ਰੁੱਖ’ ਨੂੰ ਦੇਸ਼-ਵਿਦੇਸ਼ ਵਿਚਲੇ ਅੱਠ ਪੰਜਾਬੀ ਮੈਗਜ਼ੀਨਾਂ/ਅਖਬਾਰਾਂ ਨੇ ਲੜੀਵਾਰ ਛਾਪਿਆ ਹੈ। 2007 ਵਿਚ ਇਸ ਦਾ ਹਿੰਦੀ ਅਨੁਵਾਦ ਸੁਭਾਸ਼ ਨੀਰਵ ਨੇ ਕੀਤਾ। ਭੂਮਿਕਾ ਵਿਚ ਕਮਲੇਸ਼ਵਰ ਨੇ ਲਿਖਿਆ ਸੀ: “ਆਤਮ-ਕਥਾ ‘ਛਾਂਗਿਆ ਰੁੱਖ’ ਦਾ ਸਾਹਿਤ ਦੀ ਮਹੱਤਵਪੂਰਨ ਕਿਰਤ ਦੇ ਰੂਪ ਵਿਚ ਨਿਸ਼ਚੇ ਹੀ ਸਨਮਾਨ ਤੇ ਸਵਾਗਤ ਹੋਵੇਗਾ ਅਤੇ ਇਹ ਕਿਰਤ ਪੰਜਾਬੀ ਜਾਂ ਹਿੰਦੀ ਤਕ ਸੀਮਿਤ ਨਹੀਂ ਰਹੇਗੀ।” ਤੇ ਸੱਚਮੁੱਚ ਹੀ 2010 ਵਿਚ ‘ਛਾਂਗਿਆ ਰੁੱਖ’ ਨੂੰ ਔਕਸਫੋਰਡ




*‘ਛਾਂਗਿਆ ਰੁੱਖ’ ਦਾ ਪਹਿਲਾ ਐਡੀਸ਼ਨ।*




*‘ਛਾਂਗਿਆ ਰੁੱਖ’ ਦਾ ਅੰਗਰਜ਼ੀ ਐਡੀਸ਼ਨ*

ਯੂਨੀਵਰਸਿਟੀ ਪ੍ਰੈਸ ਨੇ ਛਾਪਿਆ ਜੋ ਅਗਲੇ ਸਾਲ ਕਰੌਸਵਰਡ ਵਾਸਤੇ ਵੀ ਨਾਮਜ਼ਦ ਹੋਈ। ਇਸ ਤੋਂ ਪਹਿਲਾਂ ਹਫਤਾਵਾਰੀ ‘ਤਹਿਲਕਾ’ ਨੇ ਅੰਗਰੇਜ਼ੀ ਵਿਚ ਅਨੁਵਾਦ ਕਰਵਾ ਕੇ ਕੁਝ ਅੰਸ਼ ਛਾਪੇ ਅਤੇ ਮਗਰੋਂ ਰੋਜ਼ਾਨਾ ਅੰਗਰੇਜ਼ੀ ਅਖਬਾਰ ‘ਦਿ ਹਿੰਦੂ’ ਨੇ ਵੀ ਦੋ ਅਧਿਆਇ ਸੰਖੇਪ ਕਰ ਕੇ ਛਾਪੇ। ‘ਛਾਂਗਿਆ ਰੁੱਖ’ ਨੂੰ ਲਾਹੌਰ ਤੋਂ ਸ਼ਾਹਮੁਖੀ ਵਿਚ ਛਪਦੇ ‘ਪੰਚਮ’ ਮੈਗਜ਼ੀਨ ਨੇ ਲੜੀਵਾਰ ਛਾਪਿਆ ਜਿਸ ਦਾ ਉਲਥਾ ਉਘੇ ਲੇਖਕ ਸਾਕਿਬ ਮਕਸੂਦ ਨੇ ਕੀਤਾ ਸੀ ਅਤੇ ਫਿਰ 2007 ਵਿਚ ਇਸ ਨੂੰ ਕਿਤਾਬੀ ਸ਼ਕਲ ਵਿਚ ਅਦੀਬਾਂ ਸਾਹਮਣੇ ਲਿਆਂਦਾ।

ਪੰਜਾਬੀ ਪਾਠਕਾਂ ਉਤੇ ਇਸ ਦਾ ਇਹ ਪ੍ਰਭਾਵ ਪਿਆ ਕਿ ਉਨ੍ਹਾਂ ਇਸ ਨੂੰ ਪ੍ਰੇਰਨਾ-ਕਿਤਾਬ ਅਤੇ ਇਸ ਵਿਚਲੇ ਸਵੈ-ਬਿਰਤਾਂਤ ਦੀ ਤਰਕ-ਜੁਗਤ ਜ਼ਰੀਏ ਅਧਿਕਾਰ ਚੇਤਨਾ, ਸਮਾਜਕ-ਆਰਥਕ ਬਰਾਬਰੀ, ਜਾਤ-ਪਾਤ, ਛੂਤ-ਛਾਤ, ਊਚ-ਨੀਚ ਖਿਲਾਫ ਨਿੱਗਰ ਦਸਤਾਵੇਜ਼ ਆਖਿਆ। ਕੁਝ ਬਜ਼ੁਰਗ ਜਿਮੀਂਦਾਰਾਂ ਨੇ ਆਪਣੇ ਭਾਈਚਾਰੇ ਵਲੋਂ ਕਿਰਤੀਆਂ ਤੇ ਕੰਮੀਆਂ ਨਾਲ ਕੀਤੀਆਂ ਜ਼ਿਆਦਤੀਆਂ ਤੇ ਧੱਕੇਸ਼ਾਹੀਆਂ ਦੀ ਮੁਆਫੀ ਮੰਗਦਿਆਂ ਹਮਦਰਦੀ ਪ੍ਰਗਟਾਈ। ਕੁਝ ਵਿਦਿਆਰਥੀਆਂ ਨੇ ‘ਜਾਤ ਦੇ ਗਰਭ’ ਤੋਂ ਬਚ ਕੇ ਜਿਉਣ ਦੀ ਸਵੈ-ਇੱਛਾ ਸਾਂਝੀ ਕੀਤੀ। ‘ਰੇਗਿਸਤਾਨ ਵਿਚ ਵਗਿਆ ਦਰਿਆ’ ਕਾਂਡ ਪੜ੍ਹ ਕੇ ਕਈ ਜੱਟ ਬੀਬੀਆਂ ਅਤੇ ਹੋਰ ਔਰਤਾਂ ਨੇ ਰੋਂਦਿਆਂ ਮੈਨੂੰ ਮਿਲ ਕੇ ਅਤੇ ਫੋਨ ’ਤੇ ਗੱਲ ਕੀਤੀ ਕਿ ਇਸ ਵਿਚਲੇ ਬਿਰਤਾਂਤ ਵੇਰਵੇ ਅਤੇ ਜੱਟੀ ਤਾਈ ਮਲਕੀਤ ਕੌਰ ਤੇ ਤਾਇਆ ਜੀਤ ਸਿੰਘ ਦੀ ਤੇਰੇ ਪਰਿਵਾਰ ਨਾਲ ਸਾਂਝ ਇਨਸਾਨੀਅਤ ਦੀ ਮਿਸਾਲ ਹੈ। ਡਾ. ਸੁਤਿੰਦਰ ਸਿੰਘ ਨੂਰ ਨੇ 2007 ਵਿਚ 208 ਪੰਨਿਆਂ ਦੀ ਕਿਤਾਬ ਛਪਵਾਈ: ‘ਛਾਂਗਿਆ ਰੁੱਖ’ ਦਾ ਸਾਹਿਤਕ ਤੇ ਸਮਾਜਕ ਮੁਲੰਕਣ।

ਇਸ ਦੀ ਸ਼ੋਹਰਤ ਦੇ ਬਾਵਜੂਦ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਨਾਲੋਂ ਤੋੜ-ਵਿਛੋੜਾ ਹੋ ਗਿਆ, ਭੈਣ-ਭਾਈ ਤੇ ਦੋਸਤ ਨਾਰਾਜ਼ ਹੋ ਗਏ; ਪਰ ਕਈ ਨਵੇਂ ਮਿੱਤਰ ਬਣੇ ਜਿਨ੍ਹਾਂ ਵਿਚੋਂ ਪਹਿਲਾਂ ਪਹਿਲਾਂ ਇੱਕ-ਦੋ ਜਾਤ ਦੇ ਹੰਕਾਰ ਵਿਚ ਮਿਹਣੇ ਵੀ ਮਾਰਨ ਲੱਗ ਪਏ ਸਨ; ਫਿਰ ਉਨ੍ਹਾਂ ਆਪਣੀਆਂ ਹੀ ਵੈਬਸਾਈਟਾਂ ‘ਤੇ ਇਸ ਨੂੰ ਲੜੀਵਾਰ ਛਾਪਿਆ ਹੋਇਆ ਹੈ। ਇਸ ਦੇ ਹੋਰ ਅਨੁਵਾਦ ਭਾਰਤੀ ਭਾਸ਼ਾਵਾਂ ਵਿਚ ਹੋ ਰਹੇ ਹਨ। ਹੁਣ ਇਹ ਯੂ. ਜੀ. ਸੀ. ਦੇ ਸਿਲੇਬਸਾਂ ਵਿਚ ਸ਼ਾਮਿਲ ਹੈ ਅਤੇ ‘ਹੰਡਰਡ ਕਲਾਸਿਕ ਬੁੱਕਸ ਆਫ ਦਿ ਵਰਲਡ’ ਵਿਚ ਵੀ ਕੁਝ ਸਾਲ ਰਹੀ ਹੈ।

ਅੰਗਰੇਜ਼ੀ ਵਿਚ ‘ਛਾਂਗਿਆ ਰੁੱਖ’ ਛਪਣ ਦੀ ਦਾਸਤਾਨ ਵੀ ਨਿਰਾਲੀ ਹੈ। ਪ੍ਰੋਫੈਸਰ ਹਰੀਸ਼ ਪੁਰੀ ਹੋਰਾਂ ਨੂੰ ਇਹ ਕਿਤਾਬ ਪੜ੍ਹਨ ਲਈ ਭੇਜੀ। ਉਦੋਂ ਅਸੀਂ ਇੱਕ-ਦੂਜੇ ਨੂੰ ਜਾਣਦੇ ਨਹੀਂ ਸਾਂ। ਕਈ ਮਹੀਨਿਆਂ, ਸ਼ਾਇਦ ਸਾਲ-ਦੋ ਸਾਲ ਮਗਰੋਂ ਉਨ੍ਹਾਂ ਦਾ ਫੋਨ ਆਇਆ, “ਕਿਤਾਬ ਪੜ੍ਹ ਲਈ ਹੈ, ਇੱਕ ਤਰ੍ਹਾਂ ਨਾਲ ਸਮਾਜਕ-ਆਰਥਕ ਅਧਿਐਨ ਹੈ।” ਇਸ ਤੋਂ ਬਾਅਦ ਗੱਲ ਆਈ-ਗਈ ਹੋ ਗਈ। ਉਨ੍ਹਾਂ ਦੇ ਦੱਸਣ ਮੁਤਾਬਕ ਕਿਤਾਬ ਨੂੰ ਦੂਜੀ-ਤੀਜੀ ਵਾਰ ਪੜ੍ਹਦਿਆਂ ਉਨ੍ਹਾਂ ਦੇ ਅਮਰੀਕੀ ਦੋਸਤ ਪ੍ਰੋਫੈਸਰ ਵੈਬਸਟਰ ਆ ਗਏ। ਹਾਲ-ਚਾਲ ਪੁੱਛਣ ਮਗਰੋਂ ਉਨ੍ਹਾਂ ਪੁੱਛਿਆ, “ਕਿਹੜੀ ਕਿਤਾਬ ਪੜ੍ਹ ਰਹੇ ਹੋ?” ਹਰੀਸ਼ ਪੁਰੀ ਹੋਰਾਂ ਦੱਸਿਆ, “ਇਹ ਸਵੈ-ਜੀਵਨੀ ‘ਛਾਂਗਿਆ ਰੁੱਖ’ ਦਿਮਾਗ ਵਿਚੋਂ ਨਹੀਂ ਨਿਕਲ ਰਹੀ।” ਪ੍ਰੋ. ਵੈਬਸਟਰ ਨੇ ਕਿਹਾ, “ਦੋ ਘੰਟਿਆਂ ਤੋਂ ਇਸ ਕਿਤਾਬ ਦਾ ਜ਼ਿਕਰ ਸੁਣ ਰਿਹਾ ਹਾਂ- ਹੁਣ ਬੰਦ ਕਰੋ ਤੇ ਔਕਸਫੋਰਡ ਨੂੰ ਤੁਸੀਂ ਆਪਣੇ ਅਤੇ ਮੇਰੇ ਵਲੋਂ ਛਾਪਣ ਲਈ ਸਿਫਾਰਸ਼ੀ ਈਮੇਲ ਭੇਜੋ।” ਤੇ ਤੀਜੇ ਦਿਨ ਔਕਸਫੋਰਡ ਤੋਂ ਫੋਨ ਤੇ ਈਮੇਲ ਮੈਨੂੰ ਵੀ ਆ ਗਏ। ਡਾ. ਤ੍ਰਿਪਤੀ ਜੈਨ ਨਾਲ ਔਕਸਫੋਰਡ ਨੇ ਅਨੁਵਾਦ ਲਈ ਸੰਪਰਕ ਕੀਤਾ ਅਤੇ ਇਹ 2010 ਵਿਚ ਛਪ ਗਈ। ਮਗਰੋਂ ਪ੍ਰੋਫੈਸਰ ਹਰੀਸ਼ ਪੁਰੀ, ਤ੍ਰਿਪਤੀ ਜੈਨ ਅਤੇ ਕਿਤਾਬ ਦੇ ਸੰਪਾਦਕ ਡਾ. ਮਿੰਨੀ ਕ੍ਰਿਸ਼ਨਨ ਨਾਲ ਰਿਸ਼ਤੇ ਗੂੜ੍ਹੇ ਹੋ ਗਏ। ਹੜੱਪਾ ਦਾ ਮਾਨਵਵਾਦੀ ਸਭਿਆਚਾਰ ਮੇਰੇ ਚੇਤਿਆਂ ਵਿਚ ਡੂੰਘਾ ਲੱਥ ਗਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਫਰਵਰੀ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-313



*ਆਪਣੀ ਸ਼ਕਲ ਬਣਾ ਕੇ ਭੈੜੀ, ਹਰ ਇਕ ਨੂੰ ਹੱਸਣ ਲਾਈਦਾ।*
*ਐਨੇ ਸੋਹਣੇ ਘਰ ਵਿਚ ਯਾਰੋ ‘ਨਜ਼ਰ ਵੱਟੂ’ ਵੀ ਚਾਹੀਦਾ।*

## ਕੈਪਸ਼ਨ ਮੁਕਾਬਲਾ-311



ਵੇਲ ਕਪਾਹ ਨੂੰ ਰੂੰਅ ਸੀ ਬਣਦੀ
ਵੱਟ ਪੂਣੀਆਂ ਕੱਤ ਲੈਂਦੇ ਸੀ।
ਅਟੇਰਨਾਂ ਹੱਥਾਂ ਵਿਚ ਸੀ ਘੁੰਮਦਾ
ਸੂਤ ਵੱਟ ਕੇ ਰੱਖ ਲੈਂਦੇ ਸੀ।
ਭਲੇ ਵੇਲੇ ਦੀਆਂ ਬਾਤਾਂ ਸੀ ਜਦ
ਦਿਲ ਦੀਆਂ ਗੱਲਾਂ ਦੱਸ ਲੈਂਦੇ ਸੀ।
*-ਜਗਮੀਤ ਸਿੰਘ ਪੰਧੇਰ*

---

ਵੇਲਣਾ, ਚਰਖਾ ਤੇ ਅਟੇਰਨਾ
ਹਰ ਘਰ ਦਾ ਸ਼ਿੰਗਾਰ ਸੀ ਹੁੰਦੇ।
ਦਰੀਆਂ, ਖੇਸਾਂ ਦੀ ਲੋੜ ਬੜੀ ਸੀ
ਹੱਥੀਂ ਦਾਜ ਤਿਆਰ ਸੀ ਹੁੰਦੇ।
ਕੰਮਾਂ ਦੀ ਲੜੀ ਤੁਰੀ ਸੀ ਰਹਿੰਦੀ
ਸੱਸਾਂ ਤੇ ਨੂੰਹਾਂ ‘ਚ ਪਿਆਰ ਸੀ ਹੁੰਦੇ।
*-ਦਵਿੰਦਰ ਕੌਰ*

---

ਚੱਕੀ, ਚੁੱਲ੍ਹਾ-ਚੌਕਾ ਚਰਖਾ
ਚੱਲਦੀ ਸੀ ਇਹ ਰੀਤ ਪੁਰਾਣੀ।
ਰੂੰ ਵੇਲਣਾ, ਸੂਤ ਅਟੇਰੇ
ਅੰਮ੍ਰਿਤ ਵੇਲੇ ਉਠ ਪਾਏ ਮਧਾਣੀ।
ਪੱਠਾ-ਦੱਥਾ ਤੇ ਚੋਵੇ ਮੱਝੀਆਂ
ਪਾਲਦੀ ਬੱਚੇ ਤੇ ਪਸੂ ਸੁਆਣੀ।
ਵਿਦਿਆ ਚਾਨਣ ਐਸਾ ਕੀਤਾ
ਵਿਸਰ ਗਏ ਸਭ ਪੁਰਖੀ ਧੰਦੇ।
ਜ਼ਿੰਦਗੀ ਬਾਹਲੀ ਸੌਹਲ ਹੋ ਗਈ
ਬੱਸ ਨਿਕੰਮੇ ਕਰ ‘ਤੇ ਬੰਦੇ।
*-ਸੇਵਾ ਸਿੰਘ ਨੂਰਪੁਰੀ, ਬੰਗਾ*

---

ਕੋਈ ਵੇਲੇ, ਕੋਈ ਕੱਤੇ ਪੂਣੀਆਂ
ਵਿਚ ਤ੍ਰਿੰਜਣਾ ਹੋਵੇ ਸੂਤ ਤਿਆਰ।
ਤਾਣੀ ਦੇ ਖੱਡੇ ਵਿਚ ਬਹਿ ਕੇ
ਕਰਦੇ ਸੀ ਟੋਟੇ ਖੇਸ ਤਿਆਰ।
ਮੁੱਲ ਦਾ ਕਪੜਾ ਪਾਉਂਦੇ ਨਹੀਂ ਸੀ
ਨਿੱਘ ਲੈਂਦੇ, ਖੇਸ ਦੀ ਬੁੱਕਲ ਮਾਰ।
ਇਹ ਸਾਡਾ ਸ਼ਾਨਾਂਮੱਤਾ ਵਿਰਸਾ
ਪੰਜਾਬੀਓ ਕਾਹਤੋਂ ਦਿੱਤਾ ਵਿਸਾਰ?
*-ਗੁਰਦੇਵ ਸਿੰਘ ਢਿਪਾਲੀ, ਬਠਿੰਡਾ*

---

ਰੁਝੇਵਿਆਂ ਭਰੀ ਸੀ ਜ਼ਿੰਦਗੀ
ਮਿਰਚਾਂ ਤੋੜਨੀਆਂ, ਕਪਾਹ ਚੁਗਣੀ।
ਵੇਲਣ, ਕੱਤਣ, ਅਟੇਰਨ ਤੋਂ ਲੈ ਕੇ
ਝੁੱਲ, ਖੇਸ, ਦਰੀਆਂ ਬੁਣਨ ਤੋਂ
ਨਹੀਂ ਸੀ ਹੁੰਦੇ ਵਿਹਲੇ।
ਮਸ਼ੀਨੀ ਤੋਂ ਮੋਬਾਈਲ ਯੁਗ ਆ ਗਿਆ
ਮੋਬਾਈਲਾਂ ਨਾਲ ਚਿਪਕੇ ਫਿਰਦੇ
ਕੋਈ ਰੋਬੋਟਿਕ ਗੇਮਾਂ ਖੇਲੇ।
*-ਅਮਰਜੀਤ ਸਿੰਘ ਤੂਰ*

---

ਇਹ ਹੈ ਬੜੀ ਲੰਬੀ ਕਹਾਣੀ
ਕਪਾਹ ਦੀਆਂ ਫੁੱਟੀਆਂ ਤੋਂ ਲੈ ਕੇ
ਪਿੰਜ ਪਿੰਜ ਨਰਮ ਕੀਤਾ ਰੂੰ।
ਕੱਤ ਕੱਤ, ਤੰਦ ਤੰਦ, ਧੁਖਣੀ ਦੁਆਲੇ
ਗਲੋਟਾ ਬਣ ਨਜ਼ਰ ਆਇਆ।
ਕਿੰਨੀਆਂ ਸੁਆਣੀਆਂ ਬੀਬੀਆਂ
ਰਲ ਗਾਉਂਦੀਆਂ ਢੋਲਾ।
ਇਹ ਸੀ ਪੁਰਾਤਨ ਕਲਾ
ਅਲੋਪ ਹੁੰਦੀ ਜਾਪਦੀ।
*-ਦਰਸ਼ਨਪਾਲ ਦੋਸਾਂਝ*

---

ਮਾਇਆ ਪਿਛੇ ਦੌੜੇ ਦੁਨੀਆਂ
ਮਾਇਆ ਨੇ ਹੀ ਉਲਝਾਏ ਤਾਣੇ।
ਮਸ਼ੀਨਾਂ ਭਾਵੇਂ ਕੰਮ ਕੀਤੇ ਸੁਖਾਲੇ
ਰਿਸ਼ਤਿਆਂ ਦਾ ਨਿਘ ਕੋਈ ਨਾ ਜਾਣੇ।
ਪੁਰਾਣੇ ਵੇਲਿਆਂ ‘ਚ ਕੋਈ ਵੇਲਦਾ
ਕੋਈ ਅਟੇਰਨ ਨਾਲ ਅਟੇਰਦਾ ਸੀ।
ਸਾਂਝੇ ਪਰਿਵਾਰ ‘ਚ ਹਾਸੀ-ਠੱਠਾ
ਮਾਹੌਲ ‘ਚ ਖੁਸ਼ੀਆਂ ਬਿਖੇਰਦਾ ਸੀ।
*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਲੱਗ ਗਏ ਵੱਡੇ ਵੱਡੇ ਕਾਰਖਾਨੇ
ਹੱਥੀਂ ਕੰਮ ਕਰਨਾ ਛੱਡ ਗਏ ਲੋਕ।
ਪੁਰਾਣਾ ਸਾਡਾ ਸਭਿਆਚਾਰ ਯਾਰੋ
ਹੌਲੀ ਹੌਲੀ ਹੋਈ ਜਾਂਦਾ ਅਲੋਪ।
*-ਗੋਰਾ ਪ੍ਰਜਾਪਤ, ਨਿਊ ਯਾਰਕ*

## ਕੈਪਸ਼ਨ ਮੁਕਾਬਲਾ-310

ਬੀਜਣ, ਵੱਢਣ, ਝਾੜਨ ਵੇਲੇ
ਖਪੀਏ ਹੋ ਹੋ ਦੂਹਰੇ।
ਕਦੇ ਵੀ ਹੋਣ ਨਾ ਫੇਰ ਵੀ
ਸਾਡੇ ਪੰਜ ਪਾਂਜੇ ਪੂਰੇ।
*-ਕਰਨੈਲ ਸਿੰਘ ਕੈਲ, ਸਿਆਟਲ*

ਖੇਡ ਜਗਤ

# ਮੈਰੀਅਨ ਜੋਨਸ: ਲਾਈਫ ਇਨ ਦਾ ਫਾਸਟ ਲੇਨ

ਸੰਨ 2000 ਦੀਆਂ ਓਲੰਪਿਕ ਖੇਡਾਂ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਚ ਹੋਈਆਂ ਸਨ। ਉਥੇ ਜਿਸ ਖੂਬਸੂਰਤ ਕੁੜੀ ਨੇ ਦੌੜਾਂ ਵਿਚ ਤਿੰਨ ਸੋਨੇ ਅਤੇ ਦੋ ਕਾਂਸੇ ਦੇ ਤਮਗੇ ਜਿੱਤੇ, ਉਸ ਦਾ ਨਾਂ ਸੀ, ਮੈਰੀਅਨ ਜੋਨਸ। 'ਲਾਈਫ ਇਨ ਦਾ ਫਾਸਟ ਲੇਨ' ਉਸ ਦੀ ਸਵੈ-ਜੀਵਨੀ ਹੈ, ਜੋ ਉਸ ਨੇ 2004 ਵਿਚ ਲਿਖੀ ਸੀ। ਇਸ ਵਿਚ ਉਸ ਨੇ ਆਪਣੇ ਬਚਪਨ, ਸਕੂਲ, ਪ੍ਰੇਮ ਸਬੰਧਾਂ, ਜਿੱਤੇ ਤਮਗਿਆਂ ਅਤੇ ਮਾਂ ਬਣਨ ਦਾ ਸਫਰ ਬਿਆਨ ਕੀਤਾ ਹੈ।

ਮੈਰੀਅਨ ਦਾ ਜਨਮ 12 ਅਕਤੂਬਰ 1975 ਨੂੰ ਲਾਸ ਏਂਜਲਸ ਵਿਚ ਹੋਇਆ। ਉਸ ਦਾ ਬਾਪ ਜਾਰਜ ਜੋਨਸ ਅਫਰੀਕਨ-ਅਮਰੀਕਨ ਸੀ ਅਤੇ ਮਾਂ ਮੈਰੀਅਨ, ਬਲੀਜ਼ ਦੇਸ਼ ਦੀ ਸੀ। ਮੈਰੀਅਨ ਦਾ ਇਕ ਵੱਡਾ ਭਰਾ ਅਲਬਰਟ ਵੀ ਸੀ, ਜੋ ਉਸ ਦੀ ਮਾਂ ਦੀ ਪਹਿਲੀ ਸ਼ਾਦੀ ਤੋਂ ਸੀ। ਮੈਰੀਅਨ ਸਿਰਫ ਪੰਜ ਸਾਲ ਦੀ ਸੀ ਜਦੋਂ ਉਸ ਦਾ ਪਿਉ ਉਨ੍ਹਾਂ ਨੂੰ ਛੱਡ ਕੇ ਚਲਾ ਗਿਆ। 7-8 ਸਾਲ ਦੀ ਉਮਰ ਤਕ ਮੈਰੀਅਨ ਉਸ ਨੂੰ ਕਦੀ ਕਦਾਈਂ ਮਿਲਦੀ ਰਹੀ, ਪਰ ਫੇਰ ਉਹ ਉਸ ਦੀ ਜ਼ਿੰਦਗੀ ਵਿਚ ਨਾ ਆਇਆ। ਮੈਰੀਅਨ ਦੀ ਮਾਂ ਨੇ ਇਰਾ ਟੋਲਰ ਨਾਮ ਦੇ ਇਕ ਰਿਟਾਇਰਡ ਵਿਅਕਤੀ ਨਾਲ ਤੀਜੀ ਸ਼ਾਦੀ ਕਰ ਲਈ। ਉਸ ਦੀ ਮਾਂ ਦੇ ਜ਼ਿਆਦਾ ਕੰਮ ਕਰਨ ਕਰ ਕੇ ਇਰਾ ਟੋਲਰ ਉਸ ਦੀ ਦੇਖ ਭਾਲ ਕਰਦਾ।

ਪਰਦੀਪ, ਸੈਨ ਹੋਜੇ
ਫੋਨ: 408-540-4547

ਛੋਟੀ ਹੁੰਦੀ ਹੀ ਮੈਰੀਅਨ ਆਪਣੇ ਭਰਾ ਅਲਬਰਟ ਨਾਲ ਮੁੰਡਿਆਂ ਦੀ ਟੀਮ ਵਿਚ ਖੇਡਦੀ ਸੀ। ਮੈਰੀਅਨ ਦੀ ਜ਼ਿੰਦਗੀ ਉਸ ਸਮੇਂ ਹੋਰ ਵੀ ਤਰਸਯੋਗ ਹੋ ਗਈ, ਜਦੋਂ ਉਸ ਦਾ ਦੂਜਾ ਪਿਉ ਦਿਲ ਦਾ ਦੌਰਾ ਪੈਣ ਕਰਕੇ ਮਰ ਗਿਆ। ਉਸ ਦਾ ਭਰਾ ਅਲਬਰਟ ਆਪਣੇ ਮਾਮੇ ਕੋਲ ਬਲੀਜ਼ ਰਹਿਣ ਲਈ ਚਲਾ ਗਿਆ। ਮੈਰੀਅਨ ਦੀ ਮਾਂ ਨੇ ਉਸ ਵਿਚ ਇਕ ਚੰਗੀ ਖਿਡਾਰਨ ਦਾ ਹੁਨਰ ਪਛਾਣ ਕੇ ਉਸ ਨੂੰ ਚੰਗੇ ਸਕੂਲਾਂ ਵਿਚ ਦਾਖਲ ਕਰਵਾਇਆ। ਉਹ ਦੌੜਾਂ ਅਤੇ ਬਾਸਕਟਬਾਲ ਵਿਚ ਆਪਣੀ ਉਮਰ ਦੇ ਬੱਚਿਆਂ ਤੋਂ ਵਧੀਆ ਖੇਡਦੀ ਸੀ। 1991 ਵਿਚ ਉਹ ਹਾਈ ਸਕੂਲਾਂ ਦੀ ਅਮਰੀਕਨ ਟੀਮ ਵਲੋਂ ਚੀਨ ਖੇਡਣ ਲਈ ਗਈ। ਇਸੇ ਸਾਲ ਉਸ ਨੇ ਅਮਰੀਕਾ ਦੀਆਂ ਓਪਨ ਦੌੜਾਂ ਵਿਚ ਨਾਮਵਰ ਦੌੜਾਕਾਂ ਨਾਲ ਹਿੱਸਾ ਲਿਆ।

ਹਾਈ ਸਕੂਲ ਖਤਮ ਕਰਕੇ ਮੈਰੀਅਨ ਨੇ ਨਾਰਥ ਕੈਰੋਲਾਈਨਾ ਯੂਨੀਵਰਸਿਟੀ ਵਿਚ ਬਾਸਕਟਬਾਲ ਦੇ ਵਜ਼ੀਫੇ ਕਰਕੇ ਦਾਖਲਾ ਲਿਆ। ਪਹਿਲੇ ਹੀ ਸਾਲ ਉਸ ਦੀ ਟੀਮ ਅਮਰੀਕਾ ਦੀ ਜੇਤੂ ਬਣੀ। ਪਰ ਮੈਰੀਅਨ ਦਾ ਬਹੁਤਾ ਮੋਹ ਦੌੜਾਂ ਨਾਲ ਸੀ। ਅਗਲੇ ਸਾਲ ਉਹ ਬਾਸਕਿਟਬਾਲ ਦੇ ਨਾਲ-ਨਾਲ ਦੌੜਨ ਦਾ ਅਭਿਆਸ ਵੀ ਕਰਨ ਲੱਗੀ। ਇਸੇ ਦੌਰਾਨ ਉਸ ਦੇ ਪੈਰ 'ਤੇ ਸੱਟ ਲਗ ਗਈ। ਉਹ ਸੱਟ ਦੀ ਦੇਖ-ਭਾਲ ਕਰ ਰਹੀ ਸੀ ਤਾਂ ਉਸ ਦਾ ਮੇਲ ਟੀ. ਜੇ. ਹੰਟਰ ਨਾਂ ਦੇ ਇਕ ਬੰਦੇ ਨਾਲ ਹੋਇਆ। ਉਹ ਯੂਨੀਵਰਸਿਟੀ ਵਿਚ ਸਹਾਇਕ ਕੋਚ ਸੀ। ਟੀ. ਜੇ. ਅਮਰੀਕਾ ਦੀ ਟੀਮ ਲਈ ਗੋਲਾ ਵੀ ਸੁੱਟਦਾ ਸੀ। ਮੈਰੀਅਨ ਉਸ ਤੋਂ ਬਹੁਤ ਪ੍ਰਭਾਵਤ ਹੋਈ ਅਤੇ ਉਸ ਨਾਲ ਪਿਆਰ ਕਰ ਬੈਠੀ। ਯੂਨੀਵਰਸਿਟੀ ਦੇ ਨਿਯਮਾਂ ਮੁਤਾਬਕ ਕੋਚ ਅਤੇ ਖਿਡਾਰੀ ਵਿਚ ਪਿਆਰ ਸਬੰਧ ਨਹੀਂ ਹੋ ਸਕਦੇ, ਇਸ ਕਰਕੇ ਟੀ. ਜੇ. ਨੂੰ ਨੌਕਰੀ ਛੱਡਣੀ ਪਈ। ਮੈਰੀਅਨ 1996 ਦੀ ਅਟਲਾਂਟਾ ਓਲੰਪਿਕ ਵਿਚ ਹਿੱਸਾ ਲੈਣਾ ਚਾਹੁੰਦੀ ਸੀ ਪਰ ਪੈਰ ਦੀ ਸੱਟ ਨੇ ਉਸ ਦੇ ਇਸ ਸੁਪਨੇ ਨੂੰ ਪੂਰਾ ਨਾ ਹੋਣ ਦਿੱਤਾ।

ਇਸ ਤੋਂ ਬਾਅਦ ਮੈਰੀਅਨ ਨੇ ਬਾਸਕਿਟਬਾਲ ਨੂੰ ਅਲਵਿਦਾ ਆਖ ਕੇ ਆਪਣਾ ਪੂਰਾ ਧਿਆਨ ਦੌੜਨ ਵਾਲੇ ਪਾਸੇ ਲਾ ਦਿੱਤਾ। ਟੀ. ਜੇ. ਹੰਟਰ ਨੇ ਉਸ ਨੂੰ ਟਰੀਵਰ ਗਰਾਹਮ ਨਾਂ ਦੇ ਕੋਚ ਨਾਲ ਮਿਲਾਇਆ, ਜੋ ਉਸ ਦਾ ਮਿੱਤਰ ਵੀ ਸੀ। ਇਹ ਕੋਚ ਅਗਲੇ ਛੇ ਸਾਲ ਤਕ ਮੈਰੀਅਨ ਦੇ ਨਾਲ ਰਿਹਾ। 1998 ਵਿਚ ਮੈਰੀਅਨ ਨੇ ਟੀ. ਜੇ. ਹੰਟਰ ਨਾਲ ਸ਼ਾਦੀ ਕਰ ਲਈ। ਉਸ ਨੇ ਵਿਸ਼ਵ ਚੈਂਪੀਅਨ ਵਿਚ ਹਿੱਸਾ ਲਿਆ ਪਰ ਉਸ ਦਾ ਅਸਲੀ ਨਿਸ਼ਾਨਾ ਸਿਡਨੀ ਓਲੰਪਿਕ ਸੀ।




ਜਦੋਂ ਮੈਰੀਅਨ ਓਲੰਪਿਕ ਦੀ ਤਿਆਰੀ ਕਰ ਰਹੀ ਸੀ ਤਾਂ ਉਸ ਨੇ ਐਲਾਨ ਕਰ ਦਿੱਤਾ ਕਿ ਉਹ ਸੋਨੇ ਦੇ ਪੰਜ ਤਮਗੇ ਜਿਤੇਗੀ। ਜਦੋਂ ਉਹ ਸਿਡਨੀ ਪਹੁੰਚੀ ਤਾਂ ਲੋਕਾਂ ਦੀ ਭੀੜ ਉਸ ਨੂੰ ਵੇਖਣ ਲਈ ਇਕੱਠੀ ਹੋ ਜਾਂਦੀ। ਮੈਰੀਅਨ ਨੇ ਸਭ ਤੋਂ ਪਹਿਲਾ ਸੋਨੇ ਦਾ ਤਮਗਾ 100 ਮੀਟਰ ਵਿਚ ਜਿਤਿਆ। ਉਸ ਨੂੰ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਵਧਾਈ ਦਾ ਫੋਨ ਕੀਤਾ ਅਤੇ ਕਿਹਾ ਦੇਸ਼ ਨੂੰ ਤੁਹਾਡੇ ਉਪਰ ਮਾਣ ਹੈ, ਪਰ ਇਹ ਖੁਸ਼ੀ ਥੋੜੀ ਦੇਰ ਹੀ ਰਹੀ, ਉਸੇ ਦਿਨ ਮੈਰੀਅਨ ਦੇ ਪਤੀ-ਕੋਚ ਵਲੋਂ ਡਰੱਗ ਦੀ ਵਰਤੋਂ ਕਰਨ ਸਬੰਧੀ ਖਬਰ ਫੈਲ ਗਈ। ਓਲੰਪਿਕ ਵਿਚ ਉਸ ਨੂੰ ਆਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਮੈਰੀਅਨ ਨੂੰ ਪੱਤਰਕਾਰਾਂ ਦੇ ਕਰੜੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਇਸ ਔਖੇ ਸਮੇਂ ਵੀ ਉਸ ਨੇ ਹਿੰਮਤ ਕਰਕੇ 200 ਮੀਟਰ ਤੇ 400 ਮੀਟਰ ਰਿਲੇਅ ਵਿਚ ਸੋਨੇ ਅਤੇ 100 ਮੀਟਰ ਰਿਲੇਅ ਤੇ ਲੰਬੀ ਛਾਲ ਵਿਚ ਤਾਂਬੇ ਦੇ ਤਮਗੇ ਜਿੱਤੇ। ਓਲੰਪਿਕ ਵਿਚ ਪੰਜ ਤਮਗੇ ਜਿੱਤਣ ਵਾਲੀ ਉਹ ਪਹਿਲੀ ਔਰਤ ਬਣੀ। ਅਮਰੀਕਾ ਪਰਤਣ 'ਤੇ ਉਸ ਨੂੰ ਬਹੁਤ ਮਾਣ-ਸਤਿਕਾਰ ਮਿਲਿਆ ਪਰ ਪਤੀ ਦੀ ਨਮੋਸ਼ੀ ਨੇ ਉਸ ਦਾ ਪਿੱਛਾ ਨਾ ਛੱਡਿਆ। ਇਸ ਤੋਂ ਤੰਗ ਆ ਕੇ ਉਸ ਨੇ ਆਪਣੇ ਪਤੀ ਨਾਲੋਂ ਰਿਸ਼ਤਾ ਤੋੜ ਲਿਆ।

ਫਿਰ ਮੈਰੀਅਨ ਦੀ ਜ਼ਿੰਦਗੀ ਵਿਚ ਇਕ ਹੋਰ ਮਰਦ ਆਇਆ। ਇਹ 100 ਮੀਟਰ ਦਾ ਦੌੜਾਕ ਟਿੱਮ ਮੌਂਟਗੁਮਰੀ ਸੀ, ਜੋ ਉਸ ਦੇ ਕੋਚ ਟਰੀਵਰ ਕੋਲ ਹੀ ਅਭਿਆਸ ਕਰਦਾ ਸੀ। ਜਦੋਂ ਟਰੀਵਰ ਨੂੰ ਇਨ੍ਹਾਂ ਦੇ ਪ੍ਰੇਮ ਸਬੰਧਾਂ ਬਾਰੇ ਪਤਾ ਲੱਗਾ ਤਾਂ ਉਹ ਪ੍ਰੇਸ਼ਾਨ ਹੋਇਆ। ਜਦੋਂ ਟਿੱਮ ਨੇ 100 ਮੀਟਰ ਦਾ ਨਵਾਂ ਵਿਸ਼ਵ ਰਿਕਾਰਡ ਬਣਾਇਆ ਤਾਂ ਇਹ ਜੋੜੀ ਦੁਨੀਆਂ ਭਰ ਵਿਚ ਹੋਰ ਵੀ ਮਸ਼ਹੂਰ ਹੋ ਗਈ। ਪਰ ਇਨ੍ਹਾਂ ਦਾ ਕੋਚ ਜੋ ਪਹਿਲਾਂ ਹੀ ਖੁਸ਼ ਨਹੀਂ ਸੀ, ਹੁਣ ਪੈਸਿਆਂ ਦੇ ਲੈਣ-ਦੇਣ ਦਾ ਬਹਾਨਾ ਬਣਾਉਣ ਲੱਗਾ। ਅਖੀਰ ਉਹ ਇਨ੍ਹਾਂ ਨੂੰ ਛੱਡ ਗਿਆ।

ਇਸ ਪਿਛੋਂ ਉਨ੍ਹਾਂ ਨਵੇਂ ਕੋਚ ਦੀ ਭਾਲ ਕੀਤੀ ਅਤੇ ਕੈਨੇਡਾ ਦੇ ਚਾਰਲੀ ਫਰੈਸਿਸ ਨਾਲ ਨੇੜਤਾ ਬਣਾਈ। ਚਾਰਲੀ 1988 ਵਿਚ ਸਿਓਲ ਓਲੰਪਿਕ 'ਚ 100 ਮੀਟਰ ਦਾ ਵਿਸ਼ਵ ਰਿਕਾਰਡ ਤੋੜਨ ਵਾਲੇ ਕੈਨੇਡੀਅਨ ਬੈਨ ਜਾਨਸਨ ਦਾ ਕੋਚ ਸੀ। ਬਾਅਦ ਵਿਚ ਡਰੱਗ ਦੇ ਦੋਸ਼ ਲੱਗਣ ਕਰਕੇ ਜਾਨਸਨ ਨੂੰ ਮੈਡਲ ਵਾਪਸ ਕਰਨਾ ਪਿਆ ਅਤੇ ਉਮਰ ਭਰ ਲਈ ਦੌੜਨ 'ਤੇ ਪਾਬੰਦੀ ਲਾ ਦਿੱਤੀ ਗਈ। ਉਸ ਦੇ ਕੋਚ ਚਾਰਲੀ ਨੂੰ ਵੀ ਕੋਚਿੰਗ ਤੋਂ ਹੱਥ ਧੋਣੇ ਪਏ। ਇਸ ਸਮੇਂ ਹੀ ਮੈਰੀਅਨ ਨੇ ਟਿੱਮ ਦੇ ਬੱਚੇ ਨੂੰ ਜਨਮ ਦਿੱਤਾ। ਇੱਥੇ ਤਕ ਮੈਰੀਅਨ ਨੇ ਆਪਣੀ ਕਹਾਣੀ ਆਪ ਲਿਖੀ ਹੈ ਪਰ ਸੱਚ ਸਾਹਮਣੇ ਆਉਣਾ ਅਜੇ ਬਾਕੀ ਹੈ।




ਅਰਸ਼ ਤੋਂ ਫਰਸ਼ ਤਕ: ਮੈਰੀਅਨ ਦਾ ਸਾਬਕਾ ਪਤੀ ਅਤੇ ਕੋਚ ਟੀ. ਜੇ. ਹੰਟਰ ਪਹਿਲਾਂ ਹੀ ਡਰੱਗ ਦੇ ਦੋਸ਼ਾਂ ਵਿਚ ਫਸ ਚੁਕਾ ਸੀ, ਬਦਨਾਮ ਕੋਚ ਚਾਰਲੀ ਦਾ ਨਾਮ ਵੀ ਜੁੜ ਗਿਆ ਸੀ। ਹੁਣ ਹੋਰ ਵੀ ਹੈਰਾਨੀ ਵਾਲੀ ਗੱਲ ਇਹ ਹੋਈ ਕਿ ਮੈਰੀਅਨ ਦਾ ਪ੍ਰੇਮੀ ਅਤੇ ਉਸ ਦੇ ਬੱਚੇ ਦਾ ਬਾਪ ਟਿੱਮ ਮੌਂਟਗੁਮਰੀ ਵੀ ਡਰੱਗ ਦੇ ਮਾਮਲੇ ਵਿਚ ਫਸ ਗਿਆ। ਉਸ ਦੇ ਜਿੱਤੇ ਤਮਗੇ ਅਤੇ ਰਿਕਾਰਡ ਵਾਪਸ ਚਲੇ ਗਏ। ਬਾਲਕੋ ਲੈਬ, ਜੋ ਖਿਡਾਰੀਆਂ ਨੂੰ ਡਰੱਗ ਸਪਲਾਈ ਕਰਦੀ ਸੀ, ਉਸ ਦਾ ਮਾਲਕ ਵਿਕਟਰ ਕੌਂਟੇ ਮੈਰੀਅਨ ਦੇ ਸਾਬਕਾ ਪਤੀ ਟੀ. ਜੇ. ਹੰਟਰ ਦਾ ਮਿੱਤਰ ਸੀ। ਹੋਰ ਤਾਂ ਹੋਰ ਮੈਰੀਅਨ ਦਾ ਕੋਚ ਟਰੀਵਰ ਵੀ ਬਾਲਕੋ ਸਕੈਂਡਲ ਵਿਚ ਫਸ ਗਿਆ।

ਇਸ ਸਭ ਕੁਝ ਦੇ ਚੱਲਦਿਆਂ ਮੈਰੀਅਨ ਨੇ 2004 ਏਥਨਜ਼ ਓਲੰਪਿਕ ਵਿਚ ਭਾਗ ਲਿਆ ਪਰ ਕੋਈ ਵੀ ਤਮਗਾ ਨਾ ਜਿੱਤ ਸਕੀ। ਹੁਣ ਡੋਪ ਏਜੰਸੀ ਦੀ ਸੂਈ ਮੈਰੀਅਨ ਵੱਲ ਇਸ਼ਾਰਾ ਕਰਨ ਲੱਗੀ। ਜਦ ਜਾਂਚ ਏਜੰਸੀ ਨੇ ਪੜਤਾਲ ਲਈ ਸੱਦਿਆ ਤਾਂ ਮੈਰੀਅਨ ਨੇ ਸਹੁੰ ਚੁੱਕ ਕੇ ਕਿਹਾ ਕਿ ਉਸ ਨੇ ਕਿਸੇ ਵੀ ਤਰ੍ਹਾਂ ਦੀ ਡਰੱਗ ਦੀ ਵਰਤੋਂ ਨਹੀਂ ਕੀਤੀ। ਪਰ ਉਸ ਦੇ ਪੁਰਾਣੇ ਸਾਥੀਆਂ ਨੇ ਸਾਰੇ ਭੇਤ ਖੋਲ੍ਹ ਦਿੱਤੇ। ਸਾਰੇ ਪਾਸੇ ਕੋਈ ਵੀ ਆਸ ਨਾ ਵੇਖ ਕੇ ਮੈਰੀਅਨ ਨੇ ਆਪਣਾ ਜੁਰਮ ਕਬੂਲ ਕਰ ਲਿਆ। ਉਸ ਨੂੰ ਛੇ ਮਹੀਨੇ ਜੇਲ੍ਹ ਦੀ ਸਜ਼ਾ ਹੋਈ ਅਤੇ ਸਿਡਨੀ ਓਲੰਪਿਕਸ ਵਿਚ ਜਿੱਤੇ ਤਮਗੇ ਵਾਪਸ ਕਰਨੇ ਪਏ। ਸਾਰੀ ਉਮਰ ਲਈ ਖੇਡਣ 'ਤੇ ਪਾਬੰਦੀ ਲੱਗ ਗਈ।

ਮੈਰੀਅਨ ਹੁਣ ਆਪਣੇ ਨਵੇਂ ਪਤੀ ਅਤੇ ਤਿੰਨ ਬੱਚਿਆਂ ਨਾਲ ਰਹਿੰਦੀ ਹੈ। ਉਸ ਨੇ ਇਕ ਹੋਰ ਕਿਤਾਬ 'ਆਨ ਦਾ ਰਾਈਟ ਟਰੈਕ' ਵੀ ਲਿਖੀ ਸੀ। ਸੱਚ ਤਾਂ ਇਹ ਹੈ ਕਿ ਮੈਰੀਅਨ ਨੇ ਆਪਣੇ ਨਾਲ, ਖੇਡ ਨਾਲ ਅਤੇ ਆਪਣੇ ਦੇਸ਼ ਨਾਲ ਬੇਈਮਾਨੀ ਕੀਤੀ।

## ਪ੍ਰਿਥਵੀ-2 ਮਿਜ਼ਾਈਲ ਦੀ ਸਫਲ ਅਜ਼ਮਾਇਸ਼

**ਬਲਾਸੌਰ:** ਭਾਰਤ ਨੇ ਪਰਮਾਣੂ ਸਮਰੱਥ ਅਤੇ ਦੇਸ਼ ਵਿਚ ਵਿਕਸਿਤ ਪ੍ਰਿਥਵੀ-2 ਮਿਜ਼ਾਈਲ ਦਾ ਸਫਲ ਪ੍ਰੀਖਣ ਕੀਤਾ। ਜ਼ਮੀਨ ਤੋਂ ਜ਼ਮੀਨ ਤੱਕ ਮਾਰ ਕਰਨ ਵਾਲੀ ਇਸ ਮਿਜ਼ਾਈਲ ਨੂੰ ਚਾਂਦੀਪੁਰ ਰੇਂਜ ਤੋਂ ਮੋਬਾਈਲ ਲਾਂਚਰ ਜ਼ਰੀਏ ਦਾਗਿਆ ਗਿਆ। ਪ੍ਰਿਥਵੀ-2 ਮਿਜ਼ਾਈਲ 500 ਤੋਂ 1000 ਕਿਲੋਗ੍ਰਾਮ ਤੱਕ ਹਥਿਆਰ ਲਿਜਾਣ 'ਚ ਸਮਰੱਥ ਹੈ ਅਤੇ ਇਸ ਦੇ ਦੋ ਇੰਜਣ ਤਰਲ ਈਂਧਣ ਨਾਲ ਚੱਲਦੇ ਹਨ।

## ਥਰਮਲ ਮਾਮਲਾ: ਮੁਲਾਜ਼ਮਾਂ ਦੇ ਬੱਚਿਆਂ ਨੇ ਵੀ ਲਾਏ ਸੜਕਾਂ 'ਤੇ ਡੇਰੇ

**ਬਠਿੰਡਾ:** ਬਠਿੰਡਾ ਥਰਮਲ ਦਾ ਤਾਲਾ ਖੁਲ੍ਹਾਉਣ ਲਈ ਹੁਣ ਮੁਲਾਜ਼ਮਾਂ ਨੇ ਆਪਣੇ ਨਿੱਕੇ ਬੱਚਿਆਂ ਦੇ ਹੱਥ ਕਮਾਨ ਦਿੱਤੀ ਹੈ। ਮੁਲਾਜ਼ਮਾਂ ਦੇ ਸੈਂਕੜੇ ਬੱਚੇ ਸੜਕਾਂ ਉਤੇ ਉਤਰੇ ਜਿਨ੍ਹਾਂ ਨੇ ਹੱਥਾਂ ਵਿਚ ਕਾਲੀਆਂ ਝੰਡੀਆਂ ਫੜੀਆਂ ਹੋਈਆਂ ਸਨ। ਮੁਲਾਜ਼ਮਾਂ ਨੇ ਆਪਣਾ ਬੱਚਿਆਂ ਦਾ ਵਾਸਤਾ ਪਾ ਕੇ ਕੈਪਟਨ ਹਕੂਮਤ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ। ਥਰਮਲ ਦੇ ਕੱਚੇ ਕਾਮਿਆਂ ਵੱਲੋਂ ਪਹਿਲੀ ਜਨਵਰੀ ਤੋਂ ਮਿੰਨੀ ਸਕੱਤਰੇਤ ਅੱਗੇ ਮੋਰਚਾ ਲਾਇਆ ਹੋਇਆ ਹੈ।

ਥਰਮਲਜ਼ ਕੰਟਰੈਕਟ ਵਰਕਰਜ਼ ਕੋਆਰਡੀਨੇਸ਼ਨ ਕਮੇਟੀ ਦੀ ਅਗਵਾਈ ਵਿਚ ਰੋਸ ਮਾਰਚ ਦੀ ਅਗਵਾਈ ਬੱਚੇ ਕਰ ਰਹੇ ਹਨ ਜਿਨ੍ਹਾਂ ਨੂੰ ਵੇਖ ਕੇ ਸ਼ਹਿਰੀ ਦੁਕਾਨਦਾਰਾਂ ਦੇ ਦਿਲ ਵੀ ਪਸੀਜ ਰਹੇ ਸਨ। ਜਦੋਂ ਇਹ ਬੱਚੇ ਆਪਣੇ ਮਾਪਿਆਂ ਸਮੇਤ ਸੜਕਾਂ 'ਤੇ ਸਨ ਤਾਂ ਉਦੋਂ ਖਜ਼ਾਨਾ ਮੰਤਰੀ ਸ਼ਹਿਰ ਵਿਚ ਲੋਕਾਂ ਦੀਆਂ ਮੁਸ਼ਕਲਾਂ ਸੁਣ ਰਹੇ ਸਨ। ਤਾਲਮੇਲ ਕਮੇਟੀ ਦੇ ਆਗੂ ਵਿਜੇ ਕੁਮਾਰ ਨੇ ਆਖਿਆ ਕਿ ਬਹੁਤੇ ਬੱਚੇ ਸਕੂਲਾਂ ਵਿਚ ਜਾਣ ਦੀ ਥਾਂ ਮੋਰਚੇ ਵਿਚ ਪੁੱਜ ਰਹੇ ਹਨ ਜਿਸ ਕਰਕੇ ਉਨ੍ਹਾਂ ਦੀ ਪੜ੍ਹਾਈ ਉਤੇ ਵੀ ਅਸਰ ਪੈ ਰਿਹਾ ਹੈ।

ਆਗੂਆਂ ਨੇ ਵਿੱਤ ਮੰਤਰੀ ਨੂੰ ਸੁਆਲ ਕੀਤਾ ਕਿ ਜੇ ਕੋਈ ਕਾਮਾ ਬੇਰੁਜ਼ਗਾਰ ਨਹੀਂ ਕੀਤਾ ਜਾਵੇਗਾ ਤਾਂ ਨੋਟੀਫਿਕੇਸ਼ਨ ਦੀ ਕਾਪੀ ਦੇ ਦੇਣ। ਆਗੂਆਂ ਨੇ ਆਖਿਆ ਕਿ ਜੇ ਸਰਕਾਰ ਨੇ ਇਸ ਤਰ੍ਹਾਂ ਹੀ ਚੁੱਪ ਵੱਟੀ ਤਾਂ ਉਹ ਆਉਂਦੇ ਦਿਨਾਂ ਵਿਚ ਸਭ ਸੜਕਾਂ ਜਾਮ ਕਰ ਦੇਣਗੇ। ਟੀ.ਐਸ.ਯੂ ਦੇ ਆਗੂ ਦੁਧਨਾਥ ਨੇ ਆਖਿਆ ਕਿ ਸਰਕਾਰ ਵੱਲੋਂ ਰੁਜ਼ਗਾਰ ਖੋਹਿਆ ਜਾ ਰਿਹਾ ਹੈ ਤਾਂ ਜੋ ਪ੍ਰਾਈਵੇਟ ਕੰਪਨੀਆਂ ਨੂੰ ਖੁਸ਼ ਕੀਤਾ ਜਾ ਸਕੇ।

## ਅੰਗਰੇਜ਼ੀ ਤੋਂ ਡਰਦੇ ਸਕੂਲ ਛੱਡ ਜਾਂਦੇ ਨੇ ਵਿਦਿਆਰਥੀ

**ਨਵੀਂ ਦਿੱਲੀ:** ਐਨ.ਸੀ.ਪੀ.ਸੀ.ਆਰ. ਵੱਲੋਂ ਕਰਵਾਏ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਅੰਗਰੇਜ਼ੀ ਭਾਸ਼ਾ 'ਚ ਗੱਲਬਾਤ ਤੇ ਪਾਠਕ੍ਰਮ ਵਿਚ ਸ਼ਾਮਲ ਵਾਧੂ ਗਤੀਵਿਧੀਆਂ ਉਤੇ ਹੋਣ ਵਾਲੇ ਖਰਚ, ਉਹ ਮੁੱਖ ਕਾਰਨ ਹਨ ਜਿਨ੍ਹਾਂ ਦੇ ਚੱਲਦਿਆਂ ਦਿੱਲੀ ਦੇ ਨਿੱਜੀ ਸਕੂਲਾਂ 'ਚ ਪੜ੍ਹਨ ਵਾਲੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀ ਪੜ੍ਹਾਈ ਵਿਚਾਲੇ ਛੱਡ ਜਾਂਦੇ ਹਨ।

ਦਿੱਲੀ ਦੇ ਨਿੱਜੀ ਸਕੂਲਾਂ 'ਚ ਕਮਜ਼ੋਰ ਵਰਗਾਂ ਦੇ ਬੱਚਿਆਂ ਦੇ ਦਾਖਲੇ ਨਾਲ ਸਬੰਧਤ ਸਿੱਖਿਆ ਦਾ ਅਧਿਕਾਰ ਐਕਟ 2009 ਦੀ ਧਾਰਾ 12 (1) (ਸੀ) ਤਹਿਤ ਇਸ ਦੇ ਲਾਗੂ ਹੋਣ ਬਾਰੇ ਕੀਤੇ ਸਰਵੇਖਣ ਤੋਂ ਪਤਾ ਲੱਗਾ ਹੈ ਕਿ 2011 'ਚ ਇਨ੍ਹਾਂ ਗਰੀਬ ਵਰਗਾਂ ਨਾਲ ਸਬੰਧਤ 26 ਫੀਸਦੀ ਬੱਚੇ ਸਕੂਲ ਦੀ ਪੜ੍ਹਾਈ ਵਿਚਾਲੇ ਛੱਡ ਗਏ ਸਨ ਜੋ 2014 ਘੱਟ ਕੇ 10 ਫੀਸਦੀ ਰਹਿ ਗਈ ਹੈ।

## ਐਂਬੀ ਵੈਲੀ ਦੀ ਜਾਇਦਾਦ ਟੁਕੜਿਆਂ 'ਚ ਨਿਲਾਮ ਕਰਨ ਦੀ ਇਜਾਜ਼ਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਹਾਰਾ ਸਮੂਹ ਦੇ ਪ੍ਰੋਜੈਕਟ ਐਂਬੀ ਵੈਲੀ ਦੀ ਜਾਇਦਾਦ ਨੂੰ ਟੁਕੜਿਆਂ 'ਚ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ। ਬੰਬੇ ਹਾਈ ਕੋਰਟ ਦੇ ਅਧਿਕਾਰਤ ਲਿਕਵਿਡੇਟਰ ਨੇ ਅਦਾਲਤ ਨੂੰ ਦੱਸਿਆ ਕਿ ਸੰਪੂਰਨ ਐਂਬੀ ਵੈਲੀ ਟਾਊਨਸ਼ਿਪ ਨੂੰ ਵੇਚਣ ਲਈ 142 ਅਖਬਾਰਾਂ 'ਚ ਦੋ ਇਸ਼ਤਿਹਾਰ ਦਿੱਤੇ ਗਏ ਪਰ ਇਸ ਦੇ ਹਾਂ ਪੱਖੀ ਨਤੀਜੇ ਸਾਹਮਣੇ ਨਾ ਆਏ।

ਲਿਕਵਿਡੇਟਰ ਨੇ ਕਿਹਾ ਕਿ ਪੂਰਾ ਟਾਊਨਸ਼ਿਪ ਖਰੀਦਣ ਲਈ ਕੋਈ ਸਾਹਮਣੇ ਨਹੀਂ ਆ ਰਿਹਾ, ਇਸ ਲਈ ਇਸ ਨੂੰ ਟੁਕੜਿਆਂ 'ਚ ਵੇਚਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

## ਨੋਟਬੰਦੀ: ਅਜੇ ਵੀ ਨਹੀਂ ਗਿਣੇ ਗਏ ਪੁਰਾਣੇ ਨੋਟ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ 500 ਅਤੇ 1000 ਰੁਪਏ ਦੇ ਪੁਰਾਣੇ ਨੋਟ ਬੰਦ ਕਰਨ ਦੇ 15 ਮਹੀਨਿਆਂ ਪਿਛੋਂ ਵੀ ਭਾਰਤੀ ਰਿਜ਼ਰਵ ਬੈਂਕ ਮੋੜੇ ਗਏ ਨੋਟਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਅਸਲੀ-ਨਕਲੀ ਹੋਣ ਦੀ ਪਛਾਣ ਕਰਨ 'ਚ ਲੱਗਾ ਹੋਇਆ ਹੈ। ਕੇਂਦਰੀ ਬੈਂਕ ਦਾ ਕਹਿਣਾ ਹੈ ਕਿ ਉਹ ਤੇਜ਼ੀ ਨਾਲ ਇਸ ਕੰਮ ਦੇ ਨਿਪਟਾਰੇ 'ਚ ਲੱਗਾ ਹੈ। ਸੂਚਨਾ ਅਧਿਕਾਰ ਐਕਟ ਤਹਿਤ ਦਿੱਤੀ ਜਾਣਕਾਰੀ 'ਚ ਬੈਂਕ ਨੇ ਕਿਹਾ ਕਿ ਨੋਟਾਂ ਦੀ ਗਿਣਤੀ-ਮਿਣਤੀ ਅਤੇ ਉਨ੍ਹਾਂ ਦੇ ਅਸਲੀ ਹੋਣ ਬਾਰੇ ਜਾਂਚ ਦਾ ਅਮਲ ਚੱਲ ਰਿਹਾ ਹੈ। ਇਹ ਅਮਲ ਮੁੱਕਣ ਬਾਅਦ ਸੂਚਨਾ ਸਾਂਝੀ ਕੀਤੀ ਜਾਵੇਗੀ।

## 21 ਸਿੱਖ ਨੌਜਵਾਨਾਂ ਨੂੰ ਮੁਕਾਬਲੇ 'ਚ ਮਾਰਨ ਵਾਲੇ ਖੁਲਾਸੇ 'ਤੇ ਮੁੜ ਘਿਰੇ ਕੈਪਟਨ

**ਅੰਮ੍ਰਿਤਸਰ:** ਪੰਜਾਬ ਵਿਚ ਖਾੜਕੂਵਾਦ ਵੇਲੇ 21 ਸਿੱਖ ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਪੁਲਿਸ ਕੋਲ ਆਤਮ ਸਮਰਪਣ ਕਰਾਉਣ ਅਤੇ ਮਗਰੋਂ ਪੁਲਿਸ ਵੱਲੋਂ ਇਨ੍ਹਾਂ ਨੌਜਵਾਨਾਂ ਨੂੰ ਮੁਕਾਬਲੇ ਵਿਚ ਮਾਰ ਦੇਣ ਸਬੰਧੀ ਖੁਲਾਸੇ ਦੇ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੁੜ ਸੰਕਟ ਵਿਚ ਘਿਰ ਗਏ ਹਨ।

ਇਸ ਸਬੰਧੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਯਾਦ ਪੱਤਰ ਸੌਂਪਿਆ ਅਤੇ ਮੁੱਖ ਮੰਤਰੀ ਖਿਲਾਫ ਕਾਰਵਾਈ ਦੀ ਅਪੀਲ ਕੀਤੀ। ਨੁਮਾਇੰਦਿਆਂ ਨੇ ਦਾਅਵਾ ਕੀਤਾ ਕਿ ਅਕਾਲ ਤਖਤ ਦੇ ਜਥੇਦਾਰ ਵੱਲੋਂ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਨ ਦਾ ਭਰੋਸਾ ਦਿੱਤਾ ਗਿਆ ਹੈ।

ਆਪਣੀ ਇਕ ਕਿਤਾਬ ਅਤੇ ਟਵਿਟਰ ਅਕਾਊਂਟ ਰਾਹੀਂ ਕੈਪਟਨ ਅਮਰਿੰਦਰ ਸਿੰਘ ਨੇ 17 ਮਈ 2017 ਨੂੰ ਖੁਲਾਸਾ ਕੀਤਾ ਸੀ ਕਿ 21 ਸਿੱਖ ਨੌਜਵਾਨਾਂ ਨੂੰ ਤਤਕਾਲੀ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਰਾਹੀਂ ਪੰਜਾਬ ਪੁਲਿਸ ਕੋਲ ਆਤਮ ਸਮਰਪਣ ਕਰਵਾਇਆ ਗਿਆ ਸੀ, ਜਿਨ੍ਹਾਂ ਦਾ ਬਾਅਦ ਵਿਚ ਪੁਲੀਸ ਮੁਕਾਬਲਾ ਬਣਾ ਦਿੱਤਾ ਗਿਆ ਸੀ। ਇਹ ਖੁਲਾਸਾ ਹੋਣ ਮਗਰੋਂ ਸਿੱਖ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਕੋਲੋਂ ਮੰਗ ਕੀਤੀ ਗਈ ਸੀ ਕਿ ਉਹ ਉਨ੍ਹਾਂ 21 ਸਿੱਖ ਨੌਜਵਾਨਾਂ ਦੇ ਨਾਂ ਜਨਤਕ ਕਰਨ। ਦਿੱਲੀ ਕਮੇਟੀ ਦੇ ਬੁਲਾਰੇ ਪਰਮਿੰਦਰਪਾਲ ਸਿੰਘ ਤੇ ਹੋਰਾਂ ਨੇ ਜਥੇਦਾਰ ਨਾਲ ਮੁਲਾਕਾਤ ਕੀਤੀ।

ਬੁਲਾਰੇ ਨੇ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਮਾਮਲਾ ਰੱਖਿਆ ਗਿਆ ਸੀ, ਜਿਸ ਦੇ ਆਧਾਰ ਉਤੇ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਵੀ ਭੇਜਿਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮਾਮਲੇ ਵਿਚ ਹੁਣ ਤੱਕ ਸਰਕਾਰ ਵੱਲੋਂ ਕਮਿਸ਼ਨ ਨੂੰ ਕੋਈ ਜਵਾਬ ਨਹੀਂ ਪੁੱਜਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ 21 ਸਿੱਖ ਨੌਜਵਾਨਾਂ ਦੇ ਨਾਂ ਜਨਤਕ ਕਰਨ।

## ਜੇ. ਈ. ਨੇ ਪਤਨੀ ਤੇ ਪੁੱਤ ਨੂੰ ਮਾਰੀਆਂ ਗੋਲੀਆਂ

**ਬਠਿੰਡਾ:** ਪਾਵਰਕੌਮ ਦੇ ਇਕ ਜੂਨੀਅਰ ਇੰਜੀਨੀਅਰ ਨੇ ਤੜਕਸਾਰ ਆਪਣੀ ਪਤਨੀ ਅਤੇ ਪੁੱਤਰ ਉਤੇ ਗੋਲੀਆਂ ਚਲਾ ਦਿੱਤੀਆਂ। ਫਾਇਰਿੰਗ ਮਗਰੋਂ ਜੇਈ ਫਰਾਰ ਹੋ ਗਿਆ ਅਤੇ ਜ਼ਖਮੀਆਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ ਹੈ ਜਿਥੇ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਜੇ. ਈ. ਪਵਨ ਕੁਮਾਰ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ। ਕੁਝ ਮਹੀਨੇ ਪਹਿਲਾਂ ਵੀ ਉਸ ਤੋਂ ਗੋਲੀ ਚੱਲ ਗਈ ਸੀ ਜੋ ਉਸ ਦੇ ਆਪਣੇ ਪੱਟ ਵਿਚ ਲੱਗੀ ਸੀ।

# ਪੰਜਾਬ ਨਾਲ ਵਿਤੀ ਵਧੀਕੀ ਜਿਉਂ ਦੀ ਤਿਉਂ

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਲ 2018-19 ਵਾਲੇ ਕੇਂਦਰੀ ਬਜਟ ਨੂੰ "ਕਿਸਾਨ ਪੱਖੀ" ਆਖਿਆ ਹੈ, ਹਾਲਾਂਕਿ ਕਿਸਾਨ ਜਥੇਬੰਦੀਆਂ ਨੇ ਇਸ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਬਾਦਲ ਨੇ ਕੇਂਦਰੀ ਖ਼ਜ਼ਾਨਾ ਮੰਤਰੀ ਅਰੁਣ ਜੇਤਲੀ ਦੀ ਤਾਰੀਫ਼ ਵਿਚ ਜੋ ਕੁਝ ਕਿਹਾ ਹੈ, ਉਸ ਨੂੰ ਦਿਲ ਬਹਿਲਾਉਣ ਵਾਲਾ ਹੀ ਕਿਹਾ ਜਾ ਸਕਦਾ ਹੈ: "ਬਜਟ ਉਤੇ ਜੇਤਲੀ ਦੀ ਛਾਪ ਸਾਫ਼ ਦਿਸ ਰਹੀ ਹੈ ਜਿਸ ਵਿਚ ਕਿਸਾਨਾਂ ਬਾਰੇ ਆਮ ਕਰ ਕੇ, ਤੇ ਪੰਜਾਬੀ ਕਿਸਾਨਾਂ ਬਾਰੇ ਖਾਸ ਕਰ ਕੇ ਫ਼ਿਕਰ" ਝਾਕਦਾ ਦਿਸਦਾ ਹੈ। ਇਹ ਉਹੀ

**ਨਿਰਮਲ ਸੰਧੂ**

ਜੇਤਲੀ ਹਨ ਜਿਨ੍ਹਾਂ ਨੇ 2016 ਵਿਚ ਪੰਜਾਬ ਨੂੰ ਅਨਾਜ ਖਰੀਦਣ ਲਈ ਪੈਸਾ ਜਾਰੀ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਬਾਦਲ ਨੂੰ ਇਕ ਵੱਡਾ ਕਰਜ਼ਾ ਚੁੱਕਣ ਲਈ ਮਜਬੂਰ ਕਰ ਦਿੱਤਾ ਸੀ।

ਇਹ ਉਹੀ ਜੇਤਲੀ ਹਨ ਜਿਨ੍ਹਾਂ ਨੇ ਕਰਜ਼ੇ ਦੇ ਭੰਨੇ ਪੰਜਾਬ ਲਈ ਕੇਂਦਰੀ ਪੈਕੇਜ ਬਾਰੇ ਬਾਦਲ ਵੱਲੋਂ ਲਗਾਤਾਰ ਕੀਤੀ ਜਾ ਰਹੀ ਮੰਗ ਖਾਰਿਜ ਕਰ ਦਿੱਤੀ ਸੀ। ਫਿਰ ਕੇਂਦਰ ਸਰਕਾਰ ਨੇ ਪੰਜਾਬ ਨੂੰ ਪਾਸੇ ਛੱਡਦਿਆਂ ਚਾਰ ਹੋਰ ਰਾਜਾਂ- ਬਿਹਾਰ, ਉੜੀਸਾ, ਤਾਮਿਲ ਨਾਡੂ ਤੇ ਜੰਮੂ ਕਸ਼ਮੀਰ, ਨੂੰ 1082 ਕਰੋੜ ਰੁਪਏ ਦੀ ਵਿਸ਼ੇਸ਼ ਇਮਦਾਦ ਜਾਰੀ ਕਰ ਕੇ ਜ਼ਖ਼ਮਾਂ ਉਤੇ ਲੂਣ ਛਿੜਕ ਦਿੱਤਾ ਸੀ।

ਜਿਸ ਬੰਦੇ (ਬਾਦਲ) ਦਾ ਸਮੁੱਚਾ ਸਫਲ ਸਿਆਸੀ ਕਰੀਅਰ "ਪੰਜਾਬ ਨਾਲ ਕੇਂਦਰ ਦੇ ਵਿਤਕਰੇ" ਵਾਲੇ ਰਾਗ ਉਤੇ ਉਸਰਿਆ ਹੋਵੇ, ਉਸ ਨੇ 2014 ਵਿਚ ਨਰੇਂਦਰ ਮੋਦੀ ਦੇ ਸੱਤਾ ਵਿਚ ਆਉਂਦਿਆਂ ਹੀ ਆਪਣਾ ਸਾਰਾ ਸਿਆਸੀ ਮੁਹਾਵਰਾ ਹੀ ਬਦਲ ਛੱਡਿਆ। ਅਜਿਹਾ ਕਰਦਿਆਂ ਉਨ੍ਹਾਂ ਨੇ ਬੇਇਨਸਾਫ਼ੀਆਂ ਦੀ ਫਹਿਰਿਸਤ ਜਿਸ ਵਿਚ ਚੰਡੀਗੜ੍ਹ ਪੰਜਾਬ ਨੂੰ ਨਾ ਦੇਣਾ ਅਤੇ ਸਕੀਮਾਂ ਨੂੰ ਬਾਸ਼ਰਤ ਕੇਂਦਰੀ ਇਮਦਾਦ ਸ਼ਾਮਲ ਹਨ, ਦੀ ਪੰਡ ਬੰਨ੍ਹ ਕੇ ਪਾਸੇ ਰੱਖ ਦਿੱਤੀ। ਅਸਲ ਵਿਚ, ਬਾਦਲ ਨਰੇਂਦਰ ਮੋਦੀ ਦੇ ਸਭ ਤੋਂ ਸਾਊ ਅਤੇ ਨਾਲ ਹੀ ਡਰਨ ਤੇ ਝੁਕਣ ਵਾਲੇ ਭਾਈਵਾਲ ਹਨ। "ਕੁਲੀਸ਼ਨ ਧਰਮ" ਨਿਭਾਉਣਾ ਅਤੇ ਪਾਰਟੀ ਅਨੁਸ਼ਾਸਨ ਕਾਇਮ ਰੱਖਣਾ ਤਾਂ ਸਮਝ ਆਉਂਦਾ ਹੈ ਅਤੇ ਇਹ ਠੀਕ ਵੀ ਹੋ ਸਕਦਾ ਹੈ, ਪਰ ਸੱਤਾ ਖ਼ਾਤਿਰ ਰਾਜ ਦੇ ਹਿਤ ਹੀ ਵੇਚ ਦੇਣੇ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ।

ਭਾਜਪਾ ਨਾਲ ਜੁੜੀਆਂ ਹੋਰ ਭਾਈਵਾਲ ਪਾਰਟੀਆਂ ਨੂੰ ਜਦੋਂ ਗੁੱਠੇ ਲਾਇਆ ਜਾਂਦਾ ਹੈ ਤਾਂ ਉਹ ਆਪਣੇ ਵਿਤ ਮੁਤਾਬਕ ਆਵਾਜ਼ ਬੁਲੰਦ ਕਰਦੀਆਂ ਹਨ। ਇਕ ਹੀ ਵਿਚਾਰਧਾਰਾ ਹੋਣ ਅਤੇ ਉਹੀ ਹਿੰਦੁਤਵ ਸਿਆਸਤ ਵਾਲਾ ਪੱਤਾ ਖੇਡ ਦੇ ਬਾਵਜੂਦ ਸ਼ਿਵ ਸੈਨਾ ਦੇ ਆਗੂ ਮੋਦੀ ਭਗਤ ਨਹੀਂ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮੋਦੀ ਨੀਤੀ ਖ਼ਿਲਾਫ਼ ਕਦੀ ਚੂੰ ਤੱਕ ਨਹੀਂ ਕਰਦੇ। ਇਨ੍ਹਾਂ ਆਗੂਆਂ ਨੇ ਬਜਟ ਬਾਰੇ ਜੋ ਵਿਚਾਰ ਪ੍ਰਗਟਾਏ ਹਨ, ਉਹ ਸ਼ਿਵ ਸੈਨਾ ਤੋਂ ਐਨ ਉਲਟ ਹਨ। ਸ਼ਿਵ ਸੈਨਾ ਨੇ ਕਿਹਾ ਹੈ: "ਜਿਹੜੀ ਸਰਕਾਰ ਲੋਕਾਂ ਨੂੰ ਸੁਫ਼ਨੇ ਦਿਖਾ ਕੇ ਸੱਤਾ ਵਿਚ ਆਈ ਸੀ, ਉਹ ਲੋਕਾਂ ਨੂੰ ਇਕ ਵਾਰ ਫਿਰ ਉਹੀ ਸੁਫ਼ਨੇ ਦਿਖਾ ਰਹੀ ਹੈ"।



ਭਾਜਪਾ ਦੇ ਇਕ ਹੋਰ ਭਰੋਸੇਯੋਗ ਭਾਈਵਾਲ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ, ਨੇ ਗੱਠਜੋੜ ਤੋਂ ਬਾਹਰ ਆਉਣ ਦੀ ਧਮਕੀ ਦੇ ਦਿੱਤੀ ਹੈ। ਦਰਅਸਲ, ਕੇਂਦਰ ਸਰਕਾਰ ਨੇ 2014 ਵਿਚ ਬਣਾਏ ਆਂਧਰਾ ਪ੍ਰਦੇਸ਼ ਪੁਨਰਗਠਨ ਐਕਟ ਵਿਚ ਕੀਤੇ ਵਾਅਦਿਆਂ ਦਾ ਬਜਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਸੀ। ਤੇਲਗੂ ਦੇਸਮ ਪਾਰਟੀ ਦੇ ਸੰਸਦ ਮੈਂਬਰਾਂ ਨੇ ਸੰਸਦ ਵਿਚ ਵੀ ਆਪਣਾ ਗੁੱਸਾ ਜ਼ਾਹਿਰ ਕੀਤਾ ਹੈ।

ਪੰਜਾਬ ਦੇ ਲੀਡਰ, ਅਕਾਲੀ ਹੋਣ ਜਾਂ ਕਾਂਗਰਸੀ, ਪੰਜਾਬ ਦੇ ਹਿੱਤਾਂ ਨੂੰ ਅਣਡਿੱਠ ਕਰਨ ਜਾਂ ਨੁਕਸਾਨ ਪਹੁੰਚਾਉਣ 'ਤੇ ਬਹੁਤੇ ਪ੍ਰੇਸ਼ਾਨ ਨਹੀਂ ਹੁੰਦੇ। ਪ੍ਰਧਾਨ ਮੰਤਰੀ ਦੀ ਕੰਮ ਕਰਨ ਦੀ ਜੋ ਸ਼ੈਲੀ ਹੈ ਅਤੇ ਫ਼ੈਸਲੇ ਕਰਨ ਦਾ ਜੋ ਕੇਂਦਰੀਕ੍ਰਿਤ ਢੰਗ-ਤਰੀਕਾ ਅਪਨਾਇਆ ਗਿਆ ਹੈ, ਅਕਾਲੀਆਂ ਨੇ ਕਿਸੇ ਅਹਿਮ ਮੁੱਦੇ ਉਤੇ ਕਦੀ ਦਖ਼ਲ ਨਹੀਂ ਦਿੱਤਾ। ਜਾਪਦਾ ਹੈ ਕਿ ਅਕਾਲੀਆਂ ਨੂੰ ਆਪਣੇ ਡਾਢੇ ਭਾਈਵਾਲ ਵੱਲੋਂ ਬਖ਼ਸ਼ੀ ਗਈ ਥਾਂ ਦੀ ਹੀ ਤਸੱਲੀ ਹੈ। ਅਜਿਹੇ ਪੈਂਤੜੇ ਅਤੇ ਪਹੁੰਚ ਦੇ ਨਤੀਜੇ ਵੀ ਤਾਂ ਆਖ਼ਰਕਾਰ ਨਿਕਲਦੇ ਹੀ ਹਨ। ਅਕਤੂਬਰ 2016 ਵਿਚ ਕੇਂਦਰ ਦੀ ਗਰੰਟੀ ਵਾਲੇ ਬੈਂਕ ਬਕਾਏ ਦੇ ਭੁਗਤਾਨ ਹਿਤ 31 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਣ ਲਈ ਕੇਂਦਰ ਨੇ ਬਾਦਲ ਸਰਕਾਰ ਦੀ ਬਾਂਹ ਮਰੋੜੀ। ਉਸੇ ਸਾਲ ਅਪਰੈਲ ਮਹੀਨੇ ਭਾਰਤੀ ਰਿਜ਼ਰਵ ਬੈਂਕ ਨੇ ਬੈਂਕਾਂ ਨੂੰ ਕਹਿ ਸੁਣਾਇਆ ਕਿ ਅਨਾਜ ਖਰੀਦਣ ਲਈ ਪੰਜਾਬ ਦੇ 12 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਨੂੰ ਮਾੜੇ ਕਰਜ਼ੇ ਵਜੋਂ ਮੰਨਿਆ ਜਾਵੇ, ਕਿਉਂਕਿ ਇਸ ਰਕਮ ਦੇ ਬਰਾਬਰ ਅਨਾਜ ਸਟਾਕ ਹੈ ਨਹੀਂ ਸੀ।

ਇਸ ਨਾਲ ਸਿਆਸੀ ਤੂਫ਼ਾਨ ਖੜ੍ਹਾ ਹੋ ਗਿਆ। ਬਾਦਲਾਂ ਨੇ ਕਿਸੇ ਵੀ ਤਰ੍ਹਾਂ ਦੀ ਗੜਬੜੀ ਤੋਂ ਇਨਕਾਰ ਕੀਤਾ ਅਤੇ ਉਲਟਾ ਦਾਅਵਾ ਕੀਤਾ ਕਿ ਪੰਜਾਬ ਨੇ ਤਾਂ ਸਗੋਂ ਕੇਂਦਰ ਤੋਂ 26 ਹਜ਼ਾਰ ਕਰੋੜ ਰੁਪਏ ਲੈਣੇ ਹਨ। ਇਸ ਪਿੱਛੋਂ ਫਿਰ ਬਾਦਲ ਦਾ ਹੈਰਾਨ ਕਰਨ ਵਾਲਾ ਯੂ-ਟਰਨ ਆਇਆ। ਉਨ੍ਹਾਂ ਦੱਬਵੀਂ ਸੁਰ ਵਿਚ ਕੇਂਦਰ ਦੀ ਇਸ ਮੰਗ ਨੂੰ ਸਰਾਸਰ ਧੱਕਾ ਦੱਸਿਆ। ਫਿਰ 12 ਹਜ਼ਾਰ ਕਰੋੜ ਰੁਪਏ ਵਾਲਾ ਪਾੜਾ ਵਧ ਕੇ 31 ਹਜ਼ਾਰ ਕਰੋੜ ਰੁਪਏ ਹੋ ਗਿਆ, ਇਸ ਬਾਰੇ ਨਾ ਢੰਗ ਨਾਲ ਬਾਦਲ ਨੇ ਦੱਸਿਆ ਅਤੇ ਨਾ ਹੀ ਜੇਤਲੀ ਨੇ।

ਅਜਿਹਾ ਖਰੀਦ ਸੀਜ਼ਨ ਸ਼ੁਰੂ ਹੋਣ ਤੋਂ ਐਨ ਪਹਿਲਾਂ ਵਾਪਰਿਆ ਅਤੇ ਬਾਦਲ ਜ਼ਾਹਿਰਾ ਤੌਰ 'ਤੇ ਕੋਈ ਬਖੇੜਾ ਨਹੀਂ ਸੀ ਚਾਹੁੰਦੇ। ਉਨ੍ਹਾਂ ਅਸਤੀਫ਼ਾ ਦੇਣ ਦਾ ਡਰਾਵਾ ਵੀ ਨਾ ਦਿੱਤਾ। ਜੇਤਲੀ ਵੱਲੋਂ ਬਲੈਕਮੇਲ ਕੀਤੇ ਜਾਣ ਤੋਂ ਬਾਅਦ ਬਾਦਲ ਨੇ ਪਹਿਲਾਂ ਕੇਂਦਰ ਦਾ ਬਕਾਇਆ ਚੁਕਾਇਆ ਅਤੇ ਫਿਰ ਅਨਾਜ ਦੀ ਖਰੀਦ ਲਈ ਨਵੇਂ ਸਿਰਿਓਂ ਬੈਂਕ ਤੋਂ ਪੈਸਾ ਲਿਆ। ਜਿਵੇਂ ਆਸ ਹੀ ਸੀ, ਬਾਦਲ ਦੀ ਇਸ ਪੰਜਾਬ-ਵਿਰੋਧੀ ਕਾਰਵਾਈ ਦਾ ਕਿਸੇ ਵੀ ਅਕਾਲੀ ਆਗੂ ਨੇ ਕੋਈ ਉਜ਼ਰ ਨਹੀਂ ਕੀਤਾ।

ਨਤੀਜੇ ਵਜੋਂ, ਪੰਜਾਬ ਉਤੇ ਇਸ ਕਰਜ਼ੇ ਦਾ ਬੋਝ ਪੈ ਗਿਆ ਅਤੇ ਇਸ ਦਾ ਅਗਲੇ ਵੀਹ ਸਾਲਾਂ ਦੌਰਾਨ, ਹਰ ਸਾਲ 3500 ਕਰੋੜ ਰੁਪਏ ਸਾਲਾਨਾ ਵਿਆਜ ਦੇਣਾ ਪਵੇਗਾ। "ਪੰਥ ਰਤਨ" ਤੇ "ਫ਼ਖ਼ਰ-ਏ-ਕੌਮ" ਨੇ ਮਾੜੇ ਰਾਜ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਉਤੇ ਪਰਦੇ ਪਾਉਣ ਲਈ ਪੰਜਾਬੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਉਤੇ ਕਰਜ਼ੇ ਦੇ ਬੋਝ ਲੱਦ ਦਿੱਤਾ।

ਇਸ ਮਾਮਲੇ 'ਤੇ ਵਿਰੋਧੀ ਧਿਰ ਵੱਲੋਂ ਸਭ ਤੋਂ ਉਚੀ ਆਵਾਜ਼ ਕਾਂਗਰਸ ਆਗੂ ਸੁਨੀਲ ਜਾਖੜ ਨੇ ਬੁਲੰਦ ਕੀਤੀ। ਉਨ੍ਹਾਂ ਦਾਅਵਾ ਕੀਤਾ ਸੀ: "ਜੇਤਲੀ ਨੇ ਪੰਜਾਬ ਵਿਚ ਹੋਇਆ ਅਨਾਜ ਘੁਟਾਲਾ ਲੁਕਾ ਲਿਆ"। ਇਸ ਵੇਲੇ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ ਅਤੇ ਰਾਜ ਵਿਚ ਉਨ੍ਹਾਂ ਦੀ ਸਰਕਾਰ ਬਣਿਆਂ ਇਕ ਸਾਲ ਹੋ ਚੱਲਿਆ ਹੈ। ਅਮਰਿੰਦਰ ਸਿੰਘ ਸਰਕਾਰ ਦੀ ਕਾਇਮੀ ਤੋਂ ਤੁਰੰਤ ਬਾਅਦ ਵ੍ਹਾਈਟ ਪੇਪਰ ਕੱਢਿਆ ਗਿਆ ਸੀ। ਇਸ ਵਿਚ ਪੰਜਾਬ ਉਤੇ ਪਏ ਅਣਚਾਹੇ ਬੋਝ ਦਾ ਸਾਰਾ ਭਾਂਡਾ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਸਿਰ ਭੰਨਿਆ ਗਿਆ ਸੀ। ਸਰਕਾਰ ਨੇ ਪਿਛਲੇ 10 ਸਾਲਾਂ ਦੌਰਾਨ ਰਾਜ ਦੇ ਸੋਮਿਆਂ ਦੀ ਦੁਰਵਰਤੋਂ ਦੀ ਪੁਣ-ਛਾਣ ਲਈ ਖਰਚਾ ਕਮਿਸ਼ਨ ਵੀ ਬਣਾਇਆ ਸੀ। ਇਸ ਕਮਿਸ਼ਨ ਨੇ ਪੰਜਾਬ ਦਾ ਕੇਸ ਸਹੀ ਤਰੀਕੇ ਨਾਲ ਰੱਖਣ ਅਤੇ ਕੇਂਦਰ ਵੱਲੋਂ ਪਾਏ ਅੜਿੱਕੇ ਦੂਰ ਕਰਨ ਲਈ ਤੀਜੀ ਧਿਰ ਵੱਲੋਂ ਆਡਿਟ ਕਰਵਾਉਣ ਦਾ ਸੁਝਾਅ ਦਿੱਤਾ ਸੀ।

ਹੁਣ ਜਦੋਂ ਅਗਲਿਆਂ ਵ੍ਹਾਈਟ ਪੇਪਰ ਅਤੇ ਖਰਚਾ ਕਮਿਸ਼ਨ ਨਾਮਨਜ਼ੂਰ ਕਰ ਦਿੱਤਾ ਹੈ, ਤਾਂ ਸੱਤਾਧਾਰੀ ਕਾਂਗਰਸ ਲਈ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਇਹ ਪੰਜਾਬ ਦਾ ਕੇਸ ਮੁੜ ਖੋਲ੍ਹੇ ਅਤੇ ਦਲੀਲਾਂ ਰੱਖੇ। ਮੁੱਖ ਮੰਤਰੀ ਅਤੇ ਖ਼ਜ਼ਾਨਾ ਮੰਤਰੀ ਇਹ ਤਾਂ ਕਹੀ ਜਾਂਦੇ ਹਨ ਕਿ ਬਾਦਲਾਂ ਨੇ ਉਨ੍ਹਾਂ ਲਈ ਖਾਲੀ ਖ਼ਜ਼ਾਨਾ ਅਤੇ ਬੇਅੰਤ ਕਰਜ਼ਾ ਛੱਡਿਆ ਹੈ, ਪਰ ਪੰਜਾਬ ਨੂੰ ਆਰਥਿਕ ਪੱਖੋਂ ਪੈਰਾਂ ਸਿਰ ਕਰਨ ਲਈ ਅੱਜ ਤੱਕ ਕੁਝ ਵੀ ਨਹੀਂ ਕੀਤਾ ਹੈ। ਹੁਣ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਤੱਥ ਸਾਹਮਣੇ ਪੇਸ਼ ਕਰੇ ਅਤੇ ਦੱਸੇ ਕਿ ਪੈਸੇ ਲੈਣ ਅਤੇ ਅਨਾਜ ਖਰੀਦ ਵਾਲੇ 12 ਹਜ਼ਾਰ ਕਰੋੜ ਰੁਪਏ ਵਿਚ ਰਿਜ਼ਰਵ ਬੈਂਕ ਦੇ ਮੁੱਢਲੇ ਅੰਕੜਿਆਂ ਵਿਚ ਫ਼ਰਕ ਕਿਸ ਤਰ੍ਹਾਂ ਪਿਆ ਅਤੇ ਇਹ ਵਧ ਕੇ 31 ਹਜ਼ਾਰ ਕਰੋੜ ਰੁਪਏ ਕਿਸ ਤਰ੍ਹਾਂ ਬਣ ਗਏ।

ਹੁਣ ਕੈਪਟਨ ਅਮਰਿੰਦਰ ਸਿੰਘ ਨੂੰ ਕੁਝ ਤਾਂ ਕਰਨਾ ਹੀ ਪੈਣਾ ਹੈ। ਇਹ ਗੱਲ ਠੀਕ ਹੈ ਕਿ ਉਹ ਅਕਾਲੀਆਂ, ਖਾਸ ਕਰ ਕੇ ਬਾਦਲਾਂ ਖ਼ਿਲਾਫ਼ "ਬਦਲਾਖੋਰੀ ਵਾਲੀ ਸਿਆਸਤ" ਨਾ ਕਰਨ, ਪਰ ਉਹ ਅਨਾਜ ਖਰੀਦ ਵਾਲੇ ਮਾਮਲੇ ਵਿਚ ਜੋ ਗੜਬੜੀ ਹੋਈ ਹੈ, ਉਸ ਲਈ ਜ਼ਿੰਮੇਵਾਰ ਅਧਿਕਾਰੀਆਂ ਨਾਲ ਤਾਂ ਨਜਿੱਠਣ ਅਤੇ ਇਨ੍ਹਾਂ ਵੱਲੋਂ ਖ਼ਰਾਬ ਕੀਤੇ ਸਿਸਟਮ ਨੂੰ ਤਾਂ ਠੀਕ ਕਰਨ। ਉਂਜ, ਇਸ ਪ੍ਰਸੰਗ ਵਿਚ ਇਕ ਮੁਸ਼ਕਿਲ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਅਤੇ ਆਮਦਨ ਕਰ ਮਾਮਲਿਆਂ ਵਿਚ ਉਲਝੇ ਹੋਏ ਹਨ। ਇਨ੍ਹਾਂ ਦੋਹਾਂ ਏਜੰਸੀਆਂ ਦੀ ਵਾਗਡੋਰ ਜੇਤਲੀ ਦੇ ਹੱਥ ਹੈ। ਅਜਿਹੀ ਸੂਰਤ ਵਿਚ ਕੀ ਉਹ ਜੇਤਲੀ ਨਾਲ ਸਿੱਧੀ ਅੱਖ ਮਿਲਾ ਕੇ ਇਹ ਕਹਿ ਸਕਦੇ ਹਨ ਕਿ ਪੰਜਾਬ ਨਾਲ ਜੋ ਵਧੀਕੀ ਹੋਈ ਹੈ, ਉਹ ਦਰੁਸਤ ਕੀਤੀ ਜਾਵੇ।

ਮੋਦੀ ਸਰਕਾਰ ਦਾ ਕਾਰਜਕਾਲ ਹੁਣ ਆਖ਼ਰੀ ਗੇੜ ਵਿਚ ਪੁੱਜ ਚੁੱਕਾ ਹੈ। ਪੰਜਾਬ ਦੀ ਲੀਡਰਸ਼ਿਪ ਨੂੰ ਇਹ ਯਾਦ ਰੱਖਣਾ ਪਵੇਗਾ ਕਿ ਜੇ ਵਿਵਾਦ ਵਾਲੇ ਇਸ ਕਰਜ਼ੇ ਬਾਬਤ ਮੋਦੀ ਸਰਕਾਰ ਨਾਲ ਹੁਣ ਵੀ ਕੋਈ ਗੱਲ ਨਾ ਤੋਰੀ ਗਈ ਤਾਂ ਅਗਲੀ ਸਰਕਾਰ, ਭਾਵੇਂ ਉਹ ਮੋਦੀ ਦੀ ਹੀ ਕਿਉਂ ਨਾ ਹੋਵੇ, ਇਸ ਮਸਲੇ ਨੂੰ 'ਨਜਿੱਠ ਲਿਆ ਗਿਆ' ਸਮਝ ਕੇ ਇਸ ਵੱਲ ਘੱਟ ਹੀ ਤਵੱਜੋ ਦੇਵੇਗੀ।

# ਮੋਦੀ ਵਾਲੇ ਮਾਹੌਲ ਦੀ ਮਾਰ

'ਪਦਮਾਵਤ' ਵਾਲੀ ਸਿਆਸਤ ਦਾ ਨਬੇੜਾ ਫਿਲਹਾਲ ਹੋ ਗਿਆ ਹੈ, ਹੁਣ ਕੰਗਨਾ ਰਣੌਤ ਦੀ ਫਿਲਮ 'ਮਣੀਕਰਨਿਕਾ' ਦੀ ਵਾਰੀ ਹੈ। ਰਾਜਸਥਾਨ ਦੀ ਹੀ ਕਿਸੇ ਬ੍ਰਾਹਮਣ ਮਹਾਸਭਾ ਦਾ ਉਹੀ 'ਪਦਮਾਵਤ' ਵਾਲਾ ਇਤਰਾਜ਼ ਆ ਗਿਆ ਹੈ: ਝਾਂਸੀ ਦੀ ਰਾਣੀ ਨੂੰ ਸੁਫ਼ਨੇ ਵਿਚ ਕਿਸੇ ਅੰਗਰੇਜ਼ ਨਾਲ ਮੁਹੱਬਤੀ ਦ੍ਰਿਸ਼ਾਂ ਵਿਚ ਦਿਖਾਇਆ ਜਾ ਰਿਹਾ ਹੈ। ਅੰਤਾਂ ਦੀ ਸਿਆਸਤ ਤੋਂ ਬਾਅਦ 'ਪਦਮਾਵਤ' ਪਰਦੇ ਉਤੇ ਆਈ ਤਾਂ ਫਿਲਮ ਦੀ ਚਰਚਾ ਤਾਂ ਹੋਣੀ ਹੀ ਸੀ; ਅਦਾਕਾਰਾ ਸ੍ਵਰਾ ਭਾਸਕਰ ਵੱਲੋਂ ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਨੂੰ ਲਿਖਿਆ ਖੁੱਲ੍ਹਾ ਖ਼ਤ ਵੀ ਚਰਚਾ ਵਿਚ ਆ ਗਿਆ। ਇਸ ਖ਼ਤ ਵਿਚ ਸ੍ਵਰਾ ਨੇ ਔਰਤਾਂ ਨੂੰ ਮਹਿਜ਼ ਇਕ ਅੰਗ ਤੱਕ ਘਟਾ ਦੇਣ ਦਾ ਉਲਾਂਭਾ ਦਿੱਤਾ ਹੈ। ਇਹ ਖ਼ਤ,

**ਜਸਵੀਰ ਸਮਰ**
**ਫੋਨ: 91-98722-69310**

ਦਰਅਸਲ, ਕੁੜੀਆਂ ਦੀ ਉਹ ਚੀਕ ਹੈ ਜਿਹੜੀ ਮਰਦਾਂ ਦੇ ਕੰਨਾਂ ਤੱਕ ਘੱਟ ਹੀ ਅੱਪੜਦੀ ਹੈ। ਸ੍ਵਰਾ ਦੀ ਗੱਲ ਸੁਣਨ ਅਤੇ ਵਿਚਾਰਨ ਦੀ ਥਾਂ, ਉਸ ਖ਼ਿਲਾਫ਼ ਟਰੋਲਿੰਗ ਸ਼ੁਰੂ ਹੋ ਗਈ। ਅਸਲ ਵਿਚ, ਘਰ ਤੋਂ ਬਾਹਰ ਪੈਰ ਧਰਦਿਆਂ, ਮਾਹੌਲ ਅਤੇ ਮੰਜ਼ਰ ਹੀ ਅਜਿਹੇ ਹਨ। ਹੁਣ ਵਾਲਾ ਮਾਹੌਲ ਇਸ ਕਰ ਕੇ ਵੀ ਘਾਤਕ ਹੈ, ਕਿਉਂਕਿ ਇਸ ਮਾਹੌਲ ਅੰਦਰ ਕਿਸੇ ਕਲਾ/ਰਚਨਾ ਨੂੰ ਦੇਖੇ/ਪੜ੍ਹੇ ਬਗ਼ੈਰ ਹੀ ਅੰਤਿਮ ਫ਼ੈਸਲੇ ਹੋ ਰਹੇ ਹਨ। ਇਹ ਅਸਲ ਵਿਚ ਉਸ ਮੋਦੀ-ਮਾਹੌਲ ਦੀ ਛਾਪ ਹੈ ਜਿਹੜਾ ਭਾਜਪਾ ਦੇ ਸੱਤਾਧਾਰੀ ਬਣਦਿਆਂ ਹੀ ਬਣਨਾ ਸ਼ੁਰੂ ਹੋ ਗਿਆ ਸੀ। ਬ੍ਰਾਹਮਣ ਮਹਾਸਭਾ ਨੇ ਹੁਣ 'ਮਣੀਕਰਨਿਕਾ' ਦੇ ਨਿਰਮਾਤਾ ਤੋਂ ਲਿਖਵਾ ਕੇ ਲਿਆ ਹੈ ਕਿ ਫਿਲਮ ਵਿਚ ਇਤਿਹਾਸ ਨਾਲ ਕੋਈ ਕਥਿਤ ਛੇੜ-ਛਾੜ ਨਹੀਂ ਹੋਵੇਗੀ।

ਗੱਲ 1992 ਦੀ ਹੈ। ਬਾਬਰੀ ਮਸਜਿਦ ਅਜੇ ਕਾਇਮ ਸੀ। ਦਸਤਾਵੇਜ਼ੀ ਫਿਲਮਸਾਜ਼ ਆਨੰਦ ਪਟਵਰਧਨ ਨੇ ਰਾਮ ਮੰਦਰ ਦੀ ਸਿਆਸਤ ਦਾ ਅਸਲਾ ਉਭਾਰਦੀ ਫਿਲਮ 'ਰਾਮ ਕੇ ਨਾਮ' ਬਣਾਈ ਸੀ। ਇਹ ਫਿਲਮ ਇਸ ਸਿਆਸਤ ਦੇ ਬਖੀਏ ਉਧੇੜਦੀ ਸੀ। ਉਸ ਵਕਤ ਦੂਰਦਰਸ਼ਨ ਨੇ ਇਹ ਫਿਲਮ ਦਿਖਾਉਣ ਤੋਂ ਨਾਂਹ ਕਰ ਦਿੱਤੀ ਸੀ, ਪਰ ਹਾਈ ਕੋਰਟ ਦੇ ਦਖ਼ਲ ਤੋਂ ਬਾਅਦ ਇਹ ਦਸਤਾਵੇਜ਼ੀ ਫਿਲਮ ਦੂਰਦਰਸ਼ਨ ਉਤੇ ਬਾਕਾਇਦਾ ਦਿਖਾਈ ਗਈ। ਉਦੋਂ ਸ਼ਾਇਦ ਮੁਖ਼ਾਲਫ਼ਤ ਦਾ ਜੇਰਾ ਕਰਨ ਅਤੇ ਆਪਣੀ ਗੱਲ ਕਹਿਣ ਦੀ ਇੰਨੀ ਕੁ ਸਪੇਸ ਬਚੀ ਹੋਈ ਸੀ। ਹੁਣ ਢਾਈ ਦਹਾਕਿਆਂ ਬਾਅਦ ਮੁਲਕ ਦੀ ਸੁਪਰੀਮ ਕੋਰਟ ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤ' ਮੁਲਕ ਭਰ ਵਿਚ ਦਿਖਾਉਣ ਦੀ ਆਗਿਆ ਦਿੰਦੀ ਹੈ, ਸੈਂਸਰ ਬੋਰਡ ਵੀ ਇਸ ਫਿਲਮ ਨੂੰ ਪਾਸ ਕਰ ਚੁੱਕਾ ਹੈ, ਪਰ ਕਰਨੀ ਸੈਨਾ ਵਾਲਿਆਂ ਸਭ ਕਾਸੇ ਨੂੰ ਟਿੱਚ ਜਾਣਿਆ। ਇਹੀ ਨਹੀਂ, ਭਾਜਪਾ ਦੀ ਸੱਤਾ ਵਾਲੇ ਸੂਬੇ ਜਦੋਂ ਇਸ ਫਿਲਮ ਉਤੇ ਪਾਬੰਦੀ ਆਇਦ ਕਰਦੇ ਹਨ, ਤਾਂ ਕੀਤੀ ਜਾ ਰਹੀ ਸਿਆਸਤ ਦਾ ਹਰ ਓਹਲਾ ਚੁੱਕਿਆ ਜਾਂਦਾ ਹੈ। ਇਹ ਅਸਲ ਵਿਚ ਉਸ ਮਾਹੌਲ ਦੀ ਕਰਾਮਾਤ ਹੈ ਜਿਹੜਾ ਮੋਦੀ ਦੀ ਤਾਜਪੋਸ਼ੀ ਤੋਂ ਦੋ ਹਫ਼ਤਿਆਂ ਬਾਅਦ ਹੀ ਆਰੰਭ ਹੋ ਗਿਆ ਸੀ। ਦੋ ਜੂਨ 2014 ਨੂੰ ਪੁਣੇ (ਮਹਾਰਾਸ਼ਟਰ) ਵਿਚ 24 ਵਰ੍ਹਿਆਂ ਦੇ ਮੋਹਸਿਨ ਸ਼ੇਖ ਨੂੰ ਹਿੰਦੂ ਕੱਟੜਪੰਥੀਆਂ (ਹਿੰਦੂ ਰਾਸ਼ਟਰ ਸੈਨਾ) ਨੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਪਿਛਲੇ ਸਾਲ ਮਈ ਤੱਕ, ਭਾਵ ਕਤਲ ਤੋਂ ਤਿੰਨ ਸਾਲ ਬਾਅਦ ਤੱਕ, 21 ਮੁਲਜ਼ਮਾਂ ਖ਼ਿਲਾਫ਼ ਦੋਸ਼ ਅਜੇ ਆਇਦ ਹੋਣੇ ਸਨ। ਇਹ ਪੁਲੀਸ ਦੀ ਨਾਲਾਇਕੀ ਨਹੀਂ, ਸਗੋਂ ਮੁਲਜ਼ਮਾਂ ਦਾ ਪੱਖ ਪੂਰਨ ਵਾਲੀ ਸਿਆਸਤ ਅਤੇ ਸਿਰਜੇ ਜਾ ਰਹੇ ਮਾਹੌਲ ਦਾ ਨਤੀਜਾ ਸੀ। ਹੁਣ ਰਤਾ ਕੁ ਅਦਾਲਤ ਵਾਲਾ ਪੱਖ ਵੀ ਜਾਣੀਏ। ਸਾਲ ਪਹਿਲਾਂ ਤਿੰਨ ਮੁੱਖ ਮੁਲਜ਼ਮਾਂ ਨੂੰ ਬੰਬੇ ਹਾਈ ਕੋਰਟ ਵੱਲੋਂ ਜ਼ਮਾਨਤ ਦੇ ਦਿੰਦੀ ਹੈ। ਮੋਹਸਿਨ ਸ਼ੇਖ ਦਾ ਟੱਬਰ ਇਨਸਾਫ਼ ਲਈ ਦਰ ਦਰ ਭਟਕ ਰਿਹਾ ਹੈ। ਹੁਣ ਕਿਤੇ ਜਾ ਕੇ 9 ਫਰਵਰੀ ਨੂੰ ਸੁਪਰੀਮ ਕੋਰਟ ਨੇ ਇਨ੍ਹਾਂ ਤਿੰਨਾਂ ਦੀ ਜ਼ਮਾਨਤ ਖਾਰਿਜ ਕੀਤੀ ਹੈ। ਮੋਹਸਿਨ ਸ਼ੇਖ ਵਾਲੀ ਘਟਨਾ ਤੋਂ ਬਾਅਦ ਮੁਲਕ ਅੰਦਰ ਖ਼ੌਫ਼ ਪੈਦਾ ਕਰਨ ਵਾਲੀਆਂ ਅਜਿਹੀਆਂ ਘਟਨਾਵਾਂ ਦੀ ਅਮੁੱਕ ਤੇ ਅਰੁੱਕ ਲੜੀ ਚੱਲਦੀ ਗਈ। ਇਉਂ ਬਹੁਗਿਣਤੀ ਮਜ਼ਹਬ ਨਾਲ ਜੁੜੇ ਅਵਾਮ ਨੂੰ ਵੱਖ ਵੱਖ ਵਰਤਾਰਿਆਂ ਨੂੰ ਖਾਸ ਨੁਕਤ-ਏ-ਨਜ਼ਰ ਤੋਂ ਦੇਖਣ ਅਤੇ ਸੋਚਣ ਲਾ ਦਿੱਤਾ ਗਿਆ। ਅੱਜ ਦੀ ਤਾਰੀਖ਼ ਵਿਚ ਭੁੱਲ ਜਾਓ ਕਿ ਕੋਈ 'ਪਾਕਿਸਤਾਨੀ' ਗਵੱਈਏ ਗੁਲਾਮ ਅਲੀ ਦੀਆਂ ਗ਼ਜ਼ਲਾਂ ਸੁਣਨ ਲਈ ਕਿਸੇ ਪ੍ਰੋਗਰਾਮ ਦਾ ਪ੍ਰਬੰਧ ਕਰਨ ਬਾਰੇ ਸੋਚਣ ਦੀ ਭੁੱਲ ਵੀ ਕਰੇਗਾ। ਲੋਕਾਂ ਨੂੰ ਤਾਂ ਹੁਣ ਹਿੰਦੁਸਤਾਨੀ ਸੰਗੀਤਕਾਰ ਏ ਆਰ ਰਹਿਮਾਨ ਦਾ ਪ੍ਰੋਗਰਾਮ ਕਰਵਾਉਣ ਲਈ ਵੀ ਸੌ ਸੌ ਵਾਰ ਸੋਚਣਾ ਪੈ ਰਿਹਾ ਹੈ।



ਇਹੀ ਉਹ ਮਾਹੌਲ ਹੈ, ਜਿਸ ਅੰਦਰ ਕਰਨੀ ਸੈਨਾ, ਹਿੰਦੂ ਰਾਸ਼ਟਰ ਸੈਨਾ ਅਤੇ ਅਜਿਹੀਆਂ ਹੋਰ ਕੱਟੜ ਜਮਾਤਾਂ ਬੇਖ਼ੌਫ਼ ਹੋ ਕੇ ਵਿਚਰ ਰਹੀਆਂ ਹਨ। ਸ਼ਿਵ ਸੈਨਾ ਦੀ ਮਾਰ-ਧਾੜ, ਭੰਨ-ਤੋੜ ਵਾਲੀ ਸਿਆਸਤ ਦਾ ਜਲਵਾ ਮੁਲਕ ਦੇ ਲੋਕਾਂ ਨੇ ਪਹਿਲਾਂ-ਪਹਿਲ ਸਿਰਫ਼ ਮੁੰਬਈ (ਮਹਾਰਾਸ਼ਟਰ) ਅੰਦਰ ਦੇਖਿਆ ਸੀ, ਕਰਨੀ ਸੈਨਾ ਦੀ ਬਦੌਲਤ ਇਹ ਜਲਵਾ ਮੁਲਕ ਪੱਧਰ ਉਤੇ ਵੀ ਦਿਖਾ ਦਿੱਤਾ ਗਿਆ। ਇਕ ਹੋਰ ਨਮੂਨਾ ਵੀ ਹੈ ਜਿਹੜਾ ਨਿਰੋਲ ਸੱਤਾ ਦੀ ਸਿਆਸਤ ਨਾਲ ਜੁੜਦਾ ਹੈ। ਸ਼ਿਵ ਸੈਨਾ ਦੀ ਸਿਆਸਤ ਅੱਜ ਜਿਥੇ ਪੁੱਜ ਚੁੱਕੀ ਹੈ, ਹੁਣ ਤਾਂ ਬਹੁਤ ਘੱਟ ਲੋਕਾਂ ਨੂੰ ਇਲਮ ਹੋਣਾ ਹੈ ਕਿ ਮੁੰਬਈ ਵਿਚ ਸ਼ਿਵ ਸੈਨਾ ਦੀ ਚੜ੍ਹਤ ਕਾਂਗਰਸ ਦੀ ਹੱਲਾਸ਼ੇਰੀ ਨਾਲ ਹੋਈ ਸੀ। ਇਹ ਵਿਰੋਧੀਆਂ ਨੂੰ ਸਿਆਸੀ ਪਿੜ ਵਿਚੋਂ ਲਾਂਭੇ ਜਾਂ ਕਮਜ਼ੋਰ ਕਰਨ ਵਾਲਾ ਖਿਆਲ ਹੀ ਸੀ। 70ਵਿਆਂ ਦੇ ਅਖ਼ੀਰ ਅਤੇ 80ਵਿਆਂ ਦੇ ਆਰੰਭ ਵਿਚ ਕਾਂਗਰਸ ਨੇ ਇਹੀ ਸਿਆਸੀ ਪੱਤਾ ਪੰਜਾਬ ਅੰਦਰ ਵੀ ਖੇਡਿਆ। ਬਿਹਾਰ ਵਿਚ ਜਗੀਰਦਾਰਾਂ ਦੀਆਂ ਪ੍ਰਾਈਵੇਟ ਸੈਨਾਵਾਂ ਅਤੇ ਸੱਤਾਧਿਰ ਦਾ ਤਾਂ ਇਤਿਹਾਸ ਹੀ ਨਿਰਾਲਾ ਹੈ। ਨਕਸਲਵਾਦੀਆਂ ਨੂੰ ਡੱਕਣ ਦੇ ਨਾਂ ਉਤੇ ਸੱਤਾਧਾਰੀਆਂ ਤੇ ਪ੍ਰਸ਼ਾਸਨ ਦੀ ਸ਼ਹਿ ਉਤੇ ਜੋ ਕਤਲੇਆਮ ਬਿਹਾਰ ਦੀਆਂ ਜਾਤ ਆਧਾਰਿਤ ਸੈਨਾਵਾਂ ਰਾਹੀਂ ਕਰਵਾਏ ਗਏ, ਉਹ ਸੱਤਾਧਿਰ ਦੀ ਗ਼ੈਰ-ਦਿਆਨਤਦਾਰੀ ਦੀ ਕੋਝੀ ਅਤੇ ਕਠੋਰ ਮਿਸਾਲ ਹੈ। ਉਥੋਂ ਦੇ ਜ਼ਿਮੀਂਦਾਰਾਂ ਨੇ ਆਪਣਾ ਜਗੀਰੂ ਕਬਜ਼ਾ ਬਰਕਰਾਰ ਰੱਖਣ ਲਈ ਪ੍ਰਾਈਵੇਟ ਸੈਨਾਵਾਂ ਬਣਾਈਆਂ ਹੋਈਆਂ ਸਨ ਅਤੇ ਇਨ੍ਹਾਂ ਸਾਰੀਆਂ ਸੈਨਾਵਾਂ ਨੂੰ ਸਿਆਸੀ ਸਰਪ੍ਰਸਤੀ ਹਾਸਲ ਸੀ। ਬਿਹਾਰ ਦੇ ਦਲਿਤਾਂ ਨਾਲ ਇਨ੍ਹਾਂ ਜਗੀਰਦਾਰਾਂ ਅਤੇ ਇਨ੍ਹਾਂ ਦੀਆਂ ਸੈਨਾਵਾਂ ਨੇ ਜੋ ਜ਼ੁਲਮ ਕਮਾਏ, ਉਸ ਕਾਲੇ ਇਤਿਹਾਸ ਦੇ ਲਹੂ-ਲੁਹਾਣ ਵਰਕੇ ਅੱਜ ਵੀ ਪੜ੍ਹੇ ਜਾ ਸਕਦੇ ਹਨ।

ਇਸ ਮਾਹੌਲ ਦਾ ਤੋੜ ਹੁਣ ਸਿਆਸੀ ਵਿਸ਼ਲੇਸ਼ਕ, ਵਿਰੋਧੀ ਧਿਰ ਦੀ ਏਕਤਾ ਵਿਚੋਂ ਲੱਭ ਰਹੇ ਹਨ। ਅਗਲੀਆਂ ਲੋਕ ਸਭਾ ਚੋਣਾਂ ਸਮਝੋ ਸਿਰ ਉਤੇ ਹਨ। ਇਨ੍ਹਾਂ ਵਿਸ਼ਲੇਸ਼ਕਾਂ, ਸਿਆਸੀ ਲੀਡਰਾਂ ਅਤੇ ਆਮ ਲੋਕਾਂ ਦੇ ਜ਼ਿਹਨ ਵਿਚ, ਪਿੱਛੇ ਜਿਹੇ ਹੋਈਆਂ ਗੁਜਰਾਤ ਵਿਧਾਨ ਸਭਾ ਚੋਣਾਂ ਦਾ ਨਕਸ਼ਾ ਵਾਰ ਵਾਰ ਉਭਰ ਰਿਹਾ ਹੈ। ਇਨ੍ਹਾਂ ਚੋਣਾਂ ਦੌਰਾਨ ਸੰਜੀਦਾ ਅਤੇ ਸੋਚਣ ਵਾਲੀ ਸਭ ਸੰਗਤ ਦਾ ਜ਼ੋਰ ਲੱਗਿਆ ਰਿਹਾ ਕਿ ਕਿਸੇ ਨਾ ਕਿਸੇ ਤਰ੍ਹਾਂ ਮੋਦੀ ਦੀ ਪਾਰਟੀ ਗੁਜਰਾਤ ਵਿਚ ਜਿੱਤ ਨਾ ਸਕੇ। ਇਕੱਠੇ ਹੋ ਕੇ ਚੋਣਾਂ ਲੜਨ ਦੇ ਹੋਕੇ ਅਤੇ ਤਰਕੀਬ ਨਾਲ ਇਸ ਪਾਰਟੀ ਨੂੰ ਡੱਕਣ ਵਿਚ ਥੋੜ੍ਹੀ ਕਾਮਯਾਬੀ ਵੀ ਮਿਲੀ। ਉਥੇ ਉਭਰੇ ਤਿੰਨ ਨਵੇਂ ਚਿਹਰਿਆਂ ਨੇ ਭਾਜਪਾ ਦਾ ਜੇਤੂ ਰੱਥ ਠੱਲ੍ਹਣ ਵਿਚ ਮਦਦ ਕੀਤੀ। ਇਸੇ ਕਰ ਕੇ ਲੋਕ ਸਭਾ ਚੋਣਾਂ ਲਈ ਗੁਜਰਾਤ ਵਾਲਾ ਤਜਰਬਾ ਦੁਹਰਾਉਣ ਦੀ ਕਵਾਇਦ ਸ਼ੁਰੂ ਵੀ ਹੋ ਗਈ ਹੈ। ਇਰਾਦਾ ਇਹੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਭਾਜਪਾ ਦਾ ਚੁਣਾਵੀ ਰੱਥ ਠੱਲ੍ਹਿਆ ਜਾਵੇ। ਅਜਿਹਾ ਹੋ ਸਕਦਾ ਹੈ ਅਤੇ ਇਹ ਮੁਲਕ ਦੀ ਜਮਹੂਰੀਅਤ ਦੇ ਹਿਤ ਵਿਚ ਹੀ ਹੋਵੇਗਾ। ਭਾਰਤੀ ਜਨਤਾ ਪਾਰਟੀ ਅਤੇ ਆਰ ਐਸ ਐਸ ਜਿਸ ਤਰ੍ਹਾਂ ਮੁਲਕ ਦਾ ਮੂੰਹ-ਮੁਹਾਂਦਰਾ ਬਦਲਣ ਦੇ ਰਾਹ ਉਤੇ ਚੱਲ ਰਹੀਆਂ ਹਨ, ਉਸ ਨੂੰ ਨੱਕਾ ਲੱਗਣਾ ਹੀ ਚਾਹੀਦਾ ਹੈ। ਬਹੁਤ ਸਾਰੇ ਮਾਮਲਿਆਂ 'ਤੇ ਮੋਦੀ ਨੂੰ ਘੇਰਾ ਵੀ ਪੈ ਰਿਹਾ ਹੈ। ਉਂਜ, ਕੁਝ ਵਿਦਵਾਨ ਇਹ ਰਾਏ ਵੀ ਰੱਖ ਰਹੇ ਹਨ ਕਿ ਭਾਜਪਾ ਅਤੇ ਆਰ ਐਸ ਐਸ ਦੀਆਂ ਤਿੱਖੀਆਂ ਤਬਦੀਲੀਆਂ ਨੂੰ ਨੱਕਾ ਲਾਉਣਾ ਕਾਂਗਰਸ ਜਾਂ ਰਾਹੁਲ ਗਾਂਧੀ ਦੇ ਵੱਸ ਦਾ ਰੋਗ ਨਹੀਂ। ਹਾਂ, ਭਿਅੰਕਰ ਤਬਦੀਲੀਆਂ ਨਾਲ ਭਵਿਖ ਵਿਚ ਬਣਨ ਵਾਲੇ ਟਕਰਾਅ ਵਿਚੋਂ ਕਿਸੇ ਨਵੀਂ ਲੀਡਰਸ਼ਿਪ ਦਾ ਉਭਾਰ ਸੰਭਵ ਹੋ ਸਕਦਾ ਹੈ, ਜਿਹੜੀ ਭਾਜਪਾ-ਆਰ ਐਸ ਐਸ ਨਾਲ ਦੋ ਹੱਥ ਕਰਨ ਦੇ ਸਮਰੱਥ ਹੋਵੇਗੀ। ਰਤਾ ਕੁ ਵੱਖਰੇ ਨੁਕਤੇ ਤੋਂ ਵਿਚਾਰੀਏ, ਗੁਜਰਾਤ ਵਾਲੀ ਸਿਆਸਤ ਵੀ ਇਹੀ ਸੁਨੇਹਾ ਦੇ ਰਹੀ ਹੈ। ਸੀਮਾ ਦੇ ਅੰਦਰ ਹੀ ਸਹੀ, ਉਥੇ ਸਾਹਮਣੇ ਆਏ ਨਵੇਂ ਚਿਹਰਿਆਂ ਨੇ ਸਿਆਸਤ ਦੇ ਪਿੜ ਵਿਚ ਨਵਾਂ ਅਧਿਆਏ ਲਿਖਣ ਦਾ ਹੀਆ ਕੀਤਾ ਹੈ। ਨਾਲੇ ਕਾਂਗਰਸ ਦੀ ਪੂਛ ਫੜ ਕੇ ਵੈਤਰਣੀ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਦਾ ਜੋ ਹਾਲ ਹੁੰਦਾ ਹੈ, ਉਹ ਜ਼ਰਾ ਰਵਾਇਤੀਆਂ ਕਮਿਊਨਿਸਟ ਪਾਰਟੀਆਂ ਤੋਂ ਇਕ ਵਾਰ ਜ਼ਰੂਰ ਪੁੱਛ ਲੈਣਾ ਚਾਹੀਦਾ ਹੈ।

*('ਪੰਜਾਬੀ ਟ੍ਰਿਬਿਊਨ' 'ਚੋਂ ਧੰਨਵਾਦ ਸਹਿਤ)*




## ਢਾਡੀ ਕਲਾ ਵਿਚ ਇਕ ਯੁੱਗ ਪੁਰਸ਼

# ਗਿਆਨੀ ਦਇਆ ਸਿੰਘ ਦਿਲਬਰ

ਦੋ ਹਰਫੀ ਗੱਲ ਇਹ ਹੈ ਕਿ ਢਾਡੀ ਦਇਆ ਸਿੰਘ ਦਿਲਬਰ ਦੀ ਗੱਲ ਕਰਨੀ ਮੇਰੇ ਲਈ ਵੀ ਬੜੀ ਔਖੀ ਹੈ ਅਤੇ ਮੇਰੀ ਕਲਮ ਉਸ ਦੀ ਸਰਬਪੱਖੀ ਸ਼ਖਸੀਅਤ ਬਾਰੇ ਅੱਖਰ ਝਰੀਟਦਿਆਂ ਕਿੰਨੀ ਵਾਰ ਤਿਲਕ ਕੇ ਡਿੱਗੀ ਹੈ। ਇਹ ਕਹਿਣ ਵਿਚ ਵੀ ਮੈਨੂੰ ਕੋਈ ਉਜਰ ਨਹੀਂ ਕਿ ਮੈਂ ਜਦੋਂ ਵੀ ਇਸ ਮਹਾਨ ਪੰਥਕ ਹਸਤੀ ਦੀ ਬਾਤ ਪਾਉਣ ਲੱਗਦਾ ਹਾਂ ਤਾਂ ਇਉਂ ਲੱਗਦਾ ਹੈ ਕਿ ਜਿਵੇਂ ਕੋਈ ਅਣਜਾਣ ਬੰਦਾ ਨੰਗੇ ਸਿਰ ਜਾਂ ਜੁੱਤੀ ਸਣੇ ਕਿਸੇ ਧਾਰਮਕ ਅਸਥਾਨ ਵਿਚ ਗਲਤੀ ਨਾਲ ਦਾਖਲ ਹੋ ਗਿਆ ਹੋਵੇ। ਫਿਰ ਵੀ ਇਹ ਸੋਚ ਕੇ ਕਿ ਉਹਦੀ ਜੀਵਨ ਕਹਾਣੀ ਦੀ ਕਥਾ ਤਾਂ ਸੁਣਾਉਣ ਲੱਗਾ ਹਾਂ ਕਿ ਚਲੋ ਇਸੇ ਬਹਾਨੇ ਨਤਮਸਤਕ ਵੀ ਹੋ ਲੈਂਦੇ ਹਾਂ। ਪ੍ਰਣਾਮ ਵੀ ਕਰ ਲੈਂਦੇ ਹਾਂ ਤੇ ਜਾਂ ਇਉਂ ਕਿ ਵਿਛੜੀਆਂ ਰੂਹਾਂ ਨੂੰ ਯਾਦ ਕਰਨ ਲੱਗਿਆਂ 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥' ਵੀ ਕਹਿ ਲੈਂਦੇ ਹਾਂ।

ਮਹਾਨ ਲੋਕਾਂ ਪ੍ਰਤੀ ਹਰ ਇਨਸਾਨ ਦੇ ਨਜ਼ਰੀਏ ਅਤੇ ਨਜ਼ਰਾਂ ਦੀ ਬੁਣਤੀ ਆਪੋ ਆਪਣੀ ਹੁੰਦੀ ਹੈ, ਮੇਰੇ ਕੋਲ ਵੀ ਦਇਆ ਸਿੰਘ ਦਿਲਬਰ ਪ੍ਰਤੀ ਸਤਿਕਾਰ ਦੀ ਦੀਵਿਆਂ ਵਾਲੀ ਆਰਤੀ ਉਤਾਰਨ ਵਾਲੀ ਥਾਲੀ ਹੈ ਪਰ ਮੇਰੇ ਅੰਦਰ ਇਹ ਪੂਰੀ ਦੀ ਪੂਰੀ ਸ਼ਰਧਾ ਵਿਚ ਉਦੋਂ ਵਟ ਗਈ ਜਦੋਂ ਇਕ ਘਟਨਾ ਨਾਲ ਮੈਂ ਸਾਰੇ ਦਾ ਸਾਰਾ ਝੰਜੋੜਿਆ ਗਿਆ ਜਾਂ ਏਦਾਂ ਜਿਵੇਂ ਸਧਨਾ ਕਸਾਈ ਬੱਕਰੇ ਨੇ ਭਗਤ ਬਣਾ ਦਿੱਤਾ ਸੀ। ਢਾਡੀ ਕਲਾ ਨਾਲ ਮੋਹ ਤੇ ਢਾਡੀਆਂ ਬਾਰੇ ਲਿਖਣ ਦੀ ਅੰਗੜਾਈ, ਢਾਡੀ ਅਮਰ ਸਿੰਘ ਸ਼ੌਕੀ ਦੀ ਯਾਦ ਵਿਚ ਮੇਲੇ ਲਾਉਣ ਦਾ ਮੰਚ ਤਿਆਰ ਕਰਨਾ, ਇਹ ਕਲਾ ਬਾਹੂ ਤਾਕਤ ਸਿਰਫ ਤੇ ਸਿਰਫ ਦਇਆ ਸਿੰਘ ਦਿਲਬਰ ਨੇ ਸੁੱਚੇ ਮੋਤੀਆਂ ਦੇ ਪਰਾਗੇ ਵਾਂਗ ਮੇਰੀ ਝੋਲੀ ਪਾਈ।

ਘਟਨਾ ਤੇ ਮੇਰੇ ਚੇਤੇ 'ਚ ਗੜੁੱਚ ਹੈ ਪਰ ਵਰ੍ਹਾ ਯਾਦ ਨਹੀਂ। ਉਦੋਂ ਮੈਂ ਤੇਈ ਕੁ ਸਾਲਾਂ ਦਾ ਹੋਵਾਂਗਾ। ਜੂਨ ਮਹੀਨਾ ਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ। ਪੰਜਾਬ ਰੋਡਵੇਜ ਦੀ ਨੱਕੋ ਨੱਕ ਭਰੀ ਲਾਰੀ ਵਿਚ ਚੰਡੀਗੜ੍ਹੋਂ ਸਵਾਰ ਹੋਇਆ। ਲਾਰੀ ਦਾ ਆਖਰੀ ਅੱਡਾ ਅੰਬਰਸਰ ਸੀ। ਰਾਹ 'ਚ ਥਾਂ ਥਾਂ ਮਿੱਠੇ ਜਲ ਦੀਆਂ ਛਬੀਲਾਂ ਲੱਗੀਆਂ ਹੋਈਆਂ ਸਨ। ਥਾਂ ਥਾਂ ਮਿੱਠਾ ਜਲ ਛਕਣ ਕਾਰਨ ਨਵਾਂ ਸ਼ਹਿਰ ਤੱਕ ਦੋ ਘੰਟਿਆਂ ਦਾ ਸਫਰ ਲੰਮਾ ਹੁੰਦਾ ਜਾ ਰਿਹਾ ਸੀ। ਬਸ ਜਦੋਂ ਨਵਾਂ ਸ਼ਹਿਰ ਤੋਂ ਦੋ ਕੁ ਕੋਹ ਪਹਿਲਾਂ ਬਰਨਾਲਾ ਕਲਾਂ ਦੇ ਚੌਕ 'ਚ ਜਲ ਪਾਣੀ ਲਈ ਰੁਕੀ ਤਾਂ ਬਾਕੀ ਸਵਾਰੀਆਂ ਨਾਲ ਮੈਂ ਵੀ ਹੇਠਾਂ ਉਤਰ ਆਇਆ। ਸੇਵਾਦਾਰ ਮੁੰਡਿਆਂ ਹੱਥੋਂ ਪਾਣੀ ਦਾ ਗਿਲਾਸ ਫੜਨ ਤੋਂ ਪਹਿਲਾਂ ਇਕ ਅੰਮ੍ਰਿਤਧਾਰੀ ਸਿੰਘ ਨੇ ਜੋੜੇ ਲਾਹੇ ਤੇ ਲਹਿੰਦੇ ਪਾਸੇ ਵੱਲ ਨੂੰ ਮੂੰਹ ਕਰਕੇ ਹੱਥ ਜੋੜੇ ਤਾਂ ਮੱਥਾ ਟੇਕ ਦਿੱਤਾ। ਐਨ ਸਾਹਮਣੇ ਸੜਕ ਕਿਨਾਰੇ ਗੁੱਗੇ ਪੀਰ ਦੀ ਮਾੜੀ ਸੀ। ਮੇਰੇ ਮਨ 'ਚ ਕਈ ਤਰ੍ਹਾਂ ਦੇ ਖਿਆਲ ਘੁੰਮਣ ਲੱਗ ਪਏ। ਸੋਚਿਆ ਕਿ ਕਮਾਲ ਕਰ 'ਤੀ, ਸਿੰਘ ਨੇ! ਬਾਜਾਂ ਵਾਲੇ ਦੇ ਵਾਰਿਸ ਨੇ ਇਹ ਕੀ ਕੀਤਾ? ਨੰਗੇ ਪੈਰੀਂ ਗੁੱਗੇ ਨੂੰ ਮੱਥਾ ਕਿਉਂ ਟੇਕਿਆ। ਮੈਥੋਂ ਰਿਹਾ ਨਾ ਗਿਆ ਤੇ ਪੁੱਛ ਹੀ ਲਿਆ:

"ਖਾਲਸਾ ਜੀ ਅੰਮ੍ਰਿਤ ਛਕ ਕੇ ਗੁੱਗੇ ਪੀਰ ਨੂੰ ਮੱਥਾ ਟੇਕ 'ਤਾ?"

ਉਹ ਅੱਖੜ ਜਿਹਾ ਹੋ ਕੇ ਅਹੁਰਾ ਬੋਲਿਆ, "ਕਿਹੜਾ ਗੁੱਗਾ?"

"ਆਹ ਹੁਣੇ ਤੁਸੀਂ ਜੋੜਾ ਲਾਹ ਕੇ ਮੱਥਾ ਟੇਕਿਆ, ਸਾਹਮਣੇ ਮਾੜੀ ਗੁੱਗੇ ਪੀਰ ਦੀ ਤਾਂ ਹੈਗੀ ਹੈ।"

ਉਹ ਹੋਰ ਤੱਤਾ ਹੋ ਕੇ ਪੁੱਛਣ ਲੱਗਾ, "ਤੇਰਾ ਕਿਹੜਾ ਪਿੰਡ ਐ?"

"ਸੱਤ ਕੁ ਮੀਲ 'ਤੇ ਪਿੰਡ ਭੌਰਾ।"

"ਫਿੱਟ ਲਾਹਣਤ ਤੁਹਾਨੂੰ ਲੋਕਾਂ ਨੂੰ ਕੋਲ ਬੈਠਿਆਂ ਨੂੰ ਨ੍ਹੀਂ ਪਤਾ ਤੇ ਮੈਂ ਤਰਨ ਤਾਰਨੋਂ ਆਂ। ਮੈਂ ਕਿਸੇ ਗੁੱਗੇ ਗਾਗੇ ਨੂੰ ਮੱਥਾ ਨਹੀਂ ਟੇਕਿਆ। ਅਹੁ ਸਾਹਮਣੇ ਪਿੰਡ ਆ, ਦਇਆ ਸਿੰਘ ਦਿਲਬਰ ਦਾ ਸਲੋਹ, ਮੈਂ ਉਸ ਧਰਤੀ ਅੱਗੇ ਸਿਰ ਨਿਵਾਇਐ ਜਿਹੜੀ ਢਾਡੀ ਕਲਾ ਦੀ ਵਾਰਿਸ ਜੇ।"

ਮੇਰੀ ਹਾਲਤ ਉਹ ਸੀ ਜਿਵੇਂ ਕਿਸੇ ਦਾ ਚਰਖਾ ਤਾਂ ਠੀਕ ਹੋਵੇ ਪਰ ਮਾਹਲ ਕੋਈ ਹੋਰ ਲਾਹ ਕੇ ਲੈ ਗਿਆ ਹੋਵੇ। ਇਸ ਘਟਨਾ ਨੇ ਮੇਰੇ ਵਰਗੇ ਘੋਨ ਮੋਨ ਬੰਦੇ ਲਈ ਵੀ ਸਿੱਖ ਪੰਥ ਦੀ ਵਿਰਾਸਤ ਵੱਲ ਜਾਂਦਾ ਇਕ ਬੂਹਾ ਖੋਲ੍ਹ ਦਿੱਤਾ ਸੀ।

ਇਹ ਕਹਿਣਾ ਇੱਥੇ ਬਣਦਾ ਹੀ ਹੈ ਕਿ ਜਿਨ੍ਹਨੇ ਦਇਆ ਸਿੰਘ ਦਿਲਬਰ ਨੂੰ ਨਹੀਂ ਸੁਣਿਆ, ਉਹਦੀ ਜਾਣਕਾਰੀ ਢਾਡੀਆਂ ਬਾਰੇ ਵੀ ਅਧੂਰੀ ਹੈ ਤੇ ਸਿੱਖ ਇਤਿਹਾਸ ਬਾਰੇ ਵੀ। ਗਿਆਨੀ ਸੋਹਣ ਸਿੰਘ ਸੀਤਲ ਤੋਂ ਪਿੱਛੋਂ ਦਿਲਬਰ ਹੀ ਉਹ ਥਾਂ ਹੈ ਜੋ ਰੁੱਖ ਨਾਲ ਛਾਂ ਦੀ ਹੁੰਦੀ ਹੈ। ਮੈਨੂੰ ਮੇਰੇ ਬਾਪੂ ਨੇ ਜਨਮ ਦਿੱਤਾ ਹੈ ਪਰ ਸੰਗੀਤ ਕਲਾ ਨਾਲ ਗੋਲ ਗੰਢ ਦੇਣ ਲਈ ਮੈਂ ਦੂਜੀ ਥਾਂ ਦਿਲਬਰ ਨੂੰ ਦਿੰਦਾ ਹਾਂ।

ਇਸ ਘਟਨਾ ਪਿੱਛੋਂ 1988 ਵਿਚ ਜਦੋਂ ਮੈਂ ਭਾ ਜੀ ਬਰਜਿੰਦਰ ਸਿੰਘ ਹੋਰਾਂ ਦੀ ਹੱਲਾਸ਼ੇਰੀ ਅਤੇ ਪ੍ਰੇਰਨਾ ਨਾਲ ਰੋਜ਼ਾਨਾ ਅਜੀਤ ਲਈ 'ਸੁਰ ਸੱਜਣਾਂ ਦੀ' ਕਾਲਮ ਲਿਖਣ ਲੱਗਾ ਤਾਂ ਪਹਿਲੀ ਲਿਖਤ ਦਇਆ ਸਿੰਘ ਦਿਲਬਰ ਬਾਰੇ ਸੀ।

ਵਾਹਿਗੁਰੂ ਦੇ ਵਿਧੀ ਵਿਧਾਨ ਅਨੁਸਾਰ ਜੋ ਫਲਸਫਾ ਅਸੀਂ ਮੰਨਦੇ ਹਾਂ ਜਾਂ ਜਿਨ੍ਹਾਂ ਰਾਹਾਂ ਤੋਂ ਸਾਰੇ ਲੰਘਦੇ ਤਾਂ ਹਨ ਪਰ ਪੈੜਾਂ ਵਿਚਲਿਆਂ ਦੀਆਂ ਹੀ ਚੇਤੇ ਰਹਿੰਦੀਆਂ ਹਨ ਤਾਂ ਤੱਥ ਇਹ ਹਨ ਕਿ ਦਿਲਬਰ ਦਾ ਜਨਮ ਪਾਕਿਸਤਾਨ 'ਚ ਉਤਾੜ ਦੇ ਗਗਤ ਸਹਾਰੀ ਪਿੰਡ ਵਿਚ 9 ਨਵੰਬਰ 1930 ਨੂੰ ਪਿਤਾ ਈਸ਼ਰ ਸਿੰਘ ਦੇ ਘਰੇ ਮਾਂ ਗੁਲਾਬ ਕੌਰ ਦੀ ਕੁੱਖੋਂ ਹੋਇਆ। ਅੱਖਰ ਗਿਆਨ ਹੋਇਆ ਤਾਂ ਆਪਣੇ ਆਪ ਨੂੰ ਸਾਰੇ ਦਾ ਸਾਰਾ ਪੰਥ ਦੀਆਂ ਸਫਾਂ ਵਿਚ ਲਪੇਟ ਲਿਆ। ਪੈਂਟ ਕਮੀਜ਼ ਨਹੀਂ, ਕਮੀਜ਼ ਪਜਾਮਾਂ ਹੀ ਜ਼ਿੰਦਗੀ ਭਰ ਪਹਿਨਿਆ। ਇਹ ਵੀ ਇਕ ਇਤਿਹਾਸ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਂ ਬਾਦ ਵਿਚ ਬਣੇ ਪਰ ਸਿੱਖ ਪੰਥ ਵਿਚ ਇਕੋ ਇਕ ਮਿਸਾਲ ਹੈ ਕਿ ਅੱਜ ਭਾਵੇਂ ਸਿਆਸੀ ਕਾਰਨਾਂ ਕਰਕੇ ਨੀਲਾ ਰੰਗ ਕਈਆਂ ਦੇ ਮਾਫਕ ਨਾ ਬੈਠਦਾ ਹੋਵੇ ਪਰ ਦਿਲਬਰ ਨੇ ਪੂਰੀ ਜ਼ਿੰਦਗੀ ਨੀਲੀ ਦਸਤਾਰ ਹੀ ਸਜਾ ਕੇ ਰੱਖੀ।

ਬਚਪਨ ਵਿਚ ਹੀ ਮਾਂ ਤੁਰ ਗਈ ਤੇ ਪਾਲਣ ਪੋਸਣ ਸਾਰੇ ਦਾ ਸਾਰਾ ਦਾਦੀ ਦੇ ਹੱਥਾਂ ਵਿਚ ਚਲੇ ਗਿਆ ਪਰ ਬਾਪੂ ਦੀ ਪਹਿਲੇ ਦਿਨ ਤੋਂ ਰੀਝ ਸੀ ਕਿ ਨਿੱਕੇ ਜਿਹੇ ਮੁਹਾਂਦਰੇ ਤੇ ਤਿੱਖੇ ਨੈਣ ਨਕਸ਼ਾਂ ਵਾਲਾ ਮੇਰਾ ਪੁੱਤ ਜਾਂ ਤਾਂ ਰਾਗੀ ਬਣੇ ਜਾਂ ਫਿਰ ਢਾਡੀ। ਅਨੇਕਾਂ ਵਾਰ ਗੁਰੂ ਘਰਾਂ ਵਿਚ ਲਿਜਾ ਕੇ ਅਰਦਾਸਾਂ ਕਰਵਾਈਆਂ ਸਨ, "ਸੱਚਿਆ ਪਾਤਸ਼ਾਹ, ਰੱਖ ਮੇਰੀ ਲਾਜ ਇਹਨੂੰ ਸਿੱਖ ਇਤਿਹਾਸ ਦਾ ਜੇ ਕੁਝ ਹੋਰ ਨਾ ਬਣਾ ਸਕੇ ਤਾਂ ਪ੍ਰਚਾਰਕ ਜ਼ਰੂਰ ਬਣਾਈਂ।" ਨੇਹਚਾ ਨੇਹਫਲ ਨਹੀਂ ਗਈ ਤੇ ਇਹ ਤਿੰਨੇ ਗੁਣ ਵਾਹਿਗੁਰੂ ਨੇ ਦਿਲਬਰ ਅੰਦਰ ਨੱਕੋ ਨੱਕ ਭਰ ਦਿੱਤੇ। ਆਜ਼ਾਦੀ ਤੋਂ ਕੁਝ ਵਰ੍ਹੇ ਪਹਿਲਾਂ 1947 ਵਿਚ ਆਏ ਜੇਠ ਮਹੀਨੇ ਦੀ ਇੱਕੀ ਤਾਰੀਖ ਨੂੰ ਜਦੋਂ ਬੀਬੀ ਸੰਤ ਕੌਰ ਨਾਲ ਲਾਵਾਂ ਲਈਆਂ ਤਾਂ ਢਾਡੀ ਕਲਾ ਵਿਚ ਨਿਖਾਰ ਦੀ ਬੁੱਕਲ ਫੁਲਕਾਰੀ ਵਾਂਗ ਵੱਡੀ ਹੋ ਗਈ।

ਮੰਨੋਗੇ ਕਿ ਬਾਰਾਂ ਵਰ੍ਹਿਆਂ ਦੀ ਉਮਰ ਵਿਚ ਜਦੋਂ ਆਮ ਇਨਸਾਨ ਖਿੱਦੋ ਨਾਲ ਕਈ ਵਾਰ ਖੇਡਦਾ ਹੁੰਦੈ, ਉਸ ਉਮਰੇ ਯਾਨਿ 1942 ਵਿਚ ਦਿਲਬਰ ਨੇ ਪੰਥ ਦੀਆਂ ਸਟੇਜਾਂ ਤੋਂ ਬੋਲਣਾ ਅਰੰਭ ਕਰ ਦਿੱਤਾ ਸੀ ਤੇ ਹੁਨਰ ਦਾ ਇਹ ਕਾਇਦਾ ਉਸਤਾਦ ਗਿਆਨੀ ਕਰਤਾਰ ਸਿੰਘ ਮਹਿਤਾੜ ਵਾਲਿਆਂ ਨੇ ਇਕ ਤਰ੍ਹਾਂ ਨਾਲ ਸੰਪੂਰਨ ਰੂਪ ਵਿਚ ਹੀ ਪੜ੍ਹਾ ਦਿੱਤਾ ਸੀ। ਉਸਤਾਦ ਭਾਵੇਂ ਹਿਕਮਤ ਕਰਦਾ ਸੀ ਤੇ ਸਿਆਣਾ ਵੈਦ ਹੋਣ ਕਰਕੇ ਚਾਹੁੰਦਾ ਸੀ, ਲੁਕਮਾਨ ਵਾਂਗ ਕੁੱਜੇ 'ਚ ਨਹੀਂ ਕੜਛੀ ਵਿਚ ਸਮੁੰਦਰ ਭਰੇ। ਜੜ੍ਹੀਆਂ ਬੂਟੀਆਂ ਦੀ ਟੋਕਰੀ ਪਰ੍ਹਾਂ ਰੱਖ ਕੇ ਦਿਲਬਰ ਨੇ ਢੱਡ ਤੇ ਸਾਰੰਗੀ ਨੂੰ ਹੀ ਹਿੱਕ ਨਾਲ ਲਾਉਣ ਦੀ ਵਿਉਂਤ ਬੰਦੀ ਨੂੰ ਸਫਲ ਬਣਾ ਲਿਆ। ਦੇਸ਼ ਦੀ ਵੰਡ ਵੇਲੇ ਇਹ ਪਰਿਵਾਰ ਪਾਕਿਸਤਾਨ ਤੋਂ ਉਠ ਕੇ ਪਹਿਲਾਂ ਨਵਾਂ ਸ਼ਹਿਰ ਲਾਗੇ ਪਿੰਡ ਸਲੋਹ ਆ ਵੱਸਿਆ ਤੇ ਕਰੀਬ ਤੇਰਾਂ ਸਾਲ ਇੱਥੇ ਰਹਿ ਕੇ ਢਾਡੀ ਕਲਾ ਦੀਆਂ ਤੇਰਾਂ ਜਮਾਤਾਂ ਅੱਵਲ ਰਹਿ ਕੇ ਪੜ੍ਹਨ ਵਾਂਗ ਸਿੱਖ ਜਮਾਤ ਦੀਆਂ ਚਹੁੰਆਂ ਕੂੰਟਾਂ ਵਿਚ ਪ੍ਰਵਾਨਗੀ ਹਾਸਲ ਕਰ ਲਈ ਤੇ 1960 ਵਿਚ ਪਿੰਡੋਂ ਚਾਲੇ ਪਾ ਕੇ ਪੱਕਾ ਵਸੇਬਾ ਨਵਾਂ ਸ਼ਹਿਰ ਹੀ ਕਰ ਲਿਆ। ਪਿਤਾ ਈਸ਼ਰ ਸਿੰਘ ਦੀਆਂ ਵਾਹਿਗੁਰੂ ਅੱਗੇ ਕੀਤੀਆਂ ਅਰਦਾਸਾਂ ਦੀ ਵਿਆਖਿਆ ਦਿਲਬਰ ਨੇ ਆਪਣੀ ਇਕ ਕਾਵਿ ਵੰਨਗੀ ਵਿਚ ਕਰਕੇ ਮਾਂ-ਬਾਪ ਦੇ ਅਰਮਾਨਾਂ ਅੱਗੇ ਇਕ ਤਰ੍ਹਾਂ ਨਾਲ ਸਿਰ ਹੀ ਨੀਵਾਂ ਕਰ ਦਿੱਤਾ ਹੈ। ਉਸ ਨੇ ਇਕ ਥਾਂ ਲਿਖਿਐ:

ਪੁੱਤਾਂ ਵਾਲਿਓ ਜੱਗ ਤੇ ਪੁੱਤ ਮੇਵਾ
ਹੁੰਦੇ ਮਾਪਿਆਂ ਦੀ ਜਿੰਦ ਤੇ ਜਾਨ ਪੁੱਤਰ।
ਪੁੱਤਰ ਪਰਾਂ ਤੇ ਉਡਦੀ ਫਿਰੇ ਦੁਨੀਆਂ
ਮਾਪੇ ਬੁੱਤ ਤੇ ਵਿਚ ਪ੍ਰਾਣ ਪੁੱਤਰ।

ਅਸਲ ਵਿਚ ਕਲਮ ਤੇ ਜ਼ੁਬਾਨ-ਦੋਹਾਂ ਅੰਦਰ ਰੱਜਵਾਂ ਰਸ ਦਿਲਬਰ ਦੇ ਹਿੱਸੇ ਹੀ ਆਇਆ ਹੈ। ਇਕ ਝਲਕ ਅੰਦਰ ਲੇਖਣੀ ਦਾ ਸਿਖਰ ਵੇਖੋ:

ਕੁਦਰਤ ਦੇ ਰਸ ਦੱਸਾਂ ਕੀ ਕੀ ਫਰੋਲ ਮੈਂ
ਪਾਇਆ ਨਹੀਂ ਭੇਦ
ਕਿੱਸੇ ਬਹੁਤ ਅਸੀਂ ਪੜ੍ਹੇ ਦੇਖੇ।
ਜਿਨ੍ਹਾਂ ਦਾ ਦਿਮਾਗ
ਅਸਮਾਨੀਂ ਉਡੇ ਖੰਭ ਲਾ ਕੇ
ਨਿੱਕੀ ਜਿਹੀ ਅੜਾਉਣੀ 'ਚ
ਗਿਆਨੀ ਅਸੀਂ ਅੜੇ ਦੇਖੇ।
ਰਾਜ ਦਰਬਾਰੀਂ ਡਿੱਠਾ
ਮਾਣ ਹੁੰਦਾ ਮੂਰਖਾਂ ਦਾ
ਅਕਲਾਂ ਦੇ ਧਨੀ ਕਈ
ਜੰਜੀਰਾਂ ਵਿਚ ਜੜੇ ਦੇਖੇ।
ਨਜ਼ਰਬੰਦ ਹੋਣਾ ਪਿਆ
ਜਿੰਦਾ ਜਿਹੀਆਂ ਰਾਣੀਆਂ ਨੂੰ
ਸਕਿਆਂ ਭਰਾਵਾਂ ਦੇ
ਦੋ ਦਿਲੀ ਵਿਚ ਧੜੇ ਦੇਖੇ।

ਸਾਲ 1990 'ਚ ਅਸੀਂ ਮਾਹਿਲਪੁਰ ਦੇ ਸ਼ੌਕੀ ਮੇਲੇ 'ਤੇ ਦਿਲਬਰ ਦਾ ਸਨਮਾਨ ਕਰਨਾ ਸੀ। ਪੰਜਾਬੀ ਗਾਇਕਾਂ ਦਾ ਕੱਦ ਵੀ ਜੋਬਨ 'ਤੇ ਸੀ। ਦਰਸ਼ਕਾਂ ਦਾ ਹੜ੍ਹ ਵੇਖ ਕੇ ਲੱਗਦਾ ਨਹੀਂ ਸੀ ਕਿ ਪੰਜਾਬ ਅਤਿਵਾਦ ਪੀੜਤ ਹੈ। ਜਦੋਂ ਮਾਣਕ ਤੇ ਸਦੀਕ ਤੋਂ ਬਾਅਦ ਦਿਲਬਰ ਨੂੰ ਪੇਸ਼ ਕੀਤਾ ਤਾਂ ਸੱਚ ਮੰਨਿਓ ਆਪਣੀ ਭਾਵੁਕ ਤਕਰੀਰ ਵਿਚ 'ਇਕੱਠੀ ਇੱਕੋ ਰੰਗ ਦੇ ਨਾਫੀਏ ਰੰਗ ਹੈ, ਨੰਗ ਹੈ ਮਲੰਗ ਹੈ' ਤਾਂ ਹਜ਼ਾਰਾਂ ਦਰਸ਼ਕਾਂ ਦੇ ਦੋਵੇਂ ਹੱਥਾਂ ਨੇ ਤਾੜੀ ਦੇ ਤਾਲ ਵਿਚ ਦਸ ਦਿੱਤਾ ਸੀ ਕਿ ਨਹੀਂ ਜੰਮਣਾ ਕੋਈ ਹੋਰ ਦਿਲਬਰ।

ਗਾਇਕਾਂ ਵਿਚੋਂ ਜੇ ਕਿਤੇ ਸਿਫਤ ਕਿਸੇ ਦੀ ਉਹਨੇ ਕੀਤੀ ਤਾਂ ਸਿਰਫ ਕੁਲਦੀਪ ਮਾਣਕ ਦੀ, ਜਾਂ ਫਿਰ ਵਡਾਲੀ ਭਰਾਵਾਂ ਦਾ ਉਹ ਬੜਾ ਕਾਇਲ ਸੀ। ਇਕ ਵਾਰ ਅਸੀਂ ਨਵਾਂ ਸ਼ਹਿਰ ਮਾਤਾ ਵਿਦਿਆਵਤੀ ਭਵਨ ਵਿਚ ਪਿਆਰੇ ਲਾਲ ਤੇ ਪੂਰਨ ਚੰਦ ਵਡਾਲੀ ਦੀ ਮਹਿਫਿਲ ਰਾਤ ਨੂੰ ਰੱਖੀ, ਬਦਕਿਸਮਤੀ ਇਹ ਹੋਈ ਕਿ ਜਦੋਂ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਤਾਂ ਦੋ ਬੰਦੇ ਆਏ, ਪਹਿਲਾਂ ਖਬਰ ਆਈ ਕਿ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਦਿਹਾਂਤ ਹੋ ਗਿਆ ਹੈ ਤੇ ਚਾਰ ਦਿਨ ਦੇ



ਗਿਆਨੀ ਦਇਆ ਸਿੰਘ ਦਿਲਬਰ

ਰਾਸ਼ਟਰੀ ਸੋਗ ਦਾ ਐਲਾਨ ਕਰ ਦਿੱਤਾ। ਚਲੋ ਪ੍ਰਸ਼ਾਸਨ ਨੇ ਮਹਿਫਿਲ ਰੋਕ ਦਿੱਤੀ ਪਰ ਚੰਗੀ ਕਿਸਮਤ ਮੈਂ ਇਹ ਮੰਨਦਾ ਰਹਾਂਗਾ ਕਿ ਉਹ ਰਾਤ ਅਸੀਂ ਸਾਰੀ ਦੀ ਸਾਰੀ ਵਡਾਲੀ ਭਰਾਵਾਂ ਤੇ ਦਿਲਬਰ ਨਾਲ ਦੀਦਾਰ ਸ਼ੇਤਰੇ ਦੇ ਘਰੇ ਮਨਾਈ। ਹਾਲਾਂਕਿ ਵਡਾਲੀ ਭਰਾਵਾਂ ਦਾ ਉਸ ਦਿਨ ਠੇਕੇ ਬੰਦ ਹੋ ਜਾਣ ਕਰਕੇ ਚਿਤ ਰਾਜ਼ੀ ਨਹੀਂ ਸੀ ਪਰ ਦਿਲਬਰ ਨੇ ਉਦਣ ਸੂਤਰਧਾਰ ਬਣ ਕੇ ਜੋ ਕੁਝ ਸੁਣਾਇਆ, ਐਂ ਲੱਗਦਾ ਸੀ ਜਿਵੇਂ ਬੁੱਲ੍ਹੇ ਸ਼ਾਹ ਨੂੰ ਵਡਾਲੀ ਭਰਾਵਾਂ ਨੇ ਚੁੱਪ ਕਰਾ ਦਿੱਤਾ ਹੋਵੇ ਤੇ ਅਣਖੀਲੇ ਸਿੱਖ ਇਤਿਹਾਸ ਦੀਆਂ ਗੂੰਜਾਂ ਪੈਣ ਲੱਗ ਪਈਆਂ ਹੋਣ।

ਸੱਚ ਇਹ ਵੀ ਹੈ ਕਿ ਦਿਲਬਰ ਪਹਿਲਾਂ ਕਵੀਸ਼ਰ ਬਣਿਆ ਫਿਰ ਢਾਡੀ ਤੇ ਨਾਲੋ ਨਾਲ ਪ੍ਰਚਾਰਕ ਤੇ ਬੁਲਾਰਾ ਵੀ। ਜੇ ਦੋ ਮੁਕਾਬਲੇ ਵਾਲੀਆਂ ਖਾਲੀ ਥਾਂਵਾਂ ਭਰਨੀਆਂ ਹੋਣ ਤਾਂ ਜੋ ਰੁਤਬਾ ਹਿੰਦੀ ਗੀਤਾਂ ਵਿਚ ਮੁਹੰਮਦ ਰਫੀ ਦਾ ਹੈ, ਉਹੀ ਢਾਡੀ ਕਲਾ ਵਿਚ ਦਇਆ ਸਿੰਘ ਦਿਲਬਰ ਦਾ। ਸੀਤਲ ਵਾਂਗ ਉਹਦੀਆਂ ਲਿਖੀਆਂ ਵਾਰਾਂ ਦੀਆਂ ਅਨੇਕਾਂ ਪੁਸਤਕਾਂ ਦਰਜਨਾਂ ਐਡੀਸ਼ਨਾਂ ਵਿਚ ਛਪੀਆਂ। ਇਸੇ ਕਰਕੇ ਉਹਨੂੰ ਸ਼ਾਇਰੀ ਦਾ ਵਿਦਵਾਨ ਕਰਕੇ ਵੀ ਜਾਣਿਆ ਜਾਂਦਾ ਹੈ। ਉਹਦੀਆਂ ਕੁੱਲ ਸੋਲਾਂ ਪੁਸਤਕਾਂ ਛਪੀਆਂ ਸਨ। ਸੱਤ ਗੀਤਾਂ ਦੀਆਂ 'ਦਿਲਬਰ ਦੇ ਗੀਤ', 'ਦਿਲਬਰ ਤਰਾਨੇ', 'ਦਿਲਬਰ ਸੰਗੀਤ', 'ਗਾਉਂਦਾ ਦਿਲਬਰ', 'ਗੀਤਾਂ ਵਿਚ ਦਿਲਬਰ', 'ਸੱਥਰਾਂ ਤੇ ਸੌਣ ਵਾਲਿਆ', 'ਚੰਡੀ ਖੜਕੇਗੀ'। ਤਿੰਨ ਪੁਸਤਕਾਂ ਕਵਿਤਾਵਾਂ ਦੀਆਂ ਹਨ, 'ਦਿਲਬਰ ਰੀਝਾਂ', 'ਦਿਲਬਰ ਉਡਾਰੀਆਂ' ਅਤੇ 'ਦਿਲਬਰ ਦੁਨੀਆਂ'। ਉਹਦੇ ਦੋ ਪ੍ਰਸੰਗ ਹਨ, 'ਦਿਲਬਰ ਪ੍ਰਸੰਗ' ਤੇ 'ਦਿਲਬਰ ਸੱਧਰਾਂ'। ਇਸ ਤੋਂ ਇਲਾਵਾ ਵਾਰਾਂ ਦੀ ਪੁਸਤਕ ਹੈ, 'ਦਿਲਬਰ ਵਾਰਾਂ'। ਮੰਨੋਗੇ ਕਿ ਉਹਨੇ ਗੀਤ ਵੀ ਲਿਖੇ ਹਨ ਤੇ ਆਪਣੇ ਅੰਦਰਲੇ ਲੋਕ ਸ਼ਾਇਰ ਨੂੰ 'ਰੰਗੀਲਾ ਜੋਬਨ' ਤੇ 'ਦਿਲਬਰ ਬਾਝੋਂ ਜੀ ਨਹੀਂ ਲੱਗਦਾ' ਨਾਲ ਵੀ ਰਾਜ਼ੀ ਕਰੀ ਰੱਖਿਆ ਹੈ।

1977 ਵਿਚ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਤਾਂ ਉਸ ਸਮੇਂ ਦਇਆ ਸਿੰਘ ਦਿਲਬਰ ਦੇ ਜਥੇ ਨੂੰ ਸਨਮਾਨ ਦਿੱਤਾ ਗਿਆ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌ ਸਾਲਾ ਦਿਵਸ 'ਤੇ ਇੰਗਲੈਂਡ ਦੀਆਂ ਸੰਗਤਾਂ ਨੇ ਉਹਨੂੰ ਬੁਲਾ ਕੇ ਮਾਣ ਦਿੱਤਾ। 1980 ਵਿਚ ਉਹ ਕੈਨੇਡਾ ਆਇਆ ਅਤੇ 1982 ਵਿਚ ਅਮਰੀਕਾ, ਤੇ ਲੰਬਾ ਸਮਾਂ ਢਾਡੀਆਂ ਦੀ ਇੱਕੋ ਇੱਕ ਸ਼੍ਰੋਮਣੀ ਸਭਾ 'ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ' ਦੀ ਨੁਮਾਇੰਦਗੀ ਕੀਤੀ। 1960 ਵਿਚ ਪੰਜਾਬੀ ਸੂਬੇ ਵੇਲੇ ਤਾਂ ਉਸ ਨੇ ਜੇਲ੍ਹ ਕੱਟੀ ਹੀ ਸੀ ਪਰ ਜਿਸ ਪੰਜਾਬ ਸਰਕਾਰ ਨੇ ਸਾਲ 1994 ਵਿਚ ਭਾਸ਼ਾ ਵਿਭਾਗ ਰਾਹੀਂ ਸ਼੍ਰੋਮਣੀ ਢਾਡੀ ਪੁਰਸਕਾਰ ਦਿੱਤਾ ਸੀ, ਉਸੇ ਸਰਕਾਰ ਨੇ ਖਾੜਕੂ ਲਹਿਰ ਵਿਚ ਦਿਲਬਰ 'ਤੇ ਨੈਸ਼ਨਲ ਸਿਕਿਉਰਿਟੀ ਐਕਟ (ਐਨ. ਐਸ. ਏ.) ਲਾ ਕੇ ਇਸ ਲਈ ਬੁੜੈਲ ਜੇਲ੍ਹ ਬੰਦ ਕਰ ਦਿੱਤਾ ਸੀ ਕਿ ਉਸ ਤੋਂ ਪੰਜਾਬ ਦੇ ਅਮਨ ਚੈਨ ਨੂੰ ਖਤਰਾ ਹੈ। ਦਿਲਬਰ ਦੇ ਜਥੇ ਵਿਚ ਬੜੇ ਢਾਡੀਆਂ ਨੇ ਕੰਮ ਕੀਤਾ ਪਰ ਕਰਮ ਸਿੰਘ ਲੰਗੜੋਆ ਤੇ ਕੁਲਦੀਪ ਸਿੰਘ ਭੁੱਲੇਵਾਲ ਉਹਦੇ ਜਥੇ 'ਚ ਬੜੀ ਦੇਰ ਤੱਕ ਰਹੇ।

ਬੋਹੜ ਥੱਲੇ ਬੋਹੜ ਤਾਂ ਨਹੀਂ ਲੱਗ ਸਕਦਾ ਪਰ ਪਿੱਪਲ ਤਾਂ ਉਗ ਹੀ ਸਕਦਾ ਹੈ। ਸ਼ਾਇਦ ਇਸੇ ਕਰਕੇ ਦਿਲਬਰ ਦਾ ਵੱਡਾ ਫਰਜ਼ੰਦ ਕੁਲਜੀਤ ਸਿੰਘ ਨਾਮੀ ਪ੍ਰਚਾਰਕ ਤੇ ਢਾਡੀ ਬਣ ਗਿਆ ਹੈ। ਪੰਥਕ ਹਲਕਿਆਂ ਵਿਚ ਬੜੀਆਂ ਬਾਤਾਂ ਕੁਲਜੀਤ ਦੇ ਸਤਿਕਾਰ ਵਿਚ ਖੜ੍ਹੀਆਂ ਹੋ ਗਈਆਂ ਹਨ। ਕੈਸਿਟਾਂ, ਤਵਿਆਂ ਦੇ ਯੁੱਗ ਦਾ ਦਿਲਬਰ ਸੰਗੀਤ ਦੇ ਆਧੁਨਿਕ ਵਿਗਿਆਨ ਉਪਕਰਣਾਂ ਨੇ ਸਾਡਾ ਦਿਲਬਰ ਯੁੱਗਾਂ ਤੱਕ ਆਉਣ ਵਾਲੀਆਂ ਨਸਲਾਂ ਲਈ ਸੰਭਾਲ ਲਿਆ ਹੈ। ਇਸ ਲਈ ਉਹਦੇ ਕਦੇ ਵੀ ਮਨਫੀ ਹੋਣ ਦੀ ਗੱਲ ਨਹੀਂ ਹੋ ਸਕੇਗੀ। 26 ਫਰਵਰੀ 2005 ਨੂੰ ਦਿਲਬਰ ਨੇ ਕੁਝ ਦਿਨ ਬਿਮਾਰ ਰਹਿਣ ਪਿੱਛੋਂ ਲੁਧਿਆਣੇ ਦੇ ਦਇਆਨੰਦ ਮੈਡੀਕਲ ਕਾਲਜ ਵਿਚ ਆਖਰੀ ਸਾਹ ਲਿਆ ਪਰ ਉਹ ਹਰ ਪੰਥਕ ਹਿਤੈਸ਼ੀ ਤੇ ਹਰ ਢਾਡੀ ਕਲਾ ਨਾਲ ਤੇਹ ਰੱਖਣ ਵਾਲੇ ਪੰਜਾਬ ਦੇ ਮਨ ਵਿਚ ਆਖਰੀ ਸਾਹ ਤੱਕ ਵਸਿਆ ਰਹੇਗਾ।



ਗਿਆਨੀ ਦਇਆ ਸਿੰਘ ਦਿਲਬਰ (ਐਨ ਖੱਬੇ) ਆਪਣੇ ਜਥੇ ਨਾਲ

### ਦਰਦ ਪੰਜਾਬ ਦਾ

ਰਾਖਿਆਂ ਨੂੰ ਅਤਿਵਾਦੀ ਕਹਿੰਦੀਆਂ
ਆਈਆਂ ਮੌਕੇ ਦੀਆਂ ਸਰਕਾਰਾਂ ਨੇ।
ਲੁੱਟਣ ਦੇ ਲਈ ਨਜ਼ਰ ਟਿਕਾਈ
ਬੈਠੀਆਂ ਇੱਲਾਂ ਦੀਆਂ ਡਾਰਾਂ ਨੇ।
ਲੱਖਾਂ ਪੀੜਾਂ ਅਸੀਂ ਝੱਲੀਆਂ ਦਿਲ 'ਤੇ
ਸਾਨੂੰ ਹਰ ਪਾਸਿਓਂ ਪਈਆਂ ਮਾਰਾਂ ਨੇ।
ਤੂੰ ਦਿੱਲੀਏ ਕੋਈ ਮੁੱਲ ਨਾ ਪਾਇਆ
ਤੈਨੂੰ ਲੈ ਕੇ ਦਿੱਤੇ ਮਹਿੰਗੇ ਏਸ ਖਿਤਾਬ ਦਾ।
ਵਰਕਿਆਂ ਉਤੇ ਬਿਆਨ ਨਹੀਂ ਹੁੰਦਾ
ਦਰਦ ਉਜੜੇ ਮੇਰੇ ਪੰਜਾਬ ਦਾ।

ਸਾਡੇ ਯੋਧੇ ਰਣ ਵਿਚ ਜੂਝਦੇ ਰਹੇ
ਤੂੰ ਸਦਾ ਹੀ ਹੁਕਮ ਵਜਾਇਆ ਏ।
ਐਵੇਂ ਨਾ ਮਿਲਦੀਆਂ ਸਰਦਾਰੀਆਂ ਨੇ
ਅਸੀਂ ਸਿਰ ਦੇ ਕੇ ਸਿਰਤਾਜ ਪੁਗਾਇਆ ਏ।
ਸਾਡੀ ਬਰਾਤ ਜ਼ੁਲਮ ਦੇ ਵਿਰੁਧ ਢੁੱਕੀ
ਅਸੀਂ ਮੌਤ ਨਾਲ ਕਾਜ ਰਚਾਇਆ ਏ।
ਤੁਸੀਂ ਤਾਜਾਂ ਨੂੰ ਹੀ ਸਾਂਭਦੇ ਰਹੇ
ਅਸੀਂ ਝੰਡਾ ਚੁੱਕਿਆ ਇਨਕਲਾਬ ਦਾ।
ਵਰਕਿਆਂ ਉਤੇ ਬਿਆਨ ਨਹੀਂ ਹੁੰਦਾ
ਦਰਦ ਉਜੜੇ ਮੇਰੇ ਪੰਜਾਬ ਦਾ।

-ਬਲਜਿੰਦਰ ਆਲੀਕੇ
ਫੋਨ: 91-94645-62678

### ਪੰਜਾਬ ਲਈ ਸੁਪਨਾ

ਅਜੇ ਜਵਾਨੀ ਦੇ ਜਾਪਦੇ ਨੇ ਰਾਹ ਵੱਖਰੇ,
ਜਦੋਂ ਇਕੱਠੇ ਹੋ ਕੇ ਚੱਲੇ ਤਾਂ ਸੈਲਾਬ ਵੇਖੀਂ।
ਪਾ ਦੇਣੀ ਮਾਤ ਨਸ਼ਿਆਂ ਦੇ ਦਰਿਆ ਤਾਂਈਂ,
ਜਦੋਂ ਇਕੱਠੇ ਹੋ ਗਏ ਸਤਲੁਜ ਤੇ ਚਨਾਬ ਵੇਖੀਂ।

ਜਿਨ੍ਹਾਂ ਲਾਇਆ ਖੋਰਾ ਦੇਸ਼ ਦੀਆਂ ਨੀਹਾਂ ਨੂੰ,
ਜਦੋਂ ਚੜ੍ਹੇ ਅੜਿੱਕੇ ਹੁੰਦਾ ਫਿਰ ਹਿਸਾਬ ਵੇਖੀਂ।

ਪਤਝੜਾਂ ਤੇ ਔੜਾਂ ਨੇ ਲੁੱਟ ਲਈ ਜੋ ਧਰਤੀ,
ਜਦੋਂ ਵਰ੍ਹਿਆ ਰਹਿਮਤਾਂ ਦਾ ਆਬ ਵੇਖੀਂ।
ਵਿਰਾਨ ਪਏ ਨੇ ਜਿਹੜੇ ਸਦੀਆਂ ਤੋਂ,
ਉਸ ਚਮਨ ਵਿਚ ਖਿੜਿਆ ਗੁਲਾਬ ਵੇਖੀਂ।

ਲਤਾੜੇ ਨੇ ਜੋ ਗਰੀਬੀ ਤੇ ਬੇਰੁਜ਼ਗਾਰੀ ਨੇ,
ਬਣ ਜਾਣਗੇ ਉਹ ਵੀ ਫਿਰ ਸਾਬ ਵੇਖੀਂ।

ਹੋ ਜਾਵੇ ਰਹਿਮਤ ਸੱਚੇ ਰੱਬ ਦੀ ਯਾਰਾ,
ਫਿਰ ਸੋਨੇ ਦਾ ਬਣਿਆ ਪੰਜਾਬ ਵੇਖੀਂ।

ਚੱਲ੍ਹ ਦੁਨੀਆਂ 'ਤੇ ਸਿੱਕਾ ਫੇਰ ਪੰਜਾਬੀਆਂ ਦਾ,
'ਲਾਲਪੁਰੀ' ਮੁੜ ਰਾਹ 'ਤੇ ਜਦੋਂ ਪੰਜਾਬ ਵੇਖੀਂ।

-ਰਵਿੰਦਰ ਸਿੰਘ ਲਾਲਪੁਰੀ
ਫੋਨ: 91-94634-52261

ਗੁਰਮਤਿ ਵਿਚਾਰ

# ਜਪੁਜੀ ਦਾ ਰੱਬ

**ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕਰਤਾ ਪੁਰਖੁ ਦਾ ਸੰਖੇਪ ਭਾਵ ਹੈ, ਪਰਮ-ਸੱਤ ਬ੍ਰਹਿਮੰਡ ਦੇ ਪ੍ਰਤੀਤੀ ਰੂਪ ਦਾ ਆਦਿ ਤੱਤ ਹੀ ਨਹੀਂ ਸਗੋਂ ਇਸ ਦਾ ਅਣਦਿਸਦਾ ਕਾਰਕ ਵੀ ਹੈ। ਇਸ ਦੇ ਅਸਲ ਰੂਪ ਵਿਚ ਵਸਤੂ ਤੇ ਕਲਾ-ਦੋਵੇਂ ਗੁਣ ਸਮੋਏ ਹੋਏ ਹਨ ਪਰ ਇਹ ਕ੍ਰਿਆ-ਰਹਿਤ ਅਵਸਥਾ ਵਿਚ ਹੁੰਦੇ ਹਨ। ਪ੍ਰਤੱਖ ਰੂਪ ਧਾਰਨ ਵੇਲੇ ਇਸ ਦਾ ਵਜੂਦ ਕ੍ਰਿਆਸ਼ੀਲ ਅਵਸਥਾ ਵਿਚ ਪ੍ਰਗਟ ਹੁੰਦਾ ਹੈ। ਇਸ ਵੇਲੇ ਇਹ 'ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ' ਉਪਾਉਂਦਾ ਹੈ, ਭਾਵ ਬਹੁ-ਭਾਂਤੀ ਲੀਲਾ ਧਾਰਨ ਕਰਦਾ ਹੈ। ਇਹ ਇਸੇ ਤਰ੍ਹਾਂ ਹੈ ਜਿਵੇਂ ਸਰਦ ਰੁੱਤ ਦੇ ਕੜਾਕੇ ਵਿਚ ਆਈ ਬਨਸਪਤੀ ਸੁੱਕ ਕੇ ਲੱਕੜ ਹੋ ਜਾਂਦੀ ਹੈ ਤੇ ਹਰਿਆਵਲ ਦਾ ਕੋਈ ਚਿੰਨ੍ਹ ਨਹੀਂ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਰਹਿੰਦਾ। ਇੰਜ ਲਗਦਾ ਹੈ ਕਿ ਇਹ ਫਿਰ ਕਦੇ ਹਰੀ ਨਹੀਂ ਹੋਵੇਗੀ, ਪਰ ਮੌਸਮ ਬਦਲਦੇ ਹੀ ਇਸ ਦੀ ਅੰਦਰੂਨੀ ਕ੍ਰਿਆ ਭੜਕ ਉਠਦੀ ਹੈ ਤੇ ਸੁੱਕੀਆਂ ਟਹਿਣੀਆਂ ਰੰਗ ਬਰੰਗੇ ਫੁੱਲਾਂ ਨਾਲ ਲੱਦੀਆਂ ਜਾਂਦੀਆਂ ਹਨ। ਇਹੀ ਹੈ, ਪਰਮ-ਸੱਤ ਦੇ ਵਿਚਰਨ ਦਾ ਢੰਗ! ਨਿਯਮ ਹੇਠੋਂ ਲੈ ਕੇ ਉਪਰ ਤੱਕ ਇਕੋ ਜਿਹੇ ਹਨ। ਇਸ ਲਈ ਪਰਮ-ਸਤਿ ਤੋਂ ਬ੍ਰਹਿਮੰਡ ਰਚਨਾ ਉਨੀ-ਇੱਕੀ ਦੇ ਫਰਕ ਨਾਲ ਇਵੇਂ ਹੀ ਹੋਈ ਹੈ ਜਿਵੇਂ ਸੁੱਕੇ ਟਾਹਣ ਤੋਂ ਫੁੱਲ ਦੀ। ਭਾਵੇਂ ਪਰਮ-ਸੱਤ ਵਜੂਦ ਤੇ ਕ੍ਰਿਆ-ਦੋਹਾਂ ਗੁਣਾਂ ਦਾ ਸੋਮਾ ਹੈ ਪਰ ਮਨੁੱਖ ਆਪਣੀਆਂ ਪ੍ਰਸਥਿਤੀਆਂ ਕਾਰਨ ਕਿਸੇ ਨੂੰ ਕਰਤਾ ਮਿਥਣ ਤੋਂ ਬਿਨਾ ਕ੍ਰਿਤ ਦੀ ਹੋਂਦ ਬਾਰੇ ਸੋਚ ਹੀ ਨਹੀਂ ਸਕਦਾ। ਇਸ ਲਈ ਉਹ ਕਰਤੇ ਨੂੰ ਪੁਰਖ ਰੂਪੀ ਕਰਤਾ ਮੰਨਣ ਲਗਦਾ ਹੈ।

ਸੰਸਾਰ ਰਚਨਾ ਕਰਤਾ ਪੁਰਖੁ ਦਾ ਗੁਣ ਹੈ, ਕੰਮ ਨਹੀਂ। ਕਰਤਾ ਉਹ ਆਪਣੇ ਗੁਣ ਕਾਰਨ ਹੈ, ਕਾਰਜ ਕਰਕੇ ਨਹੀਂ। ਉਸ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਪਰ ਉਸ ਨੇ ਇਸ ਨੂੰ ਇੱਛਾ ਭਾਵ ਨਾਲ ਨਹੀਂ ਬਣਾਇਆ। ਚੰਨ, ਤਾਰੇ, ਧਰਤੀ, ਪਹਾੜ, ਪਾਣੀ, ਹਵਾ ਤੇ ਰੋਸ਼ਨੀ ਉਸ ਤੋਂ ਬਣੇ ਹਨ ਤੇ ਉਹੀ ਕਈ ਤਰ੍ਹਾਂ ਦੀ ਵਨਸਪਤੀ ਅਤੇ ਜੀਵ ਜੰਤੂਆਂ ਦੀ ਪੈਦਾਇਸ਼ ਦਾ ਕਾਰਕ ਹੈ। ਉਸ ਨੇ ਇਨ੍ਹਾਂ ਨੂੰ ਬਣਾਇਆ ਨਹੀਂ, ਉਹ ਇਨ੍ਹਾਂ ਰਾਹੀਂ ਪ੍ਰਗਟ ਹੋਇਆ ਹੈ। ਅਰਥਾਤ ਕਰਤਾ ਉਹ ਆਪਣੀ ਕਾਰਜਯੋਗਤਾ ਕਰਕੇ ਹੈ, ਕਾਰਜਸ਼ੀਲਤਾ ਕਰਕੇ ਨਹੀਂ। ਪੁਰਖ ਉਹ ਕਾਰਜ ਕਰਕੇ ਨਹੀਂ, ਆਪਣੇ ਅਸਤਿਤਵ ਕਰਕੇ ਹੈ। ਜੱਗ ਰਚਨਾ ਉਸੇ ਦੇ ਦੇਹ-ਪਦਾਰਥ ਨਾਲ ਬਣੀ ਹੋਈ ਹੈ।

ਉਹ ਆਪਣੇ ਪੁਰਖੀ ਵਜੂਦ ਨੂੰ ਵੱਖ ਵੱਖ ਰੂਪਾਂ ਵਿਚ ਪੇਸ਼ ਕਰ ਕੇ ਹੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਹੈ। ਉਹ ਆਪਣੇ ਵਜੂਦ ਨੂੰ ਵੱਖ ਵੱਖ ਸ਼ਕਲਾਂ ਦੇ ਕੇ ਮਾਯਾਵੀ-ਸੰਸਾਰ ਦਾ ਕਾਰਕ ਬਣਦਾ ਹੈ। ਸਮੁੱਚੀ ਮਾਯਾਵੀ ਲੀਲਾ ਦਾ ਪ੍ਰਦਰਸ਼ਨ ਉਹ ਮਾਯਾ ਵਿਚ ਰਹਿ ਕੇ ਹੀ ਕਰਦਾ ਹੈ, ਇਸ ਤੋਂ ਵੱਖ ਹੋ ਕੇ ਨਹੀਂ ਕਰਦਾ ਭਾਵ ਇਸ ਤੋਂ ਵੱਖ ਹੋ ਹੀ ਨਹੀਂ ਸਕਦਾ। ਇਸੇ ਕਾਰਨ ਉਹ ਕਰਤਾ ਵੀ ਹੈ ਤੇ ਪੁਰਖੁ ਵੀ, ਭਾਵ ਆਪੇ ਲੱਕੜ ਤੇ ਆਪੇ ਲੱਕੜਹਾਰਾ ਹੈ। ਉਹ ਕਰਨ ਕਰਾਵਨ ਸਭ ਕੁਝ ਆਪ ਹੈ। ਉਹ ਆਪਣੀ ਕ੍ਰਿਤੀ ਵਿਚ ਸਮਾਇਆ ਹੋਇਆ ਹੈ ਤੇ ਇਸੇ ਵਿਚੋਂ ਹੀ ਭਾਲਿਆ ਜਾ ਸਕਦਾ ਹੈ। ਜੋ ਲੋਕ ਇਸ ਨੂੰ ਇਸ ਦੇ ਭੌਤਿਕ ਵਜੂਦ ਤੋਂ ਬਾਹਰ ਲੱਭਣ ਦੀ ਕੋਸ਼ਿਸ਼ ਕਰਦੇ ਹਨ, ਭਾਵ ਜੋ ਇਸ ਨੂੰ ਆਕਾਸ਼, ਪਾਤਾਲ ਤੇ ਜੰਗਲ-ਪਰਬਤੀਂ ਭਾਲਦੇ ਫਿਰਦੇ ਹਨ, ਉਹ ਭੁੱਲੇ ਭਗਤ ਹਨ। ਭੁੱਲੇ ਭਗਤ ਉਹ ਵੀ ਹਨ ਜੋ ਅੱਖਾਂ ਬੰਦ ਕਰ ਕੇ ਪੂਜਾ-ਭਗਤੀ ਰਾਹੀਂ ਉਸ ਨੂੰ ਮਿਲਣਾ ਚਾਹੁੰਦੇ ਹਨ ਕਿਉਂਕਿ ਪਰਮ-ਸਤਿ ਭਗਤੀ ਦਾ ਨਹੀਂ, ਗਿਆਨ ਦਾ ਵਿਸ਼ਾ ਹੈ। ਇਸ ਦਾ ਗਿਆਨ ਗਿਆਨਾਂ ਦਾ ਗਿਆਨ ਤੇ ਵਿਗਿਆਨਾਂ ਦਾ ਉਦੇਸ਼ ਹੈ।

ਪਰਮ-ਸੱਤ ਭਾਵੇਂ ਕੁਝ ਵੀ ਹੋਵੇ ਤੇ ਉਸ ਦਾ ਨਾਮ ਭਾਵੇਂ ਕੁਝ ਵੀ ਹੋਵੇ, ਸਭ ਧਰਮਾਂ ਤੇ ਸਭ ਫਿਲਾਸਫੀਆਂ ਨੇ ਇਸ ਨੂੰ ਸ੍ਰਿਸ਼ਟੀ ਰਚਨਾ ਨਾਲ ਜੋੜਿਆ ਹੈ। ਗੁਰੂ ਨਾਨਕ ਨੇ ਵੀ ਇਵੇਂ ਹੀ ਕੀਤਾ ਹੈ ਪਰ ਉਨ੍ਹਾਂ ਦੇ ਵਿਚਾਰ ਦੂਜੇ ਸਭਨਾਂ ਨਾਲੋਂ ਵੱਖਰੇ ਹਨ। ਉਨ੍ਹਾਂ ਨੇ ਇਸ ਬਾਰੇ ਜੋ ਕੁਝ ਕਿਹਾ ਹੈ, ਆਦਰਸ਼ਵਾਦੀ ਢੰਗ ਨਾਲ ਨਹੀਂ ਸਗੋਂ ਅਨੁਭਵ ਦੇ ਦਾਇਰੇ ਵਿਚ ਰਹਿ ਕੇ ਕਿਹਾ ਹੈ। ਉਨ੍ਹਾਂ ਨੇ ਸਭ ਕੁਝ ਦੇਖ-ਪਰਖ ਕੇ ਕਿਹਾ ਹੈ, ਕਿਉਂਕਿ ਉਨ੍ਹਾਂ ਕੋਲ ਅਜਿਹਾ ਕੁਝ ਕਰਨ ਦੀ 'ਨਦਰਿ' ਭਾਵ ਦ੍ਰਿਸ਼ਟੀ ਸੀ, ਜੋ ਦੂਜਿਆਂ ਕੋਲ ਨਹੀਂ ਸੀ। ਇਹੀ ਕਾਰਨ ਹੈ ਕਿ ਵਿਗਿਆਨ, ਭਾਵ ਆਧੁਨਿਕ ਵਿਗਿਆਨ ਉਨ੍ਹਾਂ ਦੀ ਬਾਣੀ ਅੱਗੇ ਝੁਕ ਕੇ ਚਲਦਾ ਹੈ ਤੇ ਦੂਜੇ ਵਿਚਾਰਾਂ ਨੂੰ ਲਤਾੜ ਕੇ। ਇਹ ਕੋਈ ਨਾਨਕ-ਪ੍ਰਸਤੀ ਵਾਲੀ ਗੱਲ ਨਹੀਂ, ਦਰਿਆਫਤੀ ਸੱਚ ਹੈ।

ਦੁਨੀਆਂ ਵਿਚ ਕਿਤੇ ਵੀ ਹੋਣ, ਆਦਰਸ਼ਵਾਦੀ ਵਿਦਵਾਨ ਸੰਸਾਰਕ ਉਤਪਤੀ ਦੇ ਉਪਰੋਕਤ ਪ੍ਰਸ਼ਨ ਨੂੰ ਉਪਾਸ਼ਕ ਨਜ਼ਰੀਏ ਤੋਂ ਦੇਖਦੇ ਹਨ। ਉਨ੍ਹਾਂ ਨੂੰ ਇਸ ਦੇ ਪਿਛੋਕੜ ਵਿਚ ਇਕ ਦਿੱਖ ਜਾਂ ਅਦਿੱਖ ਵਿਅਕਤੀ-ਨੁਮਾ ਛਵੀ ਦਿਖਾਈ ਦਿੰਦੀ ਹੈ, ਜਿਸ ਨੂੰ ਉਹ ਸ੍ਰਿਸ਼ਟੀ ਦਾ ਸਿਰਜਣਹਾਰ ਮੰਨ ਕੇ ਪੂਜਦੇ ਹਨ। ਉਹ ਦੁਨਿਆਵੀ ਨੇਤਰ ਬੰਦ ਕਰਕੇ ਦੇਖਦੇ ਹਨ, ਇਸ ਲਈ ਉਨ੍ਹਾਂ ਨੂੰ ਸੰਸਾਰ ਦਾ ਯਥਾਰਥ ਵਿਖਾਈ ਨਹੀਂ ਦਿੰਦਾ। ਜੋ ਦਿਸਦਾ ਹੈ, ਉਹ ਉਨ੍ਹਾਂ ਦੇ ਆਪਣੇ ਆਦਰਸ਼ ਦਾ ਹੀ ਸੁਨਹਿਰੀ ਪਰ ਫੋਕਾ ਅਕਸ ਹੁੰਦਾ ਹੈ। ਇਸ ਤਰ੍ਹਾਂ ਉਹ ਜੱਗ-ਉਤਪਤੀ ਦੀ ਗੱਲ ਪਰਖ-ਪੜਤਾਲ ਦੇ ਚਾਨਣ ਵਿਚ ਵਿਚਾਰਨ ਦੀ ਥਾਂ ਅੰਧ-ਵਿਸ਼ਵਾਸ ਦੇ ਹਨੇਰੇ ਵਿਚ ਵਿਚਾਰਦੇ ਹਨ। ਉਨ੍ਹਾਂ ਦੀ ਇਸ ਭਰਮ-ਕਲਾ ਨੂੰ ਡੂੰਘਾਈ ਨਾਲ ਸਮਝਣ ਲਈ ਉਤਪਾਦਨ ਦੀ ਕ੍ਰਿਆ ਵਲ ਝਾਤ ਮਾਰਨੀ ਜਰੂਰੀ ਹੈ ਕਿਉਂਕਿ ਇਹੀ ਭਰਮ ਵੱਡੇ ਭੁਲੇਖੇ ਦੀ ਜੜ੍ਹ ਹੈ।

ਉਤਪਾਦਨ ਮੁੱਖ ਤੌਰ 'ਤੇ ਦੋ ਕਿਸਮ ਦਾ ਹੁੰਦਾ ਹੈ-ਕੁਦਰਤ ਰਾਹੀਂ ਹੋਈ ਉਤਪਤੀ ਅਤੇ ਮਨੁੱਖ ਰਾਹੀਂ ਕੀਤਾ ਉਤਪਾਦਨ। ਮਨੁੱਖ ਰਾਹੀਂ ਕੀਤਾ ਉਤਪਾਦਨ ਕਿਸੇ ਜਰੂਰਤ, ਆਦਤ ਜਾਂ ਸ਼ੌਕ ਵਸ ਕੀਤਾ ਜਾਂਦਾ ਹੈ। ਇਸ ਵਿਚ ਕੱਚਾ ਮਾਲ, ਸੰਦ-ਮਸ਼ੀਨਰੀ, ਮਨੁੱਖੀ ਮਿਹਨਤ, ਕ੍ਰਿਤ-ਕਲਾ, ਵਿਉਂਤਬੰਦੀ, ਸਰਮਾਇਆ ਤੇ ਪ੍ਰਬੰਧਕੀ ਅਮਲ ਦੀ ਲੋੜ ਪੈਂਦੀ ਹੈ। ਕੁਦਰਤ ਰਾਹੀਂ ਹੋਈ ਉਤਪਤੀ ਨਿਰੋਲ ਕੁਦਰਤੀ ਨਿਯਮਾਂ ਅਨੁਸਾਰ ਆਪ ਮੁਹਾਰੀ ਹੁੰਦੀ ਹੈ ਤੇ ਇਸ ਪਿੱਛੇ ਕੋਈ ਯੋਜਨਾ, ਮਨੋਰਥ, ਲਾਲਸਾ, ਮਜ਼ਦੂਰ, ਮਸ਼ੀਨਾਂ, ਸਰਮਾਇਆ ਤੇ ਅਕਲ ਕੰਮ ਨਹੀਂ ਕਰਦੀ। ਮਿਸਾਲ ਵਜੋਂ ਮਨੁੱਖ ਆਪਣੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਨਹਿਰਾਂ ਕੱਢਦਾ ਹੈ, ਜਿਨ੍ਹਾਂ ਲਈ ਪੂਰੀ ਯੋਜਨਾਬੰਦੀ ਕੀਤੀ ਜਾਂਦੀ ਹੈ। ਵੱਡੇ ਪੈਮਾਨੇ 'ਤੇ ਔਜ਼ਾਰ, ਮਸ਼ੀਨਾਂ, ਪੈਸਾ, ਤਕਨੀਕ ਤੇ ਮਨੁੱਖੀ ਮਿਹਨਤ ਦੇ ਸੋਮੇ ਵਰਤੇ ਜਾਂਦੇ ਹਨ। ਇਹ ਨਹਿਰਾਂ ਮਨੋਨੀਤ ਢੰਗ ਨਾਲ ਪਹਾੜੀ ਤੋਂ ਖੁਸ਼ਕ ਧਰਾਤਲ ਵਲ ਕੱਢੀਆਂ ਜਾਂਦੀਆਂ ਹਨ, ਜਿਥੇ ਹਰਿਆਵਲ ਚਾਹੀਦੀ ਹੋਵੇ।

ਇਸ ਦੇ ਉਲਟ ਕੁਦਰਤ ਵਿਚ ਦਰਿਆ ਬਣਦੇ ਹਨ। ਇਨ੍ਹਾਂ ਦੇ ਬਣਨ ਉਤੇ ਪੈਸੇ ਦੀ ਕੋਈ ਲਾਗਤ ਨਹੀਂ ਆਉਂਦੀ, ਕਿਸੇ ਮਸ਼ੀਨ ਦੀ ਵਰਤੋਂ ਨਹੀਂ ਹੁੰਦੀ ਤੇ ਕਿਸੇ ਬੰਦੇ ਦੀ ਮਿਹਨਤ ਨਹੀਂ ਲਗਦੀ। ਇਹ ਤਾਂ ਕੇਵਲ ਪਾਣੀ ਦੀ ਨਿਵਾਣ ਵਲ ਵਹਿਣ ਦੀ ਪ੍ਰਕਿਰਤੀ ਅਨੁਸਾਰ ਬਣ ਜਾਂਦੇ ਹਨ। ਇਨ੍ਹਾਂ ਪਿੱਛੇ ਕੋਈ ਯੋਜਨਾ ਕੰਮ ਨਹੀਂ ਕਰਦੀ ਕਿਉਂਕਿ ਜੇ ਅਜਿਹਾ ਹੁੰਦਾ ਤਾਂ ਇਹ ਮਾਰੂਥਲਾਂ ਵਲ ਵਹਿੰਦੇ, ਜਿੱਥੇ ਪਾਣੀ ਦੀ ਲੋੜ ਹੁੰਦੀ ਹੈ। ਇਨ੍ਹਾਂ ਪਿੱਛੇ ਕੋਈ ਯੋਜਨਾ ਨਹੀਂ ਸਗੋਂ ਨਿਯਮ ਕੰਮ ਕਰਦਾ ਹੈ ਜਿਸ ਕਾਰਨ ਇਨ੍ਹਾਂ ਦਾ ਵਹਾਓ ਭਾਵੇਂ ਕਿੰਨੇ ਦੇਸ਼ਾਂ ਦੀਆਂ ਹੱਦਾਂ ਪਾਰ ਕਰਵਾ ਦੇਵੇ, ਇਨ੍ਹਾਂ ਨੂੰ ਕੋਈ ਪਰਵਾਹ ਨਹੀਂ।

ਦੂਜੇ ਪਾਸੇ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਯੋਜਨਾਵਾਂ ਅਨੁਸਾਰ ਸੜਕਾਂ ਬਣਾਉਂਦਾ ਹੈ, ਪੁਲ ਉਸਾਰਦਾ ਹੈ, ਘਰ ਬਣਾਉਂਦਾ ਹੈ, ਕੱਪੜੇ, ਭਾਂਡੇ ਤੇ ਫਰਨੀਚਰ ਬਣਾਉਂਦਾ ਹੈ, ਪਰ ਕੁਦਰਤ ਅਜਿਹਾ ਕੁਝ ਵੀ ਨਹੀਂ ਕਰਦੀ ਕਿਉਂਕਿ ਨਾ ਉਸ ਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਹੈ ਤੇ ਨਾ ਉਹ ਇਨ੍ਹਾਂ ਦੇ ਉਤਪਾਦਨ ਜਾਂ ਉਸਾਰੀ ਦੀ ਇੱਛਾ ਰੱਖਦੀ ਹੈ।

ਇਸ ਸਬੰਧੀ ਇਕ ਹੋਰ ਅਹਿਮ ਗੱਲ ਇਹ ਹੈ ਕਿ ਮਨੁੱਖੀ ਸਿਰਜਣਾ ਵਿਚ ਕਿਰਤੀ (Creator) ਤੇ ਕ੍ਰਿਤੀ (Creation) ਭਾਵ ਬਣਾਉਣ ਵਾਲੇ ਤੇ ਬਣੀ ਹੋਈ ਵਸਤ ਵਿਚ ਬਹੁਤ ਫਰਕ ਰਹਿੰਦਾ ਹੈ। ਬਣਾਉਣ ਵਾਲਾ ਬਣਾਈ ਵਸਤ ਵਿਚ ਕੇਵਲ ਆਪਣੀ ਕਲਾ ਤੇ ਮਿਹਨਤ ਹੀ ਪਾਉਂਦਾ ਹੈ, ਆਪਣਾ ਪ੍ਰਕ੍ਰਿਤਕ ਵਜੂਦ ਨਹੀਂ ਪਾਉਂਦਾ। ਇਸ ਲਈ ਬਣੀ ਹੋਈ ਵਸਤ ਬਣਨ ਵੇਲੇ ਹੀ ਬਣਾਉਣ ਵਾਲੇ ਤੋਂ ਅਲੱਗ ਜਾਂ ਦੂਰ ਹੋ ਜਾਂਦੀ ਹੈ। ਜਾਂ ਇਉਂ ਕਹਿ ਲਉ ਕਿ ਇਸ ਨੂੰ ਬਣਾਉਂਦਾ ਕੋਈ ਹੋਰ ਹੈ ਤੇ ਵਰਤਦਾ ਕੋਈ ਹੋਰ। ਇਸ ਦੇ ਉਲਟ ਕੁਦਰਤ ਦੇ ਉਤਪਤੀ ਢੰਗ ਵਿਚ ਕਾਦਰ ਆਪਣੀ ਕ੍ਰਿਤੀ ਤੋਂ ਅਲਗ ਨਹੀਂ ਹੁੰਦਾ। ਉਹ ਆਪਣੀ ਕ੍ਰਿਤੀ ਵਿਚ ਹੀ ਸਮਾਇਆ ਰਹਿੰਦਾ ਹੈ। ਵਸਤ ਜਿੱਥੇ ਵੀ ਜਾਵੇ, ਕਾਦਰ ਨਾਲ ਜਾਂਦਾ ਹੈ। ਕਾਦਰ ਵੀ ਉਹੀ, ਕੱਚਾ ਮਾਲ ਵੀ ਉਹੀ, ਕ੍ਰਿਤੀ ਵੀ ਉਹੀ ਤੇ ਖਪਤਕਾਰ ਵੀ ਉਹੀ। ਇਨ੍ਹਾਂ ਵਿਚ ਕੋਈ ਭੇਦ ਭਾਵ ਨਹੀਂ ਹੁੰਦਾ। ਕਰਤਾ ਕ੍ਰਿਤੀ ਨੂੰ ਆਪਣੇ ਪਿੰਡੇ 'ਤੇ ਸਿਰਜਦਾ ਹੈ ਅਤੇ ਪਿੰਡੇ 'ਤੇ ਹੀ ਹੰਢਾਉਂਦਾ ਹੈ। ਸਦੀਆਂ ਦਾ ਅਨੁਭਵ ਦੱਸਦਾ ਹੈ ਕਿ ਪਹਾੜ ਧਰਤੀ ਤੋਂ, ਦਰਿਆ ਸਾਗਰ ਤੋਂ, ਰੋਸ਼ਨੀ ਸੂਰਜ ਤੋਂ ਤੇ ਬਨਸਪਤੀ ਜਮੀਨ ਤੋਂ ਅਲਗ ਨਹੀਂ ਹੁੰਦੇ। ਬਨਸਪਤੀ ਤੇ ਜੀਵਾਂ ਵਿਚ ਪਾਣੀ, ਮਿੱਟੀ, ਹਵਾ, ਰੋਸ਼ਨੀ ਆਦਿ ਦੇ ਭੌਤਿਕ ਤੱਤ ਹਮੇਸ਼ਾ ਜੁੜੇ ਰਹਿੰਦੇ ਹਨ। ਇਨ੍ਹਾਂ 'ਚੋਂ ਕਿਸੇ ਇਕ ਦੇ ਵੀ ਵੱਖ ਹੋਣ ਨਾਲ ਇਹ ਖਤਮ ਹੋ ਜਾਣਗੇ। ਇਸ ਤਰ੍ਹਾਂ ਜੱਗ ਰਚਨਾ ਪਰਮ-ਸਤਿ ਦੀ ਖੇਡ ਵੀ ਹੈ, ਸੁਭਾਅ ਵੀ। ਸੋ, ਜ਼ਾਹਰ ਹੈ ਕਿ ਪੈਦਾਵਾਰ ਦਾ ਮਨੁੱਖੀ ਮਾਡਲ ਬ੍ਰਹਿਮੰਡ ਦੀ ਉਤਪਤੀ 'ਤੇ ਲਾਗੂ ਨਹੀਂ ਹੁੰਦਾ। ਇਸ ਮਾਯਾਵੀ ਭਰਮ ਨੂੰ ਸਮਝਣ ਲੱਗਿਆਂ ਹੀ ਮਨੁੱਖ ਮਾਰ ਖਾ ਜਾਂਦਾ ਹੈ।

ਇਸ ਲਈ ਇਹ ਕਲਪਨਾ ਕਰਨਾ ਕਿ ਸ੍ਰਿਸ਼ਟੀ ਦੀ ਉਤਪਤੀ ਮਨੁੱਖੀ ਉਤਪਾਦਨ ਕ੍ਰਿਆ ਵਾਂਗ ਹੋਈ ਹੈ, ਯਥਾਰਥਕ ਸੋਚ ਨਹੀਂ ਹੈ। ਹੋ ਵੀ ਕਿਵੇਂ ਸਕਦੀ ਹੈ, ਜਦੋਂ ਸੋਚ ਪੱਖੋਂ ਮਨੁੱਖ ਬੜਾ ਹੀ ਸੰਕੀਰਣ ਤੇ ਖੁਦਗਰਜ਼ ਜੀਵ ਹੈ। ਉਹ ਪੱਥਰ ਪਿੱਛੇ ਮੂਰਤੀ ਤੇ ਮੂਰਤੀ ਪਿੱਛੇ ਭਗਵਾਨ ਦੇਖਦਾ ਹੈ। ਉਹ ਉਸੇ ਗੱਲ ਬਾਰੇ ਸੋਚਦਾ ਹੈ, ਜੋ ਉਸ ਦੇ ਸਵਾਰਥ ਨਾਲ ਜੁੜੀ ਹੋਵੇ। ਉਹ ਸੂਰਜ ਬਾਰੇ ਨਹੀਂ ਸੋਚਦਾ ਸਗੋਂ ਉਸ ਦੀ ਧੁੱਪ ਤੇ ਉਸ ਦੇ ਚੜ੍ਹਨ-ਛਿਪਣ ਦੇ ਸਮੇਂ ਬਾਰੇ ਸੋਚਦਾ ਹੈ। ਉਹ ਚੰਦਰਮਾ ਬਾਰੇ ਨਹੀਂ ਸਗੋਂ ਉਸ ਦੇ ਘਟਣ-ਵਧਣ ਦੀਆਂ ਤਿੱਥੀਆਂ ਬਾਰੇ ਸੋਚਦਾ ਹੈ। ਉਹ ਧਰਤੀ ਬਾਰੇ ਨਹੀਂ ਸਗੋਂ ਧਰਤੀ ਦੇ ਖੇਤਾਂ ਤੇ ਖਣਿਜਾਂ ਬਾਰੇ ਸੋਚਦਾ ਹੈ। ਉਹ ਬੱਦਲਾਂ ਬਾਰੇ ਨਹੀਂ, ਬਰਸਾਤ ਬਾਰੇ ਸੋਚਦਾ ਹੈ। ਉਹ ਰਾਜ ਬਾਰੇ ਨਹੀਂ, ਰਾਜਨੀਤੀ ਬਾਰੇ ਸੋਚਦਾ ਹੈ। ਇਸ ਸਵਾਰਥੀ ਤੇ ਗਿਆਨ ਵਿਹੂਣੀ ਸੋਚ ਕਾਰਨ ਹੀ ਅੱਜ ਧਰਤੀ ਹੇਠ ਪਾਣੀ ਨਹੀਂ, ਧਰਤੀ ਉਤੇ ਹਰਿਆਵਲ ਨਹੀਂ, ਵਾਤਾਵਰਣ ਵਿਚ ਸਵੱਛਤਾ ਨਹੀਂ ਤੇ ਸਮਾਜ ਵਿਚ ਖੁਸ਼ਹਾਲੀ ਨਹੀਂ। ਇਹ ਗੁਰੂ ਨਾਨਕ ਹੀ ਸਨ ਜੋ ਨਿਜ ਤੋਂ ਉਪਰ ਉਠ ਕੇ ਕੁਦਰਤੀ ਵਰਤਾਰਿਆਂ ਨੂੰ ਦੇਖਦੇ, ਉਨ੍ਹਾਂ ਨੂੰ ਅਸਚਰਜ ਨਾਲ ਸਲਾਹੁੰਦੇ ਸਨ, ਉਨ੍ਹਾਂ ਦਾ ਭੇਦ ਜਾਣਨ ਦੀ ਭਾਵਪੂਰਣ ਤਾਂਘ ਰੱਖਦੇ ਸਨ ਤੇ ਲਾਭ ਦੀ ਥਾਂ ਗਿਆਨ ਵਿਚ ਰੁਚੀ ਦਰਸਾਉਂਦੇ ਸਨ। ਉਹ ਆਪਣਾ ਨਹੀਂ, ਸਭ ਦਾ ਭਲਾ ਚਿਤਵਦੇ ਸਨ। ਉਨ੍ਹਾਂ ਦੀ ਸਿਫਤਿ ਸਾਲਾਹ ਵਿਚ ਲਾਲਸਾ ਦੀ ਰੀਝ ਨਹੀਂ, ਗਿਆਨ ਦੀ ਤਾਂਘ ਸੀ। ਉਹ ਭਗਤ ਨਹੀਂ, ਵਿਗਿਆਨੀ ਸਨ। ਉਹ ਇਕ ਭਾਰਤ ਦੇ ਹੀ ਨਹੀਂ ਸਗੋਂ ਵਿਸ਼ਵ ਦੇ ਪਹਿਲੇ ਵਿਗਿਆਨੀ ਸਨ ਜਿਨ੍ਹਾਂ ਕੁਦਰਤ ਦੇ ਸਮੁੱਚੇ ਵਰਤਾਰੇ ਨੂੰ ਨਿਸਵਾਰਥ ਤੇ ਵਿਗਿਆਨਕ ਢੰਗ ਨਾਲ ਜਾਣਨ ਦੀ ਗੱਲ ਆਖੀ।

ਪਰ ਆਮ ਮਨੁੱਖ ਇੰਦਾਂ ਨਹੀਂ ਕਰਦਾ। ਉਹ ਕੁਦਰਤ ਦੇ ਸੰਕਲਪ ਨੂੰ ਆਪਣੇ ਸੰਕੀਰਣ ਅਨੁਭਵ ਰਾਹੀਂ ਸਿਰਜਦਾ ਹੈ। ਕਿਉਂਕਿ ਉਹ ਆਪਣੇ ਆਲੇ-ਦੁਆਲੇ ਬਹੁਤੀਆਂ ਵਸਤਾਂ ਮਨੁੱਖੀ ਉਤਪਾਦਨ ਕ੍ਰਿਆ ਰਾਹੀਂ ਬਣੀਆਂ ਵੇਖਦਾ ਹੈ, ਇਸ ਲਈ ਉਹ ਲੱਖਣ ਲਾਉਂਦਾ ਹੈ ਕਿ ਪ੍ਰਕ੍ਰਿਤਕ ਪਿੰਡਾਂ ਨੂੰ ਵੀ ਇਵੇਂ ਹੀ ਕਿਸੇ ਵੱਡੇ ਘਾੜੇ ਨੇ ਘੜਿਆ ਹੋਵੇਗਾ। ਅਜਿਹਾ ਭਰਮ ਪਾਲ ਕੇ ਉਹ ਸੋਚ ਲੜਾਉਂਦਾ ਹੈ ਕਿ ਉਸ ਸਿਰਜਣਹਾਰ ਤੀਕ ਪਹੁੰਚ ਕਿਵੇਂ ਕਰੇ ਤਾਂ ਜੋ ਅਰਜ-ਅਰਜੋਈਆਂ ਰਾਹੀਂ ਉਸ ਤੋਂ ਆਪਣੇ ਖਜਾਨੇ ਭਰਵਾਏ ਤੇ ਮਨ ਭਾਉਂਦੇ ਕੰਮ ਸਿੱਧੇ ਕਰਵਾਏ। ਇਸ ਕੰਮ ਲਈ ਉਹ ਪਥ-ਪ੍ਰਦਰਸ਼ਕ ਦੀ ਭਾਲ ਕਰਦਾ ਹੈ ਤੇ ਕਿਸੇ ਨੂੰ ਗੁਰੂ ਧਾਰ ਕੇ ਉਸ ਅੱਗੇ ਮੱਥਾ ਰਗੜਦਾ ਹੈ। ਇਸ ਪ੍ਰਵਿਰਤੀ ਕਾਰਨ ਸਾਰੇ ਧਰਮਾਂ ਵਿਚ ਵਿਸ਼ਵਾਸ, ਪੂਜਾ ਪਾਠ, ਅਰਾਧਨਾ, ਅਰਦਾਸਾਂ ਤੇ ਚੜ੍ਹਾਵਿਆਂ ਦਾ ਬੋਲ ਬਾਲਾ ਬਣਿਆ ਹੋਇਆ ਹੈ। ਇਸੇ ਕਾਰਨ ਮਨੁੱਖਤਾ ਦੇ ਗਿਆਨ ਦਾ ਖਜ਼ਾਨਾ ਖਾਲੀ ਰਿਹਾ ਹੈ। ਗੁਰੂ ਜੀ ਨੇ ਮਾਨਵ ਦੀ ਇਸ ਪ੍ਰਵਿਰਤੀ ਨੂੰ ਦੇਖ-ਪਰਖ ਕੇ ਹੀ ਲਿਖਿਆ ਹੈ, "ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ। ਤਿਥੈ ਨਾਦ ਬਿਨੋਦ ਕੋਡ ਅਨੰਦੁ।" ਇਹ ਗੁਰੂ ਸਾਹਿਬ ਦੇ ਸਮੇਂ ਦੀ ਸਥਿਤੀ ਸੀ।

ਆਮ ਧਰਮਾਂ ਤੇ ਸ਼ਰਧਾਲੂਆਂ ਦੀ ਸਥਿਤੀ ਅੱਜ ਵੀ ਇਹੀ ਹੈ। ਮਨੁੱਖ ਭਾਵੇਂ ਕੋਈ ਵੀ ਹੋਵੇ, ਭਾਵੇਂ ਉਹ ਸਿੱਖ ਹੀ ਕਿਉਂ ਨਾ ਹੋਵੇ, ਉਹ ਆਪਣੇ ਨਿਜ ਤੋਂ ਉਪਰ ਉਠ ਕੇ ਸੁਤੰਤਰ ਤੇ ਨਿਰਪੱਖ ਨਜ਼ਰ ਨਾਲ ਕੁਦਰਤ ਦੇ ਚਾਲਿਆਂ ਨੂੰ ਸਮਝਣ ਵਿਚ ਰੁਚੀ ਨਹੀਂ ਰੱਖਦਾ। ਹਰ ਕੰਮ ਕਰਨ ਵੇਲੇ ਉਸ ਦੀ ਬਗਲ ਵਿਚ ਇਕ ਥੈਲਾ ਜਿਹਾ ਲਟਕਿਆ ਰਹਿੰਦਾ ਹੈ ਜਿਸ ਨੂੰ ਉਹ ਹਰ ਦਮ ਭਰਨ ਦੀ ਤਾਕ ਵਿਚ ਰਹਿੰਦਾ ਹੈ। ਗਿਆਨ ਦੀ ਗੱਲ ਸੋਚਣ ਜਾਂ ਕਰਨ ਵੇਲੇ ਵੀ ਉਹ ਇਸ ਅਦਿੱਖ ਥੈਲੇ ਨੂੰ ਪਰ੍ਹੇ ਨਹੀਂ ਕਰਦਾ। ਗੁਰੂ ਨਾਨਕ ਨੇ ਉਸ ਨੂੰ 'ਸਤਿ' ਅਰਥਾਤ ਸੱਤ ਨਾਲ ਪ੍ਰਣਾਇਆ ਹੈ ਪਰ ਉਹ ਸੱਚ ਦਾ ਲੜ ਫੜਨ ਦੀ ਥਾਂ ਲਾਲਸਾ ਤੇ ਅੰਧ-ਵਿਸ਼ਵਾਸ ਨਾਲ ਜਾ ਜੁੜਦਾ ਹੈ। ਉਹ ਬਾਣੀ ਦੇ ਸ਼ਬਦ ਨਾਲ ਨਹੀਂ ਸਗੋਂ ਬਾਣੀ ਦੇ ਕਾਗਜ਼ ਨਾਲ ਪ੍ਰੀਤ ਕਰਦਾ ਹੈ। ਬਾਣੀ ਦੇ ਅਰਥ ਨਾਲ ਸਰੋਕਾਰ ਨਹੀਂ ਰੱਖਦਾ ਸਗੋਂ ਬਾਣੀ ਦਾ ਅਰਥ ਕਰਦੇ ਵਿਅਕਤੀ ਦੇ ਪੈਰੀਂ ਜਾ ਸੀਸ ਨਿਵਾਉਂਦਾ ਹੈ। ਬਾਣੀ ਦੀ ਵਿਧੀ 'ਤੇ ਵਿਚਾਰ ਨਹੀਂ ਕਰਦਾ ਸਗੋਂ ਬਾਣੀ ਦੀ ਜਾਪ ਤੇ ਪਾਠ ਕਰਦਾ ਹੈ। ਬਾਣੀ ਦੇ ਸੱਚ ਦਾ ਅਨੁਭਵ ਨਹੀਂ ਕਰਦਾ ਸਗੋਂ ਬਾਣੀ ਪੜ੍ਹੀ ਜਾਣ ਵਾਲੀ ਥਾਂ ਦੀ ਮਿੱਟੀ ਨੂੰ ਸਿਜਦੇ ਕਰਦਾ ਹੈ। ਉਹ ਗਿਆਨ ਦੀ ਗੱਲ ਗ੍ਰਹਿਣ ਨਹੀਂ ਕਰਦਾ ਸਗੋਂ ਆਪਣੀ ਭੁੱਲ-ਚੁੱਕ ਦਾ ਮੁੱਲ ਮਾਇਆ ਭੇਟ ਕਰ ਕੇ ਉਤਾਰਦਾ ਹੈ।

ਬਾਣੀ ਦੀ ਤਾਰਕਿਕ ਵਿਧੀ ਅਨੁਸਾਰ ਪਰਮ-ਸੱਤ ਦੀ ਭਾਲ ਨਹੀਂ ਕਰਦਾ ਸਗੋਂ ਪਾਖੰਡੀ ਰਹੁ-ਰੀਤਾਂ ਰਾਹੀਂ ਅਜਿਹਾ ਕਰਨ ਦਾ ਭਰਮ ਪਾਲਦਾ ਹੈ। ਗੱਲ ਕੀ, ਆਨੇ-ਬਹਾਨੇ ਗਿਆਨ ਦਾ ਰਸਤਾ ਤਜ ਕੇ ਅੰਧ-ਵਿਸ਼ਵਾਸ ਦੇ ਰਸਤੇ ਪੈ ਜਾਂਦਾ ਹੈ। ਆਪੇ ਚੌਰਾਸੀ ਘੜ ਕੇ ਇਸ ਵਿਚ ਫਸਦਾ ਹੈ ਤੇ ਆਪੇ ਇਸ ਵਿਚੋਂ ਨਿਕਲਣ ਲਈ ਤਰਲੇ ਕਰਦਾ ਹੈ। ਕਹਿਣ ਨੂੰ ਚਤਰ ਸੁਜਾਨ ਹੈ ਪਰ ਅਸਲੋਂ ਮੂਰਖ ਮਹਾਨ ਹੈ। ਇਸ ਦਵੰਦ ਦਾ ਇਕੋ ਇੱਕ ਹੱਲ ਹੈ ਜੋ ਗੁਰੂ ਨਾਨਕ ਦਾ ਜਪੁਜੀ ਗਿਆਨ ਹੈ।

ਸੋ, ਸਪਸ਼ਟ ਹੈ ਕਿ ਗੁਰੂ ਨਾਨਕ ਦੀ ਕਰਤਾ ਪੁਰਖੁ ਦੀ ਧਾਰਨਾ ਇਕ ਆਦਰਸ਼ਵਾਦੀ ਸੰਕਲਪ ਨਹੀਂ ਸਗੋਂ ਵਿਗਿਆਨਕ ਸੱਚ ਹੈ। ਇਹ ਸੱਚ ਨੇੜੇ ਵੀ ਹੈ, ਦੂਰ ਵੀ। ਨੇੜੇ ਦਾ ਸੱਚ ਮਾਯਾਵੀ ਹੈ ਜਿਸ ਕਾਰਨ ਮਨੁੱਖ ਕਰਤਾ ਪੁਰਖੁ ਨੂੰ ਮਨੁੱਖ ਰੂਪ ਸਮਝਦਾ ਹੈ ਤੇ ਉਸ ਦੀ ਪੂਜਾ ਕਰਦਾ ਹੈ। ਕੁਦਰਤ ਵਿਚ ਅਨੇਕਾਂ ਦ੍ਰਿਸ਼ਟਾਂਤ ਹਨ ਜੋ ਸੰਕੇਤ ਕਰਦੇ ਹਨ ਕਿ ਉਹ ਇੰਦਾਂ ਨਹੀਂ ਹੈ ਪਰ ਸਵਾਰਥ ਵਸ ਮਨੁੱਖ ਇਨ੍ਹਾਂ ਸੰਕੇਤਾਂ ਨੂੰ ਅਣਡਿੱਠ ਕਰ ਦਿੰਦਾ ਹੈ। ਦੂਰ ਦਾ ਸੱਚ ਦੂਰ ਹੈ ਤੇ ਅਪਹੁੰਚ ਹੈ। ਇਹ ਹਰ ਪਾਸੇ ਪਸਰਿਆ ਹੋਇਆ ਹੈ, ਇਸ ਲਈ ਇਸ ਦੀ ਕੋਈ ਦਿਸ਼ਾ ਨਹੀਂ ਹੈ। ਬਿਨਾ ਸੇਧ ਇਸ ਦਾ ਸੰਕਲਪ ਕਰਨਾ ਦੁਸ਼ਵਾਰ ਹੈ। ਇਸ ਦੀ ਸੇਧ ਦਾ ਸਹੀ ਪਤਾ ਵੀ ਬਿਨਾ ਸੇਧ ਲਿਆਂ ਨਹੀਂ ਲਗਦਾ। ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ ਤੇ ਇਸ ਵਿਚਲਾ ਕਰਤਾ ਪੁਰਖੁ ਦਾ ਸੰਕਲਪ ਸੰਸਾਰ ਰਚਨਾਇਕ ਦੀ ਸੇਧ ਦਿੰਦੇ ਹਨ। ਇਹ ਦੱਸਦੇ ਹਨ ਕਿ ਮਨੁੱਖੀ ਸੋਝੀ ਦੇ ਅਜੋਕੇ ਦੌਰ ਵਿਚ ਪਰਮ-ਸਤਿ ਦਾ ਸੱਚ ਯਥਾਰਥ ਦੇ ਰੂਪ ਵਿਚ ਨਹੀਂ ਸਗੋਂ ਸੇਧ ਦੇ ਰੂਪ ਵਿਚ ਹੀ ਜਾਣਿਆ ਜਾ ਸਕਦਾ ਹੈ।

ਜੇ ਸੇਧ ਵੀ ਪਤਾ ਲੱਗ ਜਾਵੇ, ਉਹ ਹੀ ਵੱਡੀ ਗੱਲ ਹੈ ਕਿਉਂਕਿ ਸਹੀ ਸੇਧ ਵਿਚ ਸੱਚ ਦਾ ਪੈਂਡਾ ਜਲਦ ਤੈਅ ਕੀਤਾ ਜਾ ਸਕਦਾ ਹੈ। ਇਸ ਨਾਲ ਲੱਖਾਂ ਕਰੋੜਾਂ ਸ਼ਰਧਾਲੂਆਂ ਦੀ ਮਿਹਨਤ ਸਹੀ ਦਿਸ਼ਾ ਵਿਚ ਲਗ ਸਕਦੀ ਹੈ। ਇਹ ਵਿਧੀ ਮਾਯਾ ਤੋਂ ਦੂਰ ਰਹਿ ਕੇ ਗਿਆਨ ਪ੍ਰਾਪਤ ਕਰਨ ਦੀ ਝੱਲ ਨਹੀਂ ਸਗੋਂ ਨਿਰਲੇਪ ਰਹਿੰਦਿਆਂ ਮਾਯਾ ਵਿਚ ਖੁੱਭ ਕੇ ਗਿਆਨ ਇੱਕਠਾ ਕਰਨ ਦੀ ਜਾਚ ਹੈ। ਇਹ ਵਿਧੀ ਵਿਗਿਆਨਕ ਹੋਣ ਕਰਕੇ ਵਿਗਿਆਨਕ ਅਮਲ ਤੋਂ ਅਲੱਗ ਨਹੀਂ, ਪਰ ਬਹੁਤੇ ਸਿੱਖ ਵਿਦਵਾਨ ਵਿਗਿਆਨ ਪ੍ਰਤੀ ਉਦਾਸੀਨ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਸਿੱਖ ਮੱਤ ਤੇ ਵਿਗਿਆਨਕ ਵਿਧੀ ਨੂੰ ਆਪਸ-ਵਿਰੋਧੀ ਤੇ ਦਵੰਦਾਤਮਕ ਸਮਝਦੇ ਹਨ। ਉਹ ਇਹ ਨਹੀਂ ਜਾਣਦੇ ਕਿ ਗੁਰੂ ਨਾਨਕ ਦੇ ਵਿਚਾਰ ਉਨ੍ਹਾਂ ਦੀ ਇਸ ਸੋਚ ਦੀ ਕਤਈ ਪੁਸ਼ਟੀ ਨਹੀਂ ਕਰਦੇ। ਇਨ੍ਹਾਂ ਵਿਦਵਾਨਾਂ ਦੀ ਅਜਿਹੀ ਰੁਚੀ ਕਾਰਨ ਹੀ ਜਪੁਜੀ ਦਾ ਸਾਪੇਖਿਕ ਪੱਖ ਉਜਾਗਰ ਨਹੀਂ ਹੋ ਸਕਿਆ ਹੈ।

*(ਚਲਦਾ)*

# ਡਾ. ਸਮਰਾਓ ਦਾ ਲੇਖ ਅਤੇ ਸਿੱਖੀ ਦਾ ਸੰਕਲਪ

ਡਾ. ਗੋਬਿੰਦਰ ਸਿੰਘ ਸਮਰਾਓ ਦਾ ਲੇਖ 'ਜਪੁਜੀ ਦਾ ਰੱਬ' ਛਾਪਣ ਲਈ ਸ਼ੁਕਰੀਆ। ਇਸ ਲੇਖ ਦੇ ਅਰੰਭ ਵਿਚ ਹੀ ਤੁਸੀਂ ਲਿਖਿਆ ਹੈ ਕਿ ਕਰਮਕਾਂਡਾਂ ਵਿਚ ਪਏ ਸ਼ਰਧਾਲੂ ਹੋ ਸਕਦਾ ਹੈ, ਇਸ ਲੇਖ ਨਾਲ ਸਹਿਮਤ ਨਾ ਹੋਣ। ਡਾ. ਸਮਰਾਓ ਨੇ ਵਿਸ਼ਵਾਸ, ਜਾਂ ਜੇ ਸਹੀ ਤਰੀਕੇ ਨਾਲ ਆਖੀਏ ਤਾਂ ਅੰਧ-ਵਿਸ਼ਵਾਸ ਬਨਾਮ ਗਿਆਨ ਮਾਰਗ ਬਾਰੇ ਬਹੁਤ ਚੰਗਾ ਸਵਾਲ ਉਠਾਇਆ ਹੈ।

ਕਿਹਾ ਜਾਂਦਾ ਹੈ ਕਿ ਜਪੁਜੀ ਸਾਹਿਬ ਦੇ 30 ਜਾਂ ਇਸ ਤੋਂ ਵੱਧ ਅਨੁਵਾਦ ਮਿਲਦੇ ਹਨ। ਮੈਨੂੰ ਯਕੀਨ ਹੈ ਕਿ ਇਨ੍ਹਾਂ ਸਾਰਿਆਂ ਵਿਚ ਪਹੁੰਚ ਉਹੀ ਹੈ ਜਿਹੜੀ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਈਸਾਈ ਵਿਦਵਾਨਾਂ ਦੀ ਅਗਵਾਈ ਵਿਚ ਸਨਾਤਨੀ ਸਿੱਖਾਂ (ਬਾਬਾ ਖੜਕ ਸਿੰਘ ਆਦਿ) ਨੇ ਅਪਨਾਈ। ਉਸ ਵਕਤ ਬੌਧਿਕਤਾ ਜਾਂ ਤਰਕ ਦੀ ਥਾਂ ਕਰਮਕਾਂਡ ਵੱਲ ਧਿਆਨ ਬਹੁਤਾ ਦਿੱਤਾ ਗਿਆ।

ਮੈਂ ਭਾਰਤ ਦੇ ਕਈ ਵੱਡੇ ਮੰਦਿਰਾਂ (ਚਾਰ ਧਾਮ) ਦੀ ਯਾਤਰਾ ਕੀਤੀ ਹੈ, ਜੋ ਮੁੱਢਲੇ ਤੌਰ 'ਤੇ ਦੇਵੀਆਂ ਨੂੰ ਸਮਰਪਿਤ ਹਨ। ਉਥੇ ਹਰ ਸਵੇਰ ਦੇਵੀਆਂ ਨੂੰ ਜਗਾਇਆ ਜਾਂਦਾ ਹੈ, ਰੀਤ ਮੁਤਾਬਕ ਲਿਬਾਸ ਪਹਿਨਾਏ ਜਾਂਦੇ ਹਨ ਅਤੇ ਫਿਰ ਸ਼ਾਮ ਨੂੰ ਕਪਾਟ ਬੰਦ ਕਰ ਦਿੱਤੇ ਜਾਂਦੇ ਹਨ, ਭਾਵ ਆਰਾਮ ਕਰਵਾਇਆ ਜਾਂਦਾ ਹੈ। ਸ਼ਰਧਾਲੂਆਂ ਵੱਲੋਂ ਦਿੱਤਾ ਪ੍ਰਸ਼ਾਦ ਦੇਵੀ ਨੂੰ ਸਮਰਪਿਤ ਕੀਤਾ ਜਾਂਦਾ ਹੈ (ਦਰਅਸਲ ਪੁਜਾਰੀ ਆਪਣਾ ਹਿੱਸਾ ਰੱਖਦਾ ਹੈ) ਅਤੇ ਬਾਕੀ ਦਾ ਪ੍ਰਸ਼ਾਦ ਸ਼ਰਧਾਲੂਆਂ ਵਿਚ ਵੰਡ ਦਿੱਤਾ ਜਾਂਦਾ ਹੈ। ਸਾਰਾ ਦਿਨ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਕੀ ਅਸੀਂ ਵੀ ਹੁਣ ਨਿਤ ਦਿਨ ਗੁਰਦੁਆਰਿਆਂ ਵਿਚ ਇਹੀ ਕੁਝ ਨਹੀਂ ਕਰਦੇ?

ਸਿੱਖ ਰਾਜ ਦੇ ਖਾਤਮੇ ਤੋਂ ਬਾਅਦ ਅੰਗਰੇਜ਼ ਹੈਰਾਨ ਸਨ ਕਿ ਗੁਰੂ ਅਰਜਨ ਦੇਵ ਦੇ ਸਮਿਆਂ ਤੋਂ ਹੀ ਸਿੱਖ ਸਥਾਪਤੀ ਵਿਰੋਧੀ ਰਹੇ, ਫਿਰ ਇਨ੍ਹਾਂ ਨੇ ਆਪਣੇ ਸਿੱਖ ਮਹਾਰਾਜੇ ਦੀ ਵੀ ਪ੍ਰਵਾਹ ਨਹੀਂ ਕੀਤੀ, ਕੁਝ ਕੁ ਦਹਾਕਿਆਂ ਵਿਚ ਹੀ ਇਹ ਸਭ ਤੋਂ ਵੱਧ ਆਗਿਆਕਾਰੀ ਚਾਕਰ ਬਣ ਗਏ। ਹੁਣ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਨੂੰ ਸਿੱਖ ਸਾਹਿਤ ਵਿਚ ਤੋੜ-ਮਰੋੜ ਕਰ ਕੇ ਕਰਮਕਾਂਡੀ ਅਤੇ ਮੁਸਲਮਾਨ ਵਿਰੋਧੀ ਬਣਾ ਦਿੱਤਾ ਗਿਆ, ਕਿਉਂਕਿ ਉਸ ਵੇਲੇ ਭਾਰਤ ਦੇ ਬਹੁਤੇ ਹਿੱਸੇ ਉਤੇ ਮੁਸਲਮਾਨਾਂ ਦਾ ਰਾਜ ਸੀ। 1857 ਵਾਲੀ ਬਗਾਵਤ ਤੋਂ ਬਾਅਦ ਅੰਗਰੇਜ਼ਾਂ ਨੂੰ ਵਿਸ਼ਵਾਸਪਾਤਰ, ਮਿਹਨਤੀ, ਬਹਾਦਰ ਅਤੇ ਸੱਚੇ ਤੇ ਇਮਾਨਦਾਰ ਫੌਜੀਆਂ ਦੀ ਲੋੜ ਸੀ ਤਾਂ ਕਿ ਆਉਣ ਵਾਲੇ ਸਮੇਂ ਵਿਚ ਮੁਸਲਮਾਨਾਂ ਦੇ ਵਿਰੋਧ ਦਾ ਟਾਕਰਾ ਕੀਤਾ ਜਾ ਸਕੇ। ਇਹ 'ਗੁਣ' ਉਨ੍ਹਾਂ ਨੂੰ ਸਿੱਖਾਂ ਵਿਚ ਲੱਭ ਗਏ ਅਤੇ ਭਾੜੇ ਦੇ ਸਿੱਖ ਪ੍ਰਚਾਰਕਾਂ ਤੇ ਵਿਦਵਾਨਾਂ ਰਾਹੀਂ ਇਨ੍ਹਾਂ ਨੂੰ ਰੋਬੋਟ ਵਾਂਗ ਤਿਆਰ ਕਰ ਲਿਆ

*(ਬਾਕੀ ਅਗਲੇ ਸਫੇ ਉੱਤੇ)*

# ਮਹਾਰਾਜਾ ਰਣਜੀਤ ਸਿੰਘ ਕਾਲ

## ਸਮਾਜਕ ਅਤੇ ਸਭਿਆਚਾਰਕ ਹਾਲਾਤ

**ਉਘੇ ਲਿਖਾਰੀ ਸਬਿੰਦਰਜੀਤ ਸਿੰਘ ਸਾਗਰ ਨੇ ਇਸ ਲੇਖ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਸਾਹਿਤ ਦਾ ਅਧਿਐਨ ਕਰਦਿਆਂ ਉਸ ਸਮੇਂ ਦੇ ਸਮਾਜਕ-ਸਭਿਆਚਾਰਕ ਹਾਲਾਤ ਦਾ ਵਰਣਨ ਕੀਤਾ ਹੈ। ਕਈ ਪੱਖਾਂ ਤੋਂ ਇਹ ਲੇਖ ਵਾਹਵਾ ਦਿਲਚਸਪ ਹੈ ਅਤੇ ਇਸ ਵਿਚ ਕਈ ਨਵੀਆਂ ਪਰਤਾਂ ਵੀ ਫਰੋਲੀਆਂ ਗਈਆਂ ਹਨ। -ਸੰਪਾਦਕ**

ਮਹਾਰਾਜਾ ਰਣਜੀਤ ਸਿੰਘ ਕਾਲ ਦੇ ਸਮਾਜਕ-ਸਭਿਆਚਾਰਕ ਹਾਲਾਤ ਨੂੰ ਸਮਝਣ ਲਈ ਸਾਹਿਤ ਅਹਿਮ ਅੰਤਰ-ਦ੍ਰਿਸ਼ਟੀ ਮੁਹੱਈਆ ਕਰਦਾ ਹੈ। ਸਾਹਿਤ ਦੀ ਗਵਾਹੀ ਅਸਿੱਧੀ ਹੋਣ ਕਰ ਕੇ ਉਸ ਸਮੇਂ ਦੇ ਸਹੀ ਪਰਿਪੇਖ ਨੂੰ ਸਮਝਣ ਵਿਚ ਸਹਾਈ ਹੋ ਸਕਦੀ ਹੈ। ਮਹਾਰਾਜਾ ਰਣਜੀਤ ਸਿੰਘ ਕਾਲ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਸ ਪ੍ਰਕ੍ਰਿਆ ਨੂੰ ਸਮਝਿਆ ਜਾਵੇ ਜੋ ਸਿੱਖ ਰਾਜ ਦੀ ਸਥਾਪਨਾ ਤੋਂ ਪਹਿਲਾਂ ਕਾਰਜਸ਼ੀਲ ਰਹੀ ਸੀ। ਇਸ ਨੂੰ ਸਮਝਣ ਵਿਚ ਜਨਮ ਸਾਖੀ ਸਾਹਿਤ-ਰੂਪ ਦਾ, ਗੁਰਬਿਲਾਸ-ਰੂਪ ਵਿਚ ਰੂਪਾਂਤਰਨ ਮਦਦ ਕਰਦਾ ਹੈ। ਜਨਮ ਸਾਖੀ ਸਾਹਿਤ ਦਾ ਮੁੱਖ ਉਦੇਸ਼ ਸਿੱਖ ਲਹਿਰ ਦੇ ਤਤਕਾਲੀਨ ਸਰੋਕਾਰਾਂ ਦੇ ਮੱਦੇਨਜ਼ਰ ਸਿਧਾਂਤਕ ਵਿਆਖਿਆ ਕਰਨਾ ਸੀ, ਪਰ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਹ ਸਾਹਿਤ-ਰੂਪ ਪ੍ਰਸੰਗਿਕ ਨਹੀਂ ਰਿਹਾ। ਇਹੀ ਕਾਰਨ ਹੈ ਕਿ 18ਵੀਂ ਸਦੀ ਦੇ ਅਰੰਭ ਤਕ ਉਨ੍ਹਾਂ ਵਿਚ ਸਿਰਜਣਾਤਮਕ ਕਲਪਨਾ ਮੁੱਕ ਗਈ ਸੀ। 'ਬਚਿੱਤ੍ਰ ਨਾਟਕ' ਤੋਂ ਪਤਾ ਲਗਦਾ ਹੈ ਕਿ 'ਸਿੱਖ ਬੜੇ ਦੁਖਦਾਈ ਤਰੀਕੇ ਨਾਲ ਇਤਿਹਾਸ ਵਿਚ ਪ੍ਰਵੇਸ਼ ਕਰਦੇ ਹਨ।'

**ਸਬਿੰਦਰਜੀਤ ਸਿੰਘ ਸਾਗਰ**

ਸਿੱਖ ਲਹਿਰ ਨੂੰ ਵਿਆਪਕ ਪਾਸਾਰ ਦੇਣ ਲਈ ਸਿੱਖ ਧਰਮ ਬਾਹਰਲੇ ਮਨੁੱਖਾਂ ਨੂੰ ਅਜਿਹੇ ਸਮਾਜਕ ਆਚਾਰ ਦੀ ਸੰਸਥਾ ਵਿਚ ਢਾਲਣ ਦੀ ਲੋੜ ਸੀ ਜਿਸ ਨਾਲ ਸਿੱਖਾਂ ਨੂੰ ਸਿਆਸੀ ਸ਼ਕਤੀ ਦੇ ਤੌਰ 'ਤੇ ਉਭਾਰਿਆ ਜਾ ਸਕੇ। ਸੈਨਾਪਤਿ ਰਚਿਤ 'ਗੁਰ ਸੋਭਾ' ਵਿਚ ਭਾਵੇਂ ਮੁੱਖ ਸਰੋਕਾਰ ਖਾਲਸੇ ਦੀ ਉਤਪਤੀ ਅਤੇ ਉਸ ਦਾ ਬ੍ਰਹਮ ਵਿਦਿਅਕ ਸਥਾਨ ਨਿਰਧਾਰਤ ਕਰਨ ਦੇ ਨਾਲ ਨਾਲ ਭਵਿਖ ਦੀ ਚਿੰਤਾ ਸੀ, ਪਰ 18ਵੀਂ ਸਦੀ ਦੇ ਅੰਤ ਵਿਚ ਭਾਈ ਸੁੱਖਾ ਸਿੰਘ ਰਚਿਤ 'ਗੁਰਬਿਲਾਸ ਦਸਵੀਂ ਪਾਤਸ਼ਾਹੀ' ਦੀਆਂ ਅੰਦਰਲੀਆਂ ਗਵਾਹੀਆਂ ਤੋਂ ਪਤਾ ਚਲਦਾ ਹੈ ਕਿ ਮੁਸਲਮਾਨਾਂ ਪ੍ਰਤੀ ਸਿੱਖ ਰਵੱਈਆ ਬਦਲ ਰਿਹਾ ਸੀ। ਇਸ ਰਚਨਾ ਵਿਚ ਗੁਰੂ ਸਾਹਿਬ ਦੁਆਰਾ ਸਿੱਖ ਸਿਧਾਂਤ ਅਨੁਸਾਰ ਇਸਲਾਮ ਦੀ ਵਿਆਖਿਆ ਕਰਵਾਈ ਗਈ ਹੈ, 'ਇਸਲਾਮ ਨੂੰ ਸਿੱਖ ਮੱਤ ਅਨੁਸਾਰ ਸਮਝਣ ਦੀ ਰੁਚੀ ਦਰਅਸਲ ਸਿੱਖ ਰਾਜ ਦੀ ਸਿਆਸੀ ਲੋੜ ਦੀ ਨਿਸ਼ਾਨੀ ਹੈ।'

18ਵੀਂ ਸਦੀ ਵਿਚ ਜੋ ਪਰਿਵਰਤਨ ਆਇਆ, ਉਸ ਨੂੰ ਸਮਝਣ ਦੀ ਲੋੜ ਹੈ। ਇਸ ਵੇਲੇ ਦਾ ਸਿੱਖ ਸਾਹਿਤ ਇਸ ਸਬੰਧ ਵਿਚ ਸਾਡੀ ਮਦਦ ਕਰਦਾ ਹੈ। ਪੰਜਾਬ ਵਿਚ ਉਪਲਬਧ ਹੱਥ ਲਿਖਤ ਸਾਹਿਤ ਉਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਵੇਦਾਂਤ ਨਾਲ ਸਬੰਧਤ ਸਾਹਿਤ ਵੱਡੀ ਗਿਣਤੀ ਵਿਚ ਮਿਲਦਾ ਹੈ। ਇਹ ਸਾਹਿਤ ਭਾਵੇਂ 17ਵੀਂ ਸਦੀ ਦੇ ਦੂਜੇ ਅੱਧ ਵਿਚ ਲਿਖਿਆ ਜਾਣ ਲੱਗ ਪਿਆ ਸੀ ਪਰ ਬਹੁਤਾ ਸਾਹਿਤ 18ਵੀਂ ਸਦੀ ਵਿਚ ਹੀ ਲਿਖਿਆ ਗਿਆ ਸੀ। ਮੁੱਢਲੇ ਲੇਖਕਾਂ ਵਿਚ ਹੰਦਾਲੀ ਮੁੱਖ ਸਨ। ਸਿੱਖਾਂ ਦੇ ਸੱਤਾ ਵਿਚ ਆਉਣ ਨਾਲ ਵੇਦਾਂਤਕ ਸਾਹਿਤ ਵਿਚ ਦਿਲਚਸਪੀ ਦਾ ਵਿਸਥਾਰ ਹੋਇਆ ਸੀ। ਨਿਰਮਲੇ ਅਤੇ ਉਦਾਸੀਆਂ ਨੇ ਵੀ ਇਸ ਦੀ ਰਚਨਾ ਕੀਤੀ ਸੀ।

ਬਾਅਦ ਵਿਚ ਸਿੱਖ ਕਾਲ ਵਿਚ ਵੀ ਸ਼ੰਕਰ ਭਾਸ਼ਾ ਦੇ ਅਨੁਵਾਦ ਹੁੰਦੇ ਰਹੇ ਸਨ। ਵੇਦਾਂਤ ਵਾਂਗ ਹੀ ਭਾਵੇਂ ਇਸ ਦਾ ਉਦਭਵ ਵੀ 17ਵੀਂ ਸਦੀ ਦੇ ਅੱਧ ਵਿਚ ਹੋਇਆ ਪਰ ਬਹੁਤਾ ਸਾਹਿਤ 18ਵੀਂ ਸਦੀ ਵਿਚ ਹੀ ਰਚਿਆ ਗਿਆ ਸੀ। ਵੱਡੀ ਗਿਣਤੀ ਵਿਚ ਲਿਖੇ ਜਾਣ ਵਾਲੇ ਇਸ ਸਾਹਿਤ ਤੋਂ ਪਤਾ ਲਗਦਾ ਹੈ ਕਿ ਸਿੱਖ ਸੱਤਾ ਦੀ ਇਤਿਹਾਸਕ ਸਥਿਤੀ ਐਸੀ ਸੀ ਜਿਸ ਦੇ ਨਤੀਜੇ ਵਜੋਂ ਨਾ ਕੇਵਲ ਵੇਦਾਂਤ ਸਬੰਧੀ ਸਾਹਿਤ ਲਿਖਿਆ ਗਿਆ ਸਗੋਂ ਬਾਅਦ ਵਿਚ ਸਿੱਖ ਧਾਰਮਕ ਸਾਹਿਤ ਵੀ ਸਰਬਗ੍ਰਾਹੀ ਬਣ ਗਿਆ ਸੀ। ਭਾਈ ਸੰਤੋਖ ਸਿੰਘ ਰਚਿਤ 'ਨਾਨਕ ਪ੍ਰਕਾਸ਼' ਵਿਚ ਪੂਰਾ ਅਧਿਆਇ ਹੀ ਵੇਦਾਂਤ ਦੀ ਚਰਚਾ ਨਾਲ ਸਬੰਧਤ ਹੈ। ਸਪਸ਼ਟ ਹੈ ਕਿ ਸਿੱਖ ਸੰਘਰਸ਼ ਵਿਚ ਵੱਡੀ ਗਿਣਤੀ 'ਚ ਲੋਕ ਦੂਜੇ ਧਰਮਾਂ ਦੇ ਵੀ ਸਨ। ਸਿੱਖ ਸੱਤਾ ਵਿਚ ਆਏ ਗਏ ਸਨ। ਇਸ ਸਿਆਸੀ ਤਬਦੀਲੀ ਨਾਲ ਧਾਰਮਕ ਸਮੂਹਾਂ ਦੇ ਸਿਆਸੀ ਪ੍ਰਭਾਵ ਵਿਚ ਪਰਿਵਰਤਨ ਆਇਆ, ਜੋ ਉਨ੍ਹਾਂ ਦੇ ਸਮਾਜਕ-ਸਭਿਆਚਾਰ ਵਿਚ ਵੀ ਵੇਖਿਆ ਜਾ ਸਕਦਾ ਸੀ। ਪੰਜਾਬ ਵਿਚ ਭਾਵੇਂ ਮੁਸਲਮਾਨ ਸਭ ਤੋਂ ਵੱਡਾ ਧਾਰਮਕ ਸਮੂਹ ਸੀ, ਪਰ ਉਸ ਦੇ ਘਟੇ ਪ੍ਰਭਾਵ ਦਾ ਸੰਕੇਤ 'ਨਾਨਕ ਪ੍ਰਕਾਸ਼' ਦੀ ਸਾਖੀ ਚੋਣ ਤੋਂ ਮਿਲ ਜਾਂਦਾ ਹੈ।

ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਵਿਚ ਜਨਮ ਸਾਖੀਆਂ ਤੋਂ ਕੇਵਲ ਚਾਰ ਹੀ ਸਾਖੀਆਂ ਲਈਆਂ ਹਨ ਜਿਨ੍ਹਾਂ ਵਿਚ ਬਾਬੇ ਨਾਨਕ ਦੀ ਮੁਸਲਮਾਨ ਫਕੀਰਾਂ ਨਾਲ ਮੁਲਾਕਾਤ ਵਿਖਾਈ ਗਈ ਹੈ। ਸਪਸ਼ਟ ਹੈ ਕਿ ਸਿਆਸੀ ਸੱਤਾ ਖੁੱਸਣ ਨਾਲ ਮੁਸਲਮਾਨ ਫਕੀਰਾਂ ਉਤੇ ਗੁਰੂ ਨਾਨਕ ਦੀ ਪ੍ਰਭੁਸੱਤਾ ਸਮਾਜਕ ਦ੍ਰਿਸ਼ਟੀ ਤੋਂ ਪ੍ਰਸੰਗਹੀਣ ਬਣ ਗਈ ਸੀ। ਕਿੱਸਿਆਂ ਵਿਚ ਇਸ ਪਰਿਵਰਤਨ ਨੂੰ ਨੈਤਿਕਤਾ ਦੇ ਪਤਨ ਦੇ ਰੂਪ ਵਿਚ ਵੇਖਿਆ ਗਿਆ ਹੈ। ਇਸੇ ਲਈ ਹਾਸ਼ਮ ਦੇ ਕਿੱਸਿਆਂ ਵਿਚ ਨੈਤਿਕ ਤੱਤ ਉਤੇ ਬਲ ਪੁਰਬਲੀ ਸਥਿਤੀ ਨੂੰ ਬਹਾਲ ਕਰਨ ਦੀ ਉਸ ਦੀ ਇੱਛਾ ਦਾ ਸੰਕੇਤਕ ਪ੍ਰਗਟਾਵਾ ਹੈ। ਦੂਜੇ ਪਾਸੇ, ਹਿੰਦੂ ਪ੍ਰਭਾਵ ਵਧ ਰਿਹਾ ਸੀ; ਪਰ ਪੰਜਾਬ ਦੇ ਜਨ-ਅੰਕਣ ਪੈਟਰਨ ਵਿਚ ਸਿੱਖਾਂ ਦਾ ਚਰਿਤਰ ਘੱਟ-ਗਿਣਤੀ ਦਾ ਸੀ। ਇਸੇ ਪ੍ਰਸੰਗ ਵਿਚ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਸਮਾਜਕ ਬਣਤਰ, ਰਾਜ ਸੱਤਾ ਵਿਚ ਵੱਖ ਵੱਖ ਫਿਰਕਿਆਂ ਦੀ ਭਾਗੀਦਾਰੀ, ਸਿੱਖ ਸਮਾਜ ਦੀ ਸੰਰਚਨਾ ਅਤੇ ਸਿੱਖ ਧਰਮ ਦੀ ਸਥਿਤੀ ਆਦਿ ਪੱਖਾਂ ਨੂੰ ਵਿਚਾਰਿਆ ਜਾ ਸਕਦਾ ਹੈ।

ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਪੰਜਾਬ 'ਚ ਮੋਟੇ ਤੌਰ 'ਤੇ ਉਹੀ ਚਾਰ ਤਰ੍ਹਾਂ ਦੀਆਂ ਸਾਹਿਤ ਪਰੰਪਰਾਵਾਂ ਪ੍ਰਚਲਿਤ ਸਨ ਜੋ ਪਿਛਲੀ ਡੇਢ ਸਦੀ ਤੋਂ ਚਲ ਰਹੀਆਂ ਸਨ। ਇਹ ਸਨ: ਜਨਮ ਸਾਖੀ ਦੇ ਰੂਪ ਵਿਚ ਸਿੱਖ ਸਾਹਿਤ; ਵੇਦਾਂਤ ਸਬੰਧੀ ਸਾਹਿਤ; ਬ੍ਰਜ ਭਾਖਾ ਵਿਚ ਰਚਿਆ ਗਿਆ ਰੀਤੀ ਸਾਹਿਤ; ਤੇ ਕਿੱਸਾ ਕਾਵਿ। ਇਹ ਗੱਲ ਇਸ ਤੱਥ ਦੇ ਸਮਾਨੰਤਰ ਜਾਪਦੀ ਹੈ ਕਿ ਮਹਾਰਾਜੇ ਨੇ ਆਪਣੀ ਸਿਆਸੀ ਸੱਤਾ ਵਧਾਉਣ, ਸ਼ਾਸਨ ਸੰਗਠਿਤ ਕਰਨ ਅਤੇ ਇਸ ਦਾ ਚੰਗੀ ਤਰ੍ਹਾਂ ਪ੍ਰਸ਼ਾਸਨ ਕਰਨ ਲਈ ਲਗਭਗ ਉਹੀ ਪ੍ਰਸ਼ਾਸਨਿਕ ਸੰਸਥਾਵਾਂ ਅਪਨਾਈਆਂ ਜੋ ਮੁਗਲ ਰਾਜ ਵਿਚ ਪ੍ਰਚਲਿਤ ਸਨ। ਮਹਾਰਾਜੇ ਦੀਆਂ ਸਿਆਸੀ, ਆਰਥਕ ਤੇ ਸਮਾਜਕ-ਧਾਰਮਕ ਨੀਤੀਆਂ ਨੂੰ ਉਸ ਸਥਿਤੀ ਵਿਚ ਰੱਖ ਕੇ ਵੇਖਣ ਦੀ ਲੋੜ ਹੈ, ਜਿਸ ਵਿਚ ਹਾਕਮ ਜਮਾਤ ਸੀ।

19ਵੀਂ ਸਦੀ ਦੇ ਅਰੰਭ ਵਿਚ ਪੰਜਾਬ ਵਿਚ 70% ਮੁਸਲਮਾਨ ਸਨ ਅਤੇ 24% ਹਿੰਦੂ। ਸਿੱਖਾਂ ਦੀ ਗਿਣਤੀ ਕੇਵਲ 6% ਸੀ। ਇਸ ਲਈ ਰਾਜ ਸੱਤਾ ਉਤੇ ਕਾਬਜ਼ ਘੱਟ-ਗਿਣਤੀ ਹਾਕਮ ਜਮਾਤ ਦੀ ਲੋੜ ਸੀ ਕਿ ਉਹ ਨਾ ਕੇਵਲ ਹਿੰਦੂਆਂ ਨਾਲ, ਸਗੋਂ ਮੁਸਲਮਾਨ ਪਰਜਾ ਨਾਲ ਵੀ ਸੁਖਾਵੇਂ ਸਬੰਧ ਬਣਾਈ ਰੱਖਣ। ਇਸ ਦੇ ਨਾਲ ਹੀ ਉਹ ਸਿੱਖਾਂ ਨੂੰ ਵੀ ਸੱਤਾ ਦਾ ਵੱਡਾ ਭਾਗੀਦਾਰ ਬਣਾਈ ਰੱਖਣਾ ਚਾਹੁੰਦੇ ਸਨ। ਜੇ ਅਸੀਂ ਉਸ ਸਮੇਂ ਦੀ ਹਾਕਮ ਜਮਾਤ ਦੀ ਸੰਰਚਨਾ ਨੂੰ ਵੇਖੀਏ ਤਾਂ ਉਸ ਸਮੇਂ ਦੇ ਪ੍ਰਸ਼ਾਸਨ ਵਿਚ ਲਿਆਂਦੀ ਤਬਦੀਲੀ ਦਾ ਪਤਾ ਲੱਗਦਾ ਹੈ।

ਹਾਕਮ ਜਮਾਤ ਵਿਚ ਸਿੱਖਾਂ ਦੀ ਭਾਗੀਦਾਰੀ ਉਨ੍ਹਾਂ ਦੀ 6% ਆਬਾਦੀ ਦੀ ਤੁਲਨਾ ਵਿਚ 50% ਸੀ। ਹਿੰਦੂਆਂ ਦੀ ਸਥਿਤੀ ਵੀ ਅੱਗੇ ਤੋਂ ਬਿਹਤਰ ਸੀ, ਹਾਕਮ ਜਮਾਤ ਵਿਚ ਉਨ੍ਹਾਂ ਦੀ ਗਿਣਤੀ 24% ਦੀ ਥਾਂ 29% ਸੀ। ਜਦਕਿ ਮੁਸਲਮਾਨ ਕੇਵਲ 15% ਹਾਕਮ ਜਮਾਤ ਵਿਚ ਸਨ। ਹਾਕਮ ਜਮਾਤ ਵਿਚ ਕੁਝ ਦਸਤਕਾਰ ਤੇ ਕਮੀਣ ਵੀ ਸਨ। ਇਨ੍ਹਾਂ ਵਿਚੋਂ ਬਹੁਤੇ ਸਿੱਖ ਸਨ। ਸਿੱਖ, ਹਾਕਮ ਜਮਾਤ ਦੀ ਬਹੁ-ਸੰਖਿਆ ਸੀ। ਇਨ੍ਹਾਂ ਵਿਚ ਜੱਟਾਂ ਦੀ ਗਿਣਤੀ ਵਧੇਰੇ ਸੀ, ਜੋ ਸਾਰੀ ਹਾਕਮ ਜਮਾਤ ਦਾ ਲਗਭਗ 30% ਸਨ। ਉਸ ਸਮੇਂ ਦੇ ਸਾਹਿਤ ਵਿਚ ਇਸ ਤੱਥ ਦਾ ਪ੍ਰਗਟਾਵਾ ਵੱਖਰੇ ਢੰਗ ਨਾਲ ਹੋਇਆ ਹੈ।

ਗੁਰੂ ਨਾਨਕ ਦੇ ਮੁਸਲਿਮ ਫਕੀਰਾਂ ਨਾਲ ਮੇਲ ਦੀਆਂ ਜਨਮ ਸਾਖੀਆਂ ਵਿਚ ਮਿਲਦੀਆਂ ਅਨੇਕਾਂ ਸਾਖੀਆਂ ਨੂੰ ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਵਿਚ ਸ਼ਾਮਲ ਨਹੀਂ ਕੀਤਾ। ਜੋ ਚਾਰ ਸਾਖੀਆਂ ਸ਼ਾਮਲ ਕੀਤੀਆਂ ਵੀ ਹਨ, ਉਹ ਉਨ੍ਹਾਂ ਫਕੀਰਾਂ ਦੀਆਂ ਹਨ ਜੋ ਬਾਬੇ ਨਾਨਕ ਦੀ ਮਹਾਨਤਾ ਦੇ ਪ੍ਰਸ਼ੰਸਕ ਹਨ। ਇਸ ਦੇ ਮੁਕਾਬਲੇ ਹਿੰਦੂ ਮਿਥਿਹਾਸ ਨਾਲ ਸਬੰਧਤ ਸਾਖੀਆਂ ਦੀ ਗਿਣਤੀ ਕਿਤੇ ਵੱਧ ਹੈ। 'ਨਾਨਕ ਪ੍ਰਕਾਸ਼' ਵਿਚ ਸਿੱਖ ਧਰਮ ਅਪਨਾ ਲੈਣ 'ਤੇ ਵੀ ਮੁਸਲਮਾਨ ਨੂੰ ਹਿੰਦੂ ਦੇ ਮੁਕਾਬਲੇ ਨੀਵਾਂ ਚਿਤਰਿਆ ਗਿਆ ਹੈ। ਇਸੇ ਰਚਨਾ ਵਿਚ ਰਾਜਾ, ਵਪਾਰੀ, ਬ੍ਰਾਹਮਣ ਤੇ ਸਿੱਖ, ਸਮਾਜਕ ਹਸਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਭਾਵੇਂ ਸਮਾਜਕ ਹਕੀਕਤ ਨਹੀਂ, ਪਰ ਇਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਆਪਣੇ ਆਪ ਨੂੰ ਆਮ ਲੋਕਾਂ ਤੋਂ ਉਚਾ ਸਮਝਦੇ ਸਨ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਧਾਰਮਕ ਦਰਜਿਆਂ ਵਿਚ ਗੁਰੂ, ਗੁਰੂ ਬੰਸ, ਸਿੱਖ, ਬ੍ਰਾਹਮਣ ਤੇ ਮੰਗਤੇ ਦੱਸੇ ਗਏ ਹਨ। 'ਨਾਨਕ ਪ੍ਰਕਾਸ਼' ਵਿਚ ਪ੍ਰਾਪਤ ਸਮਾਜਕ ਇਤਿਹਾਸ ਬਾਰੇ ਜਾਣਕਾਰੀ ਤੋਂ ਜਾਪਦਾ ਹੈ ਕਿ 'ਭਾਈ ਸੰਤੋਖ ਸਿੰਘ ਦਾ ਸਮਾਜਕ ਜੀਵਨ ਦੀ ਗਤੀਸ਼ੀਲਤਾ ਨਾਲ ਬਹੁਤਾ ਸਬੰਧ ਨਹੀਂ ਹੈ। ਹਿੰਦੂਆਂ ਅਤੇ ਮੁਸਲਮਾਨਾਂ ਦੀ ਸਮਾਜਕ ਸਥਿਤੀ ਨੂੰ ਦੱਸਣ ਦਾ ਮੰਤਵ ਇਹ ਹੈ ਕਿ ਸਿੱਖ ਹਾਕਮ ਜਮਾਤ ਦੀ ਅਧੀਨਗੀ ਵਿਚ ਹੀ ਉਨ੍ਹਾਂ ਦੀ ਭਲਾਈ ਹੈ।'

ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਸਿੱਖ ਸਮਾਜ ਵਿਚ ਆਈ ਤਬਦੀਲੀ ਦਾ ਪਤਾ ਤਤਕਾਲੀ ਸਾਹਿਤ ਵਿਚ ਵੇਖਿਆ ਜਾ ਸਕਦਾ ਹੈ। 'ਨਾਨਕ ਪ੍ਰਕਾਸ਼' ਵਿਚ ਕਈ ਸਮਾਜਕ-ਆਰਥਕ ਸਮੂਹਾਂ ਦਾ ਜ਼ਿਕਰ ਹੈ ਜਿਨ੍ਹਾਂ ਵਿਚ ਸਰਦਾਰ ਜਿਮੀਦਾਰ ਅਤੇ ਵਪਾਰੀ ਸਨ। ਅਮੀਰ ਸਿੱਖਾਂ ਦੇ ਦਰਵਾਜ਼ਿਆਂ ਉਤੇ ਗਰੀਬ ਸਿੱਖ ਵੀ ਸਨ। ਸਿੱਖ ਸਮਾਜ ਸਮਤਲ-ਦਾਅ ਵਿਚ ਵੰਡਿਆ ਹੋਇਆ ਸੀ, ਜਿਵੇਂ ਗਿਆਨੀ, ਪਾਠੀ, ਮੇਵੜੇ ਤੇ ਸੰਤ ਆਦਿ। ਇਸ ਸਮੇਂ ਬੈਰਾਗੀ, ਸੰਨਿਆਸੀ, ਉਦਾਸੀ, ਤਪੀ ਤੇ ਦਿਗੰਬਰੀ ਸਿੱਖ ਸਮਾਜ ਦਾ ਹਿੱਸਾ ਬਣੇ ਗਏ ਸਨ ਜਿਵੇਂ ਗੁਰਦੁਆਰੇ ਦੇ ਪ੍ਰਸੰਗ ਵਿਚ ਉਨ੍ਹਾਂ ਦਾ ਜ਼ਿਕਰ ਮਿਲਦਾ ਹੈ। ਆਮ ਲੋਕਾਂ ਪ੍ਰਤੀ ਹਾਕਮਾਂ ਦਾ ਰਵੱਈਆ ਵੀ ਬਦਲ ਗਿਆ ਸੀ। 'ਗੁਰਬਿਲਾਸ ਪਾਤਸ਼ਾਹੀ 10' (ਕੋਇਰ ਸਿੰਘ) ਵਿਚ ਲੋਕਾਂ ਪ੍ਰਤੀ ਕੋਈ ਬਹੁਤੀ ਹਮਦਰਦੀ ਨਜ਼ਰ ਨਹੀਂ ਆਉਂਦੀ। ਸਰਕਾਰੀ ਅਮਲੇ ਨੂੰ ਸੁਝਾਉ ਦਿੱਤਾ ਗਿਆ ਹੈ ਕਿ ਉਹ ਆਮ ਲੋਕਾਂ ਨਾਲ ਭਿੱਜਣ।

'ਗੁਰਬਿਲਾਸ ਪਾਤਸ਼ਾਹੀ 10' ਵਿਚ ਮੁਸਲਮਾਨਾਂ ਪ੍ਰਤੀ ਸੁਲ੍ਹਾ ਦਾ ਰਵੱਈਆ ਵੇਖਣ ਨੂੰ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਦੀ ਕਾਜ਼ੀਆਂ ਨਾਲ ਚਰਚਾ ਹੁੰਦੀ ਹੈ ਕਿ ਸਿੱਖ ਧਰਮ ਅਤੇ ਇਸਲਾਮ ਵਿਚ ਬਹੁਤਾ ਅੰਤਰ ਨਹੀਂ ਹੈ, ਜਿਸ ਕਰ ਕੇ ਮੁਸਲਮਾਨਾਂ ਲਈ ਇਸਲਾਮ ਹੀ ਠੀਕ ਹੈ। ਦੂਜੇ ਪਾਸੇ ਮੁਸਲਮਾਨਾਂ ਨੇ ਵੀ ਨਵੀਂ ਸਮਾਜਕ ਸਥਿਤੀ ਨੂੰ ਸਵੀਕਾਰ ਕਰ ਲਿਆ ਹੈ।

'ਕਿੱਸਾ ਪੂਰਨ ਭਗਤ' ਵਿਚ ਕਾਦਰ ਯਾਰ ਹੋਣੀ ਉਤੇ ਬਲ ਦਿੰਦਿਆਂ ਇਹ ਕਹਿਣਾ ਚਾਹੁੰਦਾ ਹੈ ਕਿ ਪਰਿਵਰਤਨ ਮਨੁੱਖੀ ਕੋਸ਼ਿਸ਼ ਦਾ ਨਤੀਜਾ ਨਹੀਂ ਹੈ। ਇਸੇ ਲਈ ਕਿੱਸੇ ਵਿਚ ਨਿਸ਼ਕ੍ਰਿਅਤਾ ਦਾ ਤੱਤ ਸਿੱਖ ਰਾਜ ਦੀ ਜਾਇਜ਼ਕਾਰੀ ਵੱਲ ਸੰਕੇਤ ਕਰਦਾ ਹੈ। ਇਸੇ ਤਰ੍ਹਾਂ ਇਸ ਸਮੇਂ ਦੇ ਸਾਰੇ ਸਿੱਖ ਗ੍ਰੰਥਾਂ ਵਿਚ ਹਿੰਦੂ ਧਰਮ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਗੁਰੂਆਂ ਨੂੰ ਵਿਸ਼ਣੂੰ ਦੇ ਅਵਤਾਰ ਦੇ ਰੂਪ ਵਿਚ ਚਿਤਰਿਆ ਗਿਆ ਹੈ। ਸਿੱਖ ਧਰਮ ਅਪਨਾਉਣ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ ਸੀ। 'ਗੁਰਬਿਲਾਸ ਪਾਤਿਸ਼ਾਹੀ 10' ਵਿਚ ਤਾਂ ਸਪਸ਼ਟ ਜ਼ਿਕਰ ਮਿਲਦਾ ਹੈ, "ਹਮ ਕੋ ਹਮਰੋ ਖੂਬ ਹੈ, ਤੁਮ ਕੋ ਤੁਮਰਾ ਜਾਨ।"

ਸਿੱਖ ਸਮਾਜ ਵਿਚ ਸਿਆਸੀ ਸੱਤਾ ਵਿਚ ਵੱਡੀ ਭਾਗੀਦਾਰੀ ਕਰ ਕੇ ਜੱਟਾਂ ਦੀ ਚੜ੍ਹਤ ਸੀ। 'ਨਾਨਕ ਪ੍ਰਕਾਸ਼' ਵਿਚ ਗੁਰੂ ਨਾਨਕ ਦੇ ਜੀਵਨ ਬਾਰੇ ਸਾਖੀਆਂ ਜਿਥੇ ਭਾਈ ਬਾਲਾ ਗੁਰੂ ਅੰਗਦ ਨੂੰ ਸੁਣਾਉਂਦਾ ਹੈ, ਉਥੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਬਾਕੀ ਗੁਰੂਆਂ ਬਾਰੇ ਜਾਣਕਾਰੀ ਰਾਮਕੁਇਰ ਵਲੋਂ ਦਿੱਤੀ ਗਈ ਹੈ, ਜੋ ਜੱਟ ਸਨ। 'ਗੁਰਬਿਲਾਸ ਪਾਤਿਸ਼ਾਹੀ 10' ਅਨੁਸਾਰ "ਦਾਨਵ ਨਾਸ ਕਪਿਨ ਤੇ ਕੀਨਾ। ਤਿਮ ਗੁਰ ਰਾਜ ਜਟ ਕੋ ਦੀਨਾ।" ਧਾਰਮਕ ਖੇਤਰ ਵਿਚ ਗੁਰੂ ਦੇ ਬੰਸ ਵਾਲੇ, ਉਦਾਸੀ ਤੇ ਸਿੱਖ ਸੰਤਾਂ ਦਾ ਸਨਮਾਨਯੋਗ ਸਥਾਨ ਸੀ। ਇਸੇ ਕਰ ਕੇ ਮਹਾਰਾਜੇ ਵੱਲੋਂ ਸਿੱਖਾਂ ਨੂੰ ਦਿੱਤੀ ਜਾਣ ਵਾਲੀ ਧਰਮਾਰਥ ਗ੍ਰਾਂਟ ਦਾ ਵੱਡਾ ਹਿੱਸਾ ਬੇਦੀਆਂ ਨੂੰ ਮਿਲਦਾ ਸੀ। ਉਸ ਤੋਂ ਬਾਅਦ ਕ੍ਰਮਵਾਰ ਸੋਢੀ ਤੇ ਉਦਾਸੀ ਆਉਂਦੇ ਸਨ। ਉਦਾਸੀ ਉਹ ਧਾਰਮਕ ਫਿਰਕਾ ਸੀ ਜਿਸ ਨੂੰ ਸਰਕਾਰ ਵੱਲੋਂ ਗ੍ਰਾਂਟ ਦਾ ਸਭ ਤੋਂ ਵੱਡਾ ਹਿੱਸਾ ਮਿਲਦਾ ਸੀ।

ਇਸ ਸਮੇਂ ਦੇ ਸਾਹਿਤ ਵਿਚ ਵੇਦਾਂਤਕ ਵਿਚਾਰਾਂ ਦਾ ਪ੍ਰਭਾਵ ਵਧਦਾ ਨਜ਼ਰ ਆਉਂਦਾ ਹੈ। ਜਿਥੇ ਪਹਿਲਾਂ ਵੇਦਾਂਤ ਸਬੰਧੀ ਸਾਹਿਤ ਲਿਖਿਆ ਜਾਂਦਾ ਸੀ, ਉਥੇ ਹੁਣ ਸਿੱਖ ਸਾਹਿਤ ਵਿਚ ਵੇਦਾਂਤ ਦੇ ਵਿਚਾਰਾਂ ਦੇ ਵਧਦੇ ਪ੍ਰਭਾਵ ਨੂੰ ਵੇਖਿਆ ਜਾ ਸਕਦਾ ਸੀ। 'ਨਾਨਕ ਪ੍ਰਕਾਸ਼' ਵਿਚ ਇਕ ਅਧਿਆਇ ਵੇਦਾਂਤ ਦੇ ਵਿਚਾਰਾਂ ਨੂੰ ਗੁਰੂ ਨਾਨਕ ਵੱਲੋਂ ਭਾਈ ਲਹਿਣਾ ਨੂੰ ਗੁਰਗੱਦੀ ਦੇਣ ਤੋਂ ਪਹਿਲਾਂ ਦਿੱਤੀ ਗਈ ਸਿੱਖਿਆ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਵੇਦਾਂਤ ਤੋਂ ਇਲਾਵਾ ਸਿੱਖ ਸਾਹਿਤ ਵਿਚ ਹੰਦਾਲੀ ਵਿਚਾਰਾਂ ਦੇ ਪ੍ਰਭਾਵ ਨੂੰ ਵੀ ਵੇਖਿਆ ਜਾ ਸਕਦਾ ਹੈ। ਇਹ ਦੋਵੇਂ ਸਿਧਾਂਤਾਂ ਦਾ ਸਾਂਝਾ ਆਧਾਰ ਹੈ। ਜਿਥੇ ਵੇਦਾਂਤ ਵਿਚ ਸਮਾਨਤਾ ਦਾ ਵਿਚਾਰ ਮਾਇਆ ਦਾ ਕਲਪ-ਲੋਕ ਹੈ, ਉਥੇ ਹੰਦਾਲੀ ਵਿਚਾਰਾਂ ਵਿਚ ਅਸਮਾਨਤਾ ਨੂੰ ਨਾ ਕੇਵਲ ਸਵੀਕਾਰ ਕੀਤਾ ਗਿਆ ਹੈ, ਸਗੋਂ ਹੰਦਾਲੀਆਂ ਦਾ ਸਰਕਾਰ ਪ੍ਰਤੀ ਰਵੱਈਆ ਦੁਬਿਧਾਪੂਰਨ ਹੈ। ਵੇਦਾਂਤ ਦਾ ਸਮਾਜਕ ਵਰਤਾਰੇ ਵਿਚ ਵਿਸ਼ਵਾਸ ਨਹੀਂ ਹੈ। ਇਹ ਦੋਵੇਂ ਸਿਆਸੀ ਤੇ ਸਮਾਜਕ ਖੇਤਰ ਵਿਚ ਯਥਾ-ਸਥਿਤੀ ਦੇ ਪੱਖ ਵਿਚ ਹਨ। ਇਹ ਪ੍ਰਭਾਵ ਨਿਜੀ ਦਿਲਚਸਪੀ ਦਾ ਸਿੱਟਾ ਨਹੀਂ ਹੈ, ਸਗੋਂ ਇਸ ਪਿੱਛੇ ਉਸ ਸਮੇਂ ਦੇ ਹਾਲਾਤ ਸਨ। ਇਹੀ ਕਾਰਨ ਹੈ ਕਿ ਇਸ ਸਮੇਂ ਦੇ ਸਿੱਖ ਧਾਰਮਕ ਸਾਹਿਤ ਵਿਚ ਨਾ ਤਾਂ ਬਾਬਾ ਨਾਨਕ ਦੀ ਸਰਬ-ਸ਼ਕਤੀਮਾਨਤਾ ਕੋਈ ਸਮੱਸਿਆਕਾਰ ਹੈ ਤੇ ਨਾ ਹੀ ਸਿੱਖ ਧਰਮ ਦੀ ਸ੍ਰੇਸ਼ਟਤਾ ਨੂੰ ਸਿਧਾਂਤਕ ਵਿਆਖਿਆ ਦੀ ਲੋੜ ਨਜ਼ਰ ਆਉਂਦੀ ਹੈ। ਨਤੀਜੇ ਵਜੋਂ, ਇਸ ਸਮੇਂ ਦੇ ਸਾਹਿਤ ਵਿਚ ਸਿੱਖ ਸਾਹਿਤ ਦਾ ਜੋ ਬਿੰਬ ਉਭਰਦਾ ਹੈ, ਉਹ ਗਤੀਸ਼ੀਲ ਧਾਰਮਕ ਸ਼ਰਧਾ ਦੀ ਥਾਂ ਕੇਵਲ ਮੰਨਤਾ ਪ੍ਰਾਪਤ ਕਰਨ ਦੇ ਸਾਧਨ ਦਾ ਹੈ। ਐਸੀ ਸਥਿਤੀ ਵਿਚ ਸਾਹਿਤ ਦੀ ਕਲਾਤਮਕਤਾ ਉਤੇ ਅਸਰ ਪੈਣਾ ਸੁਭਾਵਕ ਸੀ। ਇਹੀ ਕਾਰਨ ਹੈ ਕਿ ਗੁਰਬਿਲਾਸ ਸਾਹਿਤ-ਰੂਪ ਕਲਾਤਮਕ ਕਲਪਨਾਸ਼ੀਲਤਾ ਤੋਂ ਸੱਖਣਾ ਤੇ ਵਿਗਠਨਮੁਖੀ ਹੋ ਗਿਆ ਸੀ। ਨਾ ਤਾਂ 'ਨਾਨਕ ਪ੍ਰਕਾਸ਼' ਅਤੇ ਨਾ ਹੀ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਵਿਚ ਅਜਿਹੀ ਇਕ ਵੀ ਸਾਖੀ ਮਿਲਦੀ ਹੈ ਜੋ ਕਲਾਤਮਕ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਵਾਲੀ ਹੋਵੇ। ਨਾ ਹੀ ਇਸ ਕਾਲ ਦੇ ਪੰਜਾਬੀ ਸਾਹਿਤ ਵਿਚ ਕੋਈ ਨਵੇਂ ਸਾਹਿਤਕ ਰੂਪ ਦਾ ਵੀ ਉਦਭਵ ਹੁੰਦਾ ਹੈ।

---

## ਡਾ. ਸਮਰਾਓ ਦਾ ਲੇਖ ਅਤੇ ਸਿੱਖੀ ਦਾ ਸੰਕਲਪ

*(ਪਿਛਲੇ ਸਫੇ ਦੀ ਬਾਕੀ)*

ਗਿਆ। ਸਿੱਖਾਂ ਨੂੰ ਇਸ ਤਰ੍ਹਾਂ ਤਿਆਰ ਕਰ ਲਿਆ ਕਿ ਉਹ ਕੰਮ ਤਾਂ ਕਰਨ, ਪਰ ਸੋਚਣ ਨਾ (ਚੀਨ ਵਿਚ ਵੀ 30ਵਿਆਂ ਦੌਰਾਨ ਸਕੂਲਾਂ ਵਿਚ ਸਮਾਜ ਵਿਗਿਆਨ ਵਾਲੇ ਵਿਸ਼ੇ ਨਹੀਂ ਸੀ ਪੜ੍ਹਾਏ ਜਾਂਦੇ ਤਾਂ ਕਿ ਜਾਗਰੂਕਤਾ ਨਾ ਫੈਲ ਸਕੇ)।

ਡਾ. ਸਮਰਾਓ ਨੇ 'ਇਕ ਓਂਕਾਰ' (ੴ) ਬਾਰੇ ਵੀ ਚਰਚਾ ਛੇੜੀ ਹੈ। ਅਫਸੋਸ ਕਿ ਸਾਰੇ ਸਿੱਖ ਸਾਹਿਤ ਵਿਚ ਇਸ ਦਾ ਅਨੁਵਾਦ 'ਰੱਬ ਇਕ ਹੈ' ਕੀਤਾ ਗਿਆ ਹੈ ਜੋ ਇਸਾਈਅਤ ਦਾ ਸੰਕਲਪ ਹੈ। ਅਸਲ ਵਿਚ, ਇਕ ਦਾ ਭਾਵ ਇਕ ਨਹੀਂ ਸਗੋਂ ਅਨੋਖਾ, ਅਦੁੱਤੀ ਤੇ ਨਿਵੇਕਲਾ ਹੈ। ਗੁਰਬਾਣੀ ਵਿਚ ਕਈ ਥਾਂਈਂ, ਇਥੋਂ ਤੱਕ ਕਿ ਭਗਤ ਕਬੀਰ ਦੀਆਂ ਰਚਨਾਵਾਂ ਵਿਚ ਵੀ ਜ਼ੋਰ 'ਅਦਵੈਤਵਾਦ' ਉਤੇ ਦਿੱਤਾ ਗਿਆ ਹੈ, ਪਰ ਅਦੁੱਤੀ ਦਾ ਹਰ ਥਾਂ 'ਇਕ' ਵਜੋਂ ਅਨੁਵਾਦ ਕੀਤਾ ਗਿਆ ਹੈ। ਇਸੇ ਤਰ੍ਹਾਂ 'ਓਂਕਾਰ' ਹੈ। ਇਹ ਓਮ ਅਤੇ ਆਕਾਰ ਦਾ ਸੁਮੇਲ ਹੈ; ਭਾਵ ਇਹ 'ਓਮ ਦਾ ਆਕਾਰ' ਹੈ। ਜੇ 'ਰੱਬ ਇਕ ਹੈ' ਵਾਲਾ ਅਨੁਵਾਦ ਪੜਤਾਲੀਏ, ਤਾਂ 'ਓਮ ਦਾ ਆਕਾਰ' ਦਾ ਮਤਲਬ ਬਣੇਗਾ 'ਰੱਬ' ਜਿਹੜਾ ਹਿੰਦੂ ਮਿਥਿਹਾਸ ਮੁਤਾਬਕ ਵੀ ਠੀਕ ਨਹੀਂ ਹੈ। ਓਮ ਦਾ ਅਰਥ ਅਨੰਤ, ਪਵਿੱਤਰ, ਬ੍ਰਹਿਮੰਡ ਹੈ ਅਤੇ ਗੁਰੂ ਨਾਨਕ ਜੋ ਕਹਿੰਦੇ ਹਨ, ਉਹ ਇਹ ਹੈ ਕਿ ਬ੍ਰਹਿਮੰਡ ਦਾ ਆਕਾਰ ਅਦੁੱਤੀ ਹੈ, ਨਿਰਾਲਾ ਹੈ। ਇਹ ਰੱਬ ਦੇ ਇਸਾਈਅਤ ਵਾਲੇ ਸੰਕਲਪ ਵਾਂਗ ਨਹੀਂ ਹੈ ਕਿ 'ਅਕਾਸ਼ ਵਿਚ ਚਾਨਣ'।

ਇਸ ਮਸਲੇ 'ਤੇ ਮੈਂ ਹੋਰ ਵੀ ਬੜਾ ਕੁਝ ਕਹਿਣਾ ਚਾਹੁੰਦਾ ਹਾਂ, ਪਰ ਹੁਣ ਆਪਣੀ ਗੱਲ ਖਤਮ ਕਰਨ ਤੋਂ ਪਹਿਲਾਂ ਤੁਹਾਡਾ ਅਤੇ ਡਾ. ਸਮਰਾਓ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਹ ਵਿਲੱਖਣ ਅਤੇ ਵਿਦਵਤਾ ਭਰਪੂਰ ਲੇਖ ਛਾਪਿਆ। ਹੋ ਸਕਦਾ ਹੈ ਕਿ ਮਾਰਟਿਨ ਲੂਥਰ ਵਰਗਾ ਕੋਈ ਸਿੱਖ ਭਵਿੱਖ ਵਿਚ ਆਵੇ ਅਤੇ ਸਭ ਕੁਝ ਠੀਕ ਦਿਸ਼ਾ ਵਿਚ ਲੈ ਜਾਵੇ।

***-ਐਚ. ਐਸ. ਪੁਰੀ, ਪੀਐਚ.ਡੀ***

*E-mail: harspuri@yahoo.com*

---

## ਜਪੁਜੀ ਸਾਹਿਬ ਦਾ ਵਿਗਿਆਨਕ ਸੱਚ

**ਸੰਪਾਦਕ ਜੀਓ,**

ਮੈਂ ਤੁਹਾਡੇ ਪਰਚੇ 'ਪੰਜਾਬ ਟਾਈਮਜ਼' ਦਾ ਪੱਕਾ ਪਾਠਕ ਹਾਂ ਤੇ ਸਾਲਾਂ ਤੋਂ ਇਸ ਨੂੰ ਦਿਲਚਸਪੀ ਨਾਲ ਪੜ੍ਹਦਾ ਆ ਰਿਹਾ ਹਾਂ। ਮੈਂ ਆਪਣੀ ਸੋਝੀ ਅਨੁਸਾਰ ਤੁਹਾਡੇ ਤੇ ਤੁਹਾਡੇ ਪਰਚੇ ਦੇ ਸਦਕੇ ਜਾਂਦਾ ਹਾਂ। ਜੋ ਨਰੋਈ ਸਾਹਿਤਕ ਸਮਗਰੀ 'ਪੰਜਾਬ ਟਾਈਮਜ਼' 'ਚ ਪੜ੍ਹਨ ਨੂੰ ਮਿਲਦੀ ਹੈ, ਉਹ ਅਮਰੀਕਾ 'ਚ ਛਪਦੇ ਹੋਰ ਕਿਸੇ ਪੰਜਾਬੀ ਅਖਬਾਰ ਵਿਚ ਨਹੀਂ ਮਿਲਦੀ।

ਇਸ ਪਰਚੇ ਵਿਚ ਕੁਝ ਹਫਤਿਆਂ ਤੋਂ ਛਪਦਾ ਆ ਰਿਹਾ ਡਾ. ਗੋਬਿੰਦਰ ਸਿੰਘ ਸਮਰਾਓ ਦਾ ਲੜੀਵਾਰ ਲੇਖ 'ਜਪੁਜੀ ਦਾ ਰੱਬ' ਅੱਖਾਂ ਖੋਲ੍ਹਣ ਵਾਲਾ ਹੈ। ਜਪੁਜੀ ਸਾਹਿਬ ਅਸੀਂ ਪੜ੍ਹਦੇ ਤਾਂ ਹਰ ਰੋਜ਼ ਹਾਂ ਪਰ ਇੰਨੇ ਵੇਰਵੇ ਨਾਲ ਡੂੰਘਾਈ ਵਿਚ ਜਾ ਕੇ ਕਦੇ ਨਹੀਂ ਵੇਖਦੇ। ਬੋਲ ਚਾਲ ਵਿਚ ਤਾਂ ਹਰੇਕ ਸਿੱਖ ਗੁਰਬਾਣੀ ਨੂੰ ਸਾਇੰਟਿਫਿਕ ਕਹਿੰਦਾ ਹੈ ਪਰ ਇਨ੍ਹਾਂ ਲੇਖਾਂ ਤੋਂ ਪਹਿਲੀ ਵਾਰ ਭਾਸ ਰਿਹਾ ਹੈ ਕਿ ਇਸ ਦੀ ਤਾਂ ਬੁਨਿਆਦ ਹੀ ਸਾਇੰਸ 'ਤੇ ਟਿਕੀ ਹੋਈ ਹੈ। ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਗੁਰੂ ਜੀ ਸੱਚ ਦੇ ਜਗਿਆਸੂ ਸਨ। ਝੂਠ ਨੂੰ ਤਾਂ ਉਨ੍ਹਾਂ ਨੇ ਹਰ ਥਾਂ ਨਕਾਰਿਆ ਹੈ, ਪਰ ਸੱਚ ਜਾਣਨ ਲਈ ਉਨ੍ਹਾਂ ਨੇ ਵਿਗਿਆਨਕ ਵਿਧੀ ਵਰਤਣ 'ਤੇ ਜ਼ੋਰ ਦਿੱਤਾ, ਇਹ ਇਨ੍ਹਾਂ ਲੇਖਾਂ ਤੋਂ ਪਤਾ ਚਲਦਾ ਹੈ। ਗੁਰੂ ਸਾਹਿਬ ਨੇ ਸਮੇਂ ਦੀਆਂ ਕੁਰੀਤੀਆਂ ਤੇ ਪਖੰਡਾਂ ਦਾ ਖੰਡਨ ਵੀ ਇਸੇ ਗੱਲ ਕਰਕੇ ਕੀਤਾ। ਸਭ ਸਿੱਖਾਂ ਲਈ ਇਹ ਮਾਣ ਦੀ ਗੱਲ ਹੈ ਕਿ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੱਕ ਸੱਚ ਤੇ ਵਿਗਿਆਨ ਦੀ ਗੁੜ੍ਹਤੀ ਦਿੱਤੀ ਹੈ। ਇਸ ਤੋਂ ਵੀ ਵੱਡੇ ਮਾਣ ਦੀ ਗੱਲ ਹੈ ਕਿ ਬਾਣੀ ਵਿਗਿਆਨ ਦੇ ਅੰਗ-ਸੰਗ ਹੈ ਤੇ ਵਿਗਿਆਨ ਬਾਣੀ ਦਾ ਪੱਲਾ ਫੜ੍ਹੀ ਆ ਰਿਹਾ ਹੈ। ਇਸ ਵਿਗਿਆਨਕਤਾ ਕਾਰਨ ਹੀ ਇਸ ਨੂੰ ਅਮਰ ਬਾਣੀ ਕਹਿੰਦੇ ਹਨ। ਇਸ ਦੀ ਆਭਾ ਰਹਿੰਦੀ ਦੁਨੀਆਂ ਤੀਕ ਇਵੇਂ ਹੀ ਚਮਕਦੀ ਰਹੇਗੀ। ਡਾ. ਸਮਰਾਓ ਦੀ ਵਿਆਖਿਆ ਨੇ 'ੴ ਸਤਿ ਨਾਮ' ਨੂੰ ਸੰਸਾਰ ਪੱਧਰੀ ਅਰਥ ਦਿੱਤੇ ਹਨ ਜੋ ਸਿੱਖੀ ਨੂੰ ਦੁਨੀਆਂ ਭਰ ਵਿਚ ਇਕ ਨਵੀਂ ਤੇ ਸਿਖਰਲੀ ਪਛਾਣ ਦੇ ਸਕਦੇ ਹਨ।

ਪਰ ਧੰਨ ਹਨ, ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਜਪੁਜੀ ਸਾਹਿਬ ਦਾ ਇਹ ਰਾਜ਼ ਸਮਝ ਕੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੀ ਥਾਂ ਬਖਸ਼ੀ। ਇਸੇ ਮਹਾਨਤਾ ਨੂੰ ਮੁੱਖ ਰੱਖ ਜਿਨ੍ਹਾਂ ਨੇ 'ਸਿੱਖਾਂ ਦਾ ਮਨ ਨੀਵਾਂ ਮੱਤ ਉਚੀ' ਵਾਲੀ ਗੱਲ ਆਖੀ, ਉਹ ਵੀ ਧੰਨ ਹਨ।

ਆਸ ਰੱਖਦਾ ਹਾਂ ਇਹ ਲੇਖ ਲੜੀ ਹੋਰ ਨਵੇਂ ਵਿਚਾਰ ਲੈ ਕੇ ਸਾਹਮਣੇ ਆਵੇਗੀ ਜੋ ਸਿੱਖੀ ਸ਼ਾਖ ਲਈ ਮਾਣ ਮੱਤੇ ਹੋਣਗੇ। ਧੰਨਵਾਦ।

***-ਜਗੀਰ ਸਿੰਘ ਢੇਸੀ, ਫਰਿਜ਼ਨੋ***

*stoicman79@gmail.com*

ਕਹਾਣੀ

# ਸੁੰਨੀਆਂ ਟਾਹਣਾਂ ਦਾ ਹਉਕਾ

***ਪਿਛਲੇ ਦਿਨੀਂ ਇਸ ਸੰਸਾਰ ਤੋਂ ਤੁਰ ਗਏ ਉਘੇ ਕਹਾਣੀਕਾਰ ਗੁਰਪਾਲ ਸਿੰਘ ਲਿੱਟ ਨੇ ਰਿਸ਼ਤਿਆਂ ਬਾਰੇ ਬੜੀਆਂ ਯਾਦਗਾਰੀ ਕਹਾਣੀਆਂ ਲਿਖੀਆਂ ਹਨ। 'ਸੁੰਨੀਆਂ ਟਾਹਣਾਂ ਦਾ ਹਉਕਾ' ਕਹਾਣੀ ਦਾ ਬਿਰਤਾਂਤ ਭਾਵੇਂ ਬਹੁਤ ਸਾਧਾਰਨ ਅਤੇ ਸਰਲ ਜਿਹਾ ਜਾਪਦਾ ਹੈ, ਪਰ ਇਕੱਲ ਦੀ ਮਾਰ ਝੱਲ ਰਹੇ ਬਜ਼ੁਰਗਾਂ ਦੀ ਬਾਤ ਸੁਣਾਉਂਦਿਆਂ ਲੇਖਕ ਨੇ ਸੱਚਮੁੱਚ ਹਉਕਿਆਂ ਵਾਲੇ ਜੀਵਨ ਦਾ ਨਕਸ਼ਾ ਖਿੱਚ ਛੱਡਿਆ ਹੈ। ਲਗਦਾ ਹੈ, ਜਿਵੇਂ ਇਨ੍ਹਾਂ ਹਉਕਿਆਂ ਅੰਦਰ ਬੇਵਸੀ ਪੱਕੀ ਹੀ ਸਮਾ ਗਈ ਹੋਵੇ। -ਸੰਪਾਦਕ***

ਅਹੁ ਜਿਹੜਾ ਮਕਾਨ ਹੈ ਨਾ, ਉਹੀ ਰਾਹ ਉਪਰਲਾ। ਹਾਂ, ਹਾਂ ਲੋਹੇ ਦੀਆਂ ਪੱਤੀਆਂ ਦੇ ਗੇਟ ਵਾਲਾ ਹੀ। ਇਹ ਉਸੇ ਵਿਚਲੀ ਕਹਾਣੀ ਹੈ। ਗੇਟ ਬੰਦ ਹੈ। ਬੰਦ ਹੀ ਰਹਿੰਦਾ ਹੈ। ਸਾਲਾਂ ਤੋਂ। ਹੁਣ ਤਾਂ ਉਸ ਦੀਆਂ ਪੱਤੀਆਂ ਵੀ ਜੰਗਾਲੀਆਂ ਗਈਆਂ ਨੇ। ਜੇ ਦੋਹਾਂ ਪੱਲਿਆਂ ਨੂੰ ਧੱਕ ਕੇ ਖੋਲ੍ਹਣਾ ਚਾਹੋ ਤਾਂ ਵੀ ਬੜੀ ਔਖ ਨਾਲ ਖੁੱਲ੍ਹੇਗਾ। ਇੰਨੇ ਵਰ੍ਹਿਆਂ ਤੋਂ ਕਿਸੇ ਨੇ ਖੋਲ੍ਹਿਆ ਹੀ ਨਹੀਂ ਨਾ। ਆਹ ਰਸਤੇ ਦੇ ਨਾਲ ਨਾਲ ਜਿਹੜੀ ਦੀਵਾਰ ਬਣੀ ਹੋਈ ਹੈ, ਇਸ ਦੇ ਸਿਰੇ ਉਤੇ ਰਾਹ ਹੈ, ਅੰਦਰ ਜਾਣ ਲਈ। ਵਿਹੜਾ ਵੇਖ ਰਹੇ ਹੋ? ਕਿੱਡਾ ਵੱਡਾ ਵਿਹੜਾ ਹੈ। ਸਾਹਮਣੀ ਕੰਧ ਨਾਲ ਦੀ ਖੁਰਲੀ, ਹੁਣ ਤਾਂ ਅਧੀ ਢਹਿ ਗਈ ਹੈ, ਉਸ ਵਿਚ ਸੁੱਕੇ ਪੱਤੇ ਪਏ ਨੇ, ਬਸ।



ਗੁਰਪਾਲ ਸਿੰਘ ਲਿੱਟ

ਲੱਗ ਨਹੀਂ ਰਿਹਾ ਕਿ ਕਦੀ ਇਥੇ ਦਸ-ਪੰਦਰਾਂ ਡੰਗਰ ਬੰਨ੍ਹੇ ਜਾਂਦੇ ਹੋਣਗੇ? ਹੁਣ ਕਿਵੇਂ ਸੁੰਨੀ ਪਈ ਹੈ, ਵਿਧਵਾ ਦੀ ਮਾਂਗ ਵਾਂਗ। ਵਿਹੜਾ ਹੀ ਕਿਵੇਂ ਸੁੰਨਾ ਸੁੰਨਾ ਹੈ, ਇਕਦਮ ਵੀਰਾਨ। ਜਿੱਡਾ ਵੱਡਾ ਵਿਹੜਾ ਹੈ, ਉਨੀ ਹੀ ਡੂੰਘੀ ਚੁੱਪ।

ਕਦੀ ਇਹ ਵਿਹੜਾ ਵੀ ਧੜਕਦਾ ਸੀ। ਚਹਿਲ-ਪਹਿਲ, ਹੱਸਣਾ-ਰੁੱਸਣਾ, ਸ਼ਹਿਨਾਈਆਂ, ਬੱਚਿਆਂ ਦੀਆਂ ਕਿਲਕਾਰੀਆਂ, ਉਚੀ ਹਾਕਾਂ ਮਾਰ ਕੇ ਇਕ ਦੂਜੇ ਨੂੰ ਬੁਲਾਉਣਾ-ਸਭ ਕੁਝ ਹੀ ਸੀ।

ਹੁਣ ਤਾਂ ਉਹ ਸਭ ਕੁਝ 'ਉਨ੍ਹਾਂ ਦੋਵਾਂ' ਦੇ ਚੇਤਿਆਂ ਵਿਚ ਹੀ ਬਾਕੀ ਰਹਿ ਗਿਆ ਹੈ ਬੱਸ।

ਉਨ੍ਹਾਂ ਦੋਵਾਂ ਦੇ? ਹਾਂ, ਉਨ੍ਹਾਂ ਦੋਵਾਂ ਵਿਚੋਂ ਕੋਈ ਵੀ ਨਹੀਂ ਦਿਸ ਰਿਹਾ। ਅਜੇ ਹਨੇਰਾ ਇੰਨਾ ਸੰਘਣਾ ਤਾਂ ਨਹੀਂ ਹੋਇਆ ਕਿ ਵਿਹੜੇ ਵਿਚ ਘੁੰਮ-ਫਿਰ ਰਿਹਾ ਬੰਦਾ ਦਿਸੇ ਵੀ ਨਾ। ਏਡੀ ਕੋਠੀ ਦੇ ਸਿਰਫ ਇਕ ਕਮਰੇ ਵਿਚ ਰੌਸ਼ਨੀ ਹੈ ਜਾਂ ਰਸੋਈ ਵਿਚ। ਉਥੇ ਹੀ ਹੋਣਗੇ ਦੋਵੇਂ। ਹੋ ਸਕਦਾ ਹੈ ਦੋਵੇਂ ਰਸੋਈ ਵਿਚ ਹੋਣ ਜਾਂ ਫਿਰ ਕਮਰੇ ਵਿਚ। ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਵਿਚੋਂ ਇਕ ਕਮਰੇ ਵਿਚ ਹੋਵੇ, ਦੂਜਾ ਰਸੋਈ ਵਿਚ।

ਰਸੋਈ ਦੀ ਬੱਤੀ ਬੁਝੀ ਹੈ। ਸ਼ਾਇਦ ਹੁਣ ਕੋਈ ਬਾਹਰ ਆਵੇ। ਵੇਖਿਆ, ਅੰਦਾਜ਼ਾ ਕਿੰਨਾ ਠੀਕ ਨਿਕਲਿਆ। ਅਹੁ ਜਿਹੜੀ ਝੁਕੀ ਝੁਕੀ ਜਿਹੀ ਬਿਰਧ ਮਾਈ ਸਾਗ ਦੀ ਟੋਕਰੀ ਚੁੱਕੀ ਰਸੋਈ ਵਿਚੋਂ ਨਿਕਲ ਕੇ ਕਮਰੇ ਵੱਲ ਵਧ ਰਹੀ ਹੈ, ਉਹ 'ਅੰਮੀ' ਨੇ, ਕਹਾਣੀ ਦੇ ਇਕ ਪਾਤਰ। 'ਆਪਾ' ਕਹਾਣੀ ਦੇ ਦੂਜੇ ਪਾਤਰ, ਸ਼ਾਇਦ ਕਮਰੇ 'ਚ ਹੋਣ।

ਵਧਦੀ ਉਮਰ ਨੇ ਅੰਮੀ ਨੂੰ ਕਿਵੇਂ ਝੁਕ ਕੇ ਤੁਰਨ ਲਈ ਮਜਬੂਰ ਕਰ ਦਿੱਤਾ ਹੈ। ਸ਼ਾਇਦ ਸਾਗ ਦੀ ਟੋਕਰੀ ਦੇ ਬੋਝ ਦਾ ਵੀ ਅਸਰ ਹੈ। ਟੋਕਰੀ ਉਤੋਂ ਤੱਕ ਭਰੀ ਹੋਣ ਵਿਚ ਵੀ ਭੇਤ ਛੁਪਿਆ ਹੈ। ਭੇਤ ਦੀ ਇਕ ਹੋਰ ਗੱਲ ਦੱਸਾਂ? ਥੋੜ੍ਹਾ ਨੇੜੇ ਹੋ ਕੇ ਵੇਖੀਏ ਤਾਂ ਅੰਮੀ ਦੇ ਚਿਹਰੇ 'ਤੇ ਅੱਜ ਹੁਲਾਸ ਦਿਸੇਗਾ, ਉਂਜ ਇਹ ਹੁਲਾਸ ਨਹੀਂ। ਬੱਸ ਥਕਾਵਟ ਜਿਹੀ ਝੁਰੜੀਆਂ ਵਿਚ ਬੈਠੀ ਰਹਿੰਦੀ ਹੈ ਸਦਾ। ਅੰਮੀ ਦੇ ਵੀ ਅਤੇ ਆਪਾ ਦੇ ਵੀ।

ਜੀ ਹਾਂ, ਸਰਹਾਣਿਆਂ ਦੇ ਸਹਾਰੇ ਜਿਹੜੇ ਬਜ਼ੁਰਗ ਬੈਠੇ ਨੇ, ਉਹ 'ਆਪਾ' ਹੀ ਨੇ। ਬੱਚੇ ਇਨ੍ਹਾਂ ਨੂੰ ਆਪਾ ਹੀ ਕਹਿੰਦੇ ਸਨ। ਹੁਣ ਵੀ, ਜਦੋਂ ਕਦੇ ਵੀ ਪਿੰਡ ਆਉਣ ਤਾਂ ਆਪਾ ਕਹਿ ਕੇ ਹੀ ਬੁਲਾਉਂਦੇ ਨੇ। ਅੰਮੀ ਉਨ੍ਹਾਂ ਨੂੰ 'ਏ ਜੀ' ਕਹਿੰਦੇ ਨੇ, ਜਾਂ 'ਜੀਤ ਦੇ ਬਾਪੂ' ਜਾਂ 'ਮੈਂਖਿਆ'। ਆਪਾ ਵੀ ਅੰਮੀ ਨੂੰ ਇਸੇ ਤਰ੍ਹਾਂ ਬੁਲਾਉਂਦੇ ਨੇ, 'ਦੇਵ ਦੀ ਮਾਂ' ਜਾਂ 'ਸੁਣ' ਜਾਂ 'ਬੋਲੀਏ', ਜਾਂ ਇੰਜ ਦਾ ਕੁਝ ਹੋਰ।

ਅੰਮੀ ਟੋਕਰੀ ਹੇਠਾਂ ਰੱਖ ਕੇ ਬੈਠ ਗਏ ਨੇ। ਕੁਝ ਚਿਰ ਚੁੱਪਚਾਪ ਬੈਠੇ ਰਹਿੰਦੇ ਨੇ, ਜਿਵੇਂ ਉਖੜੇ ਹੋਏ ਸਾਹਾਂ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹੋਣ। ਫਿਰ ਦਾਤੀ ਖੱਬੇ ਪੈਰ ਹੇਠਾਂ ਦੱਬ ਲੈਂਦੇ ਨੇ, "ਅੱਜ ਦਿਨ ਸਾਡੇ ਵਾਂਗ ਬੁੱਢਾ ਹੋ ਗਿਆ ਲਗਦਾ ਹੈ। ਮੁੱਕਣ ਵਿਚ ਹੀ ਨਹੀਂ ਆਉਂਦਾ।"

ਆਪਾ ਕੋਈ ਉਤਰ ਨਹੀਂ ਦਿੰਦੇ, ਗੁਟਕਾ ਪੜ੍ਹਦੇ ਰਹਿੰਦੇ ਨੇ।

"ਮੈਂਖਿਆ, ਤੈਨੂੰ ਨ੍ਹੀਂ ਲਗਦਾ?"

"ਕੀ?"

"ਦਿਨ ਜਿਵੇਂ ਮੁੱਕਣ ਵਿਚ ਨ੍ਹੀਂ ਆਉਂਦਾ।"

ਆਪਾ ਹੱਸ ਪਏ ਨੇ, "ਦਿਨ ਤਾਂ ਪਹਿਲਾਂ ਵਾਂਗ ਹੀ ਲੰਘ ਰਿਹਾ ਹੈ। ਤੇਰਾ ਮਨ ਹੀ ਕਾਹਲਾ ਪੈ ਗਿਆ ਲਗਦੈ। ਦੇਵ ਜੇ ਆਇਆ ਵੀ ਤਾਂ ਨੌਂ ਵਜੇ ਤੋਂ ਪਹਿਲਾਂ ਨ੍ਹੀਂ ਆਉਂਦਾ। ਸਾਢੇ ਸੱਤ ਤਾਂ ਗੱਡੀ ਹੀ ਲੁਧਿਆਣੇ ਆ ਕੇ ਲਗਦੀ ਐ।"

"ਆਊਗਾ ਵੀ?"

"ਆਉਣਾ ਤਾਂ ਚਾਹੀਦੈ। ਮੈਂ ਜ਼ੋਰ ਦੇ ਕੇ ਲਿਖਿਆ ਤਾਂ ਸੀ, ਬਈ ਬੱਚਿਆਂ ਨੂੰ ਵੀ ਨਾਲ ਲੈ ਕੇ ਆਵੇ। ਉਸ ਦਾ ਸਨਮਾਨ ਤਾਂ ਯੂਨੀਵਰਸਿਟੀ ਵਿਚ ਕੱਲ੍ਹ ਕੀਤਾ ਜਾਣੈ। ਮੈਂ ਲਿਖ ਦਿੱਤਾ ਸੀ, ਬਈ ਪਹਿਲਾਂ ਪਿੰਡ ਹੀ ਆ ਜਾਵੇ।"

ਅੰਮੀ ਸਾਗ ਚੀਰਨ ਵਿਚ ਰੁਝ ਗਏ ਨੇ। ਆਪਾ ਗੁਟਕੇ ਵਿਚ ਧਿਆਨ ਗੱਡ ਦਿੰਦੇ ਨੇ। ਆਪਾ ਗੁਟਕੇ ਵਿਚ ਧਿਆਨ ਵੀ ਗੱਡੀ ਰਖਦੇ ਨੇ, ਨਾਲ ਗੱਲਾਂ ਵੀ ਕਰੀ ਜਾਂਦੇ ਨੇ।

"ਬੱਚੇ ਨਿਰਮੋਹੇ ਕਿਉਂ ਹੋ ਗਏ ਨੇ?"

"ਕੀ?"

"ਬੱਚੇ ਏਨੇ ਨਿਰਮੋਹੇ ਕਿਉਂ ਹੋ ਗਏ ਨੇ? ਕਿੰਨਾ ਚਿਰ ਕੋਈ ਵੀ ਮਿਲਣ ਨਹੀਂ ਆਉਂਦਾ।"

"ਆਪੋ-ਆਪਣੇ ਕੰਮਾਂ ਵਿਚ ਫਸੇ ਹੋਏ ਨੇ। ਪਰਿਵਾਰਕ ਖਲਜਗਣ ਵਿਚੋਂ ਨਿਕਲਣਾ ਸੌਖਾ ਥੋੜ੍ਹਾ ਹੁੰਦਾ।"

"ਏਨਾ ਵੀ ਕੀ, ਬਈ ਮਾਂ ਨੂੰ ਮਿਲਣ ਲਈ ਵੀ ਚਿੱਤ ਨਾ ਕਰੇ।"

"ਚਿੱਤ ਕਰਨ 'ਤੇ ਹੀ ਮਿਲਣ ਥੋੜ੍ਹਾ ਆਇਆ ਜਾ ਸਕਦੈ।"

ਪਲ ਭਰ ਲਈ ਖਾਮੋਸ਼ੀ ਛਾ ਜਾਂਦੀ ਹੈ।

"ਏ ਜੀ, ਥੋਨੂੰ ਨ੍ਹੀਂ ਲਗਦਾ?"

"ਕੀ?"

"ਤਿੰਨ ਮੁੰਡੇ, ਤਿੰਨ ਕੁੜੀਆ ਦੇ ਮਾਂ-ਬਾਪ ਹੋ ਕੇ ਆਪਾਂ ਜਿਵੇਂ 'ਕੱਲੇ ਰਹਿ ਗਏ ਹਾਂ।"

"ਸੁਖ ਬੋਲਿਆ ਕਰ ਮੂੰਹੋਂ, ਜਿਥੇ ਵੀ ਰਹਿਣ, ਹਸਦੇ-ਵਸਦੇ ਰਹਿਣ!"

ਚੁੱਪ ਛਾ ਗਈ ਹੈ। ਅੰਮੀ ਸਾਗ ਚੀਰਨ ਲੱਗ ਪਏ ਨੇ। ਆਪਾ ਦੇ ਹੱਥ ਵਿਚ ਉਹੀ ਗੁਟਕਾ ਹੈ। ਚੁੱਪ ਕਾਫੀ ਲੰਮੀ ਹੋ ਗਈ ਹੈ। "ਦੇਵ ਅੱਜ ਜ਼ਰੂਰ ਆਊਗਾ, ਜੀਤ ਦੇ ਬਾਪੂ।"

"ਏਨੇ ਯਕੀਨ ਨਾਲ ਕਿਵੇਂ ਕਹਿ ਸਕਦੀ ਹੈਂ? ਉਹਦੀ ਕਿਹੜੀ ਚਿੱਠੀ ਆਈ ਆ।"

"ਨਾ ਆਈ ਹੋਵੇ ਚਿੱਠੀ। ਬੱਸ ਮੈਨੂੰ ਪਤੈ, ਉਹ ਜ਼ਰੂਰ ਆਊਗਾ।"

"ਤੈਨੂੰ ਕਿਵੇਂ ਪਤੈ?"

"ਆਹ ਮੋਰ ਜੋ ਬੋਲ ਰਿਹਾ ਹੈ। ਚੰਗਾ ਸ਼ਗਨ ਹੈ।"

"ਕਿਥੇ ਬੋਲ ਰਿਹੈ ਮੋਰ? ਆਪਣੇ ਤਿੰਨ-ਚਾਰ ਪਿੰਡਾਂ ਵਿਚ ਮੋਰ ਬਚੇ ਹੀ ਕਿਥੇ ਨੇ ਹੁਣ?"

"ਫਿਰ ਦੂਰ ਬੋਲ ਰਿਹਾ ਹੋਊ। ਆਹ ਸੁਣ ਤਾਂ ਸਹੀ।"

"ਰਸੋਈ ਵਿਚ ਬੈਠੀ ਨੂੰ ਮੇਰੀ ਹਾਕ ਤਾਂ ਤੈਨੂੰ ਸੁਣਦੀ ਨ੍ਹੀਂ, ਬੋਲੀਏ। ਤੇ ਦੂਰ ਬੋਲਦਾ ਮੋਰ ਸੁਣ ਰਿਹੈ।"

"ਬੋਲ ਜਿਹਾ ਤਾਂ ਰਿਹੈ ਜਿਵੇਂ।"

"ਬੋਲੀਏ, ਤੇਰੇ ਕੰਨ ਬੋਲਦੇ ਨੇ।"

ਅੰਮੀ ਕੁਝ ਦੇਰ ਕੰਨ ਲਾ ਕੇ ਆਵਾਜ਼ ਫੜ੍ਹਨ ਦੀ ਕੋਸ਼ਿਸ਼ ਕਰਦੇ ਨੇ। ਫਿਰ ਹੌਲੀ ਜਿਹੀ ਕਹਿੰਦੇ ਨੇ, ਜਿਵੇਂ ਆਪਣੇ ਆਪ ਨੂੰ ਕਹਿ ਰਹੇ ਹੋਣ, "ਮੋਰ ਬੋਲ ਵੀ ਰਿਹਾ ਹੁੰਦੈ, ਨਹੀਂ ਵੀ ਬੋਲ ਰਿਹਾ ਹੁੰਦਾ।"

ਆਪਾ ਇਕ-ਟੱਕ ਅੰਮੀ ਵੱਲ ਵੇਖ ਰਹੇ ਨੇ।

"ਤੈਂ ਅੱਜ ਸ਼ਾਲ ਨ੍ਹੀਂ ਲਿਆ ਉਤੇ।"

"ਧੋਤਾ ਸੀ। ਸੁੱਕਿਆ ਨੀ ਅਜੇ।"

ਦੂਜਾ ਕੱਢ ਲੈਂਦੀ। ਜੇ ਠੰਢ ਲੱਗਗੀ, ਫੇਰ?"

"ਬੜਾ ਧਿਆਨ ਐ ਮੇਰਾ।" ਅੰਮੀ ਅੱਖਾਂ ਵਿਚ ਮੋਹ ਭਰ ਕੇ ਵੇਖਦੇ ਨੇ, "ਤੂੰ ਵੀ ਤਾਂ ਓਵੇਂ ਬੈਠਾ ਐਂ। ਕੰਬਲ ਕਿਉਂ ਨ੍ਹੀਂ ਲਿਆ ਦੁਆਲੇ?"

"ਲਭਿਆ ਈ ਨ੍ਹੀਂ। ਪਤਾ ਨ੍ਹੀਂ ਕਿਥੇ ਰੱਖ ਦਿੰਨੀ ਐਂ ਤੂੰ।"

"ਅਲਮਾਰੀ ਵਿਚ ਸਾਹਮਣੇ ਈ ਤਾਂ ਪਿਐ।"

"ਮੈਨੂੰ ਤਾਂ ਦਿਸਿਆ ਨ੍ਹੀਂ।"

"ਤੈਨੂੰ ਕੋਈ ਚੀਜ਼ ਲੱਭੀ ਵੀ ਐ ਕਦੇ! ਜਦ ਤੱਕ ਚੱਕ ਕੇ ਹੱਥਾਂ ਵਿਚ ਨਾ ਫੜਾ ਦਮਾਂ। ਸੱਚੀਂ, ਜੁਆਕਾਂ ਨਾਲੋਂ ਵੀ ਟੱਪ ਗਿਐਂ ਹੁਣ ਤਾਂ।"

ਅੰਮੀ ਉਠਦੇ ਨੇ। ਅਲਮਾਰੀ ਵਿਚੋਂ ਕੰਬਲ ਕੱਢ ਕੇ ਆਪਾ ਦੇ ਚਾਰੇ ਪਾਸੇ ਲਪੇਟ ਦਿੰਦੇ ਨੇ। ਪਰਤਣ ਲੱਗੇ ਅਚਾਨਕ ਰੁਕ ਜਾਂਦੇ ਨੇ, "ਤੈਂ ਦਵਾਈ ਲੈ ਲਈ ਸੀ ਭਲਾ?"

"ਉਹ ਹੋ! ਮੈਂ ਤਾਂ ਭੁਲ ਈ ਗਿਆ।"

"ਕਿਹਾ ਸੀ ਨਾ, ਬੱਚਿਆਂ ਤੋਂ ਵੀ ਉਤੇ ਹੋ ਗਿਐਂ।"

ਅੰਮੀ ਦਵਾਈ ਦੀ ਗੋਲੀ ਆਪਾ ਨੂੰ ਦਿੰਦੇ ਨੇ। ਕੰਬਲ ਆਪਾ ਦੇ ਮੋਢਿਆਂ 'ਤੇ ਠੀਕ ਕਰਦੇ ਨੇ।

"ਦੇਖੀਂ ਤਾਂ, ਨੌਂ ਬੱਜ 'ਗੇ?"

"ਨੌਂ?" ਆਪਾ ਹੱਸ ਪੈਂਦੇ ਨੇ, "ਅਜੇ ਅੱਠ ਵੀ ਨ੍ਹੀਂ ਹੋਏ। ਬੈਠੀ ਰਹਿ ਘੰਟਾ ਚੁੱਪ ਕਰ ਕੇ।"

"ਮੈਂਖਿਆ, ਥੋੜ੍ਹਾ ਜਿਹਾ ਚਾਰਾ ਹੀ ਲੈ ਆਇਆ ਕਰ ਖੇਤਾਂ ਤੋਂ।"

"ਕਿਉਂ? ਤੈਂ ਖਾਣਾ ਹੁੰਦੈ?"

"ਪੁੱਠਾ ਹੀ ਬੋਲਦੈ! ਪਤੈ ਕੀ ਹੋਇਆ ਅੱਜ?"

"ਕੀ ਹੋਇਆ?"

"ਕਿਸੇ ਦੀ ਵੱਛੀ ਆ ਵੜੀ ਵਿਹੜੇ ਵਿਚ। ਖੁਰਲੀ ਨੂੰ ਸੁੰਘਦੀ ਸੁੰਘਦੀ ਇਕ ਸਿਰੇ ਤੋਂ ਦੂਜੇ ਸਿਰੇ ਪਹੁੰਚ ਗਈ। ਵਿਹੜਾ ਜਿਵੇਂ ਜਿਉਂਦਾ ਜਿਹਾ ਲੱਗਣ ਲੱਗ ਪਿਆ। ਮੈਂ ਤੇਜ਼ੀ ਨਾਲ ਰਸੋਈ ਵਿਚ ਗਈ, ਬਈ ਰੋਟੀ ਚੱਕ ਲਿਆਵਾਂ। ਸੋਚਿਆ, ਰੋਟੀ ਪਾ ਦੂੰਗੀ, ਤਾਂ ਵੱਛੀ ਕੁਝ ਚਿਰ ਰੁਕੀ ਰਹੂ। ਪਰ ਮੇਰੇ ਰਸੋਈ ਤੋਂ ਮੁੜਨ ਤੱਕ ਉਹ ਪੂਛ



ਚੁੱਕੀ ਬਾਹਰ ਵੱਲ ਭੱਜ ਗਈ।"

"ਰੋਜ਼ ਰੋਜ਼ ਥੋੜ੍ਹਾ ਹੀ ਆਊਗਾ ਡੰਗਰ।"

"ਸ਼ਾਇਦ ਆ ਈ ਜਾਏ ਕਦੇ।"

"ਕਿਉਂ ਇਨ੍ਹਾਂ ਗੱਲਾਂ ਨਾਲ ਮਨ ਨੂੰ ਜੋੜਦੀ ਐਂ ਦੇਵ ਦੀ ਮਾਂ! ਕਿਸੇ ਕੋਲੋਂ ਕੀ ਆਸ ਰੱਖਦੀ ਐਂ? ਆਪਣੀਆਂ ਧੀਆਂ ਵੱਲ ਹੀ ਦੇਖ ਲਾ, ਆਉਂਦੀਆਂ ਨੇ ਤਾਂ ਕੋਈ ਇਕ ਰਾਤ ਤੋਂ ਵੱਧ ਨਹੀਂ ਰੁਕਦੀ। ਖਾਲੀ ਕਮਰੇ ਉਨ੍ਹਾਂ ਨੂੰ ਖਾਣ ਨੂੰ ਪੈਂਦੇ ਨੇ। ਕਹਿੰਦੀਆਂ, ਬੋਰ ਹੋ ਜਾਂਦੀਆਂ ਹਾਂ।"

"ਤੇ ਅਸੀਂ! ਅਸੀਂ, ਜੀਤ ਦੇ ਬਾਪੂ? ਜੋ ਸਦਾ ਇਥੇ ਹੀ ਰਹਿੰਦੇ ਹਾਂ। ਇਕੱਲੇ!"

"ਆਪਣਾ ਕੀ ਆ ਦੇਵ ਦੀ ਮਾਂ! ਆਪਣਾ ਕੀ ਆ!"

ਬੜਾ ਡੂੰਘਿਉਂ ਠੰਢਾ ਸਾਹ ਨਿਕਲਦਾ ਹੈ। ਉਸ ਗਹਿਰਾਈ ਵਿਚ ਦੋਵੇਂ ਡੁੱਬ ਜਿਹੇ ਜਾਂਦੇ ਨੇ। ਦੋਵੇਂ ਚੁੱਪ ਨੇ। ਕੀ ਸੱਚਮੁੱਚ ਚੁੱਪ ਨੇ? ਆਪਣੇ ਅੰਦਰ ਦਾ ਸ਼ੋਰ ਤਾਂ ਸੁਣ ਹੀ ਰਹੇ ਹੋਣੇ ਨੇ ਦੋਵੇਂ।

"ਦੇਵ ਦੀ ਮਾਂ, ਅੱਜ ਤੈਂ ਫੇਰ ਡਰਾਇੰਗ ਰੂਮ ਖੋਲ੍ਹਿਆ ਸੀ।?"

"ਹਾਂ।"

"ਕਿਉਂ ਖੋਲ੍ਹਿਆ ਸੀ?"

"ਮਨ ਜਿਵੇਂ ਟਿਕ ਜਿਹਾ ਨਹੀਂ ਰਿਹਾ।"

"ਤੈਨੂੰ ਕਿੰਨੀ ਵਾਰ ਕਿਹੈ ਕਿ ਉਹ ਬੈਠਕ ਨਾ ਖੋਲ੍ਹਿਆ ਕਰ।"

"ਰੋਕ ਰੋਕ ਕੇ ਤਾਂ ਰਖਦੀ ਆਂ ਆਪਣੇ ਆਪ ਨੂੰ। ਪਰ ਮਨ ਜਦੋਂ ਬੇਕਾਬੂ ਹੋ ਉਠਦੈ ਤਾਂ ਰੁਕ ਨਹੀਂ ਹੁੰਦਾ। ਤੈਂ ਵੀ ਤਾਂ ਸਭ ਦੀਆਂ ਫੋਟੋਆਂ ਉਸੇ ਕਮਰੇ ਵਿਚ ਲਾ ਰੱਖੀਆਂ ਨੇ। ਉਥੇ ਜਾਨੀ ਆਂ ਤਾਂ ਐਂ ਲਗਦੈ ਜਿਵੇਂ ਬੱਚੇ ਤਸਵੀਰਾਂ ਵਿਚੋਂ ਨਿਕਲ ਕੇ ਗਲ ਬਾਹਾਂ ਪਾਉਣ ਲੱਗ ਪਏ ਹੋਣ।"

"ਤੂੰ ਉਹ ਬੈਠਕ ਨਾ ਖੋਲ੍ਹਿਆ ਕਰ, ਦੇਵ ਦੀ ਮਾਂ। ਇਕ ਵਾਰ ਖੋਲ੍ਹ ਲੈਨੀ ਐਂ ਤਾਂ ਪਿਛੋਂ ਕਿੰਨੇ ਹੀ ਦਿਨ ਉਖੜੀ ਉਖੜੀ ਰਹਿਨੀ ਐਂ। ਬਹਾਨੇ ਲੱਭ ਲੱਭ ਰੋਨੀਂ ਐਂ। ਮਨ ਨੂੰ ਪਹਿਲਾਂ ਹੀ ਸਾਂਭ ਕੇ ਰੱਖਿਆ ਕਰ।"

ਅੰਮੀ ਬੋਲਦੀ ਨਹੀਂ। ਨੀਂਵੀਂ ਪਾ ਲੈਂਦੇ ਨੇ। ਸਾਗ ਚੀਰਨ ਲੱਗ ਪੈਂਦੇ ਨੇ।

"ਹੰਝੂ ਪੂੰਝ ਲੈ ਦੇਵ ਦੀ ਮਾਂ। ਮੇਰੇ ਕੋਲੋਂ ਲੁਕਾ ਲੁਕਾ ਕੇ ਏਕਣ ਕਿਉਂ ਰੋਨੀਂ ਏਂ?"

ਅੰਮੀ ਸੱਚਮੁੱਚ ਚੁੰਨੀ ਨਾਲ ਅੱਖਾਂ ਪੂੰਝ ਲੈਂਦੇ ਨੇ।

"ਨੌਂ ਤਾਂ ਬੱਜ ਗਏ ਦੇਵ ਦੀ ਮਾਂ।"

"ਉਹ ਤਾਂ ਆਏ ਨ੍ਹੀਂ।"

"ਸ਼ਾਇਦ ਨਾ ਹੀ ਆਉਣ।"

"ਹਾਂ, ਸ਼ਾਇਦ।"

"ਏ ਜੀ।"

"ਹੂੰ।"

"ਪੱਪੂ ਤਾਂ ਹੁਣ ਤੱਕ ਤੁਰਨਾ ਵੀ ਸਿੱਖ ਗਿਆ ਹੋਊ।"

"ਤੁਰਨਾ? ਪਿਛਲੇ ਸਾਲ ਹੀ ਕਿਵੇਂ ਭੱਜਿਆ ਫਿਰਦਾ ਸੀ।"

"ਲੈ ਹਾਂ, ਅੱਗ ਲੱਗਣਾ ਚੇਤਾ! ਊਂ! ਸ਼ਰਾਰਤੀ ਕਿੰਨਾ ਸੀ।"

"ਹਾਂ, ਮੇਰੇ ਨਾਲ ਕਿਵੇਂ ਘੁਲ-ਮਿਲ ਗਿਆ ਸੀ।"

"ਤੇਰੇ ਨਾਲੋਂ ਵੱਧ ਮੇਰੇ ਨਾਲ ਰਚਿਆ ਸੀ, ਜੀਤ ਦੇ ਬਾਪੂ।"

"ਨਹੀਂ ਮੇਰੇ ਨਾਲ।"

"ਮੈਂ ਕਹਿਨੀ ਆਂ, ਮੇਰੇ ਨਾਲ।"

"ਮੇਰੇ ਨਾਲ, ਬੋਲੀਏ! ਪਤਾ ਐ ਕਿਵੇਂ ਪਟਾਕ ਦੇ ਕੇ ਮਾਂ ਦੀ ਗਾਲ ਕੱਢ ਦਿੰਦਾ ਸੀ।"

"ਮੈਨੂੰ ਵੀ ਤਾਂ ਕਿੰਨੀਆਂ ਗਾਲਾਂ ਦਿੰਦਾ ਸੀ, ਲਾਂਬੜ, ਤੰਦਲੀ।"

"ਮੇਰੀ ਦਾੜ੍ਹੀ ਫੜ੍ਹ ਕੇ ਛੱਡਦਾ ਨ੍ਹੀਂ ਸੀ।"

"ਮੇਰੀ ਬਾਲੀਓ ਖਿੱਚ ਲੈ ਗਿਆ ਸੀ।"

"ਮੇਰੇ ਢਿੱਡ ਉਤੇ ਬਹਿ ਕੇ ਰੋਜ਼ ਬਾਤ ਸੁਣਿਆ ਕਰਦਾ ਸੀ।"

"ਸਾਰੀ ਸਾਰੀ ਰਾਤ ਤਾਂ ਮੇਰੇ ਨਾਲ ਚਿੰਬੜਿਆ ਪਿਆ ਰਹਿੰਦਾ ਸੀ। ਮਨੋਂ ਤਾਂ ਮੇਰੇ ਨਾਲ ਪਿਆਰ ਕਰਦਾ ਸੀ।"

"ਨਹੀਂ, ਮੇਰੇ ਨਾਲ ਕਰਦਾ ਸੀ।"

"ਮੈਂ ਕਹਿਨੀਂ ਆਂ ਮੇਰੇ ਨਾਲ।"

"ਨਹੀਂ ਮੇਰੇ ਨਾਲ, ਬੋਲੀਏ।"

"ਮੇਰੇ ਨਾਲ। ਉਈ... ਈ...", ਅੰਮੀ ਦੀ ਉਂਗਲ ਨੂੰ ਚੀਰਾ ਆ ਜਾਂਦਾ ਹੈ। ਸਾਗ ਇਕ ਪਾਸੇ ਰੱਖ ਉਂਗਲ ਮੂੰਹ ਵਿਚ ਪਾ ਲੈਂਦੇ ਨੇ। ਵਿਚਾਰਾ ਜਿਹਾ ਮੂੰਹ ਬਣਾ ਲੈਂਦੇ ਨੇ, "ਪੱਪੂ ਨੂੰ ਮੇਰੇ ਨਾਲ ਹੀ ਜ਼ਿਆਦਾ ਪਿਆਰ ਸੀ ਨਾ ਜੀਤ ਦੇ ਬਾਪੂ?"

"ਅੱਛਾ, ਚੱਲੋ ਤੇਰੇ ਨਾਲ ਸੀ।"

ਦੋਵੇਂ ਚੁੱਪ ਹੋ ਗਏ ਨੇ। ਆਪਾ ਸਾਹਮਣੇ ਕੰਧ ਵੱਲ ਵੇਖਣ ਲੱਗ ਪਏ ਨੇ। ਸੋਚਦੇ ਨੇ, ਜਿਵੇਂ ਕੁਝ ਯਾਦ ਕਰਨ ਦੀ ਕੋਸ਼ਿਸ਼ ਵਿਚ ਹੋਣ।

"ਬੋਲੀਏ, ਸੁਣ।"

"ਕੀ?"

"ਤੂੰ ਭੁੱਲਦੀ ਐਂ।"

"ਕੀ?"

"ਪੱਪੂ ਨੂੰ ਵੱਧ ਪਿਆਰ ਮੇਰੇ ਨਾਲੇ ਸੀ।"

"ਕਿੰਨੇ ਬੱਜ 'ਗੇ ਜੀਤੇ ਦੇ ਬਾਪੂ?"

"ਦਸ ਹੋਣ ਨੂੰ ਨੇ।"

"ਆਉਣਗੇ ਵੀ?"

ਕੋਈ ਉਤਰ ਨਹੀਂ।

"ਮੈਂ ਤੇਰੇ ਪਲੰਘ ਉਤੇ ਆ ਜਾਂ। ਤੇਰਾ ਸਿਰ ਘੁੱਟੂੰ।"

"ਆ ਜਾ ਚੱਲ, ਮੈਨੂੰ ਵੀ ਸਿਰ ਭਾਰੀ ਭਾਰੀ ਲੱਗਣ ਲੱਗ ਪਿਆ ਹੈ।"

"ਸੌਂ ਗਏ?"

"ਨਹੀਂ ਤਾਂ। ਕਿਉਂ?"

"ਮੈਂ ਕਿਹਾ, ਥੋੜ੍ਹੇ ਦਿਨਾਂ ਲਈ ਕਿਸੇ ਮੁੰਡੇ ਕੋਲ ਨਾ ਜਾ ਆਈਏ?"

"ਕੀਹਦੇ ਕੋਲ ਜਾਮਾਂਗੇ? ਛੋਟਾ ਕੈਨੇਡਾ ਬੈਠੈ, ਵੱਡਾ ਦੇਵ ਊਂ ਵੀ ਬਹੁਤ ਦੂਰ ਆ। ਤੇ ਆਪਣੇ ਲਾਡਲੇ ਪੁੱਤ ਜੀਤ ਕੋਲ ਤਾਂ ਰਹਿ ਕੇ ਤੂੰ ਦੇਖ ਈ ਚੁੱਕੀ ਐਂ।"

"ਮੇਰੇ ਜ਼ਖਮਾਂ 'ਤੇ ਲੂਣ ਛਿੜਕ ਕੇ ਸੁਖ ਮਿਲਦੈ ਤੈਨੂੰ।"

"ਨਹੀਂ, ਤੈਨੂੰ ਕੁਝ ਜਾਦਾ ਈ ਹੇਜ ਜਾਗਿਆ ਸੀ। ਹਫਤਾ ਵੀ ਨ੍ਹੀਂ ਸੀ ਟਿਕ ਸਕੀ ਉਥੇ।"

"ਉਹ ਤਾਂ ਉਸ ਚੁੜੇਲ ਦਾ ਸੁਭਾਅ...।"

"ਆ ਕੇ ਤਾਂ ਆਪਣੇ ਲਾਡਲੇ ਨੂੰ ਕੋਸਦੀ ਰਹੀ ਸੀ ਮਹੀਨਾ ਭਰ।"

"ਮੁੰਡੇ 'ਤੇ ਕਾਹਦਾ ਗੁੱਸਾ, ਜਦੋਂ ਉਸੇ ਨੇ ਸਿੱਧਰੇ ਨੂੰ ਮੁੱਠੀ ਵਿਚ...।"

"ਸੱਚੀਂ, ਮੁੰਡੇ 'ਤੇ ਗੁੱਸਾ ਨ੍ਹੀਂ ਸੀ ਤੈਨੂੰ?"

"ਸੱਚ।"

"ਸੱਚੀਂ, ਬੋਲੀਏ?"

"ਹਾਂ, ਸੱਚੀਂ।"

"ਤਾਂ ਫਿਰ ਮੇਰਾ ਸਿਰ ਘੁਟਦੇ ਤੇਰੇ ਹੱਥ ਇਕਦਮ ਏਨੇ ਤੇਜ਼ ਕਿਉਂ ਹੋ ਗਏ ਨੇ?"

ਅੰਮੀ ਦੇ ਹੱਥ ਪਲ ਭਰ ਲਈ ਰੁਕ ਜਾਂਦੇ ਨੇ। ਫਿਰ ਹੌਲੀ ਹੌਲੀ ਚੱਲਣ ਲੱਗ ਪੈਂਦੇ ਨੇ।

"ਬੱਸ ਕਰ ਹੁਣ ਥੱਕ ਜੇਂਗੀ।"

"ਕਿੰਨੇ ਬੱਜ ਗਏ ਨੇ ਭਲਾ?"

"ਸਾਢੇ ਦਸ।"

"ਹੁਣ ਤਾਂ ਨ੍ਹੀਂ ਆਉਂਦੇ?"

"ਹੁਣ ਕੀ ਆਉਣਗੇ। ਤੂੰ ਸੌਂ ਜਾ।"

"ਨੀਂਦ ਕਿਥੇ ਆਉਂਦੀ ਹੈ।"

ਆਪਾ ਅਚਾਨਕ ਚੌਂਕ ਉਠਦੇ ਨੇ। ਉਠ ਕੇ ਬੈਠ ਜਾਂਦੇ ਨੇ। ਕੁਝ ਸੁਣਨ ਦੀ ਕੋਸ਼ਿਸ਼ ਕਰਦੇ ਨੇ।

"ਕੀ ਗੱਲ ਹੈ, ਜੀਤ ਦੇ ਬਾਪੂ?"

"ਤੈਨੂੰ ਕੁਝ ਸੁਣਿਆ?"

"ਕੀ?"

"ਕਾਰ ਜਿਵੇਂ ਪੁਲ ਉਤੋਂ ਆਪਣੇ ਪਿੰਡ ਵੱਲ ਮੁੜੀ ਹੈ। ਆਵਾਜ਼ ਸੁਣ ਰਹੀ ਹੈਂ?"

"ਨਹੀਂ ਤਾਂ।"

"ਸੁਣ ਤਾਂ ਸਹੀ, ਆਵਾਜ਼ ਤਾਂ ਜਮਾਂ ਹੀ ਸਾਫ ਆ। ਗੁਰਦੁਆਰੇ ਵਲੋਂ ਆ ਰਹੀ ਆ।"

"ਹਾਂ, ਕੁਛ ਕੁਛ ਤਾਂ...।"

"ਕੁਛ ਕੁਛ ਕਿਉਂ! ਸਾਫ ਤਾਂ ਸੁਣਦੀ ਆ। ਸੁਣ, ਕਾਰ ਜਿਵੇਂ ਗੁਰਦੁਆਰੇ ਦਾ ਮੋੜ ਮੁੜੀ ਹੁੰਦੀ ਆ। ਆਹ ਸੁਣ ਤਾਂ ਸਹੀ।"

"ਹਾਂ, ਹੁਣ ਤਾਂ ਇਕਦਮ ਸਾਫ...।"

"ਉਠੀਂ ਕੇਰਾਂ, ਮੇਰੀ ਖੂੰਡੀ ਫੜ੍ਹਾਈਂ। ਛੇਤੀ। ਕਾਰ ਤਾਂ ਬਾਹਰ ਵਾਲੇ ਗੇਟ ਉਤੇ ਆ ਖੜ੍ਹੀ ਹੋਈ ਆ। ਤੈਨੂੰ ਕਿਹਾ ਸੀ, ਦੇਵ ਮੇਰਾ ਪੁੱਤ ਜ਼ਰੂਰ ਆਊ।"

"ਕਾਹਲਾ ਕਿਉਂ ਪੈਨਾਂ। ਪਹਿਲਾਂ ਹੀ ਦਿਲ ਦਾ ਮਰੀਜ਼ ਐਂ। ਠਹਿਰ, ਮੈਂ ਸਹਾਰਾ ਦਿੰਨੀ ਆਂ। ਹਾਂ, ਹੌਲੀ, ਸੰਭਲ ਕੇ।"

"ਵਿਹੜਾ ਬਹੁਤ ਲੰਮਾ ਐ। ਮੇਰੇ ਕੋਲੋਂ ਏਨਾ ਤੇਜ਼ ਤੁਰ ਨਹੀਂ ਹੋਣਾ। ਤੂੰ 'ਕੱਲੀ ਓ ਚਲੀ ਜਾਹ। ਏਨਾ ਚਿਰ ਕਿਵੇਂ ਖੜ੍ਹਨਗੇ। ਦੇਖੀਂ, ਡਿੱਗ ਨਾ ਪਈਂ। ਹੌਲੀ। ਮੈਂ ਬਾਹਰ ਵਾਲੀ ਬੱਤੀ ਜਗਾਉਨਾਂ। ਸੰਭਲ ਕੇ। ਵੇਖੀਂ ਕਿਤੇ ਕੀਲੇ ਨਾਲ ਨਾ ਅੜ੍ਹਕ ਜੀਂ।"

ਕੁਝ ਚਿਰ ਉਡੀਕਣ ਪਿੱਛੋਂ ਆਪਾ ਦੀ ਆਵਾਜ਼ ਇਕਦਮ ਉਚੀ ਹੋ ਜਾਂਦੀ ਹੈ।

"ਆ ਜੋ ਹੁਣ। ਡਰਾਇਵਰ ਨੂੰ ਕਹੋ, ਸਾਮਾਨ ਅੰਦਰ ਤੱਕ ਚੁੱਕ ਲਿਆਵੇ। ਪੱਪੂ ਜੇ ਸੌਂ ਗਿਆ ਤਾਂ ਜਗਾਇਓ ਨਾ। ਮੋਢੇ ਲਾ ਕੇ ਲੈ ਆਉ।"

ਕਾਰ ਚੱਲਣ ਦੀ ਆਵਾਜ਼ ਨਾਲ ਆਪਾ ਪਲ ਭਰ ਲਈ ਰੁਕ ਜਾਂਦੇ ਨੇ। ਫਿਰ ਉਚੀ ਆਵਾਜ਼ ਵਿਚ ਬੋਲਣ ਲਗਦੇ ਨੇ, "ਆ ਵੀ ਜਾਓ ਹੁਣ। ਬਾਹਰ ਖੜ੍ਹੇ ਖੜ੍ਹੇ ਕੀ ਕਰ ਰਹੇ ਓਂ। ਕਾਰ ਵਾਲੇ ਨੂੰ ਕਹਿਣਾ ਸੀ, ਸਾਮਾਨ ਨਾਲ ਮਿਲ ਕੇ...।"

ਅਚਾਨਕ ਆਪਾ ਚੁੱਪ ਕਰ ਜਾਂਦੇ ਨੇ। ਅੰਮੀ ਇਕੱਲੇ ਹੀ ਆ ਰਹੇ ਨੇ, ਢਿੱਲੀ ਜਿਹੀ ਚਾਲ ਤੁਰਦੇ।

"ਕੀ ਗੱਲ, ਤੂੰ 'ਕੱਲੀ ਓ ਈ?"

"ਕੀਹਨੂੰ ਲਿਆਉਂਦੀ? ਕੋਈ ਆਉਂਦਾ, ਤਾਂ ਹੀ ਨਾ।"

**(ਬਾਕੀ ਸਫਾ 27 'ਤੇ)**

# ਨਾਵਲ 'ਕਰਜ਼ਈ ਸੁਪਨੇ' ਦੇ ਅੰਗਰੇਜ਼ੀ ਅਨੁਵਾਦ 'ਚ ਅਰਥਾਂ ਦੇ ਅਨਰਥ

ਉਮਰ ਪੱਖੋਂ ਇੰਦਰ ਸਿੰਘ ਖਾਮੋਸ਼ ਬਜ਼ੁਰਗ ਸਾਹਿਤਕਾਰ ਹਨ, ਪਰ ਲੇਖਣੀ ਵਲੋਂ ਅਜੇ ਤੱਕ ਭਰ ਜੁਆਨੀ 'ਚ ਵਿਚਰ ਰਹੇ ਨੇ। ਉਨ੍ਹਾਂ ਨੇ ਕਹਾਣੀਆਂ ਲਿਖੀਆਂ, ਆਲੋਚਨਾ ਕੀਤੀ, ਕਵਿਤਾ ਲਿਖੀ, ਅਨੁਵਾਦ ਕੀਤੇ, ਨਾਵਲ ਲਿਖੇ। ਪੰਜਾਬੀ ਤੇ ਅੰਗਰੇਜ਼ੀ ਦੀ ਐਮ. ਏ. ਸ. ਖਾਮੋਸ਼ ਨੂੰ ਦੋਹਾਂ ਭਾਸ਼ਾਵਾਂ 'ਤੇ ਅਬੂਰ ਹਾਸਿਲ ਹੈ। ਉਨ੍ਹਾਂ ਦਾ ਸਭ ਤੋਂ ਵੱਡਾ ਕਮਾਲ ਇਹ ਹੈ ਕਿ ਉਨ੍ਹਾਂ ਵਿਸ਼ਵ ਪ੍ਰਸਿਧ ਲੇਖਕਾਂ ਜਿਵੇਂ ਟਾਲਸਟਾਏ, ਦਾਸਤੋਵਸਕੀ, ਚੈਖੋਵ, ਵਿਕਟਰ ਹਿਊਗੋ, ਗੋਗੋਲ, ਪੁਸ਼ਕਿਨ, ਵਾਲਟੇਅਰ ਆਦਿ ਦੀਆਂ ਜੀਵਨੀਆਂ ਦੇ ਆਧਾਰ 'ਤੇ ਨਾਵਲਾਂ ਦੀ ਰਚਨਾ ਕੀਤੀ ਹੈ। ਫਰਾਂਸੀਸੀ ਇਨਕਲਾਬ 'ਤੇ ਆਧਾਰਤ ਨਾਵਲ ਇਨ੍ਹੀਂ ਦਿਨੀਂ ਛਪ ਰਿਹਾ




**ਸੁਰਿੰਦਰ ਸੋਹਲ**
**ਫੋਨ: 646-220-2586**


ਹੈ। 23 ਨਵੰਬਰ 1931 ਨੂੰ ਜਨਮੇ ਸ. ਖਾਮੋਸ਼ ਅੱਜ ਕੱਲ੍ਹ ਹੈਮਿੰਗਵੇ ਦੀ ਜ਼ਿੰਦਗੀ ਬਾਰੇ ਨਾਵਲ ਲਿਖਣ ਦੀ ਤਿਆਰ ਕਰੀ ਬੈਠੇ ਨੇ।

ਕਲਮ ਦੇ ਇਸ ਅਣਥੱਕ ਸਿਪਾਹੀ ਦਾ ਨਾਵਲ 'ਕਰਜ਼ਈ ਸੁਪਨੇ' ਉਨ੍ਹਾਂ ਦੇ ਜੀਵਨ 'ਤੇ ਆਧਾਰਤ ਨਾਵਲ ਹੈ। ਆਪਣੀਆਂ ਵਿਸ਼ੇਸ਼ ਖੂਬੀਆਂ ਸਦਕਾ ਚਰਚਾ 'ਚ ਰਿਹਾ 235 ਸਫਿਆਂ ਦਾ ਇਹ ਨਾਵਲ ਏਨਾ ਦਿਲਚਸਪ ਹੈ ਕਿ ਪੜ੍ਹਨਾ ਸ਼ੁਰੂ ਕਰਦੇ ਸਾਰ ਪਾਠਕ ਨੂੰ ਆਪਣੀ ਗ੍ਰਿਫਤ ਵਿਚ ਲੈ ਲੈਂਦਾ ਹੈ। ਮੈਨੂੰ ਯਾਦ ਹੈ, ਵਕਤ ਦੀ ਬੇਹੱਦ ਤੰਗੀ ਦੇ ਬਾਵਜੂਦ ਮੈਂ ਇਹ ਨਾਵਲ ਤਿੰਨ ਕੁ ਦਿਨਾਂ ਵਿਚ ਆਪਣੇ ਕੰਮ ਦੌਰਾਨ ਏਅਰ-ਪੋਰਟ ਸਵਾਰੀਆਂ ਦੀ ਉਡੀਕ ਕਰਦਿਆਂ ਹੀ ਪੜ੍ਹ ਲਿਆ ਸੀ। ਮੇਰੀ ਪਤਨੀ ਨੇ ਇਹ ਨਾਵਲ ਸਗੋਂ ਮੇਰੇ ਤੋਂ ਵੀ ਪਹਿਲਾਂ ਪੜ੍ਹ ਕੇ ਮੈਨੂੰ ਪੜ੍ਹਨ ਲਈ ਪ੍ਰੇਰਿਆ ਸੀ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਸ ਦਾ ਅੰਗਰੇਜ਼ੀ ਅਨੁਵਾਦ 'ਆਨ ਦਾ ਟਰੇਲ ਆਫ ਫਾਇਰ' ਪ੍ਰਕਾਸ਼ਿਤ ਹੋ ਚੁਕਾ ਹੈ। ਇਹ ਅਨੁਵਾਦ ਨਰਿੰਦਰਜੀਤ ਕੌਰ ਵਲੋਂ ਕੀਤਾ ਗਿਆ ਹੈ। ਨਾਵਲ ਅਨੁਵਾਦ ਹੋ ਕੇ ਛਪ ਵੀ ਗਿਆ ਸੀ ਪਰ ਇੰਦਰ ਸਿੰਘ ਖਾਮੋਸ਼ ਨੂੰ ਇਸ ਦੀ ਸੂਹ ਲਗਭਗ ਤਿੰਨ ਸਾਲ ਬਾਅਦ ਲੱਗੀ। ਉਨ੍ਹਾਂ ਮੈਨੂੰ ਫੋਨ ਕਰਕੇ ਬੜੇ ਚਾਅ ਨਾਲ ਇਹ ਖਬਰ ਦੱਸੀ, "ਦੇਖੋ ਸੋਹਲ ਸਾਹਿਬ! ਆਪਾਂ ਨੂੰ ਪਤਾ ਵੀ ਨਹੀਂ ਤੇ ਆਪਣਾ ਨਾਵਲ ਅੰਗਰੇਜ਼ੀ ਵਿਚ ਵੀ ਛਪ ਗਿਆ। ਕੁਝ ਦਿਨਾਂ ਤੱਕ ਮੈਂ ਮੰਗਵਾ ਰਿਹਾ ਹਾਂ।"

ਸ. ਖਾਮੋਸ਼ ਏਨੇ ਖੁਸ਼ ਸਨ ਜਿਵੇਂ ਕਿਸੇ ਬੱਚੇ ਨੂੰ ਬਹੁਤ ਹੀ ਸੁੰਦਰ ਖਿਡੌਣਾ ਅਚਾਨਕ ਮਿਲ ਗਿਆ ਹੋਵੇ। ਪਰ ਕੁਝ ਦਿਨ ਬਾਅਦ ਉਨ੍ਹਾਂ ਦਾ ਫੋਨ ਆਇਆ। ਉਹ ਬਹੁਤ ਨਿਰਾਸ਼ ਸਨ। ਉਨ੍ਹਾਂ ਦੀ ਆਵਾਜ਼ ਏਨੀ ਕੁਮਲਾਈ ਹੋਈ ਸੀ, ਜਿਵੇਂ ਬੱਚੇ ਦਾ ਸੁੰਦਰ ਖਿਡੌਣਾ ਟੁੱਟ ਗਿਆ ਹੋਵੇ, "ਸੋਹਲ ਸਾਹਿਬ ਅੰਗਰੇਜ਼ੀ ਅਨੁਵਾਦ ਮੇਰੇ ਕੋਲ ਪਹੁੰਚ ਗਿਐ, ਪਰ ਸਤਿਆਨਾਸ ਕਰ ਮਾਰਿਆ ਮੇਰੇ ਨਾਵਲ ਦਾ। ਸਮਝ ਨਹੀਂ ਆਉਂਦੀ ਯੂਨੀਵਰਸਿਟੀ ਕਿਹੋ-ਜਿਹੇ ਲੋਕਾਂ ਨੂੰ ਇਹੋ-ਜਿਹੇ ਅਹਿਮ ਪ੍ਰਾਜੈਕਟ ਦੇ ਦਿੰਦੀ ਐ। ਏਨੀਆਂ ਗਲਤੀਆਂ! ਅਰਥਾਂ ਦੇ ਅਨਰਥ ਕੀਤੇ ਪਏ ਨੇ। ਕੁਝ ਨਮੂਨੇ ਤੁਹਾਨੂੰ ਭੇਜ ਰਿਹਾ ਹਾਂ। ਦੇਖੋ, 'ਲੂਸਣ' (ਪਸੂਆਂ ਦਾ ਚਾਰਾ) ਦਾ 'ਲਸਣ' ਬਣਾ ਦਿੱਤੈ। 'ਜ਼ਮਾਨਤਾਂ ਤੁੜਵਾਉਣ ਨੂੰ' 'ਰੈਗੂਲਰ ਕਰਨਾ' ਲਿਖ ਦਿੱਤੈ। ਜਦੋਂ ਦੇਵਤਿਆਂ ਨੇ ਸਮੁੰਦਰ ਮਥਿਆ ਸੀ, ਸ਼ਰਾਬ ਵੀ ਨਿਕਲੀ ਸੀ। ਉਹਨੂੰ ਚੌਧਵਾਂ ਰਤਨ ਵੀ ਕਹਿੰਦੇ ਐ। 'ਚੌਧਵੇਂ ਰਤਨ' ਨੂੰ 'ਚੌਧਵਾਂ ਪੈਗ' ਲਿਖ ਦਿੱਤੈ।"

ਕੁਝ ਦਿਨਾਂ ਬਾਅਦ ਉਨ੍ਹਾਂ ਦੀ ਈਮੇਲ ਆ ਗਈ। ਉਹ ਈਮੇਲ ਪਾਠਕਾਂ ਨਾਲ ਸਾਂਝੀ ਕਰਨ ਦਾ ਮਨ ਬਣ ਆਇਆ ਹੈ। ਉਸ ਈਮੇਲ ਦੇ ਨਾਲ ਉਨ੍ਹਾਂ ਨੇ ਉਸ ਈਮੇਲ ਦੀ ਕਾਪੀ ਭੇਜੀ ਜੋ ਉਨ੍ਹਾਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਲਿਖੀ ਸੀ। ਉਸ ਦੀਆਂ ਕੁਝ ਸਤਰਾਂ ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਹਨ:

"ਮੈਂ ਇਸ ਪੱਤਰ ਰਾਹੀਂ ਆਪਦਾ ਧਿਆਨ ਆਪਣੇ ਨਾਵਲ 'ਕਰਜ਼ਈ ਸੁਪਨੇ' ਦੇ ਅੰਗਰੇਜ਼ੀ ਅਨੁਵਾਦ ਨਾਲ ਸਬੰਧਤ ਸਮੱਸਿਆ ਵੱਲ ਕੇਂਦ੍ਰਿਤ ਕਰਨਾ ਚਾਹੁੰਦਾ ਹਾਂ। ਇਸ ਨਾਵਲ ਦਾ ਅਨੁਵਾਦ ਕਰਦੇ ਵਕਤ ਗੰਭੀਰ ਗਲਤੀਆਂ ਕੀਤੀਆਂ ਗਈਆਂ ਹਨ। ਇਸ ਨਾਵਲ ਨੂੰ ਪੜ੍ਹ ਕੇ ਮੈਨੂੰ ਬਹੁਤ ਦੁੱਖ ਹੋਇਆ ਹੈ।




ਜ਼ਿਕਰਯੋਗ ਹੈ ਕਿ ਇਹ ਅਨੁਵਾਦ ਪੰਜਾਬੀ ਵਿਕਾਸ ਵਿਭਾਗ ਨੇ ਪ੍ਰੋ. ਨਰਿੰਦਰਜੀਤ ਕੋਲੋਂ ਕਰਵਾਇਆ ਸੀ।...ਨਰਿੰਦਰਜੀਤ ਕੌਰ ਨੇ ਸ਼ਬਦਾਂ ਦੇ ਅਨਰਥ ਕਰਕੇ ਮੇਰੇ ਨਾਵਲ ਦਾ ਹੁਲੀਆ ਹੀ ਵਿਗਾੜ ਦਿੱਤਾ ਹੈ। ਮੈਂ ਆਪਣੇ ਨਾਵਲ 'ਕਰਜ਼ਈ ਸੁਪਨੇ' ਨੂੰ ਆਪਣੀ ਸਵੈ-ਜੀਵਨੀ ਸਮਝਦਾ ਹਾਂ ਅਤੇ ਇਸ ਨਾਲ ਮੇਰੀ ਜਜ਼ਬਾਤੀ ਸਾਂਝ ਹੈ। ਇਸ



*ਇੰਦਰ ਸਿੰਘ ਖਾਮੋਸ਼*

ਨਾਵਲ ਦਾ ਅੰਗਰੇਜ਼ੀ ਅਨੁਵਾਦ ਪੜ੍ਹ ਕੇ ਮੈਨੂੰ ਸਦਮਾ ਪਹੁੰਚਿਆ ਹੈ।"

ਖਾਮੋਸ਼ ਸਾਹਿਬ ਦੀ ਸਾਰੀ ਖੁਸ਼ੀ ਕਾਫੂਰ ਹੋ ਗਈ। ਉਹ ਆਪਣਾ ਦਰਦ ਵਾਰ ਵਾਰ ਫੋਨ ਕਰਕੇ ਮੇਰੇ ਨਾਲ ਸਾਂਝਾ ਕਰਦੇ ਰਹੇ। ਇਕ ਦਿਨ ਦੱਸਣ ਲੱਗੇ, "ਯੂਨੀਵਰਸਿਟੀ ਵਾਲੇ ਮੰਨ ਗਏ ਭਾਈ।




ਕਹਿੰਦੇ ਦੁਬਾਰਾ ਅਨੁਵਾਦ ਕਰਵਾ ਕੇ ਛਪਵਾਵਾਂਗੇ। ਪਰ ਯੂਨੀਵਰਸਿਟੀਆਂ ਦੇ ਕੰਮਾਂ ਦਾ ਤਾਂ ਤੈਨੂੰ ਪਤਾ ਈ ਐ। ਪਰ ਤੇਰਾ ਮੈਨੂੰ ਪਤੈ। ਤੂੰ ਅਖਬਾਰ ਵਿਚ ਲਿਖ ਦੇਵੀਂ।"

ਮੈਂ ਕਿਹਾ, "ਫੂਕ ਤਾਂ ਨਹੀਂ ਛਕਾ ਰਹੇ।"

ਅੱਗੋਂ ਖਿੜ-ਖਿੜਾ ਕੇ ਹੱਸੇ, "ਤੁਸੀਂ ਮੇਰੇ ਮਿੱਤਰ ਓਂ। ਤੁਸੀਂ ਬਿਨਾ ਫੂਕ ਛਕੇ ਵੀ ਲਿਖ ਦੇਣੈਂ। ਜਿੱਥੇ ਕੰਮ ਸਿੱਧਾ ਸੂਤ ਨਾ ਆਵੇ, ਫੂਕ ਓਥੇ ਛਕਾਉਣੀ ਪੈਂਦੀ ਐ। ਅਜੇ ਕੱਲ੍ਹ ਈ ਯੂਨੀਵਰਸਿਟੀ ਦੇ ਇਕ ਬੰਦੇ ਨੂੰ ਛਕਾ ਕੇ ਹਟਿਆਂ। ਸ਼ਾਇਦ ਕੰਮ ਬਣ ਜਾਏ।" ਉਹ ਆਦਤ ਮੁਤਾਬਕ ਫਿਰ ਹੱਸੇ।

ਪੰਜਾਬੀ ਸਤਰਾਂ ਦੇ ਨਾਲ ਨਾਲ ਨਰਿੰਦਰਜੀਤ ਕੌਰ ਵਲੋਂ ਕੀਤੇ ਅੰਗਰੇਜ਼ੀ ਅਨੁਵਾਦ ਦੀਆਂ ਟੂਕਾਂ ਬਰੈਕਟਾਂ ਵਿਚ ਦਿੱਤੀਆਂ ਗਈਆਂ ਨੇ। ਪਾਠਕ ਸਿਆਣੇ ਨੇ ਪੰਜਾਬੀ ਤੇ ਅੰਗਰੇਜ਼ੀ ਵਿਚ ਅੰਤਰ ਆਪਣੇ ਆਪ ਸਮਝ ਜਾਣਗੇ। ਚੈਪਟਰ ਨੰਬਰ ਅਤੇ ਪੰਨਾ ਨੰਬਰ ਅੰਗਰੇਜ਼ੀ ਅਨੁਵਾਦ ਵਾਲੇ ਨਾਵਲ ਦੇ ਹਨ। ਯੂਨੀਵਰਸਿਟੀ ਦੇ ਇਸ 'ਮਹਾਨ' ਕਾਰਜ ਅਤੇ ਪਾਠਕਾਂ ਵਿਚਕਾਰੋਂ ਮੈਂ ਪਾਸੇ ਹਟਦਾ ਹਾਂ।

ਚੈਪਟਰ 7, ਪੰਨਾ 90: ਉਸ ਦਾ ਧਿਆਨ ਕੋਠੇ ਵੱਲ ਗਿਆ। (He looked towards the roof)

ਚੈਪਟਰ 11, ਪੰਨਾ 118: ਸਵੇਰ (Evening)

ਚੈਪਟਰ 11, ਪੰਨਾ 124: ਦਸ ਦਿਨਾਂ ਦੇ ਅੰਦਰ ਥੋੜੀਆਂ ਜ਼ਮਾਨਤਾਂ ਤੁੜਵਾ ਕੇ ਬੁੜੇ ਦੀ ਜ਼ਮਾਨਤ ਨਾ ਕਰਵਾਈ ਤਾਂ ਮੈਨੂੰ ਮੋਦੀ ਵਕੀਲ ਕਿਸ ਨੇ ਆਖਣਾ (Within ten days I will get you regular bails and get the bail for old man.)

ਚੈਪਟਰ 11, ਪੰਨਾ 125: ਕੇਸ ਤਾਂ ਲੜਨਾ ਹੀ ਪਵੇਗਾ, ਜ਼ਮਾਨਤਾਂ ਤਾਂ ਤੁੜਵਾਉਣੀਆਂ ਹੀ ਪੈਣਗੀਆਂ (He would have to fight the case to get regular bails.)

ਚੈਪਟਰ 11, ਪੰਨਾ 125: ਮੋਦੀ ਸਾਹਿਬ ਜ਼ਮਾਨਤਾਂ ਤਾਂ ਟੁੱਟੀਆਂ ਨਹੀਂ, ਹੁਣ ਕੀ ਬਣੂੰ? (Sir we have not get regular bails). (ਵਾਕ ਦਾ ਅਗਲਾ ਭਾਗ ਅਨੁਵਾਦ ਕੀਤਾ ਹੀ ਨਹੀਂ ਗਿਆ)

ਚੈਪਟਰ 11, ਪੰਨਾ 125: ਮਿਆਦ ਖਤਮ ਹੋ ਗਈ। ਜ਼ਮਾਨਤਾਂ ਆਪਣੇ ਆਪ ਟੁੱਟ ਗਈਆਂ। (The period is over, they have automatically become regular.)

ਚੈਪਟਰ 11, ਪੰਨਾ 125-126: ਜ਼ਮਾਨਤਾਂ ਤੁੜਵਾਉਣੀਆਂ ਸਨ, ਤੁੜਵਾ ਦਿੱਤੀਆਂ। (I was to get you regular bails which I have done. The bails have become regular.)

ਚੈਪਟਰ 12, ਪੰਨਾ 135: ਬਨ ਗਯਾ ਰਕੀਬ ਜੋ ਥਾ ਰਾਜ਼ਦਾਂ ਅਪਨਾ (My confident became my messenger.)

ਚੈਪਟਰ 13, ਪੰਨਾ 142: ਆਪਣੇ ਦੋਵੇਂ ਹੱਥ ਉਸ ਦੇ ਹੱਥਾਂ ਉਪਰ ਰੱਖ ਦਿੱਤੇ। (She put her hands on his cheeks.)

ਚੈਪਟਰ 18, ਪੰਨਾ 181: ਕੈਂਦਾ ਸੀ, ਲੂਸਣ ਦੀ ਭਰੀ ਵੱਢ ਕੇ ਸੀਰੀ ਨੂੰ ਚੁਕਾ ਦੂੰਗਾ। (He said he'll send a bundle of garlic with one of the laborers.)

ਚੈਪਟਰ 18, ਪੰਨਾ 181: ਪ੍ਰੇਮ ਸਿੰਘ ਸੀਰੀ ਨੂੰ ਲੂਸਣ ਦੀ ਭਰੀ ਚੁਕਾ ਕੇ ਤੋਰ ਦਿੰਦਾ ਹੈ। (Prem Singh had sent a laborer with bundle of garlic.)

ਚੈਪਟਰ 18, ਪੰਨਾ 180: ਖਿਆਲ ਰੱਖੀਂ ਗੱਲ ਮਾਸਟਰ ਭਰਾਵਾਂ ਦੇ ਕੰਨ ਤੱਕ ਨਾ ਅੱਪੜੇ (Take care that it does not reach the ears of my good friends.)

ਚੈਪਟਰ 22, ਪੰਨਾ 203: ਲੰਬੜਦਾਰਾ ਤੇਰੇ ਹੱਥ ਵਿਚ ਤੇਰਵਾਂ ਖਬਰੇ ਚੌਧਵਾਂ ਰਤਨ ਹੈ। (Lambardar this is the thirteen or fourteen peg in your hands.)

---

**ਪੋਸਟ ਸਕ੍ਰਿਪਟ:** ਪ੍ਰੋ. ਹਰਪਾਲ ਸਿੰਘ ਪੰਨੂ ਦੀ ਪੁਸਤਕ 'ਸਵੇਰ ਤੋਂ ਸ਼ਾਮ ਤੱਕ' ਪੜ੍ਹ ਰਿਹਾ ਸਾਂ। ਪੁਸਤਕ ਵਿਚ ਜੀ. ਐਸ. ਰਿਆਲ ਬਾਰੇ ਸ਼ਬਦ-ਚਿੱਤਰ ਨੁਮਾ ਲੇਖ 'ਸ਼ਬਦਾਂ ਦੀ ਪੈੜ ਮਗਰ ਰਿਆਲ' ਵਿਚ ਪੰਨੂ ਸਾਹਿਬ ਜ਼ਿਕਰ ਕਰਦੇ ਨੇ:

"ਡਾ. ਅਤਰ ਸਿੰਘ ਤੁਹਾਡੇ (ਜੀ. ਐਸ. ਰਿਆਲ) ਨਾਲ ਨਾਰਾਜ਼ ਹੋ ਗਏ ਸਨ, ਕਿਉਂ?" ਮੈਂ ਪੁੱਛਿਆ।

ਜੀ. ਐਸ. ਰਿਆਲ ਬੋਲੇ, "ਦੇਖੋ ਪੰਨੂ ਸਾਹਿਬ, ਅਤਰ ਸਿੰਘ ਤਿੱਖੇ ਦਿਮਾਗ ਦਾ ਸੂਝਵਾਨ ਬੰਦਾ ਸੀ ਪਰ ਕੋਸ਼ਕਾਰੀ ਦਾ ਉਸ ਨੂੰ ਗਿਆਨ ਨਹੀਂ ਸੀ। ਸਟਾਫ ਵੀ ਕੁਝ ਇਹੋ-ਜਿਹਾ ਹੀ ਸੀ। ਇਨ੍ਹਾਂ ਦੀ ਤਿਆਰ ਕੀਤੀ ਡਿਕਸ਼ਨਰੀ ਦੇਖੀ ਤਾਂ ਮੈਨੂੰ ਅਨੇਕ ਗਲਤ ਇੰਦਰਾਜ ਦੇਖਣ ਨੂੰ ਮਿਲੇ। ਇਕ ਗਲਤੀ ਤਾਂ ਕਲਾਸੀਕਲ ਸੀ। ਮੈਂ ਇਨ੍ਹਾਂ ਗਲਤੀਆਂ ਉਪਰ ਲੇਖ ਛਪਵਾ ਦਿੱਤਾ, ਜਿਸ ਦਾ ਸਿਰਲੇਖ ਸੀ, 'ਧੋਬੀ ਦੀ ਜ਼ਨਾਨੀ'। ਮੈਂ ਅੰਗਰੇਜ਼ੀ ਲਫਜ਼ 'Iron' ਦੇ ਅਰਥ ਪੜ੍ਹਨ ਲੱਗਾ। ਬਾਕੀ ਅਰਥਾਂ ਤੋਂ ਇਲਾਵਾ ਇਸ ਦਾ ਇਕ ਅਰਥ 'ਧੋਬੀ ਦੀ ਜ਼ਨਾਨੀ' ਵੀ ਲਿਖਿਆ ਹੋਇਆ ਪੜ੍ਹਿਆ। ਮੈਂ ਹੈਰਾਨ ਹੋ ਕੇ ਸੋਚਣ ਲੱਗਾ ਕਿ ਇਨ੍ਹਾਂ ਨੇ ਇਹ ਅਰਥ ਕਿਵੇਂ ਕੱਢ ਲਿਆ? ਕੋਸ਼ ਫੋਲੇ ਤਾਂ ਪੈੜ ਨੱਪੀ ਲਈ। ਅੰਗਰੇਜ਼ੀ-ਹਿੰਦੀ ਦੀ ਡਿਕਸ਼ਨਰੀ ਵਿਚ ਇਕ ਅਰਥ 'ਧੋਬੀ ਦੀ ਇਸਤਰੀ' ਦਿੱਤਾ ਹੋਇਆ ਸੀ। ਉਥੇ ਇਸਤਰੀ ਲਫਜ਼ ਪੂਰੀ ਛੋਟੀ 'ਈ' ਦੇ ਅੱਖਰ ਨਾਲ ਸੱਸਾ ਪਾ ਕੇ ਲਿਖਿਆ ਹੋਇਆ ਸੀ। ਅੱਧੇ ਸੱਸੇ ਨਾਲ ਲਿਖੇ ਸ਼ਬਦ ਦਾ ਅਰਥ ਔਰਤ ਹੁੰਦਾ ਹੈ ਪਰ ਈੜੀ ਸੱਸੇ ਨਾਲ ਲਿਖੇ ਸ਼ਬਦ ਦਾ ਅਰਥ ਹੈ, ਪ੍ਰੈਸ ਕਰਨਾ, ਕੱਪੜੇ ਪ੍ਰੈਸ ਕਰਨ ਵਾਲਾ ਯੰਤਰ। ਇਨ੍ਹਾਂ ਕੋਸ਼ਕਾਰਾਂ ਨੇ 'ਧੋਬੀ ਕੀ ਇਸਤਰੀ' ਨੂੰ 'ਧੋਬੀ ਦੀ ਜ਼ਨਾਨੀ' ਲਿਖ ਦਿੱਤਾ। ਮੇਰੇ ਇਸ ਲੇਖ ਕਾਰਨ ਅਤਰ ਸਿੰਘ ਨਾਰਾਜ਼ ਹੋ ਗਏ।"

# ਸਿੱਖਾਂ ਦਾ ਧਾਰਮਕ ਚਿੰਨ੍ਹ ੧ਓ ਹੋਣਾ ਚਾਹੀਦਾ

ਇਸਾਈ ਮਤ ਦਾ ਧਾਰਮਕ ਚਿੰਨ੍ਹ ਕਰਾਸ ਹੈ। ਇਹ ਪੂਰੀ ਦੁਨੀਆਂ ਵਿਚ ਗਿਰਜਾ ਘਰਾਂ/ਚਰਚਾਂ ਉਪਰ ਦੂਰੋਂ ਹੀ ਨਜ਼ਰ ਆਉਂਦਾ ਹੈ, ਭਾਵੇਂ ਉਨ੍ਹਾਂ ਦੇ ਧਰਮ ਦੇ ਕਿੰਨੇ ਵੀ ਫਿਰਕੇ ਕਿਉਂ ਨਾ ਹੋਣ। ਇਸੇ ਤਰ੍ਹਾਂ ਇਸਲਾਮ ਦਾ ਧਾਰਮਕ ਚਿੰਨ੍ਹ ਚੰਦਰਮਾ/ਚੰਦ-ਤਾਰਾ ਹੈ। ਪੂਰੀ ਦੁਨੀਆਂ ਵਿਚ


**ਭਜਨ ਸਿੰਘ**
**ਫੋਨ: 513-498-3907**


ਮਸਜਿਦਾਂ ਦੇ ਗੁੰਬਦਾਂ ਉਪਰ ਇਹ ਵੀ ਦੂਰੋਂ ਹੀ ਨਜ਼ਰ ਆਉਂਦਾ ਹੈ, ਭਾਵੇਂ ਮੁਸਲਮਾਨਾਂ ਦੇ ਵੀ ਵੱਖ ਵੱਖ ਫਿਰਕੇ ਹਨ।

ਸਿੱਖਾਂ ਦਾ ਧਾਰਮਕ ਚਿੰਨ੍ਹ ਇਕ ਕਿਉਂ ਨਹੀਂ ਹੈ?

ਸਿੱਖਾਂ ਦੀ ਅਰਦਾਸ, ਨਿੱਤਨੇਮ ਤੇ ਧਾਰਮਕ ਰਹੁ-ਰੀਤਾਂ ਇਕੋ ਜਿਹੀਆਂ ਨਹੀਂ, ਫਿਰ ਧਾਰਮਕ ਚਿੰਨ੍ਹ ਇਕ ਕਿਥੋਂ ਹੋਣਾ ਸੀ? ਮੇਰਾ ਆਪਣਾ ਸਰਵੇਖਣ ਹੈ ਕਿ 10% ਸਿੱਖ ਹੀ ੧ਓ ਨੂੰ ਆਪਣਾ ਧਾਰਮਕ ਚਿੰਨ੍ਹ ਮੰਨਦੇ ਹਨ, ਜਦਕਿ 90% ਸਿੱਖ ਖੰਡੇ ਨੂੰ ਆਪਣਾ ਧਾਰਮਕ ਚਿੰਨ੍ਹ ਮੰਨਦੇ ਹਨ।

ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਤੋਂ ਸ਼ਸਤਰਾਂ ਦੀ ਵਰਤੋਂ ਸ਼ੁਰੂ ਹੋਈ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ, ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸਿੱਖਾਂ ਦਾ ਸਿਆਸੀ



ਚਿੰਨ੍ਹ ਖੰਡਾ ਸੀ। ਸਿੱਖ ਫੌਜੀ ਖੰਡੇ ਵਾਲਾ ਨਿਸ਼ਾਨ ਸਾਹਿਬ ਲੈ ਕੇ ਫੌਜ ਦੀ ਅਗਵਾਈ ਕਰਦਾ ਸੀ ਜਿਸ ਉਤੇ ਦੋ ਤਲਵਾਰਾਂ, ਖੰਡਾ ਤੇ ਚੱਕਰ, ਕੇਸਰੀ ਰੰਗ ਦੇ ਕੱਪੜੇ ਉਪਰ ਬਣਾ ਕੇ ਝੁਲਾਇਆ ਜਾਂਦਾ ਸੀ। ਅੱਜ ਵੀ ਉਹੀ ਖੰਡੇ ਵਾਲਾ ਸਿਆਸੀ ਚਿੰਨ੍ਹ ਸਾਡੇ ਨਿਸ਼ਾਨ ਸਾਹਿਬ, ਪਾਲਕੀਆਂ, ਇਸ਼ਤਿਹਾਰਾਂ, ਗੁੰਬਦਾਂ ਕਲਸਾਂ, ਨਗਰ ਕੀਰਤਨ ਆਦਿ ਦਾ ਸ਼ਿੰਗਾਰ ਬਣਿਆ ਹੋਇਆ ਹੈ।

ਖੰਡਾ ਸਿੱਖਾਂ ਦਾ ਸਿਆਸੀ ਚਿੰਨ੍ਹ ਹੈ, ਪਰ ਧਾਰਮਕ ਚਿੰਨ੍ਹ ਬਾਰੇ ਇਹ ਨੁਕਤੇ ਵਿਚਾਰਨਯੋਗ ਹਨ:

(ੳ) ਨਾਮ ਵਿਚ ਹੀ ਅਧੂਰਾਪਨ ਲਗਦਾ ਹੈ। ਖੰਡਾ ਸ਼ਸਤਰ ਹੈ। ਫਿਰ ਦੋ ਤਲਵਾਰਾਂ ਅਤੇ ਚੱਕਰ ਬਾਰੇ ਕੀ ਜਵਾਬ ਹੈ?

(ਅ) ਇਸ ਚਿੰਨ੍ਹ ਦੀ ਵਿਆਖਿਆ ਕਰਨੀ ਲੰਮੇਰੀ ਹੈ।

(ੲ) ਹਰ ਕੋਈ ਇਸ ਚਿੰਨ੍ਹ ਦੀ ਵਿਆਖਿਆ ਆਪਣੀ ਬੁੱਧੀ ਮੁਤਾਬਕ ਹੀ ਕਰੇਗਾ।

(ਸ) ਜੋ ਲੋਕ ਅਹਿੰਸਾ ਪਰਮੋ-ਧਰਮ ਦੇ ਪੁਜਾਰੀ ਹਨ, ਉਹ ਤਾਂ ਵੈਸੇ ਹੀ ਸ਼ਸਤਰਾਂ ਤੋਂ ਭੈਭੀਤ ਹੁੰਦੇ ਹਨ ਅਤੇ ਬਹੁਤ ਸਾਰੇ ਕਿੰਤੂ-ਪ੍ਰੰਤੂ



ਵੀ ਕਰਦੇ ਹਨ।

ਸਿੱਖਾਂ ਦਾ ਧਾਰਮਕ ਚਿੰਨ੍ਹ ੧ਓ ਕਿਉਂ ਹੋਣਾ ਚਾਹੀਦਾ ਹੈ?

ਕਿਉਂਕਿ:

(ੳ) ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸ਼ੁਰੂਆਤ ੧ਓ ਤੋਂ ਹੁੰਦੀ ਹੈ।

(ਅ) ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਨੇ ੧ਓ ਦਾ ਉਚਾਰਨ ਕੀਤਾ ਹੈ।

(ੲ) ਗਣਿਤ ਦੇ ਅੰਕਾਂ/ਹਿੰਦਸਿਆਂ ਦੀ ਗਿਣਤੀ ਵੀ ਇਕ (੧) ਤੋਂ ਹੀ ਸ਼ੁਰੂ ਹੁੰਦੀ ਹੈ।

(ਸ) ਪੰਜਾਬੀ/ਗੁਰਮੁਖੀ ਲਿਪੀ ਦਾ ਪਹਿਲਾ ਅੱਖਰ ਵੀ 'ਓ' ਹੀ ਹੈ।

(ਹ) ਪੂਰੀ ਦੁਨੀਆਂ ਵਿਚ ਇਹ ਸੁਨੇਹਾ ਜਾਂਦਾ ਹੈ ਕਿ ਰੱਬ, ਪਰਮਾਤਮਾ, ਅੱਲ੍ਹਾ, ਵਾਹਿਗੁਰੂ, ਭਗਵਾਨ, ਗੌਡ ਅਤੇ ਈਸ਼ਵਰ ਕੁਝ ਵੀ ਕਹਿ ਲਵੋ, ਕੇਵਲ ਇਕ ਹੀ ਹੈ, ਜਿਸ ਦਾ ਇਹ ਸਭ ਪਸਾਰਾ ਹੈ।

(ਕ) ਇਸ ਧਾਰਮਕ ਚਿੰਨ੍ਹ ਉਪਰ ਕੋਈ ਵੀ ਕਿੰਤੂ-ਪ੍ਰੰਤੂ ਨਹੀਂ ਕਰ ਸਕਦਾ ਅਤੇ ਇਸ ਦੀ ਵਿਆਖਿਆ ਕਰਨੀ ਸਰਲ ਹੈ।

(ਖ) ਸਨਾਤਨ ਧਰਮੀਆਂ ਦੇ ਧਾਰਮਕ ਚਿੰਨ੍ਹ 'ਓਮ' ਦਾ ਹੀ ਤਾਂ ਗੁਰੂ ਨਾਨਕ ਨੇ ਨਵੀਨੀਕਰਨ ਕੀਤਾ ਹੈ, ਜੇ ਸਨਾਤਨ ਮਤ ਵਾਲੇ ਗੌਰ ਕਰਨ ਤਾਂ।

**ਜ਼ਰੂਰੀ ਬੇਨਤੀ:**

(ੳ) ਗੁਰਦੁਆਰੇ ਸਿੱਖਾਂ ਦੇ ਧਾਰਮਕ ਸਥਾਨ ਹਨ। ਸੋ, ਕਿੰਨਾ ਚੰਗਾ ਹੋਵੇ, ਜੇ ਗੁਰਦੁਆਰਿਆਂ ਦੇ ਗੁੰਬਦਾਂ ਦੇ ਕਲਸਾਂ ਉਪਰ ੧ਓ ਦਾ ਚਿੰਨ੍ਹ ਲਾਇਆ ਜਾਵੇ। ਇਸ ਦੀ ਮਿਸਾਲ ਗੁਰਦੁਆਰਾ ਨਾਨਕਸਰ ਠਾਠ ਐਮ. ਐਮ. ਐਸ. ਕਾਲੋਨੀ, ਪਿੰਡ ਬੜਿੰਗ ਜਲੰਧਰ ਕੈਂਟ ਹੈ।

(ਅ) ਗੁਰਦੁਆਰਿਆਂ ਵਿਚ ਸੁਸ਼ੋਭਿਤ ਨਿਸ਼ਾਨ ਸਾਹਿਬ ਸਿੱਖਾਂ ਦਾ ਸਿਆਸੀ ਚਿੰਨ੍ਹ ਹੈ।

(ੲ) ਬਹੁਤ ਸਾਰੇ ਗੁਰਦੁਆਰੇ ਡੇਰਿਆਂ ਦੇ ਹਨ ਜੋ ਨਿਸ਼ਾਨ ਸਾਹਿਬ ਨਹੀਂ ਲਾਉਂਦੇ, ਪਰ ਧਾਰਮਕ ਚਿੰਨ੍ਹ ੧ਓ ਜ਼ਰੂਰ ਲਾ ਲੈਣਗੇ।

#

ਇਤਿਹਾਸ

# ਅਦੀਨਾ ਬੇਗ, ਅਫਗਾਨ ਅਤੇ ਸਿੱਖ

***ਯੂਨੀਵਰਸਿਟੀ ਆਫ ਇਲੀਨਾਏ, ਅਰਬਾਨਾ ਵਿਚ ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਪੜ੍ਹਾਉਂਦੇ ਰਹੇ ਪ੍ਰੋਫੈਸਰ ਰਾਜਮੋਹਨ ਗਾਂਧੀ ਨੇ ਆਪਣੀ ਵੱਡ-ਆਕਾਰੀ ਅੰਗਰੇਜ਼ੀ ਕਿਤਾਬ ਵਿਚ ਪੰਜਾਬ ਦੀ ਸਾਖੀ ਸੁਣਾਈ ਹੈ। ਪ੍ਰੋਫੈਸਰ ਹਰਪਾਲ ਸਿੰਘ ਪੰਨੂ ਨੇ ਇਸ ਕਿਤਾਬ ਦਾ ਅਨੁਵਾਦ 'ਪੰਜਾਬ: ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ' ਨਾਂ ਹੇਠ ਕੀਤਾ ਹੈ। ਇਸ ਕਿਤਾਬ ਅੰਦਰ ਪੰਜਾਬ ਦਾ ਇਤਿਹਾਸ ਸਮੇਟਦਿਆਂ ਪ੍ਰੋ. ਗਾਂਧੀ ਨੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ। ਕਿਤਾਬ ਦਾ ਇਕ ਅੰਸ਼ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***



**ਰਾਜਮੋਹਨ ਗਾਂਧੀ**
**ਅਨੁਵਾਦ: ਹਰਪਾਲ ਸਿੰਘ ਪੰਨੂ**

ਇਹ ਸੋਚ ਕੇ ਕਿ ਅਹਿਮਦ ਸ਼ਾਹ ਅਬਦਾਲੀ ਜਲੰਧਰ ਦੋਆਬ ਤੇ ਜੰਮੂ ਕਸ਼ਮੀਰ ਮੈਨੂੰ ਦੇ ਗਿਆ ਹੈ, ਮੁਗਲਾਣੀ ਬੇਗਮ ਨੇ ਮਿਸਕੀਨ ਸ਼ਾਹ ਨੂੰ ਆਪਣੇ ਦੂਤ ਵਜੋਂ ਅਦੀਨਾ ਬੇਗ ਕੋਲ ਭੇਜ ਕੇ ਆਪਣੀ ਖਿਲਅਤ ਭੇਟ ਕੀਤੀ। ਬੇਗਮ ਦਾ ਸੰਕੇਤ ਸੀ ਕਿ ਮੇਰੇ ਵੱਲੋਂ ਤੂੰ ਜਲੰਧਰ ਦਾ ਹਾਕਮ ਹੈਂ। ਬੇਗਮ ਨਾਲ ਧੋਖਾ ਹੋਇਆ। ਪੰਜਾਬ, ਸਰਹਿੰਦ, ਜੰਮੂ ਤੇ ਕਸ਼ਮੀਰ ਦੀ ਮਾਲਕੀ ਤਾਂ ਅਬਦਾਲੀ ਆਪਣੇ ਗਿਆਰਾਂ ਸਾਲ ਦੇ ਬੇਟੇ ਤੈਮੂਰ ਨੂੰ ਦੇ ਕੇ ਲਾਹੌਰ ਛੱਡ ਗਿਆ ਸੀ ਪਰ ਅਸਲ ਵਿਚ ਰਾਜ ਤੈਮੂਰ ਦਾ ਸਰਪ੍ਰਸਤ ਤੇ ਅਬਦਾਲੀ ਦਾ ਵਫਾਦਾਰ ਜਰਨੈਲ ਜਹਾਨ ਖਾਨ ਕਰਨ ਲੱਗਾ। ਅਬਦਾਲੀ ਨੇ ਬੇਗਮ ਨੂੰ ਕਿਹਾ, ਤੇਰਾ ਭਰਾ ਤੈਮੂਰ ਸ਼ਾਹ ਵਾਇਸਰਾਇ ਲਾ ਤਾਂ ਦਿੱਤਾ ਹੈ, ਹੁਣ ਤੇਰਾ ਇਨ੍ਹਾਂ ਇਲਾਕਿਆਂ ਵਿਚ ਕੀ ਲੈਣ ਦੇਣ?

1757 ਦੀਆਂ ਸਰਦੀਆਂ ਦੇ ਅੰਤ ਵੇਲੇ ਤੈਮੂਰ ਦਾ ਫੁਰਮਾਨ ਅਤੇ ਜਹਾਨ ਖਾਨ ਦਾ ਖਤ ਅਦੀਨੇ ਕੋਲ ਪੁੱਜਾ, ਅਰਾਈਂ ਨੂੰ ਹੁਕਮ ਸੀ ਕਿ ਸਾਡੀ ਸੇਵਾ ਵਿਚ ਹਾਜ਼ਰ ਹੋ। ਜੇ ਤੂੰ ਹੁਕਮ ਦੀ ਤਾਮੀਲ ਨਾ ਕੀਤੀ ਤਾਂ ਪੂਰਾ ਦੁਆਬ ਥੇਹ ਕਰ ਦਿਆਂਗੇ ਤੇ ਤੈਨੂੰ ਪਹਾੜੀਆਂ ਵਿਚ ਲੱਭਾਂਗੇ। ਪੇਸ਼ ਕਿਉਂਕਿ ਹੋਣਾ ਨਹੀਂ ਸੀ, ਅਦੀਨੇ ਨੇ ਖਤ ਦਾ ਜੁਆਬ ਨਹੀਂ ਦਿੱਤਾ। ਜਹਾਨ ਖਾਨ ਨੇ ਦੋਆਬੇ ਦੀ ਆਬਾਦੀ ਵਿਚ ਲੁੱਟਮਾਰ ਕਰ ਕੇ ਤਬਾਹੀ ਮਚਾਈ। ਅਦੀਨੇ ਨੇ ਸੁਨੇਹਾ ਭੇਜਿਆ, ਮੈਂ ਅਬਦਾਲੀ ਦੇ ਏਜੰਟ ਵਜੋਂ ਕੰਮ ਕਰਨ ਲਈ ਤਿਆਰ ਹਾਂ, ਮੈਨੂੰ ਲਾਹੌਰ ਰਹਿਣ ਤੋਂ ਛੋਟ ਦਿੱਤੀ ਜਾਵੇ, ਕਿਉਂਕਿ ਜੇ ਮੈਂ ਦੋਆਬੇ ਤੋਂ ਗੈਰ ਹਾਜ਼ਰ ਹੋ ਗਿਆ, ਸਿੱਖ ਇਥੇ ਕਬਜ਼ਾ ਕਰ ਲੈਣਗੇ।

ਜਹਾਨ ਖਾਨ ਨੂੰ ਲਾਲਚੀ ਅਰਾਈਂ ਉਪਰ ਭਰੋਸਾ ਤਾਂ ਨਹੀਂ ਸੀ, ਪਰ ਉਸ ਬਿਨਾ ਮਾਮਲਾ ਹੋਰ ਕੌਣ ਉਗਰਾਹੇ? ਛੱਤੀ ਲੱਖ ਸਾਲ ਦਾ ਸੌਦਾ ਹੋਇਆ। ਅਬਦਾਲੀ ਦੇ ਫੁਰਮਾਨ ਨਾਲ ਅਦੀਨੇ ਨੂੰ ਦੋਆਬੇ ਦਾ ਸੂਬੇਦਾਰ ਲਾ ਦਿੱਤਾ, ਪਰ ਵਾਅਦਾ ਖਿਲਾਫੀ ਨਾ ਹੋ ਜਾਵੇ, ਅਦੀਨੇ ਦਾ ਹਿੰਦੂ ਏਜੰਟ ਦਿਲਾ ਰਾਮ ਲਾਹੌਰ ਦਰਬਾਰ ਦੀ ਹਾਜ਼ਰੀ ਭਰਿਆ ਕਰੇਗਾ। ਮਾਮਲੇ ਦੀ ਕਿਸ਼ਤ ਵਾਸਤੇ ਬੇਸਬਰੇ ਜਹਾਨ ਖਾਨ ਨੇ ਦਿਲਾ ਰਾਮ ਨੂੰ ਕੈਦ ਕਰ ਲਿਆ। ਆਪਣਾ ਅਸਰ ਰਸੂਖ ਵਰਤ ਕੇ ਮੁਗਲਾਣੀ ਬੇਗਮ ਨੇ ਦਿਲਾ ਰਾਮ ਨੂੰ ਕੈਦ ਵਿਚੋਂ ਭੱਜਣ ਵਿਚ ਕਾਮਯਾਬੀ ਦਿਵਾਈ। ਗੁਸੈਲੇ ਜਹਾਨ ਖਾਨ ਨੇ ਬੇਗਮ ਬੈਂਤਾਂ ਨਾਲ ਖੁਦ ਕੁੱਟੀ, ਉਸ ਦਾ ਪਹਿਨਿਆ ਗਹਿਣਾ-ਗੱਟਾ ਖੋਹ ਲਿਆ ਤੇ ਸਖਤ ਕੈਦ ਵਿਚ ਸੁੱਟ ਦਿੱਤੀ।

ਅਦੀਨੇ ਕੋਲ ਸੁਨੇਹਾ ਪੁੱਜਾ ਕਿ ਸਿੱਖਾਂ ਨੂੰ ਦਬਾਉਣ ਲਈ ਸਲਾਹ ਮਸ਼ਵਰਾ ਕਰਨਾ ਹੈ, ਲਾਹੌਰ ਪੁੱਜੋ। ਅਦੀਨੇ ਨੇ ਪੇਸ਼ ਹੋਣ ਤੋਂ ਇਨਕਾਰ ਕਰਦਿਆਂ ਤੈਮੂਰ ਸ਼ਾਹ ਲਈ ਤੋਹਫੇ ਭੇਜੇ ਤੇ ਖਿਮਾ ਦੀ ਅਰਜ਼ ਕੀਤੀ। ਦੋ ਹਿੰਦੂ-ਧਰਮ ਦਾਸ ਤਰੰਜੀਆ ਤੇ ਚੌਧਰੀ ਜੋਧਾ ਨਾਗਰੀ ਅਤੇ ਇਕ ਮੁਸਲਮਾਨ, ਕਪੂਰਥਲੇ ਦਾ ਸਰਬਰਾਹ ਰਾਇ ਇਬਰਾਹੀਮ ਭੱਟੀ ਜਾਮਨਾਂ ਵਜੋਂ ਲਾਹੌਰ ਭੇਜੇ। ਵਾਪਸ ਸੰਦੇਸ਼ ਆਇਆ ਕਿ ਖਿਮਾ ਮਿਲੇਗੀ, ਪਰ ਲਾਹੌਰ ਦਰਬਾਰ ਵਿਚ ਪੇਸ਼ ਹੋ। ਜਦੋਂ ਗੱਲ ਨਾ ਮੰਨੀ, ਉਸ ਨੂੰ ਫੜਨ ਲਈ ਫੌਜ ਆ ਗਈ। ਅਦੀਨਾ ਪਹਾੜੀਆਂ ਵੱਲ ਭੱਜ ਗਿਆ ਤੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਕਿ ਮੇਰੀ ਫੌਜ ਵਿਚ ਭਰਤੀ ਹੋਵੋ, ਤਨਖਾਹ ਦਿਆਂਗਾ, ਲੁੱਟਮਾਰ ਕਰਨ ਦਾ ਹੱਕ ਮਿਲੇਗਾ।

ਮੁਰਾਦ ਖਾਨ ਦੀ ਕਮਾਨ ਹੇਠ ਫੌਜਾਂ ਦੋਆਬ ਆ ਗਈਆਂ। ਮੁਕਾਬਲਾ ਹੋਇਆ ਤਾਂ ਸਿੱਖ ਗਜ਼ਬ ਦੀ ਤਾਕਤ ਨਾਲ ਲੜੇ। ਸੋਢੀ ਬਡਭਾਗ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਅਫਗਾਨਾਂ ਨੂੰ ਜੜ੍ਹੋਂ ਉਖਾੜ ਦਿੱਤਾ, ਉਨ੍ਹਾਂ ਦਾ ਸਾਰਾ ਮਾਲ, ਅਸਲਾਖਾਨਾ ਖੋਹ ਲਿਆ। ਮੁਰਾਦ ਖਾਨ ਲਾਹੌਰ ਵੱਲ ਭੱਜ ਆਇਆ। ਮੁਰਾਦ ਦੀ ਹਾਰ ਸੁਣ ਕੇ ਜਹਾਨ ਖਾਨ ਤੈਸ਼ ਵਿਚ ਆ ਗਿਆ ਤੇ ਫੌਜ ਲੈ ਕੇ ਦੋਆਬ ਵੱਲ ਚੱਲ ਪਿਆ। ਰਸਤੇ ਵਿਚ ਨੱਠਿਆ ਆਉਂਦਾ ਮੁਰਾਦ ਮਿਲਿਆ। ਗੁਸੈਲੇ ਜਹਾਨ ਖਾਨ ਨੇ ਹੁਕਮ ਦਿੱਤਾ, ਯੁੱਧ 'ਚੋਂ ਭੱਜੇ ਮੁਰਾਦ ਦੇ ਬੈਂਤ ਮਾਰੇ ਜਾਣ।

ਸਿੱਖਾਂ ਕਰ ਕੇ ਬਚੇ ਅਦੀਨਾ ਬੇਗ ਨੇ ਉਨ੍ਹਾਂ ਨੂੰ ਦੋਆਬ ਦੀ ਲੁੱਟਮਾਰ ਕਰਨ ਦੀ ਆਗਿਆ ਦੇ ਦਿੱਤੀ। ਦਸੰਬਰ 1757, ਦੋਆਬ ਵਿਚ ਸਿੱਖਾਂ ਨੇ ਕੁਹਰਾਮ ਮਚਾ ਦਿੱਤਾ। ਜਲੰਧਰ ਸ਼ਹਿਰ ਇਸ ਲਈ ਲੁੱਟਿਆ, ਸਾੜ੍ਹਿਆ ਕਿਉਂਕਿ ਇਥੋਂ ਦੇ ਹਾਕਮ ਨਾਸਿਰ ਅਲੀ ਨੇ ਸਿੱਖਾਂ 'ਤੇ ਜ਼ਿਆਦਤੀਆਂ ਕੀਤੀਆਂ ਸਨ। ਜਹਾਨ ਖਾਨ ਦੀ ਫੌਜ ਵਿਰੁਧ ਕੋਈ ਨਾ ਅੜਿਆ। ਸਿੱਖ ਧਨ ਮਾਲ ਇਕੱਠਾ ਕਰਦੇ ਰਹੇ। ਅਦੀਨਾ ਬੇਗ ਪਹਾੜੀਆਂ ਵੱਲ ਦੌੜ ਗਿਆ, ਹਿਸਾਬ-ਕਿਤਾਬ ਲਾਉਣ ਲੱਗਾ, ਸਿੱਖਾਂ ਨਾਲ ਸੰਧੀ ਠੀਕ ਰਹੇਗੀ? ਅਫਗਾਨਾਂ ਨਾਲ ਸੁਲਾਹ ਸਫਾਈ ਕਰੀਏ? ਤੀਜੀ ਧਿਰ ਮਰਾਠੇ ਵੀ ਹਨ, ਉਨ੍ਹਾਂ ਵੱਲ ਸੁਨੇਹਾ ਭੇਜਿਆ ਜਾਵੇ? ਮੁਗਲਾਣੀ ਬੇਗਮ ਦੇ ਸਹੁਰੇ ਇਮਾਦ-ਉਲ ਮੁਲਕ ਨੇ ਵੀ ਇਕ ਵਾਰੀ ਉਨ੍ਹਾਂ ਦੀ ਮਦਦ ਲਈ ਸੀ।

ਇਮਾਦ ਨੇ ਬਾਦਸ਼ਾਹ ਆਲਮਗੀਰ ਦੂਜੇ ਅਤੇ ਪ੍ਰਧਾਨ ਮੰਤਰੀ ਇੰਤਜ਼ਾਮ ਨੂੰ ਦੱਸੇ ਬਗੈਰ ਮਰਾਠੇ ਸੱਦ ਲਏ। ਪੂਣੇ ਦੇ ਪੇਸ਼ਵਾ ਦੇ ਭਰਾ ਰਘੂਨਾਥ ਰਾਓ ਦੀ ਕਮਾਨ ਹੇਠ ਬੇਸ਼ੁਮਾਰ ਮਰਾਠੇ ਦਿੱਲੀ ਵਿਚ ਆ ਗਏ ਅਤੇ ਨਜੀਬ ਸਮੇਤ ਅਬਦਾਲੀ ਦੇ ਏਲਚੀ ਦਿੱਲੀ ਤੋਂ ਬਾਹਰ ਧੱਕ ਕੇ ਨਜੀਬ ਦੇ ਸ਼ਹਿਰ ਸਹਾਰਨਪੁਰ ਉਤੇ ਕਬਜ਼ਾ ਕਰ ਲਿਆ ਤੇ ਸਰਹੰਦ ਤਕ ਪੁੱਜਣ ਦੀ ਧਮਕੀ ਦਿੱਤੀ। ਜਹਾਨ ਖਾਨ ਵਲੋਂ ਭੇਜੀਆਂ ਫੌਜਾਂ ਨੂੰ ਸਿੱਖ ਅਕਸਰ ਘੇਰ ਲੈਂਦੇ, ਦੋਆਬ ਤੇ ਕਸ਼ਮੀਰ ਵਿਚ ਉਹ ਸਫਲ ਨਾ ਹੋਇਆ, ਲਾਹੌਰ ਪਰਤ ਗਿਆ। ਦੋਆਬ ਸੁੰਨ ਮਸਾਣ ਪਿਆ ਸੀ, ਨਾ ਅਫਗਾਨਾਂ ਦਾ ਰਾਜ ਸੀ, ਨਾ ਸਿੱਖਾਂ ਦਾ, ਨਾ ਅਦੀਨੇ ਦਾ। ਅਫਰਾ ਤਫਰੀ ਫੈਲੀ।

ਪੂਰੇ ਪੰਜਾਬ ਦਾ ਇਹੀ ਹਾਲ ਸੀ। ਲਾਹੌਰ ਦਾ ਆਲਾ ਦੁਆਲਾ ਤੱਕ ਸਿੱਖਾਂ ਤੋਂ ਸੁਰੱਖਿਅਤ ਨਾ ਰਿਹਾ। ਹਰ ਰਾਤ ਹਜ਼ਾਰਾਂ ਸਿੱਖ ਲਾਹੌਰ ਦੇ ਆਲੇ ਦੁਆਲੇ ਆਬਾਦੀ ਵਿਚ ਵੜ ਕੇ ਲੁੱਟਦੇ, ਪਰਜਾ ਦੇ ਬਚਾਅ ਵਾਸਤੇ ਕੋਈ ਫੌਜ ਨਾ ਆਉਂਦੀ। ਨਵੰਬਰ 1757 ਤੋਂ ਫਰਵਰੀ 1758 ਤੱਕ ਇਹੋ ਹਾਲ ਰਿਹਾ। ਅਦੀਨੇ ਨੇ ਫੈਸਲਾ ਕਰ ਲਿਆ, ਮਰਾਠਿਆਂ ਦੀ ਮਦਦ ਲੈ ਕੇ ਉਹ ਅਫਗਾਨਾਂ ਨੂੰ ਸਿੰਧ ਪਾਰ ਤੱਕ ਧੱਕ ਦੇਵੇਗਾ। ਰਘੂਨਾਥ ਰਾਓ ਨੂੰ ਗੁਪਤ ਸੁਨੇਹੇ ਵਿਚ ਕਿਹਾ ਕਿ ਪੰਜਾਬ ਵਿਚ ਲੁੱਟਣ ਵਾਸਤੇ ਬੜਾ ਕੁਝ ਹੈ। ਇਸ ਤੋਂ ਇਲਾਵਾ ਕੂਚ ਦੌਰਾਨ ਇਕ ਲੱਖ ਰੋਜ਼ਾਨਾ ਅਤੇ ਕਯਾਮ ਦੌਰਾਨ 50 ਹਜ਼ਾਰ ਰੁਪਏ ਰੋਜ਼ਾਨਾ ਫੌਜੀ ਖਰਚਾ ਦਿਆਂਗਾ। ਜਹਾਨ ਖਾਨ ਦੇ ਡਿਪਟੀ ਉਜ਼ਬੇਕ ਅਫਸਰ ਖਵਾਜਾ ਖਿਜ਼ਰ ਖਾਨ ਨੇ ਅਦੀਨੇ ਨੂੰ ਪਹਾੜੀਆਂ ਵਿਚ ਘੇਰ ਲਿਆ। ਨਾ ਕੇਵਲ ਜਵਾਬ ਤਲਬੀ ਦਾ ਉਤਰ ਦਿੱਤਾ, ਆਪਣੀ ਧੀ ਉਜ਼ਬੇਕ ਨਾਲ ਵਿਆਹ ਕੇ ਉਸ ਨੂੰ ਆਪਣੇ ਵੱਲ ਕਰ ਲਿਆ।

---

ਸਿੰਧ ਪਾਰ ਤੱਕ ਆਪਣਾ ਝੰਡਾ ਲਹਿਰਾਉਣ ਦੇ ਸੁਫਨੇ ਨਾਲ ਅਤੇ ਲੁੱਟ ਦੇ ਮਾਲ ਦੀ ਆਸ ਵਿਚ ਜਮਨਾ ਪਾਰ ਕਰ ਕੇ ਮਰਾਠੇ ਸਰਹਿੰਦ ਵੱਲ ਚੱਲ ਪਏ। ਇਥੇ ਅਬਦਾਲੀ ਦੇ ਸੂਬੇਦਾਰ, ਪਸ਼ਤੂਨ ਜਰਨੈਲ ਅਬਦੁ ਸਮਦ ਖਾਨ ਨੇ ਤੁਰਤ ਫੁਰਤ ਪਟਿਆਲਾ ਰਿਆਸਤ ਦੇ ਚੀਫ ਬਾਬਾ ਆਲਾ ਸਿੰਘ ਨਾਲ ਸੰਧੀ ਕਰ ਲਈ ਤੇ ਸਰਹਿੰਦ ਦੁਆਲੇ ਮੋਰਚੇ ਲਾ ਲਏ। ਜਨਵਰੀ 1758 ਵਿਚ ਮਰਾਠਾ ਜਰਨੈਲ ਮਲਹਾਰ ਰਾਓ, ਸਮਦ ਖਾਨ ਤੋਂ ਪੰਜ ਲੱਖ ਦਾ ਨਜ਼ਰਾਨਾ ਵਸੂਲ ਕੇ ਜਮਨਾ ਵੱਲ ਵਾਪਸ ਪਰਤ ਗਿਆ। ਫਰਵਰੀ ਵਿਚ ਰਘੂਨਾਥ ਰਾਓ ਅਧੀਨ ਮਰਾਠੇ ਫਿਰ ਸਰਹਿੰਦ ਵੱਲ ਵਧੇ।

ਮਰਾਠੇ ਅੰਬਾਲੇ ਅੱਪੜੇ ਸਨ ਤਾਂ ਪੰਜ ਮਾਰਚ ਨੂੰ ਅਦੀਨੇ ਨੇ ਤੈਮੂਰ ਅਤੇ ਜਹਾਨ ਖਾਨ ਨੂੰ ਖਤ ਲਿਖਿਆ, ਮਰਾਠੇ ਬਿਜਲੀ ਵਾਂਗ ਡਿਗੇ ਹਨ। ਅਫਗਾਨਾਂ ਦੇ ਏਜੰਟ ਨੂੰ ਉਨ੍ਹਾਂ ਨਾਲ ਸੁਲਾਹ ਕਰਨੀ ਪੈ ਗਈ, ਬਿਨਾ ਵਕਤ ਗੁਆਏ ਮਰਾਠਿਆਂ ਵਿਰੁਧ ਟੱਕਰ ਲੈਣ ਲਈ ਚੱਲੋ।

ਮਰਾਠਿਆਂ ਦੀ ਦੋ ਲੱਖ ਫੌਜ ਸੀ, ਸਿੱਖਾਂ ਨੇ ਉਨ੍ਹਾਂ ਦੀ ਮਦਦ 'ਤੇ ਆਉਣਾ ਸੀ, ਸਰਹਿੰਦ ਘੇਰ ਲਿਆ, ਅਫਗਾਨ ਸੂਬੇਦਾਰ ਕਿਲੇ ਵਿਚੋਂ ਭੱਜ ਗਿਆ, ਪਰ ਭੱਜਦਾ ਨੇੜਿਓਂ ਹੀ ਫੜ੍ਹਿਆ ਗਿਆ। ਮਰਾਠਿਆਂ ਅਤੇ ਸਿੱਖਾਂ ਨੇ ਲੁੱਟ ਸ਼ੁਰੂ ਕੀਤੀ, ਕੋਈ ਨਾ ਛੱਡਿਆ, ਫਰਸ਼ ਪੁੱਟ ਸੁੱਟੇ। ਸਰਹਿੰਦ ਵਾਸੀਆਂ ਦੇ ਤਨ ਉਪਰ ਕੱਪੜੇ ਤੱਕ ਨਾ ਰਹੇ। ਸਿੱਖ, ਮਰਾਠੇ, ਮੁਗਲ, ਇਕ ਵਾਰ ਤਾਂ ਸਾਰੇ ਭਾਰਤੀ, ਅਫਗਾਨਾਂ ਵਿਰੁਧ ਇਕੱਠੇ ਹੋ ਗਏ। ਪਹਿਲਾਂ ਜਹਾਨ ਖਾਨ ਨੇ ਮੁਕਾਬਲਾ ਕਰਨ ਬਾਰੇ ਸੋਚਿਆ ਤੇ ਬਟਾਲੇ ਵੱਲੋਂ ਬਿਆਸ ਵੱਲ ਵਧਿਆ। ਇਥੇ ਅੱਠ ਦਿਨ ਬੈਠਾ ਸੋਚਦਾ ਰਿਹਾ ਕਿ ਜਲੰਧਰ ਪਾਰ ਕਰ ਕੇ ਸਰਹਿੰਦ ਵੱਲ ਵਧਾਂ ਕਿ ਨਾ। ਅਗੇਤੀ ਭੇਜੀ ਫੌਜੀ ਟੁਕੜੀ ਨੇ ਵਾਪਸ ਆ ਕੇ ਇਤਲਾਹ ਦਿੱਤੀ ਕਿ




***ਰਾਜਮੋਹਨ ਗਾਂਧੀ ਦੀ ਕਿਤਾਬ 'ਪੰਜਾਬ: ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ' ਦਾ ਪੰਜਾਬੀ ਮੁਖੜਾ***

ਅਬਦੁ ਸਮਦ ਖਾਂ ਗ੍ਰਿਫਤਾਰ ਕਰ ਲਿਆ ਹੈ ਤੇ ਮਰਾਠਾ ਫੌਜਾਂ ਹੜ੍ਹ ਵਾਂਗ ਬਿਆਸ ਵੱਲ ਵਧ ਰਹੀਆਂ ਹਨ।

ਉਸ ਨੇ ਵਾਪਸ ਲਾਹੌਰ ਪੁਜਣ ਦਾ ਫੈਸਲਾ ਕੀਤਾ ਤੇ ਤੈਮੂਰ ਨੂੰ ਅਫਗਾਨਿਸਤਾਨ ਜਾਣ ਦੀ ਸਲਾਹ ਦਿੱਤੀ। ਹਰ ਬੰਦਾ ਤੇ ਹਰ ਵਸਤੂ ਅਫਗਾਨਿਸਤਾਨ ਲਿਜਾਣੀ ਸੌਖਾ ਕੰਮ ਨਹੀਂ ਸੀ। ਸ਼ਹਿਜ਼ਾਦਾ, ਉਸ ਦੀ ਮਾਂ, ਅਫਗਾਨ ਔਰਤਾਂ, ਦਰਬਾਰ, ਫੌਜਾਂ, ਫਟਾਫਟ ਚਾਰ ਦਰਿਆਵਾਂ-ਰਾਵੀ, ਝਨਾਂ, ਜਿਹਲਮ ਤੇ ਸਿੰਧ ਵਿਚੋਂ ਲੰਘਣਗੀਆਂ। ਜਦੋਂ ਪਤਾ ਲੱਗਾ ਕਿ ਫੌਜਾਂ ਬਿਆਸ ਪਾਰ ਕਰ ਗਈਆਂ ਹਨ, ਤੇ ਅਦੀਨਾ ਬੇਗ ਅਤੇ ਮਰਾਠਾ ਜਰਨੈਲ ਦੀ ਅਗੇਤੀ ਟੁਕੜੀ ਲਾਹੌਰ ਤੋਂ ਕੇਵਲ ਪੰਦਰਾਂ ਮੀਲ 'ਤੇ ਹੈ, ਅਫਰਾ ਤਫਰੀ ਮੱਚ ਗਈ।

ਸਾਰਾ ਅਫਗਾਨ ਅਮਲਾ ਫਟਾਫਟ ਲਾਹੌਰ ਖਾਲੀ ਕਰ ਕੇ ਕਾਬਲ ਵੱਲ ਤੁਰ ਪਿਆ। ਔਰਤਾਂ ਊਠਾਂ, ਘੋੜਿਆਂ ਉਪਰ, ਪਾਲਕੀਆਂ ਵਿਚ ਬੈਠੀਆਂ। ਰਾਖੀ ਵਾਸਤੇ ਖੁਸਰੇ ਨਾਲ ਨਾਲ ਪੈਦਲ ਚੱਲ ਪਏ। ਸੈਂਕੜੇ ਗੱਡਿਆਂ ਵਿਚ ਸਾਮਾਨ ਲੱਦ ਕੇ ਲਿਜਾਇਆ ਜਾ ਰਿਹਾ ਸੀ। ਦਿਨ ਰਾਤ ਤੁਰਨਾ ਪੈਂਦਾ। ਜਿਹੜਾ ਸਾਮਾਨ ਭਾਰਾ ਪੈਂਦਾ, ਲਿਜਾ ਨਾ ਸਕਦੇ, ਅੱਗ ਲਾ ਦਿੰਦੇ।

ਮਰਾਠਾ ਲੀਡਰਸ਼ਿਪ ਅਧੀਨ ਭਾਰਤੀ ਗੱਠਜੋੜ ਵਾਸਤੇ ਲਾਹੌਰ ਬੇਸਹਾਰਾ, ਲਾਚਾਰ ਸੀ। ਅਦੀਨੇ ਦਾ ਜਵਾਈ ਖਵਾਜਾ ਖਿਜ਼ਰ ਖਾਨ ਮੁਗਲਾਂ ਨਾਲ ਹੁੰਦਾ ਸੀ, ਫਿਰ ਅਫਗਾਨਾਂ ਨਾਲ ਰਲ ਗਿਆ, ਹੁਣ ਮਰਾਠਿਆਂ ਵਾਲੇ ਪਾਸੇ ਸੀ। ਹੋਰ ਬੜੇ ਮੁਗਲ ਅਫਸਰ ਸਨ। ਰਾਵੀ ਤਾਂ ਠੀਕ ਠਾਕ ਪਾਰ ਕਰ ਗਏ, ਵਜ਼ੀਰਾਬਾਦ ਨੇੜੇ ਝਨਾਂ ਪਾਰ ਕਰਦਿਆਂ ਗੜਬੜ ਹੋਈ। ਤੇਜ਼ ਵਗਦੀ ਠੰਢੀ ਝਨਾਂ ਤੈਮੂਰ, ਜਹਾਨ ਖਾਨ ਤੇ ਔਰਤਾਂ ਤਾਂ ਪਾਰ ਕਰ ਗਏ, ਫੌਜ ਅਤੇ ਖਜਾਨਾ ਅਜੇ ਨਦੀ ਦੇ ਪੂਰਬ ਵੱਲ ਪਿਆ ਸੀ ਕਿ ਹਜ਼ਾਰਾਂ ਮਰਾਠੇ ਤੇ ਸਿੱਖ, ਅਫਗਾਨ ਫੌਜ ਉਪਰ ਟੁੱਟ ਪਏ। ਅਨੇਕ ਅਫਗਾਨ, ਉਜ਼ਬੇਕ, ਕਿਜ਼ਲਬਾਸ਼ ਆਦਿ ਕਤਲ ਕਰ ਦਿੱਤੇ। ਬਚੇ ਫੌਜੀ ਗ੍ਰਿਫਤਾਰ ਕਰ ਲਏ। ਲੁੱਟਿਆ ਮਾਲ ਲਾਹੌਰ ਲਿਜਾਣ ਵਾਸਤੇ ਕਈ ਕਾਫਲੇ ਤੁਰੇ। ਸਿੱਖਾਂ ਨੇ ਮੰਗ ਕੀਤੀ ਕਿ ਬੰਦੀ ਪਠਾਣ ਉਨ੍ਹਾਂ ਹਵਾਲੇ ਕੀਤੇ ਜਾਣ। ਜਹਾਨ ਖਾਨ ਦੀ ਫੌਜ ਨੇ ਦਰਬਾਰ ਸਾਹਿਬ ਦਾ ਸਰੋਵਰ ਪੂਰ ਦਿੱਤਾ ਸੀ, ਉਹ ਮਲਬਾ ਇਨ੍ਹਾਂ ਤੋਂ ਚੁਕਵਾਉਣਾ ਸੀ।

ਸਿੰਧ ਦੇ ਪੂਰਬੀ ਕਿਨਾਰੇ ਅਟਕ ਵਿਖੇ ਮਰਾਠਿਆਂ ਨੇ ਝੰਡਾ ਲਹਿਰਾਇਆ ਸੀ, ਇਸ ਬਾਰੇ ਵਿਵਾਦ ਹੈ; ਪਰ ਸਿੱਖਾਂ, ਮਰਾਠਿਆਂ ਤੇ ਮੁਗਲਾਂ ਨੇ ਅਫਗਾਨ ਵਾਪਸ ਪਹਾੜਾਂ ਵੱਲ ਧੱਕ ਦਿੱਤੇ। ਰਘੂਨਾਥ ਰਾਓ ਅਤੇ ਅਦੀਨਾ ਬੇਗ ਝਨਾਂ ਤੋਂ ਪਾਰ ਨਹੀਂ ਗਏ, ਵਾਪਸ ਲਾਹੌਰ ਪਰਤ ਆਏ। ਮਰਾਠਿਆਂ ਨੇ ਅਦੀਨੇ ਤੋਂ ਮਿਥਿਆ ਫੌਜੀ ਖਰਚਾ ਮੰਗਿਆ। ਅਦੀਨੇ ਕਿਹਾ, ਮੈਨੂੰ ਵਕਤ ਤਾਂ ਦਿਉ। ਮਰਾਠਿਆਂ ਨੇ ਉਸ ਦਾ ਕੈਂਪ ਲੁੱਟ ਲਿਆ। ਅਦੀਨਾ ਤੁਰਤ ਰਾਹ 'ਤੇ ਆ ਗਿਆ। ਇਕ ਲੱਖ ਰੁਪਿਆ ਖਰਚ ਕੇ ਉਹ ਮਰਾਠਿਆਂ ਦੀ ਵਿਜੇ ਦਾ ਜਸ਼ਨ ਮਨਾਏਗਾ। ਸ਼ਾਲੀਮਾਰ ਬਾਗ ਲਾਹੌਰ ਵਿਚ 12 ਅਪਰੈਲ 1758 ਨੂੰ ਸ਼ਾਹਾਨਾ ਦਰਬਾਰ ਸਜਿਆ ਤੇ ਰਘੂਨਾਥ ਰਾਓ ਨੂੰ ਸ਼ਾਨਦਾਰ ਤਖਤ ਉਪਰ ਬਿਠਾਇਆ ਗਿਆ।

ਰਘੂਨਾਥ ਰਾਓ ਨੇ ਅਦੀਨੇ ਨੂੰ ਨਵਾਬ ਦਾ ਖਿਤਾਬ ਦਿੱਤਾ। ਪੰਝੱਤਰ ਲੱਖ ਸਾਲਾਨਾ ਮਾਮਲਾ ਅਦਾ ਕਰਿਆ ਕਰੇਗਾ ਤੇ ਵਾਪਸ ਪਰਤ ਗਿਆ। ਪੰਜਾਬ ਵਿਚ ਵਸ ਕੇ ਮਰਾਠੇ ਆਪ ਰਾਜ ਕਰਨ ਦੇ ਇੱਛੁਕ ਨਹੀਂ ਸਨ। ਪੰਜਾਬ ਅਫਗਾਨਿਸਤਾਨ ਦੇ ਐਨ ਨਾਲ ਲੱਗਦਾ ਸੀ ਤੇ ਪੂਣੇ ਤੋਂ ਬਹੁਤ ਦੂਰ। ਇੰਨੀ ਦੂਰ ਰਾਜ ਕਰਨਾ ਸੌਖਾ ਨਹੀਂ ਸੀ। ਦੂਜੀ ਗੱਲ ਇਹ ਕਿ ਸਿੱਖ ਨਹੀਂ ਚਾਹੁੰਦੇ ਸਨ, ਮਰਾਠੇ ਪੰਜਾਬ ਵਿਚ ਵਸ ਜਾਣ। ਸਿੱਖਾਂ ਨਾਲ ਸੁਰ ਮਿਲਾ ਕੇ ਪੰਜਾਬ ਅਤੇ ਸਰਹਿੰਦ ਉਤੇ ਰਾਜ ਕਰਨ ਅਤੇ ਮਾਮਲਾ ਉਗਰਾਹੁਣ ਦਾ ਜੋਖਮ ਅਦੀਨੇ ਨੇ ਉਠਾਇਆ ਸੀ। ਪਤਾ ਸੀ ਕਿ ਅਬਦਾਲੀ ਗੱਦਾਰੀ ਕਰਨ ਦੀ ਸਜ਼ਾ ਦੇਵੇਗਾ। ਉਸ ਨੇ ਲਾਹੌਰੋਂ ਹਕੂਮਤ ਨਹੀਂ ਚਲਾਉਣੀ ਸੀ। ਆਪਣੇ ਜਵਾਈ ਮਿਰਜ਼ੇ ਨੂੰ ਪ੍ਰਬੰਧ ਸੌਂਪ ਕੇ ਉਸ ਦੇ ਭਰਾ ਸੱਯਦ ਨੂੰ ਡਿਪਟੀ ਲਾ ਦਿੱਤਾ। ਪੁਰਾਣੇ ਸਾਥੀ ਸਾਦਿਕ ਬੇਗ ਖਾਨ ਨੂੰ ਸਰਹਿੰਦ ਦਿੱਤਾ ਤੇ ਆਪ ਬਟਾਲੇ ਟਿਕ ਗਿਆ। ਮਿਰਜ਼ੇ ਨੇ ਕਹਿ ਦਿੱਤਾ ਕਿ ਧੋਖੇਬਾਜ਼ ਮੁਗਲਾਣੀ ਬੇਗਮ ਨੂੰ ਮੈਂ ਲਾਹੌਰ ਨਹੀਂ ਰਹਿਣ ਦੇਣਾ, ਅਦੀਨਾ ਉਸ ਨੂੰ ਬਟਾਲੇ ਲੈ ਆਇਆ।

ਅਦੀਨਾ ਬੇਗ ਨੇ ਮੁੱਦਤ ਤੱਕ ਮੁਸ਼ੱਕਤ, ਖਤਰੇ ਅਤੇ ਉਤਸੁਕਤਾ ਵਿਚ ਗੁਜ਼ਾਰਦਿਆਂ, ਕਦੇ ਬੱਬਰ ਸ਼ੇਰ ਹੋਣਾ, ਕਦੇ ਝੁਕ ਜਾਣਾ। ਆਖਰ ਉਸ ਦਾ ਸੁਫਨਾ ਰੰਗ ਲਿਆਇਆ। ਸਿੱਖਾਂ ਨੂੰ ਉਸ ਨੇ ਖੁਸ਼ ਕਰ ਲਿਆ, ਦਿੱਲੀ ਦਰਬਾਰ ਨੂੰ ਬੇਅਸਰ ਕਰ ਦਿੱਤਾ, ਅਫਗਾਨਾਂ ਨੂੰ ਭੈਭੀਤ ਕਰ ਕੇ ਭਜਾ ਦਿੱਤਾ, ਮਰਾਠੇ ਸੰਤੁਸ਼ਟ ਕਰ ਲਏ, ਹੁਣ ਉਹ ਖੁਦਮੁਖਤਾਰ ਹੋ ਸਕੇਗਾ। ਸਿੰਧ ਤੋਂ ਜਮਨਾ ਤੱਕ ਦਾ ਪੰਜਾਬ ਅਦੀਨਾ ਬੇਗ ਦੇ ਕਬਜ਼ੇ ਵਿਚ ਆ ਗਿਆ। ਦਿੱਲੀ ਬੁਰੀ ਤਰ੍ਹਾਂ ਕਮਜ਼ੋਰ, ਅਫਗਾਨ ਦਫਾ ਹੋਏ। ਮਰਾਠੇ ਇੰਨੀ ਦੂਰ ਕਿ ਸ਼ਰਾਰਤ ਨਹੀਂ ਸੀ ਕਰ ਸਕਦੇ। ਪੰਜਾਬ ਦੇ ਹਿੰਦੂ, ਸਿੱਖ ਤੇ ਮੁਸਲਮਾਨ ਉਸ ਨੂੰ ਦੋ ਦਹਾਕਿਆਂ ਤੋਂ ਜਾਣਦੇ ਸਨ। ਹਮਲਿਆਂ, ਟੱਕਰਾਂ, ਲੁੱਟਾਂ, ਕਤਲਾਂ ਤੋਂ ਅੱਕੇ ਲੋਕਾਂ ਨੂੰ ਉਸ ਦੀ ਸਰਕਾਰ ਠੀਕ ਲੱਗੀ।

75 ਲੱਖ ਮਾਮਲਾ ਤਦੇ ਇਕੱਠਾ ਹੋਵੇਗਾ, ਜੇ ਚੰਗੀ ਖੇਤੀ ਹੋਈ ਤੇ ਵਪਾਰ ਸੁਰੱਖਿਅਤ ਰਿਹਾ। ਸਿੱਖ ਹਮਲੇ ਕਰਨੋਂ ਨਾ ਹਟੇ ਤਾਂ ਮਨੋਰਥ ਪੂਰਾ ਨਹੀਂ ਹੋਵੇਗਾ। ਸਿੱਖਾਂ ਦੇ ਕਈ ਲੀਡਰਾਂ ਨਾਲ ਉਸ ਦਾ ਰਾਬਤਾ ਸੀ, ਮਿੱਤਰਤਾ ਸੀ। ਉਸ ਨੇ ਸਿੱਖਾਂ ਨੂੰ ਲੁੱਟ ਖੋਹ ਬੰਦ ਕਰਨ ਲਈ ਕਿਹਾ, ਉਹ ਨਾ ਮੰਨੇ ਤਾਂ ਸਖਤੀ ਕਰਨ ਦਾ ਫੈਸਲਾ ਕੀਤਾ। ਦਲਾਂ ਦੀਆਂ ਵਫਾਦਾਰੀਆਂ ਵਿਚਲਾ ਬਦਲਾਓ ਸਾਡੀ ਪੰਜਾਬ ਕਥਾ ਦਾ ਤਾਣਾ ਪੇਟਾ ਹੈ। ਥੋੜ੍ਹੇ ਹਫਤੇ ਪਹਿਲਾਂ ਜਿਹੜੇ ਸਿੱਖ ਉਸ ਦੀ ਧਿਰ ਬਣ ਕੇ ਅਫਗਾਨਾਂ ਵਿਰੁਧ ਲੜੇ ਸਨ, 1758 ਦੀਆਂ ਗਰਮੀਆਂ ਵਿਚ ਉਸ ਨੇ ਉਨ੍ਹਾਂ ਨੂੰ ਦਬਾਉਣ ਦਾ ਇਰਾਦਾ ਕਰ ਲਿਆ। ਉਸ ਕੋਲ ਦਸ ਹਜ਼ਾਰ ਘੋੜ ਸਵਾਰ ਅਤੇ ਪੈਦਲ ਸੈਨਾ ਸੀ। ਦੋਆਬ ਦੇ ਹਰ ਵੱਡੇ ਜਿਮੀਂਦਾਰ ਨੂੰ ਉਸ ਨੇ ਭਰਤੀ ਵਾਸਤੇ ਕਿਹਾ। ਸਿੰਧ ਸਾਗਰ ਦੋਆਬ ਦੇ ਗੱਖੜ, ਜੰਜੂਏ, ਘੇਬੇ, ਚੱਜ ਦੋਆਬ ਦੇ ਚੌਧਰੀ ਰਹਿਮਤ ਖਾਨ ਵੜੈਚ, ਜੰਮੂ ਦੇ ਰਾਜਾ ਰਣਜੀਤ ਤੇ ਬਾਰੀ ਦੋਆਬ ਦੇ ਮੁਖੀਆਂ, ਨਿਸ਼ਾਨ ਸਿੰਘ ਰੰਧਾਵਾ ਤੋਂ ਇਲਾਵਾ ਜਲੰਧਰ ਦੋਆਬ ਦੇ ਵਪਾਰੀਆਂ ਤੋਂ ਮਦਦ ਮੰਗੀ।

ਜਲਦੀ ਤਕੜੀ ਫੌਜ ਜੁੜ ਗਈ ਜੋ ਦੋ ਤਰੀਕਿਆਂ ਨਾਲ ਪਹਿਲਾਂ ਦੀਆਂ ਫੌਜਾਂ ਤੋਂ ਵੱਖਰੀ ਸੀ। ਅਫਗਾਨਾਂ, ਮੁਗਲਾਂ, ਮਰਾਠਿਆਂ ਵਾਂਗ ਇਹ ਪਰਦੇਸੀ ਫੌਜ ਨਹੀਂ ਸੀ, ਜਿਸ ਦਾ ਭਾਰ ਪੰਜਾਬੀਆਂ ਨੇ ਆਪਣੇ ਮੋਢਿਆਂ 'ਤੇ ਢੋਇਆ ਹੋਵੇ। ਪੰਜਾਬ ਦੀ ਧਰਤੀ 'ਤੇ ਜੰਮੇ ਪਲੇ ਪੰਜਾਬੀਆਂ ਦੀ ਸੈਨਾ। ਦੂਜਾ ਇਸ ਫੌਜ ਵਿਚ ਰੰਗ ਬਰੰਗੀਆਂ ਜਾਤਾਂ, ਕਬੀਲਿਆਂ, ਇਲਾਕਿਆਂ ਅਤੇ ਧਰਮਾਂ ਦੇ ਲੋਕ ਸਨ। ਅਦੀਨੇ ਤੋਂ ਪਹਿਲਾਂ ਅਜਿਹੀ ਸੰਜੁਗਤ ਫੌਜ ਨਹੀਂ ਹੁੰਦੀ ਸੀ। ਪਰ ਅਦੀਨੇ ਦਾ ਦੁਸ਼ਮਣ ਜਿਹੜਾ ਪੰਜਾਬ ਉਪਰ ਆਪਣਾ ਹੱਕ ਸਮਝਦਾ ਸੀ, ਉਹ ਵੀ ਦੇਸੀ ਸੀ, ਇਸੇ ਧਰਤੀ ਦਾ, ਖਾਲਸਾ ਪੰਥ। ਸਦੀਆਂ ਤੋਂ ਪਰਵਾਨ ਚੜ੍ਹਦਾ ਆ ਰਿਹਾ, ਗੁਰੂ ਗੋਬਿੰਦ ਸਿੰਘ ਵਲੋਂ ਵਰੋਸਾਇਆ ਖਾਲਸਾ ਪੰਥ ਪੰਜਾਬ ਦੀ ਤਕੜੀ ਧਿਰ ਬਣ ਚੁਕਾ ਸੀ। ਗੁਰੂ ਗੋਬਿੰਦ ਸਿੰਘ ਦੇ ਅਕਾਲ ਚਲਾਣੇ ਤੋਂ ਪੰਜਾਹ ਸਾਲ ਬਾਅਦ ਨਵੀਂ ਪੀੜ੍ਹੀ ਦੀ ਸੈਨਾ ਦਰਜਨ ਮਿਸਲਾਂ ਵਿਚ ਵਿਚਰ ਰਹੀ ਸੀ। ਵੱਖ ਵੱਖ ਇਲਾਕਿਆਂ ਤੋਂ ਯੋਧੇ, ਹਰ ਮਿਸਲ ਦਾ ਆਪਣਾ ਸਰਦਾਰ।

ਅਦੀਨਾ ਬੇਗ ਭਾਵੇਂ ਪੰਜਾਬ ਦੀ ਅਗਵਾਈ ਕਰ ਰਿਹਾ ਸੀ, ਪਰ ਸਿੱਖਾਂ ਦਾ ਦੋ ਕਾਰਨਾਂ ਸਦਕਾ ਖੂਨ ਖੌਲ ਰਿਹਾ ਸੀ। ਇਕ ਤਾਂ ਗੁਰੂ ਗੋਬਿੰਦ ਸਿੰਘ ਵਰ ਦੇ ਗਏ ਸਨ- ਰਾਜ ਕਰੇਗਾ ਖਾਲਸਾ, ਇਹ ਵਰਦਾਨ ਪੂਰਾ ਹੋਵੇਗਾ, ਕੋਈ ਸ਼ੱਕ ਹੀ ਨਹੀਂ। ਦੂਜਾ ਉਨ੍ਹਾਂ ਨਾਲ ਬੇਇਨਸਾਫੀ ਹੁੰਦੀ ਆਈ ਹੈ, ਰੋਕਣੀ ਹੈ। ਅਠਾਹਰਵੀਂ ਸਦੀ ਢਲਣ ਵਕਤ ਇਕ ਪਾਸੇ ਅਦੀਨੇ ਦੀ ਸੱਤਾ ਸੀ, ਦੂਜੇ ਪਾਸੇ ਸਿੱਖਾਂ ਦਾ ਜਜ਼ਬਾ। ਦੋਵੇਂ ਟਕਰਾਉਣਗੇ। ਅਦੀਨਾ ਮਰਾਠਿਆਂ ਦੇ ਰਹਿਮੋ ਕਰਮ ਉਤੇ ਸੀ, ਉਸ ਦੀ ਆਪਣੀ ਕਿਹੜੀ ਤਾਕਤ? ਸਰਕਾਰ ਦੀ ਜਿਹੜੀ ਸ਼ਾਨ ਪੁਰਾਣੇ ਮੁਗਲਾਂ ਵੇਲੇ ਸੀ, ਹੁਣ ਕਿਥੇ? ਅਦੀਨਾ ਬੇਗ ਦੀ ਚੌਧਰ ਤਾਂ ਬਣ ਗਈ ਸੀ, ਪੰਜਾਬ ਦੀ ਚੌਧਰ?

ਕਾਫੀ ਸੈਨਾ ਜਥੇਬੰਦ ਕਰਨ ਦੇ ਬਾਵਜੂਦ ਉਸ ਦਾ ਪਹਿਲਾ ਯਤਨ ਸਫਲ ਨਾ ਹੋਇਆ। ਉਹ ਹੈਰਾਨ ਹੋ ਗਿਆ, ਜਦੋਂ ਪਤਾ ਲੱਗਾ ਕਿ ਸਿੱਖਾਂ ਦਾ ਮਜ਼ਬੂਤ ਦਲ ਅਦੀਨਾ ਨਗਰ ਪੁੱਜ ਗਿਆ ਹੈ। ਅਦੀਨੇ ਨੇ ਆਪਣਾ ਦੀਵਾਨ ਹੀਰਾ ਮੱਲ, ਦੂਜਾ ਅਕਲ ਦਾਸ ਜੰਡਿਆਲੇ ਦਾ (ਜੋ ਗੁਰੂ ਅਖਵਾਉਂਦਾ ਸੀ) ਨੂੰ ਸੈਨਾ ਦੇ ਕੇ ਸਿੱਖਾਂ ਖਿਲਾਫ ਭੇਜੇ। ਕਾਦੀਆਂ ਨਜ਼ਦੀਕ ਖੂਨੀ ਜੰਗ ਹੋਈ। ਹੀਰਾ ਮੱਲ ਮਾਰਿਆ ਗਿਆ। ਉਸ ਦੀ ਫੌਜ ਭੱਜ ਉਠੀ ਤੇ ਮਾਲ ਅਸਬਾਬ ਸਿੱਖਾਂ ਦੇ ਕਾਬੂ ਆ ਗਿਆ। ਕੁਝ ਸਿੱਖ ਵੀ ਹੀਰਾ ਮੱਲ ਦੀ ਫੌਜ ਵਿਚ ਸਨ, ਤਾਂ ਵੀ ਹਾਰ ਹੋਈ।

ਦੀਵਾਨ ਦੀ ਮੌਤ ਅਤੇ ਸੈਨਾ ਦੀ ਹਾਰ ਕਾਰਨ ਅਦੀਨੇ ਨੂੰ ਅੱਗ ਲੱਗ ਗਈ। ਉਹ ਬਦਲਾਖੋਰ ਹੋ ਗਿਆ। ਹਰ ਪਿੰਡ ਹਰ ਚੀਫ ਨੂੰ ਉਸ ਨੇ ਫਰਮਾਨ ਭੇਜੇ, ਸਿੱਖਾਂ ਨੂੰ ਪੰਜਾਬ ਵਿਚੋਂ ਬਾਹਰ ਧੱਕਣ ਵਾਸਤੇ ਹਮਲੇ ਕਰਨ ਦੀ ਕਸਮ ਖਾਓ। ਜਿਥੇ ਕਿਤੇ ਸਿੱਖ ਦਿਸੇ, ਕਤਲ ਕਰੋ। ਬਟਾਲੇ ਦੇ ਸਮਕਾਲੀ ਇਤਿਹਾਸਕਾਰ ਅਹਿਮਦ ਸ਼ਾਹ ਨੇ ਲਿਖਿਆ: ਸਿੱਖਾਂ ਨੂੰ ਜੜ੍ਹੋਂ ਉਖਾੜਨ ਵਾਸਤੇ ਪੰਜਾਬ ਦੇ ਸਾਰੇ ਜਿਮੀਂਦਾਰਾਂ ਨੇ ਅਦੀਨੇ ਦਾ ਹੁਕਮ ਮੰਨਦਿਆਂ ਵਿਉਂਤਬੰਦੀ ਸ਼ੁਰੂ ਕਰ ਦਿੱਤੀ। ਸਾਰਿਆਂ ਨਾਲੋਂ ਵੱਧ ਰੰਧਾਵਿਆਂ ਨੇ ਬਾਗੀਆਂ ਦੀ ਤਬਾਹੀ ਵਾਸਤੇ ਉਤਸ਼ਾਹ ਦਿਖਾਇਆ। ਘਬਰਾ ਕੇ ਸਿੱਖਾਂ ਨੇ ਵਾਰਦਾਤਾਂ ਘਟਾ ਦਿੱਤੀਆਂ, ਕਈ ਇਧਰ ਉਧਰ ਲੁਕ ਛੁਪ ਗਏ।

ਬਾਗੀ ਜੰਗਲਾਂ ਵਿਚ ਛੁਪ ਗਏ। ਅਦੀਨੇ ਨੇ ਆਪਣੇ ਵਫਾਦਾਰ ਦਰਬਾਰੀ ਮਿਰਜ਼ਾ ਅਜੀਜ਼ ਬਖਸ਼ ਨੂੰ ਜੰਗਲ ਕੱਟਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਮਕਸਦ ਵਾਸਤੇ ਇਕ ਹਜ਼ਾਰ ਤਰਖਾਣਾਂ ਨੂੰ ਆਰੇ-ਆਰੀਆਂ ਦਿੱਤੇ। ਅਹਿਮਦਸ਼ਾਹ ਲਿਖਦਾ ਹੈ: ਪਰ ਸਿੱਖਾਂ ਦਾ ਬਹੁਤ ਬਲਵਾਨ ਜਥਾ ਅੰਮ੍ਰਿਤਸਰ ਵੱਲ ਆਪਣੇ ਪਵਿਤਰ ਥਾਂਵਾਂ ਦੀ ਰਾਖੀ ਲਈ ਚੱਲ ਪਿਆ ਤੇ ਰਾਮ ਰੌਣੀ ਦਾ ਕਿਲਾ ਮੱਲ ਲਿਆ। ਦਸ ਸਾਲ ਪਹਿਲਾਂ ਵੀ ਇਸ ਕਿਲੇ ਵਿਚ ਸਿੱਖਾਂ ਨੇ

*(ਬਾਕੀ ਅਗਲੇ ਸਫੇ 'ਤੇ)*

# ਹੱਥ ਲਿਖਤ ਖਰੜਿਆਂ ਦਾ ਖੋਜੀ ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ

ਇਤਿਹਾਸ ਕੌਮਾਂ ਦੀ ਰਹਿਨੁਮਾਈ ਕਰਦਾ ਹੈ। ਇਤਿਹਾਸ ਕੌਮ ਨੂੰ ਹਲੂਣਾ ਦੇ ਕੇ ਰਣ ਦੇ ਮੈਦਾਨ ਵਿਚ ਲੈ ਜਾਣ ਦੀ ਤਾਕਤ ਰੱਖਦਾ ਹੈ। ਅਜਿਹਾ ਮਣਾਂ ਮੂੰਹੀ ਸਾਹਿਤ, ਜੋ ਵਿਦਵਾਨਾਂ ਤੇ ਇਤਿਹਾਸਕਾਰਾਂ ਰਾਹੀਂ ਲਿਖਤ ਰੂਪ ਵਿਚ ਸਾਂਭਿਆ ਗਿਆ, ਉਸ ਨੂੰ ਇਕੱਤਰ ਕਰਨ ਦਾ ਬੀੜਾ ਉਠਾਉਣ ਵਾਲਾ ਖੋਜੀ ਇਤਿਹਾਸਕਾਰ ਸ. ਸ਼ਮਸ਼ੇਰ ਸਿੰਘ ਅਸ਼ੋਕ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਸ਼ਮਸ਼ੇਰ ਸਿੰਘ ਅਸ਼ੋਕ ਦੀ ਇਕ ਸੁਘੜ ਹਥ ਲਿਖਤ ਖੋਜੀ, ਅਨੁਵਾਦਕ, ਇਤਿਹਾਸਕਾਰ, ਕਵੀ, ਖੋਜਕਾਰ, ਆਲੋਚਕ, ਸੰਪਾਦਕ ਅਤੇ ਨਿਬੰਧਕਾਰ ਦੇ ਰੂਪ ਵਿਚ ਪੰਜਾਬੀ

**ਸਿਮਰਨਜੀਤ ਕੌਰ***
ਫੋਨ: 91-85688-31666

ਸਾਹਿਤ ਜਗਤ 'ਚ ਇਕ ਵਿਸ਼ੇਸ਼ ਥਾਂ ਹੈ। ਉਨ੍ਹਾਂ ਸੌ ਦੇ ਕਰੀਬ ਕਿਤਾਬਾਂ ਨੂੰ ਆਪਣੀ ਮੌਲਿਕ ਰਚਨਾ, ਸੰਪਾਦਨਾ, ਅਨੁਵਾਦ ਅਤੇ ਖੋਜ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਆਪਣੇ ਸਮਕਾਲੀ ਖੋਜ ਰਸਾਲਿਆਂ ਤੇ ਅਖਬਾਰਾਂ ਵਿਚ ਸਮੇਂ ਸਮੇਂ ਧਰਮ, ਸਾਹਿਤ ਤੇ ਇਤਿਹਾਸ ਸਬੰਧੀ ਖੋਜ ਪੱਤਰ ਤੇ ਲੇਖ ਲਿਖਦੇ ਰਹੇ।

ਇਸ ਸਿਰਮੌਰ ਇਤਿਹਾਸਕਾਰ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਪਿੰਡ ਗੁਆਰਾ ਵਿਚ 10 ਫਰਵਰੀ 1904 ਨੂੰ ਮਾਤਾ ਸੁਖਦੇਵ ਕੌਰ ਦੀ ਕੁਖੋਂ ਸ. ਝਾਬਾ ਸਿੰਘ ਦੇ ਘਰ ਹੋਇਆ। ਇਹ ਜਿਮੀਂਦਾਰ ਪਰਿਵਾਰ 'ਸੰਘਾ' ਗੋਤ ਨਾਲ ਸਬੰਧਤ ਸੀ, ਜੋ ਦੁਆਬੇ ਦੇ ਪਿੰਡ ਕਾਲਾ ਸੰਘਿਆਂ ਤੋਂ ਆਣ ਇਥੇ ਵਸਿਆ ਸੀ। ਮਾਲੇਰਕੋਟਲਾ ਤਹਿਸੀਲ ਵਿਚ ਪੈਂਦੇ ਇਸ ਪਿੰਡ ਦਾ ਨਾਮਕਰਨ ਪਰਿਵਾਰ ਦੇ ਬਜ਼ੁਰਗਾਂ ਵੱਲੋਂ ਹੀ ਹੋਇਆ, ਜਦੋਂ ਪਰਿਵਾਰ ਕਾਲਾ ਸੰਘਿਆਂ ਤੋਂ ਮਾਲੇਰਕੋਟਲੇ ਆਇਆ ਤਾਂ ਬਜ਼ੁਰਗਾਂ ਨੂੰ 1800 ਵਿੱਘੇ ਜ਼ਮੀਨ ਅਲਾਟ ਹੋਈ। ਉਨ੍ਹਾਂ ਨੇ ਖੇਤ ਵਿਚਾਲੇ ਇਕ ਕੋਠਾ ਪਾ ਕੇ ਬਾਕੀ ਸਾਰੇ ਗੁਆਰਾ ਬੀਜ ਦਿੱਤਾ, ਇਸੇ ਤੋਂ ਹੀ ਇਹ ਪਿੰਡ ਗੁਆਰਾ ਨਾਂ ਨਾਲ ਜਾਣਿਆ ਜਾਣ ਲੱਗਾ।

ਸ. ਅਸ਼ੋਕ ਦੇ ਘਰ ਦਾ ਮਾਹੌਲ ਧਾਰਮਕ ਪ੍ਰਵਿਰਤੀ ਦਾ ਸੀ, ਸ. ਝਾਬਾ ਸਿੰਘ ਨੂੰ ਮਾਣ ਸੀ ਕਿ ਉਨ੍ਹਾਂ ਦਾ ਕੁਰਸੀਨਾਮਾ ਗੁਰੂ ਅਰਜਨ ਦੇਵ ਜੀ ਵਲੋਂ ਵਰੋਸਾਏ ਸਿੱਖ ਭਾਈ ਅਜਾਇਬ ਨਾਲ ਜਾ ਜੁੜਦਾ ਹੈ। ਉਹ ਘਰ ਵਿਚ ਅਸ਼ੋਕ ਨੂੰ ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਣਾਉਂਦੇ, ਜਿਨ੍ਹਾਂ ਦਾ ਪ੍ਰਭਾਵ ਸ. ਅਸ਼ੋਕ ਦੇ ਬਾਲ ਮਨ 'ਤੇ ਬਹੁਤ ਪਿਆ, ਜੋ ਉਨ੍ਹਾਂ ਦੀਆਂ ਲਿਖਤਾਂ ਰਾਹੀਂ ਵੀ ਪ੍ਰਗਟ ਹੁੰਦਾ ਹੈ। ਅਸ਼ੋਕ ਤੋਂ ਪਹਿਲਾਂ ਉਸ ਦੇ ਪੰਜ ਭਰਾ ਤੇ ਇਕ ਭੈਣ ਅਕਾਲ ਚਲਾਣਾ ਕਰ ਚੁਕੇ ਸਨ। ਅਸ਼ੋਕ ਮਾਪਿਆਂ ਦਾ ਇਕਲੌਤਾ ਚਿਰਾਗ ਹੋਣ ਕਰਕੇ ਮਾਪੇ ਉਨ੍ਹਾਂ ਦੀ ਸਿਹਤ ਲਈ ਫਿਕਰਮੰਦ ਰਹਿੰਦੇ ਅਤੇ ਆਪਣੇ ਤੋਂ ਦੂਰ ਨਹੀਂ ਸਨ ਕਰਦੇ। ਸ. ਅਸ਼ੋਕ ਰਸਮੀ ਤੌਰ 'ਤੇ ਕਿਸੇ ਸਕੂਲ ਵਿਚੋਂ ਵਿੱਦਿਆ ਨਾ ਲੈ ਸਕੇ। ਸ. ਝਾਬਾ ਸਿੰਘ ਆਪਣੇ ਪੁੱਤਰ ਨੂੰ ਸਕੂਲ ਪੜ੍ਹਾਉਣਾ ਚਾਹੁੰਦੇ ਸਨ ਪਰ ਅਧਿਆਪਕਾਂ ਵੱਲੋਂ ਬੱਚਿਆਂ ਦੀ ਕੁੱਟ ਮਾਰ ਦੀਆਂ ਗੱਲਾਂ ਜਦੋਂ ਮਾਂ ਸੁਣ ਲੈਂਦੀ ਤਾਂ ਉਸ ਦੀ ਮਮਤਾ ਆਪਣੇ ਪੁੱਤਰ ਨੂੰ ਉਨ੍ਹਾਂ ਦੇ ਵਸ ਪਾਉਣ ਤੋਂ ਕਤਰਾਉਂਦੀ। ਉਹ ਕੁਝ ਦਿਨ ਅਮਰਗੜ੍ਹ, ਬਨਭੌਰਾ ਤੇ ਮੀਮਸੇ ਸਕੂਲ ਗਏ ਪਰ ਗੱਲ ਸਿਰੇ ਨਾ ਚੜ੍ਹੀ।

1915 ਈ. ਤਕ ਉਹ ਆਪਣੇ ਖੇਤਾਂ ਵਿਚ ਕੰਮ ਕਰਦੇ ਰਹੇ ਤੇ ਇਕ ਦਿਨ ਖੁਦ ਹੀ ਪਿੰਡ ਦੇ ਪਾਂਧੇ ਕੋਲ ਲੰਡੇ ਪੜ੍ਹਨ ਲਈ ਜਾ ਬੈਠੇ ਅਤੇ ਉਨ੍ਹਾਂ ਦੇ ਇਸ ਫੈਸਲੇ ਤੋਂ ਪਿਤਾ ਜੀ ਬਹੁਤ ਖੁਸ਼ ਹੋਏ। ਪਾਂਧੇ ਕੋਲੋਂ ਸ. ਅਸ਼ੋਕ ਨੇ ਲੰਡੇ ਤੇ ਹਿਸਾਬ ਕਿਤਾਬ ਸਾਲ ਵਿਚ ਹੀ ਸਿੱਖ ਲਏ। ਇਸ ਪਿਛੋਂ ਉਨ੍ਹਾਂ ਭਾਈ ਕ੍ਰਿਪਾ ਸਿੰਘ ਦਰਜੀ ਤੋਂ ਗੁਰਮੁਖੀ ਸਿੱਖੀ ਅਤੇ ਉਸ ਕੋਲੋਂ ਪੰਜ ਗ੍ਰੰਥੀ, ਦਸ ਗ੍ਰੰਥੀ, ਭਗਤ ਬਾਣੀ, ਵਾਰਾਂ ਭਾਈ ਗੁਰਦਾਸ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਲਈ। ਉਨ੍ਹਾਂ ਆਪਣੇ ਸਾਥੀਆਂ ਅਤੇ ਸੂਫੀ ਫਕੀਰਾਂ ਕੋਲੋਂ ਦੇਵਨਾਗਰੀ ਤੇ ਫਾਰਸੀ ਦਾ ਮੁੱਢਲਾ ਗਿਆਨ ਪ੍ਰਾਪਤ ਕੀਤਾ ਤੇ ਕਿਤਾਬਾਂ ਪੜ੍ਹਨ ਲੱਗੇ। ਉਹ ਕਹਿੰਦੇ, "ਵਿਦਿਆ ਪ੍ਰਾਪਤੀ ਦੇ ਦਿਨਾਂ ਵਿਚ ਮੇਰੀ ਅਵਸਥਾ ਸੱਚਮੁਚ ਹੀ ਉਸ ਵੈਰਾਗੀ ਸਾਧੂ ਵਰਗੀ ਸੀ ਜੋ ਕਿਸੇ ਪਾਠਸਾਲਾ ਦੇ ਬੂਹੇ ਅੱਗੇ ਖਲੋ ਕੇ ਵਿਦਿਆਰਥੀਆਂ ਪਾਸੋਂ ਕੇਵਲ ਇਕ ਇਕ ਅੱਖਰ ਪੁਛ ਪੁਛਾ ਕੇ ਹੀ 18 ਅਧਿਆਵਾਂ ਦੀ ਗੀਤਾ ਰਟ ਗਿਆ ਸੀ।"

ਸੰਨ 1924-25 ਵਿਚ 14 ਸਾਲ ਦੀ ਉਮਰੇ ਸ. ਅਸ਼ੋਕ ਦੀ ਸ਼ਾਦੀ ਮਾਲੇਰਕੋਟਲਾ ਦੇ ਨੇੜਲੇ ਪਿੰਡ ਆਦਮਵਾਲ ਦੇ ਜਿਮੀਂਦਾਰ ਸ. ਗੁਰਦਿੱਤ ਸਿੰਘ ਭੋਗਲ ਦੀ ਸਪੁੱਤਰੀ ਬੀਬੀ ਸ਼ਾਮ ਕੌਰ (ਵਿਆਹ ਪਿਛੋਂ ਨਾਂ ਰਜਿੰਦਰ ਕੌਰ) ਨਾਲ ਹੋਇਆ। ਸ. ਅਸ਼ੋਕ ਦੇ ਘਰ ਚਾਰ ਬੱਚਿਆਂ-ਦੋ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ।

ਆਪਣੀ ਮਿਹਨਤ ਤੇ ਲਗਨ ਨਾਲ ਸ. ਅਸ਼ੋਕ ਨੇ ਗੁਰਮੁਖੀ, ਹਿੰਦੀ, ਉਰਦੂ ਵਿਚ ਮੁਹਾਰਤ ਹਾਸਿਲ ਕਰ ਲਈ। ਪਿੰਡ ਦੇ ਲੋਕ ਉਸ ਕੋਲ ਚਿੱਠੀਆਂ ਪੜ੍ਹਵਾਉਣ ਤੇ ਲਿਖਵਾਉਣ ਆਉਣ ਲੱਗੇ। ਇਸ ਚਿੱਠੀਆਂ ਵਾਲੀ ਪ੍ਰਕ੍ਰਿਆ ਨਾਲ ਸ. ਅਸ਼ੋਕ ਦੀ ਵਾਰਤਕ ਵਿਚ ਨਿਖਾਰ ਆਉਣ ਲੱਗਾ। ਘਰ ਵਿਚ ਧਾਰਮਕ ਮਾਹੌਲ ਹੋਣ ਕਰਕੇ ਸ. ਅਸ਼ੋਕ ਨੂੰ ਸਾਧੂਆਂ ਦੇ ਸੰਗ ਦਾ ਵੀ ਮੌਕਾ ਮਿਲਦਾ ਰਹਿੰਦਾ। ਪੜ੍ਹਨ ਦੀ ਰੁਚੀ ਹੋਣ ਕਾਰਨ ਉਨ੍ਹਾਂ ਸਾਧੂਆਂ ਕੋਲੋਂ ਯੋਗ, ਵਿਸ਼ਿਸ਼ਟ, ਵੈਰਾਗ ਸ਼ਤਕ, ਸਾਰਕੁਤਾਵਲੀ ਤੇ ਹੋਰ ਗ੍ਰੰਥ ਵਿਚਾਰੇ। ਸਾਧੂਆਂ ਦੇ ਸੰਗ ਨੇ ਉਨ੍ਹਾਂ ਦੇ ਮਨ ਨੂੰ ਇਤਨਾ ਪ੍ਰਭਾਵਿਤ ਕੀਤਾ ਕਿ ਉਹ ਖੁਦ ਵੀ ਸਾਧੂ ਬਣਨ ਲਈ ਤਿਆਰ ਹੋ ਗਏ।

ਇਸੇ ਸਮੇਂ ਦੌਰਾਨ ਬਾਬੂ ਤੇਜਾ ਸਿੰਘ ਭਸੌੜ ਨਾਲ ਹੋਏ ਮਿਲਾਪ ਨੇ ਉਨ੍ਹਾਂ ਦੀ ਸੋਚ ਹੀ ਪਲਟ ਦਿੱਤੀ। ਸਾਧੂ ਹੋਣ ਦਾ ਵਿਚਾਰ ਤਿਆਗ ਕੇ ਕਲਮ ਰਾਹੀਂ ਕੌਮੀ ਸੇਵਾ ਵਿਚ ਜੁੱਟ ਗਏ ਅਤੇ ਸਿੰਘ ਸਭਾ ਭਸੌੜ ਦੇ 'ਪੰਚ ਖਾਲਸਾ ਸਮਾਚਾਰ' ਅਤੇ 'ਕ੍ਰਿਪਾਨ ਬਹਾਦਰ' ਲਈ ਵੀ ਲਿਖਦੇ ਰਹੇ। ਉਨ੍ਹਾਂ ਦੇ ਸਾਹਿਤਕ ਜੀਵਨ ਦਾ ਅਰੰਭ ਇਕ ਕਵੀ ਵਜੋਂ ਹੋਇਆ ਜਦੋਂ ਉਨ੍ਹਾਂ ਧਾਰਮਕ ਤੇ ਦੇਸ਼ ਭਗਤੀ ਦੀਆਂ ਕਵਿਤਾਵਾਂ ਲਿਖੀਆਂ। ਸ਼ੁਰੂ ਵਿਚ ਉਨ੍ਹਾਂ ਪੰਜਾਬੀ ਤੇ ਉਰਦੂ ਵਿਚ ਕਵਿਤਾ ਲਿਖੀ। ਇਸੇ ਸਮੇਂ ਪ੍ਰਸਿਧ ਕਵੀ ਨਰਾਇਣ ਸਿੰਘ ਵਲਭ ਕੋਲੋਂ ਪਿੰਗਲ ਦਾ ਗਿਆਨ ਲਿਆ ਅਤੇ 1928 ਵਿਚ ਆਪਣਾ ਪਹਿਲਾ ਕਾਵਿ ਸੰਗ੍ਰਿਹ 'ਮਜ਼ਲੂਮ ਬੀਰ' ਪ੍ਰਕਾਸ਼ਿਤ ਕਰਵਾਈ।

ਜਿਨ੍ਹਾਂ ਭਾਸ਼ਾਵਾਂ ਦਾ ਉਸ ਨੇ ਗਿਆਨ ਹਾਸਿਲ ਕੀਤਾ, ਉਨ੍ਹਾਂ ਨੂੰ ਪ੍ਰਮਾਣਿਤ ਰੂਪ ਦੇਣ ਲਈ 1928 ਵਿਚ ਗਿਆਨੀ ਅਤੇ 1931 ਵਿਚ ਪ੍ਰਭਾਕਰ ਪਾਸ ਕੀਤੀ। ਸੰਸਕ੍ਰਿਤ ਦੇ ਵਿਸ਼ਾਰਦ ਤੇ ਫਾਰਸੀ ਦੇ ਮੁਨਸ਼ੀ ਫਾਜ਼ਿਲ ਦੇ ਇਮਤਿਹਾਨ ਦੀ ਤਿਆਰੀ ਕੀਤੀ



ਸ਼ਮਸ਼ੇਰ ਸਿੰਘ ਅਸ਼ੋਕ

ਪਰ ਘਰੇਲੂ ਕਾਰਨਾਂ ਕਰਕੇ ਇਮਤਿਹਾਨ ਨਾ ਦੇ ਸਕੇ। ਉਨ੍ਹਾਂ ਵੈਦਿਕ ਵਿਦਿਆ ਦਾ ਵੀ ਚੰਗਾ ਗਿਆਨ ਪ੍ਰਾਪਤ ਕੀਤਾ ਅਤੇ ਕੁਝ ਸਮਾਂ ਆਪਣੇ ਪਿੰਡ ਵਿਚ ਹਕੀਮੀ ਵੀ ਕਰਦੇ ਰਹੇ।

ਗਿਆਨ ਪ੍ਰਾਪਤੀ ਦੀ ਤਾਂਘ ਨੇ ਉਨ੍ਹਾਂ ਦਾ ਮਿਲਾਪ ਭਾਈ ਕਾਨ੍ਹ ਸਿੰਘ ਨਾਭਾ ਨਾਲ ਕਰਵਾ ਦਿੱਤਾ। ਇਸ ਮਿਲਾਪ ਰਾਹੀਂ ਅਜਿਹੀ ਚਿਣਗ ਪੈਦਾ ਹੋਈ ਕਿ ਸ. ਅਸ਼ੋਕ ਗੁਆਰੇ ਤੋਂ ਪੈਦਲ ਹੀ ਨਾਭੇ ਲਈ ਚਲ ਪੈਂਦੇ ਤੇ ਹਫਤੇ ਦੇ ਪੰਜ ਦਿਨ ਉਥੇ ਹੀ ਰਹਿੰਦੇ। ਭਾਈ ਕਾਨ੍ਹ ਸਿੰਘ ਨਾਭਾ ਦਾ ਵੀ ਸ. ਅਸ਼ੋਕ ਪ੍ਰਤੀ ਖਾਸ ਸਨੇਹ ਸੀ ਅਤੇ ਖੋਜ ਖੇਤਰ ਵਿਚ ਉਨ੍ਹਾਂ ਖਾਸ ਅਗਵਾਈ ਵੀ ਕੀਤੀ। 1932 ਤੋਂ 1938 ਤਕ ਭਾਈ ਕਾਨ੍ਹ ਸਿੰਘ ਨਾਭਾ ਕੋਲ ਕਾਰਜ ਕੀਤਾ ਅਤੇ ਹਥ ਲਿਖਤ ਖਰੜਿਆਂ ਨੂੰ ਇਕੱਤਰ ਕਰਨ ਦਾ ਬੀੜਾ ਉਠਾਇਆ। ਉਨ੍ਹਾਂ ਨੂੰ ਜਦੋਂ ਵੀ, ਜਿਥੇ ਵੀ ਕਿਸੇ ਖਰੜੇ ਜਾਂ ਗ੍ਰੰਥ ਦੀ ਸੂਹ ਮਿਲਦੀ, ਉਹ ਲੈਣ ਲਈ ਜਾਂ ਉਸ ਨੂੰ ਵਾਚਣ ਖਾਤਰ ਪਹੁੰਚ ਜਾਂਦੇ। ਉਨ੍ਹਾਂ ਪੁਰਾਤਨ ਖਰੜਿਆਂ ਜਾਂ ਗ੍ਰੰਥਾਂ ਨੂੰ ਇਕੱਤਰ ਹੀ ਨਹੀਂ ਕੀਤਾ ਬਲਕਿ ਉਨ੍ਹਾਂ ਨੂੰ ਵਾਚ ਕੇ ਨਵੇਂ ਸਿੱਟੇ ਵੀ ਕੱਢੇ, ਉਨ੍ਹਾਂ ਨੂੰ ਸੰਪਾਦਿਤ ਅਤੇ ਪ੍ਰਕਾਸ਼ਿਤ ਵੀ ਕੀਤਾ।

ਸ. ਅਸ਼ੋਕ ਨੇ 1938 ਵਿਚ 'ਮੁਦ੍ਰਾਰਾਕਸ਼ਸ' ਨਾਟਕ ਦਾ ਅਨੁਵਾਦ ਕਰਕੇ ਛਪਵਾਇਆ। ਉਨ੍ਹਾਂ ਦੀ ਯੋਗਤਾ ਨੂੰ ਮੁਖ ਰੱਖਦਿਆਂ ਪ੍ਰਿੰ. ਨਿਰੰਜਨ ਸਿੰਘ ਨੇ ਸਿੱਖ ਨੈਸ਼ਨਲ ਕਾਲਜ, ਲਾਹੌਰ 'ਚ ਬਤੌਰ ਇਤਿਹਾਸ ਰਿਸਰਚ ਸਕਾਲਰ ਨਿਯੁਕਤ ਕੀਤਾ, ਜਿਥੇ ਜੂਨ 1943 ਤੋਂ ਸਤੰਬਰ 1945 ਤਕ ਖੋਜ ਕਾਰਜ ਕੀਤਾ। ਇਥੇ ਰਹਿੰਦਿਆਂ 'ਸਿੰਘ ਸਭਾ ਲਹਿਰ ਦਾ ਇਤਿਹਾਸ' ਲਿਖਿਆ, ਦੋ ਕਿਤਾਬਾਂ 'ਧਰਮ, ਸਾਹਿਤ ਤੇ ਇਤਿਹਾਸ' (ਲੇਖ ਸੰਗ੍ਰਿਹ 1944) ਅਤੇ 'ਗੁਰੂ ਨਾਨਕ ਜੀਵਨੀ ਤੇ ਗੋਸ਼ਟਾਂ' (1945) ਪ੍ਰਕਾਸ਼ਿਤ ਕੀਤੀਆਂ। ਉਹ ਕਾਲਜ ਵਿਚ ਕਲਾਸਾਂ ਨੂੰ ਵੀ ਪੜ੍ਹਾਉਂਦੇ ਰਹੇ। ਸੰਨ 1945 ਤੋਂ 1947 ਈ. ਤਕ ਸ਼ਮਸ਼ੇਰ ਸਿੰਘ ਅਸ਼ੋਕ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸੇਵਾ ਨਿਭਾਈ। ਇਸ ਸਮੇਂ 'ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ' (1946), 'ਮਾਧਵਾ ਨਲ ਕਾਮ ਕੰਦਲਾ ਕ੍ਰਿਤ ਕਵੀ ਆਲਮ' (1946) ਅਤੇ 'ਪ੍ਰਾਚੀਨ ਜੰਗ-ਨਾਮੇ' (1950) ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। 1947 ਦੀ ਵੰਡ ਬਾਅਦ ਸ. ਅਸ਼ੋਕ ਖਾਲਸਾ ਸਕੂਲ ਮਾਲੇਰਕੋਟਲਾ ਪੜ੍ਹਾਉਣ ਲੱਗੇ। ਅਗਸਤ 1948 ਤੋਂ ਫਰਵਰੀ 1959 ਤਕ ਉਹ ਪਟਿਆਲਾ ਰਿਆਸਤ ਵਲੋਂ ਸਥਾਪਿਤ ਕੀਤੇ ਗਏ ਮਹਿਕਮਾ ਪੰਜਾਬੀ (ਭਾਸ਼ਾ ਵਿਭਾਗ, ਪਟਿਆਲਾ) ਵਿਖੇ ਕੋਸ਼ਕਾਰ ਤੇ ਹਥ ਲਿਖਤਾਂ ਦੇ ਖੋਜਾਰਥੀ ਦੇ ਤੌਰ 'ਤੇ ਸੇਵਾਮੁਕਤ ਹੋਣ ਤਕ ਕਾਰਜ ਕਰਦੇ ਰਹੇ।

ਇਸ ਸਮੇਂ ਦੌਰਾਨ ਉਨ੍ਹਾਂ 'ਸਿੱਖੀ ਤੇ ਇਤਿਹਾਸ (1951)', 'ਸਿੱਖ ਰਾਜ ਦਾ ਅੰਤ (1951)', 'ਪੰਜਾਬੀ ਪੱਤਰਕਲਾ (1953)', 'ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ (1953)', 'ਪੰਜਾਬ ਦੀਆਂ ਲਹਿਰਾਂ (1850-1910)', 'ਸ੍ਰੀ ਸੰਤ ਰੈਣ ਗ੍ਰੰਥਾਵਲੀ-ਪਹਿਲਾ ਭਾਗ (1955)', 'ਸਾਹਿਤਕ ਲੀਹਾਂ (1955)', 'ਆਦਮੀ ਦੀ ਪਰਖ (ਅਨੁਵਾਦ 1956)', 'ਪੰਜਾਬ ਦਾ ਹਿੰਦੀ ਸਾਹਿਤ (ਹਿੰਦੀ 1957)', 'ਪੰਜਾਬ ਦਾ ਸੰਖੇਪ ਇਤਿਹਾਸ (1958)', 'ਸ੍ਰੀਮਦ ਭਗਵਤ ਗੀਤਾ (ਅਨੁਵਾਦਿਤ 1958)', 'ਮਾਲਵੇਂਦ੍ਰ ਮਹਾਕਾਵਯ (ਆਲੋਚਨਾ 1959)' ਆਦਿ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਸ ਤੋਂ ਬਾਅਦ ਕੁਝ ਸਮਾਂ ਮੋਤੀ ਬਾਗ, ਪਟਿਆਲਾ ਵਿਖੇ ਬਤੌਰ ਲਾਇਬ੍ਰੇਰੀਅਨ ਰਹੇ। ਉਨ੍ਹਾਂ ਦੀ ਅਣਥੱਕ ਮਿਹਨਤ, ਸਿਰੜ ਤੇ ਸਿਦਕ ਸਦਕਾ 1960 ਤੋਂ 1963 ਤਕ ਪੰਜਾਬ ਸਰਕਾਰ ਵੱਲੋਂ ਮਹਿਕਮਾ ਪੰਜਾਬੀ ਵਿਖੇ ਫਿਰ ਤੋਂ ਮੌਕਾ ਦਿੱਤਾ ਗਿਆ। ਇਸ ਦੌਰਾਨ 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਦੀ ਦੂਜੀ ਅਡੀਸ਼ਨ ਦਾ ਸੰਪਾਦਨ (1960) ਕੀਤਾ।

ਇਸ ਤੋਂ ਇਲਾਵਾ ਉਨ੍ਹਾਂ ਦੀਆਂ ਪੁਸਤਕਾਂ 'ਹੀਰ ਵਾਰਿਸ (ਸੰਪਾਦਨ 1961)', 'ਮੁਕਬਿਲ ਕੇ ਕਿੱਸੇ (ਸੰਪਾਦਿਤ 1961)', 'ਪੰਜਾਬੀ ਹੱਥ ਲਿਖਤਾਂ ਦੀ ਸੂਚੀ (ਪਹਿਲਾ ਭਾਗ 1961)', 'ਸਮੇਂ ਦਾ ਸੁਨੇਹਾ (ਨਾਵਲ, ਅਨੁਵਾਦ 1962)', 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਕ੍ਰਿਤ ਸੋਢੀ ਮਿਹਰਵਾਨ (ਸੰਪਾਦਿਤ 1962)', 'ਪੰਜਾਬੀ ਹੱਥ ਲਿਖਤਾਂ ਦੀ ਸੂਚੀ (ਦੂਜਾ ਭਾਗ 1963)', 'ਸ਼ੀਰੀ ਫਰਹਾਦ (ਸੰਪਾਦਿਤ 1963)', 'ਜਨਮ ਸਾਖੀ ਗੁਰੂ ਨਾਨਕ' 'ਹਿੰਦਾਲੀਆਂ ਵਾਲੀ' (ਸੰਪਾਦਿਤ 1963), 'ਗੋਸ਼ਟਾਂ ਗੁਰੂ ਨਾਨਕ, ਭਾਈ ਬਾਲਾ ਮਰਦਾਨਾ ਆਦਿ (ਸੰਪਾਦਿਤ 1963)', 'ਗੁਰੂ ਮਹਿਮਾ ਪ੍ਰਕਾਸ਼ (ਸੰਪਾਦਿਤ 1963)' ਆਦਿ ਪ੍ਰਕਾਸ਼ਿਤ ਹੋਈਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1964 ਵਿਚ ਉਨ੍ਹਾਂ ਨੂੰ ਸਿੱਖ ਇਤਿਹਾਸ ਰਿਸਰਚ ਬੋਰਡ ਵਿਖੇ 'ਰਿਸਰਚ ਸਕਾਲਰ' ਵਜੋਂ ਨਿਯੁਕਤੀ ਕੀਤਾ, ਪਰ ਸਿਹਤ ਖਰਾਬ ਹੋਣ ਕਾਰਨ ਉਥੇ ਜ਼ਿਆਦਾ ਸਮਾਂ ਨਾ ਰਹਿ ਪਾਏ। 1965 ਤੋਂ 1966 ਤਕ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਭਾਗ ਹਿਸਟੋਰੀਕਲ ਸਟੱਡੀ ਵਿਖੇ ਰਿਸਰਚ ਸਕਾਲਰ ਰਹੇ। 1966 ਵਿਚ ਉਹ ਰਿਸਰਚ ਸਕਾਲਰ ਵਜੋਂ ਸ਼੍ਰੋਮਣੀ ਕਮੇਟੀ ਦੀ ਨੌਕਰੀ ਫਿਰ ਤੋਂ ਕਰਨ ਲੱਗੇ, ਜਿਥੇ 1981 ਤਕ ਸੇਵਾ ਨਿਭਾਈ। 'ਪੰਜਾਬੀ ਜੀਵਨ ਤੇ ਸੰਸਕ੍ਰਿਤੀ' (ਖੋਜ 1965), 'ਪੰਜਾਬ ਦਾ ਇਤਿਹਾਸ (1966)', 'ਮਧ ਕਾਲੀਨ ਪੰਜਾਬ (1966)', 'ਸਾਡਾ ਹਥ ਲਿਖਤ ਪੰਜਾਬੀ ਸਾਹਿਤ (1968)', 'ਪੰਜਾਬ ਦੀ ਭਾਸ਼ਾ ਸਮੱਸਿਆ (1972)' ਆਦਿ ਪੁਸਤਕਾਂ ਇਸੇ ਸਮੇਂ ਪ੍ਰਕਾਸ਼ਿਤ ਹੋਈਆਂ।

ਸ. ਅਸ਼ੋਕ ਇਕ ਸੁਘੜ ਸੰਪਾਦਕ ਅਤੇ ਇਤਿਹਾਸਕਾਰ ਹੋਣ ਦੇ ਨਾਲ ਉਘੇ ਆਲੋਚਕ ਵੀ ਸਨ। ਉਹ ਤੱਥ ਆਧਾਰਤ ਗੱਲ ਕਰਦਿਆਂ ਪਹਿਲੀਆਂ ਧਾਰਨਾਵਾਂ ਨੂੰ ਰੱਦ ਕਰਨ ਦੀ ਵੀ ਸਮਰੱਥਾ ਰੱਖਦੇ ਸਨ। ਇਸ ਬਹੁ ਭਾਸ਼ਾਈ ਵਿਦਵਾਨ ਨੂੰ ਖੋਜ ਅਤੇ ਸੰਪਾਦਨ ਤੋਂ ਇਲਾਵਾ ਚੰਗੇ ਅਨੁਵਾਦਕ ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਵਲੋਂ ਅਨੁਵਾਦਿਤ 'ਸ੍ਰੀ ਮਦ ਭਾਗਵਤ ਗੀਤਾ' ਲਈ ਪੰਜਾਬ ਸਰਕਾਰ ਨੇ ਸਨਮਾਨਿਤ ਵੀ ਕੀਤਾ। ਇਸ ਅਨੁਵਾਦ ਬਾਰੇ ਸਤਿਆਰਥੀ ਦੇ ਵਿਚਾਰ ਹਨ, "ਮੈਨੂੰ ਤਾਂ ਇਉਂ ਜਾਪਦਾ ਹੈ, ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਸ੍ਰੀਮਦ ਭਗਵਤ ਗੀਤਾ ਪਹਿਲਾਂ ਪੰਜਾਬੀ ਵਿਚ ਹੀ ਉਚਰੀ ਹੋਵੇ, ਬਾਅਦ ਵਿਚ ਇਸ ਦਾ ਅਨੁਵਾਦ ਸੰਸਕ੍ਰਿਤ ਵਿਚ ਹੋਇਆ ਹੋਵੇ।"

ਇਸ ਖੋਜੀ ਇਤਿਹਾਸਕਾਰ ਨੇ ਆਪਣੀ ਜ਼ਿੰਦਗੀ ਸਾਹਿਤ, ਇਤਿਹਾਸ ਅਤੇ ਧਰਮ ਦੇ ਲੇਖੇ ਲਾਈ। ਭਾਵੇਂ ਸ. ਅਸ਼ੋਕ ਨੂੰ ਸਕੂਲਾਂ-ਕਾਲਜਾਂ ਵਿਚ ਵਿਦਿਆ ਹਾਸਿਲ ਕਰਨ ਦਾ ਸਬੱਬ ਨਹੀਂ ਮਿਲਿਆ ਕਿੰਤੂ ਅਧਿਐਨ ਨੇ ਉਨ੍ਹਾਂ ਨੂੰ ਮੋਹਰੀਆਂ ਵਿਚ ਸ਼ੁਮਾਰ ਕੀਤਾ। ਜੋ ਕਾਰਜ ਸੰਸਥਾਵਾਂ ਕਰ ਰਹੀਆਂ ਸਨ, ਉਹੋ ਕੰਮ ਪੰਜਾਬ ਵਿਚ ਸ. ਸ਼ਮਸ਼ੇਰ ਸਿੰਘ ਅਸ਼ੋਕ ਜ਼ਿੰਦਗੀ ਭਰ ਇਕੱਲੇ ਕਰਦੇ ਰਹੇ। ਪੰਜਾਬੀ ਸਾਹਿਤ ਤੇ ਇਤਿਹਾਸ ਦਾ ਇਹ ਖੋਜੀ ਅਤੇ ਅਨਮੁੱਲਾ ਹੀਰਾ 14 ਜੁਲਾਈ 1986 ਨੂੰ 82 ਸਾਲ ਦੀ ਉਮਰ ਭੋਗ ਕੇ ਦੁਨੀਆਂ ਤੋਂ ਰੁਖਸਤ ਹੋ ਗਿਆ। ਸ. ਅਸ਼ੋਕ ਦਾ ਕਾਰਜ ਰਹਿੰਦੀ ਦੁਨੀਆਂ ਤਕ ਸਾਹਿਤ ਤੇ ਇਤਿਹਾਸਕ ਖੋਜੀਆਂ ਲਈ ਪ੍ਰੇਰਣਾ ਸ੍ਰੋਤ ਬਣਿਆ ਰਹੇਗਾ।

---

*ਰਿਸਰਚ ਸਕਾਲਰ,
ਸਿੱਖ ਇਤਿਹਾਸ ਰਿਸਰਚ ਬੋਰਡ,
ਸ੍ਰੀ ਅੰਮ੍ਰਿਤਸਰ।

# ਅਦੀਨਾ ਬੇਗ, ਅਫਗਾਨ ਅਤੇ ਸਿੱਖ

(ਪਿਛਲੇ ਸਫੇ ਦੀ ਬਾਕੀ)

ਜਲਵਾ ਦਿਖਾਇਆ ਸੀ।

ਮਿਰਜ਼ਾ ਅਜ਼ੀਜ਼ ਨੇ ਕਿਲਾ ਤਾਂ ਖਾਲੀ ਕਰਵਾ ਲਿਆ, ਪਰ ਸਿੱਖਾਂ ਦੀਆਂ ਬੰਦੂਕਾਂ ਅਤੇ ਤੀਰਾਂ ਨੇ ਨੁਕਸਾਨ ਬਹੁਤ ਕੀਤਾ। ਕੁਝ ਪੈਦਲ, ਕੁਝ ਘੋੜਿਆਂ ਉਪਰ ਆਏ ਸਿੱਖ ਅਦੀਨੇ ਦੀ ਬੇਸ਼ੁਮਾਰ ਫੌਜ ਉਤੇ ਟੁੱਟ ਪਏ। ਰਾਮ ਰੌਣੀ ਕਿਲੇ ਵਿਚੋਂ ਕੁਝ ਭੱਜ ਗਏ, ਪਰ ਬਹੁਤੇ ਮਾਰੇ ਗਏ ਜਾਂ ਫੜ੍ਹੇ ਗਏ। ਕੁਝ ਸਿੱਖ ਮਾਲਵੇ ਵੱਲ ਆ ਗਏ ਜੋ ਸਰਹਿੰਦ ਸਰਕਾਰ ਦੇ ਨਾਲ ਲੱਗਦਾ ਸੀ। ਇਥੇ ਸਾਦਿਕ ਬੇਗ ਖਾਨ ਨੇ ਉਨ੍ਹਾਂ ਦਾ ਪਿੱਛਾ ਕੀਤਾ, ਪਰ ਸੂਰਮਗਤੀ ਨਾਲ ਜਵਾਬੀ ਹਮਲੇ ਕਰਦਿਆਂ ਸਿੱਖਾਂ ਨੇ ਹੈਰਾਨੀਜਨਕ ਬੀਰਤਾ ਦਿਖਾਈ। ਉਹ ਹਮਲਾ ਕਰਨ ਪਿਛੋਂ ਦੌੜ ਜਾਂਦੇ।

---

ਅਦੀਨੇ ਨੇ ਹਿੰਦੂ, ਮੁਸਲਮਾਨ, ਸਿੱਖ ਪੰਜਾਬੀਆਂ ਨੂੰ ਸੰਤੁਸ਼ਟ ਕਰਨਾ ਚਾਹਿਆ। ਜੰਮੂ ਦਾ ਰਣਜੀਤ ਦੇਵ, ਕਾਂਗੜੇ ਦੇ ਘਮੰਡ ਚੰਦ, ਕਰਤਾਰਪੁਰ ਦਾ ਬੜਭਾਗ ਸਿੰਘ ਤੇ ਕਪੂਰਥਲੇ ਦਾ ਰਾਏ ਇਬਰਾਹੀਮ ਉਸ ਦੇ ਵੱਡੇ ਸਹਿਯੋਗੀ ਹੋ ਗਏ। ਫੌਜ ਦਾ ਖਰਚਾ ਘਟਾਉਣ ਲਈ ਛੇ ਛੇ ਮਹੀਨਿਆਂ ਬਾਅਦ ਫੌਜੀਆਂ ਨੂੰ ਬਦਲਦਾ ਰਹਿੰਦਾ। ਮਾਮਲਾ ਉਗਰਾਹੁਣ ਦਾ ਉਸਤਾਦ ਉਹ ਹੈ ਹੀ ਸੀ। ਜਲੰਧਰ ਦੇ ਕਾਜ਼ੀ ਪਾਸੋਂ ਪੋਸਤ ਦੇ ਡੋਡਿਆਂ ਦਾ ਢੇਰ ਫੜ੍ਹ ਲਿਆ। ਕੁਰਾਨ ਦੇ ਨਸ਼ਿਆਂ ਵਿਰੋਧੀ ਹੁਕਮ ਨੂੰ ਕਿਉਂ ਤੋੜਿਆ? ਤੀਹ ਹਜ਼ਾਰ ਜੁਰਮਾਨਾ ਕੀਤਾ।

1758 ਦੀਆਂ ਗਰਮੀਆਂ ਵਿਚ ਉਸ ਨੇ ਅਜਿਹੀ ਸਰਕਾਰ ਵਿਉਂਤਣ ਦਾ ਮਨ ਬਣਾਇਆ ਜੋ ਪੂਰੀ ਦੇਸੀ ਹੋਵੇ; ਕਾਮਿਆਂ, ਕਿਸਾਨਾਂ, ਵਪਾਰੀਆਂ ਦੀਆਂ ਮੁਸ਼ਕਿਲਾਂ ਸਮਝਦੀ ਹੋਵੇ; ਪਰ ਰੱਬ ਦੀਆਂ ਦੋ ਇੱਛਾਵਾਂ ਕਾਰਨ ਵਿਘਨ ਪਿਆ। ਉਸ ਸਾਲ ਮੀਂਹ ਪਿਆ ਹੀ ਨਾ, ਕਾਲ ਪੈ ਗਿਆ; ਅੰਨ ਦੀ ਕੀਮਤ ਅਸਮਾਨ ਛੂਹਣ ਲੱਗੀ। ਪੰਜਾਬ ਝੰਬਿਆ ਗਿਆ।

ਅਦੀਨੇ ਦਾ ਕਾਹਲੀ ਵਿਚ ਲਿਆ ਇਕ ਫੈਸਲਾ ਨੁਕਸਾਨਦਾਇਕ ਹੋਇਆ। ਮਾਝੇ ਦੇ ਸਿੱਖ ਭੁੱਖ ਸਦਕਾ ਮਰ ਜਾਣ, ਉਸ ਨੇ ਮਾਲਵੇ ਵਿਚੋਂ ਅਨਾਜ ਮਾਝੇ ਵਿਚ ਨਾ ਜਾਣ ਦਿੱਤਾ। ਇਸ ਬੰਦੀ ਕਾਰਨ ਮਾਝੇ ਦੇ ਹਿੰਦੂ, ਮੁਸਲਮਾਨ ਗੁੱਸੇ ਵਿਚ ਆ ਗਏ। ਗਰੀਬਾਂ ਦਾ ਇੰਨਾ ਬੁਰਾ ਹਾਲ ਕਿ ਆਪਣਾ ਘਰ ਘਾਟ ਛੱਡ ਕੇ ਜਿਧਰ ਮੂੰਹ ਹੋਇਆ, ਤੁਰ ਪਏ। ਲਾਹੌਰ ਵਿਚਲਾ ਇਕ ਅੰਗਰੇਜ਼ ਮੁਲਾਜ਼ਮ ਲਿਖਦਾ ਹੈ: ਰੱਬ ਦੀ ਇੱਛਾ ਨਾਲ ਸਿੱਖ ਹਰ ਰੋਜ਼ ਤਾਕਤਵਰ ਹੋਣ ਲੱਗੇ।

ਅਦੀਨਾ ਅਚਾਨਕ ਬਿਮਾਰ ਹੋ ਗਿਆ। ਪੇਟ ਦੇ ਤਿੱਖੇ ਦਰਦ ਕਾਰਨ 15 ਸਤੰਬਰ ਨੂੰ ਬਟਾਲੇ ਪ੍ਰਾਣ ਤਿਆਗ ਦਿੱਤੇ। ਉਹ ਅਜੇ ਪੰਜਾਹ ਕੁ ਸਾਲ ਦਾ ਸੀ। ਵਸੀਅਤ ਅਨੁਸਾਰ ਉਸ ਨੂੰ ਹੁਸ਼ਿਆਰਪੁਰ ਨੇੜੇ ਖਾਨਪੁਰ ਵਿਚ ਦਫਨ ਕੀਤਾ। ਜਲੰਧਰ ਦੁਆਬ ਵਿਚ ਪੈਂਦੇ ਇਸ ਥਾਂ ਨਾਲ ਉਸ ਦਾ ਬਹੁਤ ਮੋਹ ਸੀ। ਦੇਸੀ ਪੰਜਾਬੀ ਮੁਸਲਮਾਨ ਜਿਸ ਨੇ ਖੁਦਮੁਖਤਾਰ ਪੰਜਾਬ ਉਤੇ ਰਾਜ ਕੀਤਾ ਤੇ ਜਿਸ ਨੇ ਪੰਜਾਬੀਆਂ ਦਾ ਭਲਾ ਚਾਹਿਆ, ਪੰਜ ਮਹੀਨਿਆਂ ਦੇ ਸੰਖੇਪ ਅਰਸੇ ਬਾਅਦ ਖਤਮ। ਜਿਉਂਦਾ ਰਹਿੰਦਾ ਤਾਂ ਵੀ ਇਸ ਰਾਜ ਨੇ ਖਤਮ ਤਾਂ ਹੋਣਾ ਹੀ ਸੀ, ਕਿਉਂਕਿ ਸਿੰਧ ਪਾਰ ਬੈਠਾ ਅਬਦਾਲੀ ਅਦੀਨੇ ਨੂੰ ਸਜ਼ਾ ਦੇਣ ਦੀ ਤਿਆਰੀ ਕਰ ਰਿਹਾ ਸੀ ਜਿਸ ਨੇ ਉਸ ਦੇ ਸ਼ਹਿਜ਼ਾਦੇ ਦੀ ਬੇਇੱਜ਼ਤੀ ਕੀਤੀ ਸੀ। ਇਸ ਦਾ ਬਦਲਾ ਲੈਣਾ ਜ਼ਰੂਰੀ ਸੀ।

ਦੂਜੀ ਹੱਤਕ ਕਿਸੇ ਹੋਰ ਪਾਸਿਓਂ ਹੋਣੀ ਸੀ। ਸਿੱਖਾਂ ਵਿਚ ਉਸ ਵਿਰੁਧ ਗੁੱਸਾ ਸੀ, ਸਖਤੀਆਂ ਕੀਤੀਆਂ ਸਨ। ਬਦਲੇ ਵਜੋਂ ਸਿੱਖਾਂ ਨੇ ਉਸ ਦੀ ਕਬਰ ਪੁੱਟੀ ਤੇ ਲਾਸ਼ ਅੱਗ ਵਿਚ ਸਾੜ ਦਿੱਤੀ। ਖੈਰ, ਮਰਾਠਿਆਂ ਨੇ ਅਦੀਨੇ ਦੀ ਵਿਧਵਾ ਨੂੰ ਸੱਤਾ ਸੌਂਪ ਦਿੱਤੀ। ਅਦੀਨੇ ਦੀ ਮੌਤ ਪਿਛੋਂ ਮੁਗਲਾਣੀ ਬੇਗਮ ਨੇ ਜੰਮੂ ਦੇ ਰਾਜੇ ਰਣਜੀਤ ਦੇਵ ਕੋਲ ਸ਼ਰਨ ਲੈ ਲਈ। ਦੋ ਸਾਲ ਬਾਅਦ ਅਬਦਾਲੀ ਨੇ ਹੱਲਾ ਬੋਲਿਆ ਤਾਂ ਬੇਗਮ ਨੂੰ ਸਰਕਾਰ ਸਿਆਲਕੋਟ ਦੇ ਦਿੱਤੀ, ਪਰ ਇਕ ਸਾਲ ਬਾਅਦ 1761 ਵਿਚ ਜਦੋਂ ਉਸ ਨੇ ਆਪਣੇ ਖੁਸਰੇ ਨੌਕਰ ਸ਼ਾਹਬਾਜ਼ ਨਾਲ ਵਿਆਹ ਕਰਵਾ ਲਿਆ ਤਾਂ ਬਦਨਾਮ ਹੋਈ।

ਮੁਗਲ ਸਰਕਾਰ ਦੀ ਇਸ ਸਾਜ਼ਿਸ਼ਕਾਰ ਔਰਤ ਦੀ ਮੌਤ ਗਰੀਬੀ ਹੰਢਾਉਂਦਿਆਂ 1779 ਵਿਚ ਜੰਮੂ ਹੋਈ। ਕਮਜ਼ੋਰ ਦਰਬਾਰੀ, ਪਬਲਿਕ ਅਤੇ ਪ੍ਰਾਈਵੇਟ ਜੀਵਨ ਵਿਚ ਫਰਕ ਨਾ ਕਰਨ ਕਾਰਨ ਬੇਗਮ ਨੂੰ ਨਫਰਤ ਕਰਦੇ ਸਨ। ਉਹ ਆਪ ਵੀ ਅਜਿਹਾ ਕੁਝ ਬੜਾ ਕਰਦੇ ਸਨ, ਪਰ ਉਹ ਤਾਂ ਮਰਦ ਸਨ, ਔਰਤ ਨੂੰ ਆਗਿਆ ਨਹੀਂ ਸੀ।

# ਸੁੰਨੀਆਂ ਟਾਹਣਾਂ ਦਾ ਹਉਕਾ

(ਸਫਾ 24 ਦੀ ਬਾਕੀ)

"ਤਾਂ ਫਿਰ ਉਹ ਕਾਰ?"

"ਉਹ ਤਾਂ ਗੁਆਂਢੀਆਂ ਦਾ ਜਮਾਈ ਸ਼ਹਿਰ ਕੁਝ ਜ਼ਿਆਦਾ ਹੀ ਸ਼ਰਾਬੀ ਹੋ ਗਿਆ। ਕਾਰ ਵਾਲਾ ਵਾਕਫ ਸੀ, ਛੱਡਣ ਆ ਗਿਆ।"

ਆਪਾ ਪਲ ਭਰ ਲਈ ਅੰਮੀ ਵੱਲ ਵੇਖਦੇ ਨੇ। ਫਿਰ ਅਚਾਨਕ ਭਾਵੁਕ ਹੋ ਉਠਦੇ ਨੇ। ਬੜੀ ਤੇਜ਼ੀ ਨਾਲ ਬੋਲਣ ਲੱਗ ਪੈਂਦੇ ਨੇ, "ਤਾਂ ਕੀ ਹੋਇਆ ਫਿਰ, ਦੇਵ ਨਹੀਂ ਆਇਆ ਤਾਂ, ਕੰਮ ਵੀ ਤਾਂ ਨਿਕਲ ਸਕਦਾ ਹੈ ਕੋਈ। ਜ਼ਰੂਰ ਕੋਈ ਕੰਮ ਹੀ ਨਿਕਲ ਆਇਆ ਹੋਣੈ। ਤੂੰ ਫਿਕਰ ਕਿਉਂ ਕਰਦੀ ਐਂ। ਬਹੁਤ ਪਿਆਰ ਆ ਦੇਵ ਨੂੰ ਤੇਰੇ ਨਾਲ। ਪੱਪੂ ਨੂੰ ਵੀ। ਪੱਪੂ ਤੈਨੂੰ ਹੀ ਜ਼ਿਆਦਾ ਪਿਆਰ ਕਰਦੈ। ਸੱਚੀਂ ਮੇਰੇ ਨਾਲੋਂ ਵੱਧ। ਹਾਂ ਤੈਨੂੰ ਹੀ ਕਰਦੇ ਵੱਧ ਪਿਆਰ...।"

"ਦੇਵ ਦੇ ਬਾਪੂ।" ਆਪਾ ਅਚਾਨਕ ਚੁੱਪ ਕਰ ਜਾਂਦੇ ਨੇ, ਜਿਵੇਂ ਗੁਬਾਰੇ ਵਿਚੋਂ ਇਕਦਮ ਹਵਾ ਨਿਕਲ ਗਈ ਹੋਵੇ।

"ਤੂੰ ਦਿਲ ਦਾ ਮਰੀਜ਼ ਹੈਂ, ਦੇਵ ਦੇ ਬਾਪੂ।"

ਆਪਾ ਚੁੱਪ ਰਹਿੰਦੇ ਨੇ। ਅੰਮੀ ਦਾ ਸਹਾਰਾ ਲਈ ਪਲੰਘ ਤੱਕ ਆ ਜਾਂਦੇ ਨੇ। ਤੇਜ਼ੀ ਨਾਲ ਬੱਤੀ ਬੁਝਾ ਦਿੰਦੇ ਨੇ। ਬੁੱਲ੍ਹ ਦੰਦਾਂ ਵਿਚ ਦੱਬ ਜਾਂਦੇ ਨੇ।

"ਸੌਂ ਜਾ, ਦੇਵ ਦੀ ਮਾਂ, ਸੌਂ ਜਾ! ਜਾਦਾ ਸੁਪਨੇ ਨਾ ਦੇਖਿਆ ਕਰ। ਖੰਡਰਾਂ ਵਿਚ ਕੌਣ ਆਉਂਦਾ ਹੈ, ਦੇਵ ਦੀ ਮਾਂ। ਖੰਡਰਾਂ ਵਿਚ ਕੋਈ ਨੀਂ ਆਇਆ ਕਰਦਾ।"

# ਜੈਚੰਦ: ਗੱਦਾਰ ਨਹੀਂ, ਦੇਸ਼ ਭਗਤ ਬੋਧੀ ਰਾਜਾ ਸੀ

***ਕੱਟੜ ਬ੍ਰਾਹਮਣਵਾਦ ਨੂੰ ਵਰਣ ਵੰਡ ਦਾ ਮੋਢੀ ਮੰਨਿਆ ਜਾਂਦਾ ਹੈ। ਇਹ ਵੀ ਆਮ ਧਾਰਨਾ ਹੈ ਕਿ ਇਸ ਵਰਣ ਵੰਡ ਵਿਚ ਅਛੂਤ ਜਾਤਾਂ ਦਾ ਸੰਕਲਪ ਵੀ ਬ੍ਰਾਹਮਣਵਾਦ ਦੀ ਹੀ ਘਾੜਤ ਹੈ। ਡਾ. ਭੀਮਾ ਰਾਓ ਅੰਬੇਡਕਰ ਨੇ ਬ੍ਰਾਹਮਣਵਾਦ ਅਤੇ ਅਛੂਤ ਜਾਤਾਂ ਦੀ ਧਾਰਨਾ ਵਿਰੁਧ ਆਵਾਜ਼ ਬੁਲੰਦ ਕੀਤੀ ਅਤੇ ਅਛੂਤ ਸਮਝੀਆਂ ਜਾਂਦੀਆਂ ਜਾਤਾਂ ਨੂੰ ਬੁੱਧ ਧਰਮ ਅਪਨਾਉਣ ਦਾ ਸੱਦਾ ਦਿੱਤਾ। ਲੇਖਕ ਹਰਬੰਸ ਵਿਰਦੀ ਨੇ ਇਸ ਲੇਖ ਵਿਚ ਬ੍ਰਾਹਮਣਵਾਦ, ਇਸ ਵਿਰੁਧ ਆਵਾਜ਼ ਬੁਲੰਦ ਕਰਨ ਵਾਲੇ ਬੁੱਧ ਧਰਮ ਅਤੇ ਬੁੱਧ ਧਰਮ ਵਿਰੁਧ ਬ੍ਰਾਹਮਣਵਾਦੀ ਤਾਕਤਾਂ ਦੀਆਂ ਘਾੜਤਾਂ 'ਤੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਲੇਖ ਸਿਰਫ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪਿਆ ਜਾ ਰਿਹਾ ਹੈ ਤੇ ਇਸ ਵਿਚ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। -ਸੰਪਾਦਕ***

ਲੱਗਦਾ ਹੈ, ਯੂਰੇਸ਼ੀਅਨ ਬ੍ਰਾਹਮਣਾਂ ਦੀ ਜ਼ਮੀਰ ਹੀ ਮਰ ਗਈ ਹੈ। ਵਿਸ਼ਵ ਰਤਨ ਡਾ. ਅੰਬੇਡਕਰ ਨੇ ਭੀਮ ਪੱਤ੍ਰਿਕਾ ਵਲੋਂ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਆਪਣੇ ਮਹਾਨ ਗ੍ਰੰਥ 'ਜਾਤ-ਪਾਤ ਦਾ ਬੀਜ ਨਾਸ' ਦੇ ਸਫਾ 5 'ਤੇ ਲਿਖਿਆ ਹੈ,

"I shall be satisfied if I make the Hindus realise that they are sick men of India and that their sickness is causing danger to the health and happiness of other Indians."

ਭਾਵ ਮੈਨੂੰ ਤਸੱਲੀ ਹੋਵੇਗੀ ਜੇ ਮੈਂ ਹਿੰਦੂਆਂ ਨੂੰ ਇਹ ਅਹਿਸਾਸ ਕਰਾ ਸਕਾਂ ਕਿ ਉਹ ਭਾਰਤ ਦੇ ਬੀਮਾਰ ਆਦਮੀ ਹਨ, ਉਨ੍ਹਾਂ ਦੀ ਬੀਮਾਰੀ ਦੂਜੇ ਭਾਰਤੀਆਂ ਦੀ ਸਿਹਤ ਤੇ ਖੁਸ਼ਹਾਲੀ ਲਈ ਖਤਰਾ ਹੈ।

**ਹਰਬੰਸ ਵਿਰਦੀ (ਲੰਡਨ)**
ਫੋਨ: 0044 7903839047

ਅਮਰੀਕਾ ਵਿਚ ਅੰਗਰੇਜ਼ਾਂ ਨੇ ਕਾਲੇ ਮੂਲ ਦੇ ਲੋਕਾਂ ਨੂੰ ਪਸ਼ੂਆਂ ਵਾਂਗ ਮੰਡੀਆਂ ਵਿਚੋਂ ਉਨ੍ਹਾਂ ਦੇ ਡੌਲੇ ਟੋਹ ਕੇ ਦੇਖਿਆ ਕਿ ਸ਼ਕਤੀਸ਼ਾਲੀ ਵੀ ਹੈ, ਤਾਂ ਖਰੀਦਿਆ! ਉਨ੍ਹਾਂ ਦੀਆਂ ਪਤਨੀਆਂ ਆਪਣੇ ਅੰਗਰੇਜ਼ ਮਾਲਕ ਦੀ ਰਸੋਈ ਵਿਚ ਖਾਣਾ ਬਣਾਉਣ ਦਾ ਕੰਮ ਕਰਦੀਆਂ। ਜਰਮਨੀ ਵਿਚ ਹਿਟਲਰ ਨੇ ਯਹੂਦੀਆਂ ਉਤੇ ਬੇਸ਼ੁਮਾਰ ਜ਼ੁਲਮ ਢਾਹੇ ਪਰ ਉਨ੍ਹਾਂ ਨੇ ਤਰੱਕੀ ਦੇ ਰਸਤੇ ਬੰਦ ਨਹੀਂ ਕੀਤੇ। ਆਸਟਰੇਲੀਆ ਦੇ ਔਬਰਿਜਨੀਆਂ ਜਾਂ ਨਿਊਜ਼ੀਲੈਂਡ ਦੇ ਮੋਹਰਿਆਂ ਦੀ ਗੱਲ ਹੋਵੇ, ਜੋ ਜ਼ੁਲਮੋ-ਸਿਤਮ ਜੰਬੂਦੀਪ (ਭਾਰਤ) ਦੇ ਬੋਧੀਆਂ ਨੂੰ ਅਛੂਤ ਬਣਾ ਕੇ ਯੂਰੇਸ਼ੀਅਨ ਬ੍ਰਾਹਮਣਾਂ ਨੇ ਕੀਤੇ, ਇਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਵੀ ਨਹੀਂ ਮਿਲਦੀ। ਜੰਬੂਦੀਪ ਵਿਚੋਂ ਬੁੱਧ ਧਰਮ ਨੂੰ ਖਤਮ ਕਰਨ ਤੋਂ ਬਾਅਦ ਬ੍ਰਾਹਮਣਾਂ ਨੇ ਬੋਧੀਆਂ ਦੇ ਇਤਿਹਾਸ ਅਤੇ ਮਹਾਪੁਰਸ਼ਾਂ ਦੀ ਵਿਚਾਰਧਾਰਾ ਨਾਲ ਉਹ ਖਿਲਵਾੜ ਕੀਤਾ ਕਿ ਬੇਸ਼ਰਮੀ ਦੀਆਂ ਸਭ ਹੱਦਾਂ ਪਾਰ ਕਰ ਦਿੱਤੀਆਂ।

ਸਮਰਾਟ ਅਸ਼ੋਕ, ਜਿਸ ਨੇ ਹਿੰਸਾ ਦਾ ਰਸਤਾ ਛੱਡ ਕੇ ਬੁੱਧ ਦਾ ਅਹਿੰਸਾ ਵਾਲਾ ਧਰਮ ਖੁਦ ਹੀ ਨਹੀਂ ਅਪਨਾਇਆ ਸਗੋਂ ਸਾਰੇ ਮੱਧ ਏਸ਼ੀਆ ਵਿਚ ਫੈਲਾਇਆ। ਜੰਬੂਦੀਪ ਅਤੇ ਦੂਜੇ ਦੇਸ਼ਾਂ ਦੇ ਬੋਧੀ ਸਮਰਾਟ ਅਸ਼ੋਕ ਨੂੰ ਆਦਰ ਨਾਲ ਦੇਵ ਅਸ਼ੋਕ ਕਹਿੰਦੇ ਸਨ ਪਰ ਇਨ੍ਹਾਂ ਯੂਰੇਸ਼ੀਅਨਾਂ ਨੇ ਉਸ ਨੂੰ 'ਚੰਡਾਲ ਅਸ਼ੋਕ' ਕਿਹਾ। ਇਨ੍ਹਾਂ ਯੂਰੇਸ਼ੀਅਨਾਂ ਨੇ ਜਦੋਂ ਉਂਗਲੀਮਾਲ ਫਿਲਮ ਬਣਾਈ ਤਾਂ ਅਹਿੰਸਕ (ਉਂਗਲੀਮਾਲ ਦਾ ਅਸਲੀ ਨਾਂ) ਦੀ ਮਾਤਾ ਉਸ ਦੇ ਜਨਮ ਤੋਂ ਪਹਿਲਾਂ ਕ੍ਰਿਸ਼ਨ ਦੀ ਮੂਰਤੀ ਅੱਗੇ ਆਰਤੀ ਕਰਦੀ ਹੈ, ਜੋ ਸੱਚ ਨਹੀਂ ਹੈ। ਅਸ਼ੋਕ ਦੇ ਬਾਬਾ ਚੰਦਰ ਗੁਪਤ ਮੌਰੀਆ 'ਤੇ ਫਿਲਮ ਬਣਾਈ ਤਾਂ ਬਚਪਨ ਵਿਚ ਉਸ ਦੇ ਜੰਜੂ ਪਹਿਨਿਆ ਦਿਖਾਇਆ ਗਿਆ ਜਦੋਂ ਕਿ ਚੰਦਰ ਗੁਪਤ ਬ੍ਰਾਹਮਣ ਨਾ ਹੋ ਕੇ ਮੂਲਨਿਵਾਸੀ ਸੀ। ਸੀਰੀਅਲ 'ਅਸ਼ੋਕਾ' ਵਿਚ ਜਦੋਂ ਅਸ਼ੋਕ 10-12 ਸਾਲ ਦਾ ਹੈ ਤਾਂ ਉਸ ਨੂੰ ਨੌਜਵਾਨ ਚਾਣਕੀਆ ਸ਼ਾਸਤਰ ਵਿੱਦਿਆ ਸਿਖਾਉਂਦਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਅਸ਼ੋਕ ਦੇ ਬਾਬੇ ਨੂੰ ਜਦੋਂ ਉਹ 10-12 ਸਾਲ ਦਾ ਸੀ ਤਾਂ ਉਸ ਨੂੰ ਵੀ ਨੌਜਵਾਨ ਚਾਣਕੀਆ ਹੀ ਸ਼ਾਸਤਰ ਵਿੱਦਿਆ ਸਿਖਾਉਂਦਾ ਹੈ।

ਦੇਖੋ ਬਾਬੇ ਨੂੰ ਵੀ ਅਤੇ ਪੋਤੇ ਨੂੰ ਵੀ ਜਵਾਨ ਚਾਣਕੀਆ ਹੀ ਸ਼ਾਸਤਰ ਵਿੱਦਿਆ ਸਿਖਾ ਰਿਹਾ ਹੈ। ਅਸ਼ੋਕ ਦੇ ਬੇਟੇ ਕੁਨਾਲ ਦੀਆਂ ਅੱਖਾਂ ਬ੍ਰਾਹਮਣ ਸਿਪਾਹੀਆਂ ਨੇ ਕੱਢੀਆਂ ਪਰ ਬ੍ਰਾਹਮਣਾਂ ਲਿਖ ਦਿੱਤਾ, ਕੁਨਾਲ ਦੀ ਮਤਰੇਈ ਮਾਂ ਨੇ ਕੁਨਾਲ ਦੀਆਂ ਅੱਖਾਂ ਕਢਾਈਆਂ ਸਨ। ਅੱਜ ਵੀ ਆਰ. ਐਸ. ਐਸ. ਅਤੇ ਹੋਰ ਬ੍ਰਾਹਮਣ ਜਥੇਬੰਦੀਆਂ ਸਾਕੀਆ ਮੁਨੀ ਗੌਤਮ ਬੁੱਧ ਨੂੰ ਹਿੰਦੂ ਅਤੇ ਕਸ਼ੱਤਰੀ ਸਾਬਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ, ਜਦੋਂ ਕਿ ਹਿੰਦੂ ਲਫਜ਼ ਤਾਂ ਫਾਰਸੀ ਦਾ ਲਫਜ਼ ਹੈ, ਜੋ ਕਿਸੇ ਵੀ ਹਿੰਦੂ ਗ੍ਰੰਥ ਵਿਚ ਨਹੀਂ ਹੈ, ਇਹ ਤਾਂ ਇਨ੍ਹਾਂ ਨੂੰ ਮੁਸਲਮਾਨ ਹਮਲਾਵਰਾਂ ਨੇ ਦਿੱਤਾ। ਜੇ ਬੁੱਧ ਕਸ਼ੱਤਰੀ ਸਨ ਤਾਂ ਉਨ੍ਹਾਂ ਦੇ ਬਾਬਾ ਸਿੰਘਹਨੂੰ ਜਾਂ ਪੜਦਾਦਾ ਰਾਜੇ ਕਿਉਂ ਨਹੀਂ ਸਨ?

ਸਿਧਾਰਥ ਗੌਤਮ ਦੇ ਜਨਮ ਤੋਂ ਪਹਿਲਾਂ ਸਿਧਾਰਥ ਦਾ ਪਿਤਾ ਸੁਧੋਧਨ ਰਾਜਾ ਬਣਿਆ ਸੀ। ਅਸਲੀ ਧੰਮਪੱਦ ਵਿਚ 227 ਸ਼ਲੋਕ ਹਨ ਪਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪੰਜਾਬੀ ਵਿਚ ਪ੍ਰਕਾਸ਼ਿਤ 'ਧੰਮਪੱਦ' ਵਿਚ 529 ਸ਼ਲੋਕ ਹਨ। ਸਵਾਲ ਹੈ, 302 ਸ਼ਲੋਕ ਕਿੱਥੋਂ ਆ ਗਏ? ਇਹ ਤਾਂ ਛੋਟੀ ਜਿਹੀ ਝਲਕ ਹੈ, ਇਸ ਬਾਰੇ ਤਾਂ ਵੱਡੀ ਕਿਤਾਬ ਲਿਖੀ ਜਾ ਸਕਦੀ ਹੈ।

ਉਪਰੋਕਤ ਗੱਲਾਂ ਦੀ ਤਰ੍ਹਾਂ ਇੱਕ ਸ਼ਕਤੀਸ਼ਾਲੀ ਅਤੇ ਦੇਸ਼ ਭਗਤ ਬੋਧੀ ਰਾਜੇ ਜੈਚੰਦਰ ਨੂੰ ਇਨ੍ਹਾਂ ਯੂਰੇਸ਼ੀਅਨ ਬ੍ਰਾਹਮਣਾਂ ਨੇ 'ਗੱਦਾਰ' ਲਫਜ਼ ਨਾਲ ਮਸ਼ਹੂਰ ਕਰ ਦਿੱਤਾ। 21 ਜੁਲਾਈ 1156 ਨੂੰ ਗਾਹੜਵਾਲ ਵੰਸ਼ੀ ਰਾਜਾ, ਪਿਤਾ ਵਿਜੇ ਚੰਦਰ ਅਤੇ ਮਾਤਾ ਚੰਦਰਲੇਖਾ ਦੀ ਕੁੱਖੋਂ ਜੈਚੰਦਰ ਦਾ ਜਨਮ ਹੋਇਆ। ਇਸੇ ਹੀ ਦਿਨ ਬਾਲਕ ਦੇ ਬਾਬੇ ਗੋਬਿੰਦਚੰਦਰ ਨੇ ਦਸ਼ਾਰਣ ਰਿਆਸਤ ਉਤੇ ਜਿੱਤ ਪ੍ਰਾਪਤ ਕੀਤੀ ਸੀ। ਇਸ ਲਈ ਉਸ ਨੇ ਆਪਣੇ ਪੋਤੇ ਦਾ ਨਾਂ ਜੈਚੰਦਰ ਰੱਖਿਆ। ਆਪਣੇ ਗ੍ਰੰਥ 'ਪੁਰਾਤੱਵ ਨਿਬੰਧਾਵਲੀ' ਵਿਚ ਮਹਾਨ ਵਿਦਵਾਨ ਪੰਡਿਤ ਰਾਹੁਲ ਸੰਕਰਤਾਇਨ ਲਿਖਦੇ ਹਨ, ਜੈਚੰਦਰ ਦੇ ਦੀਕਸ਼ਾ ਗੁਰੂ ਅਤੇ ਬੁੱਧ ਧਰਮ ਦੀ ਸਿਖਿਆ ਦੇਣ ਵਾਲੇ ਇੱਕ ਮਹਾ ਵਿਦਵਾਨ ਭਿਖਸ਼ੂ ਜਗਨਿਮਿੱਤਰਾ ਸਨ। ਹੁਣ ਇਹ ਦੱਸਣ ਦੀ ਜ਼ਰੂਰਤ ਨਹੀਂ ਕਿ ਇੱਕ ਬੁੱਧ ਭਿਖਸ਼ੂ ਤੋਂ ਹਰ ਤਰ੍ਹਾਂ ਦੀ ਵਿਦਿਆ ਲੈਣ ਵਾਲੇ ਜੈਚੰਦਰ ਬੁੱਧ ਧਰਮ ਦੇ ਇੱਕ ਸ਼ਰਧਾਵਾਨ ਉਪਾਸ਼ਕ ਸਨ।

ਬੀਤੇ ਸਮੇਂ ਦੇ ਗੌਰਵਸ਼ਾਲੀ ਗਹੜਵਾਲ ਬੌਧ ਹੀ ਅੱਜ ਦੇ 'ਗਾਹਿਰਾ' (ਕੰਜੜ) ਹਨ। ਯਾਦ ਰਹੇ, ਬ੍ਰਾਹਮਣਾਂ ਨੇ ਇਸ ਕੰਜੜ ਜਾਤੀ ਦੇ ਨਾਂ ਨੂੰ ਇੱਕ



ਗਾਲ੍ਹ ਬਣਾ ਦਿੱਤਾ, ਪੰਜਾਬ ਵਿਚ ਤਾਂ ਇਹ ਲਫਜ਼ ਬਹੁਤ ਮਸ਼ਹੂਰ ਹੈ। ਇਸ ਜਾਤੀ ਦੇ ਲੋਕਾਂ ਵਿਚ ਮਾਤਾ ਰਾਣੀ ਦੀ ਬਹੁਤ ਮਾਨਤਾ ਹੈ, ਇਹ ਲੋਕ ਮਾਤਾ ਰਾਣੀ ਦੀ ਪੂਜਾ ਵੀ ਕਰਦੇ ਹਨ। ਉਸ ਦੀ ਯਾਦ ਵਿਚ ਸਾਰੀ ਰਾਤ ਜਾਗਰਣ ਵੀ ਕਰਦੇ ਹਨ। ਇਹ ਦੇਵੀ ਕੋਈ ਹੋਰ ਨਹੀਂ, ਜੈਚੰਦਰ ਦੀ ਦਾਦੀ 'ਮਹਾਰਾਣੀ ਕੁਮਾਰ ਦੇਵੀ' ਹੀ ਹੈ। ਕੁਮਾਰ ਦੇਵੀ ਮਹਾਰਾਜਾ ਕਾਂਸ਼ੀਰਾਜ ਗੋਬਿੰਦਚੰਦਰ ਦੀ ਮਹਾਰਾਣੀ ਸੀ ਜੋ ਬੁੱਧ ਧਰਮ ਅਤੇ ਭਗਵਾਨ ਬੁੱਧ ਦੀ ਉਪਾਸ਼ਕ ਸੀ। ਉਨ੍ਹਾਂ ਨੇ ਸਾਰਨਾਥ, ਬੌਧ ਗਯਾ, ਸ਼ਰਾਵਸਤੀ, ਨਾਲੰਦਾ ਆਦਿ ਪੁਰਾਣੇ ਅਸਥਾਨਾਂ ਉਤੇ ਬੁੱਧ ਵਿਹਾਰ ਅਤੇ ਸੰਘਾਰਾਮ ਬਣਵਾਏ। ਸਾਰਨਾਥ ਦੀ ਖੁਦਾਈ ਸਮੇਂ ਅੰਗਰੇਜ਼ ਪੁਰਾਤੱਤਵ ਵਿਭਾਗ ਦੇ ਮਾਹਰਾਂ ਨੂੰ ਮਹਾਰਾਣੀ ਕੁਮਾਰ ਦੇਵੀ ਦਾ ਇੱਕ ਸ਼ਿਲਾਲੇਖ ਲੱਭਾ ਜੋ ਉਥੇ ਮਿਊਜ਼ੀਅਮ 'ਚ ਸੰਭਾਲ ਕੇ ਰੱਖਿਆ ਹੋਇਆ ਹੈ।

ਸਭ ਤੋਂ ਪਹਿਲਾਂ ਅਤੇ ਜ਼ਿਆਦਾ ਜੈਚੰਦਰ ਨੂੰ ਬਦਨਾਮ ਕਰਨ ਦਾ ਕੰਮ ਪ੍ਰਿਥਵੀ ਰਾਜ ਚੌਹਾਨ ਦੇ 'ਭਾਟ' ਚੰਦਰਬਰਦਾਈ ਨਾਂ ਦੇ ਬ੍ਰਾਹਮਣ ਕਵੀ/ਲੇਖਕ ਨੇ ਆਪਣੀ ਪੁਸਤਕ 'ਪ੍ਰਿਥਵੀਰਾਜਰਾਸੋ' ਵਿਚ ਕੀਤਾ। ਪ੍ਰਿਥਵੀਰਾਜਰਾਸੋ ਦੇ ਆਧਾਰ 'ਤੇ ਹੀ ਲੱਗਦਾ ਹੈ ਕਿ ਬਾਅਦ ਵਿਚ ਹਿੰਦੂਆਂ ਨੇ ਪੂਰੀ ਤਾਕਤ ਨਾਲ ਆਪਣੇ ਝੂਠ ਦੇ ਮਹਿਲ ਨੂੰ ਖੜ੍ਹਾ ਕੀਤਾ। ਪ੍ਰਿਥਵੀਰਾਜਰਾਸੋ ਵਿਚ ਚੰਦਰਬਰਦਾਈ ਨੇ ਬੁੱਧ ਧਰਮ ਦੇ ਖਿਲਾਫ ਜ਼ਹਿਰ ਉਗਲੀ।

ਇਸ ਤੋਂ ਸਾਬਤ ਹੁੰਦਾ ਹੈ ਕਿ ਚੰਦਰਬਰਦਾਈ ਬੁੱਧ ਧਰਮ ਦੇ ਖਿਲਾਫ ਬਹੁਤ ਹੀ ਗੰਦੀ ਸੋਚ ਰੱਖਣ ਵਾਲਾ ਬ੍ਰਾਹਮਣ ਸੀ, ਜਿਸ ਦਾ ਦਿਲ-ਦਿਮਾਗ ਬੁੱਧ ਧਰਮ ਖਿਲਾਫ ਘ੍ਰਿਣਾ ਨਾਲ ਭਰਿਆ ਹੋਇਆ ਸੀ। ਉਹ ਪੁਸ਼ਯਾ ਸ਼ੁੰਘ ਮਿੱਤਰ ਦੀ ਤਰ੍ਹਾਂ ਬੁੱਧ ਧਰਮ ਦਾ ਕੱਟੜ ਵੈਰੀ ਸੀ। ਇਸੇ ਕਾਰਨ ਉਸ ਨੇ ਮਹਾਰਾਜਾ ਜੈਚੰਦਰ ਨੂੰ ਇੱਕ ਸ਼ਰਧਾਵਾਨ ਬੌਧ ਉਪਾਸ਼ਕ ਹੋਣ ਕਰਕੇ ਬਦਨਾਮ ਕਰ ਦਿੱਤਾ, ਨਾ ਕਿ ਦੇਸ਼ ਧ੍ਰੋਹੀ ਜਾਂ ਘਰ ਦਾ ਭੇਤੀ ਹੋਣ ਕਰਕੇ।

ਇਹ ਦੱਸਣਾ ਜਰੂਰੀ ਹੈ ਕਿ ਜੇ ਜੈਚੰਦਰ ਦੇ ਸ਼ਿਲਾਲੇਖ ਅਤੇ 'ਚੰਦਰਾਜਲੇਖ' ਨਾਂ ਦਾ ਗ੍ਰੰਥ ਤਿੱਬਤੀ ਭਾਸ਼ਾ ਵਿਚ ਤਿੱਬਤ ਤੋਂ ਨਾ ਮਿਲਦੇ ਤਾਂ ਅੱਜ ਵੀ ਦੇਸ਼ਭਗਤ ਜੈਚੰਦਰ ਨੂੰ ਭਾਰਤੀ ਲੋਕ ਕਲੰਕਤ ਕਪੂਤ ਦੇ ਰੂਪ ਵਿਚ ਹੀ ਜਾਣਦੇ।

ਪੂਜਯ ਭਦੰਤ ਡਾ. ਧਰਮਰਕਸ਼ਤ ਨੇ ਆਪਣੀ ਮਹਾਨ ਰਚਨਾ 'ਸ਼ਾਰਨਾਥ ਕਾ ਸੰਸ਼ਿਪਤ' ਲਿਖ ਕੇ ਜੈਚੰਦਰ ਨੂੰ ਸ਼ਰਧਾਵਾਨ ਬੌਧ ਸ਼ਾਸਕ ਸਿੱਧ ਕੀਤਾ ਹੈ। ਪ੍ਰਸਿੱਧ ਇਤਿਹਾਸਕਾਰ ਲੇਖਕ ਡਾ. ਮੋਤੀਚੰਦਰ ਵੀ ਆਪਣੀ ਪੁਸਤਕ 'ਕਾਂਸ਼ੀ ਕਾ ਇਤਿਹਾਸ' ਵਿਚ ਮਹਾਰਾਜਾ ਜੈਚੰਦਰ ਨੂੰ ਬੁੱਧ ਧਰਮ ਦੇ ਸ਼ਰਧਾਲੂ ਸਾਬਤ ਕਰਨ ਵਿਚ ਸਫਲ ਹੋਏ ਹਨ। ਮਹਾਪੰਡਿਤ ਰਾਹੁਲ ਸੰਕਰਤਾਇਨ, ਜਿਨ੍ਹਾਂ ਸਾਰੀ ਦੁਨੀਆਂ ਘੁੰਮ ਕੇ ਲਿਖਣ ਦਾ ਕੰਮ ਕੀਤਾ, ਨੇ ਬਹੁਤ ਗੰਭੀਰ ਸਬੂਤਾਂ ਨਾਲ ਆਪਣੀ ਅਮਰ ਰਚਨਾ 'ਪੁਰਾਤੱਤਵ ਨਿਬੰਧਾਬਲੀ' ਅਤੇ 'ਬੌਧ ਸੰਸਕ੍ਰਿਤੀ' ਵਰਗੇ ਕਾਲਜੀਯਾ ਗ੍ਰੰਥਾਂ ਰਾਹੀਂ ਜੈਚੰਦਰ ਨੂੰ ਇੱਕ ਬੌਧ ਧਰਮਾਤਮਾ ਦੱਸਿਆ ਹੈ।

ਵਿਸ਼ਵ ਪ੍ਰਸਿੱਧ ਬੌਧ ਵਿਦਵਾਨ ਧਰਮਾਨੰਦ ਕੌਸੰਬੀ ਆਪਣੀ ਮਰਾਠੀ ਭਾਸ਼ਾ ਦੀ ਕਿਤਾਬ 'ਭਗਵਾਨ ਬੁੱਧ' ਵਿਚ ਲਿਖਦੇ ਹਨ, "ਅੱਜ ਦੇ ਮਾਂਗ-ਮਤੰਗ ਜਾਤੀ ਦੇ ਲੋਕ ਰਾਜਾ ਪ੍ਰਸੇਨਜਿੱਤ ਦੇ ਖਾਨਦਾਨ ਵਿਚੋਂ ਹਨ। ਇਹ ਵੀ ਇਤਿਹਾਸ ਹੈ ਕਿ ਰਾਜਾ ਪ੍ਰਸੇਨਜਿੱਤ ਸ਼ਾਕੀਆ ਵੰਸ਼ ਦੇ ਸਨ ਅਤੇ ਭਗਵਾਨ ਬੁੱਧ ਦੇ ਚਚੇਰੇ ਭਰਾ ਮਹਾਨਾਮ ਦੇ ਦਾਮਾਦ ਸਨ। ਬਹੁਤ ਹੱਦ ਤੱਕ ਸਹੀ ਹੈ ਕਿ ਅੱਜ ਦੇ ਮਾਂਗ-ਮਤੰਗ ਹੀ ਨਹੀਂ, ਸਾਰੇ ਅਛੂਤ, ਆਦਿਵਾਸੀ, ਸ਼ੂਦਰ ਜਾਤੀਆਂ ਪੁਰਾਤਨ ਸ਼ਾਕੀਆ ਵੰਸ਼ 'ਚੋਂ ਹੀ ਹਨ। ਸਾਜਿਸ਼ਾਂ ਨਾਲ ਵੱਖ ਵੱਖ ਜਾਤਾਂ ਵਿਚ ਵੰਡ ਦਿੱਤਾ ਗਿਆ, ਹੁਣ ਇਨ੍ਹਾਂ ਨੂੰ ਚਾਹੀਦਾ ਹੈ ਕਿ ਬੁੱਧ ਧਰਮ ਦੇ ਪਲੇਟਫਾਰਮ 'ਤੇ ਇਕੱਠੇ ਹੋਣ। ਇੱਥੇ ਇਹ ਦੱਸਣਾ ਜਰੂਰੀ ਹੈ ਕਿ ਮਹਾਰਾਣੀ ਕੁਮਾਰ ਦੇਵੀ ਅਤੇ ਮਹਾਰਾਜਾ ਜੈਚੰਦਰ ਸ਼ਾਕੀਆ ਮਹਾਰਾਜਾ ਹਰਸ਼ ਵਰਧਨ ਦੇ ਹੀ ਵੰਸ਼ ਵਿਚੋਂ ਸਨ। ਮਹਾਰਾਜਾ ਹਰਸ਼ ਵਰਧਨ ਦੀ ਵੰਸ਼ ਪਰੰਪਰਾ ਵਿਚੋਂ ਹੀ ਜੈਚੰਦਰ ਦਾ ਮਹਾਨਤਵ ਹੋਇਆ।

ਬ੍ਰਾਹਮਣ ਗ੍ਰੰਥਾਂ ਵਿਚ ਜੈਚੰਦਰ ਨੂੰ 'ਅਸੁਰੇਂਦਰ' ਲਿਖਿਆ ਗਿਆ ਹੈ। ਅਸੁਰੇਂਦਰ ਤੋਂ ਭਾਵ ਐਸਾ ਵਿਅਕਤੀ ਜੋ ਅਸੁਰ ਲੋਕਾਂ ਦਾ ਸਰਦਾਰ, ਮੁਖੀਆ ਜਾਂ ਰਾਜਾ ਹੋਵੇ। ਜੇ ਜੈਚੰਦਰ ਅਸੁਰ ਸੀ ਤਾਂ ਉਨ੍ਹਾਂ ਨੂੰ ਬਦਨਾਮ ਕਰਨ ਲਈ ਜਾਂ ਉਨ੍ਹਾਂ ਦੇ ਚਰਿਤਰ ਨੂੰ ਵਿਗਾੜਨ ਦਾ ਕੰਮ ਬ੍ਰਾਹਮਣ ਇਤਿਹਾਸਕਾਰ ਅਤੇ ਪ੍ਰਚਾਰਕ ਨਹੀਂ ਤਾਂ ਹੋਰ ਕੌਣ ਕਰੇਗਾ? ਇਨ੍ਹਾਂ ਬ੍ਰਾਹਮਣ ਇਤਿਹਾਸਕਾਰਾਂ ਨੇ ਜੈਚੰਦਰ ਨੂੰ ਅਸੁਰ ਕਹਿ ਕੇ ਇਹ ਸਾਬਤ ਕਰ ਦਿੱਤਾ ਕਿ ਉਹ ਬ੍ਰਾਹਮਣ ਸੰਸਕ੍ਰਿਤੀ ਦਾ ਅੰਗ ਬਿਲਕੁਲ ਨਹੀਂ ਸਨ। ਇਸ ਦੇ ਉਲਟ ਸ਼ਰਮਣ ਸੰਸਕ੍ਰਿਤੀ ਦੇ ਸਮਰਥਕ, ਹਮਾਇਤੀ, ਪ੍ਰਚਾਰਕ ਆਦਿ ਸਨ। ਬ੍ਰਾਹਮਣਾਂ ਨੇ ਸ਼ਰਮਣ ਸੰਸਕ੍ਰਿਤੀ (ਬੁੱਧਵਾਦ) ਨੂੰ ਜੋ ਗਾਲ੍ਹੀ-ਗਲੋਚ ਅਤੇ ਬਦਨਾਮ ਕਰਨ ਦਾ ਕੰਮ ਕੀਤਾ, ਹੋਰ ਕਿਸੇ ਲਈ ਨਹੀਂ ਕੀਤਾ। ਇਨ੍ਹਾਂ ਨੇ ਪੁਰਾਣਾਂ ਵਿਚ ਬੁੱਧ ਨੂੰ ਵੀ ਅਸੁਰ ਲਿਖਿਆ ਹੈ। ਨਾ ਜਾਣੇ ਯੂਰੇਸ਼ੀਅਨਾਂ ਨੇ ਹੋਰ ਕਿਸ ਕਿਸ ਤਰ੍ਹਾਂ ਬੁੱਧ ਨੂੰ ਭੈੜੇ ਸ਼ਬਦਾਂ ਨਾਲ ਸੰਬੋਧਤ ਕਰਨ ਦਾ ਕੰਮ ਆਪਣੇ ਗ੍ਰੰਥਾਂ ਵਿਚ ਕੀਤਾ ਹੋਵੇ! ਜੇ ਯੂਰੇਸ਼ੀਅਨਾਂ ਦੇ ਵਿਦਵਾਨਾਂ ਨੇ ਭਗਵਾਨ ਬੁੱਧ ਜਿਹੇ ਦੁਨੀਆਂ ਦੇ ਅਨਮੋਲ ਹੀਰੇ ਨੂੰ ਅਸੁਰ ਕਹਿ ਦਿੱਤਾ ਤਾਂ ਜੈਚੰਦਰ ਕਿਸ ਖੇਤ ਦੀ ਮੂਲੀ ਸਨ?

ਰਾਜਸਥਾਨ ਵਿਚ ਮੇਘਵੰਸ਼ ਲੋਕ ਵੱਡੀ ਗਿਣਤੀ ਵਿਚ ਹਨ, ਇਨ੍ਹਾਂ ਵਿਚ ਵੀ ਰਾਠੌਰ ਲੋਕ ਮਿਲਦੇ ਹਨ। ਇਨ੍ਹਾਂ ਦਾ ਮੰਨਣਾ ਹੈ ਕਿ ਮਹਾਰਾਜਾ ਜੈਚੰਦਰ ਦੇ ਇੱਕ ਬੇਟੇ ਦਾ ਨਾਂ ਮੇਘਚੰਦਰ ਸੀ। ਅੱਜ ਦੇ ਮੇਘਵੰਸ਼ ਦੇ ਬਹੁਮੱਤ ਲੋਕ ਮੰਨਦੇ ਹਨ ਕਿ ਉਹ ਮੇਘਚੰਦਰ ਦੇ ਖਾਨਦਾਨ ਵਿਚੋਂ ਹਨ।

ਭਵਿੱਖ ਵਿਚ ਜੋ ਸਾਡਾ ਅਨਮੋਲ ਅਤੇ ਪੁਰਾਤਨ ਮਹੰਜੋਦਾੜੋ, ਹੜੱਪਾ, ਸਿੰਧੂਘਾਟੀ, ਚੰਦਰ ਗੁਪਤ ਮੌਰੀਆ ਤੋਂ ਆਖਰੀ ਬੋਧੀ ਸਮਰਾਟ ਹਰਸ਼ ਵਰਧਨ ਤੱਕ ਦਾ ਇਤਿਹਾਸ ਬ੍ਰਾਹਮਣਾਂ ਨੇ ਜੋ ਜਲਾ ਦਿੱਤਾ ਜਾਂ ਢਾਹ ਕੇ ਬਰਬਾਦ ਕਰ ਦਿੱਤਾ, ਅਸੀਂ ਉਸ ਨੂੰ ਸੂਈ ਦੀ ਨੋਕ ਨਾਲ ਲੱਭਾਂਗੇ, ਜਿਸ ਦੀ ਸ਼ੁਰੂਆਤ ਬਹੁਤ ਜ਼ੋਰਾਂ-ਸ਼ੋਰਾਂ ਨਾਲ ਹੋ ਚੁਕੀ ਹੈ।

***ਨੋਟ:*** *ਇਸ ਲੇਖ ਦਾ ਬਹੁਤਾ ਹਿੱਸਾ ਸ਼ਾਂਤੀ ਸਰੂਪ ਬੌਧ ਦੀ ਹਿੰਦੀ ਕਿਤਾਬ 'ਮਹਾਰਾਜਾ ਜੈਚੰਦਰ ਗੱਦਾਰ ਨਹੀਂ, ਪਰਮ ਦੇਸ਼ ਭਗਤ ਬੌਧ ਰਾਜਾ ਥੇ' ਵਿਚੋਂ ਲਿਆ ਗਿਆ ਹੈ।*

# ਬੰਦਾ 'ਬੰਦੇ ਦਾ ਪੁੱਤ' ਕਦੋਂ ਬਣੂੰ!

ਬੰਦੇ ਨੂੰ ਇਸ ਧਰਤੀ 'ਤੇ ਆਇਆਂ ਪਤਾ ਨਹੀ ਕਿੰਨੀਆਂ ਸਦੀਆਂ ਬੀਤ ਗਈਆਂ ਹਨ ਪਰ ਉਹ 'ਬੰਦੇ ਦਾ ਪੁੱਤ' ਨਹੀਂ ਬਣ ਸਕਿਆ, ਇਨਸਾਨ ਹੋਣਾ ਤਾਂ ਦਰਕਿਨਾਰ! ਜਦੋਂ ਵੀ ਕੋਈ ਬੰਦਾ ਦੂਜੇ ਬੰਦੇ ਨੂੰ ਕੋਈ ਨਸੀਹਤ ਦਿੰਦਾ ਹੈ ਤਾਂ ਸੁਭਾਵਿਕ ਹੀ ਉਸ ਦੇ ਮੂੰਹੋਂ ਨਿਕਲ ਆਉਂਦਾ ਹੈ, 'ਬੰਦੇ ਦਾ ਪੁੱਤ ਬਣ ਉਏ, ਬੰਦੇ ਦਾ!' ਹਾਲਾਂਕਿ ਕੁਦਰਤੀ ਤੌਰ 'ਤੇ ਸਾਰੇ ਹੀ ਬੰਦੇ ਦੇ ਪੁੱਤ ਹਨ ਪਰ ਇਹ ਸਭ ਗੱਲਾਂ ਹਨ, ਬਾਤਾਂ ਹਨ- 'ਬਾਤੇਂ ਹੈਂ ਬਾਤੋਂ ਕਾ ਕਯਾ?'

ਬੱਚਿਆਂ ਵਿਚ ਆਪਣੇ ਮਾਂ-ਬਾਪ ਦੇ ਕਣ

**ਸੁਖਮਿੰਦਰ ਸਿੰਘ ਸੇਖੋਂ**
ਫੋਨ: 91-98145-07693

ਕੁਦਰਤੀ ਹੀ ਪਾਏ ਜਾਂਦੇ ਹਨ। ਮਾਹੌਲ ਤੇ ਸਾਥੀਆਂ, ਸਹਿਯੋਗੀਆਂ ਅਤੇ ਸਮਾਜ ਵਿਚ ਵਿਚਰਨ ਦੇ ਹਿਸਾਬ ਨਾਲ ਉਸ ਦੀਆਂ ਆਦਤਾਂ ਜਾਂ ਚੰਗਿਆਈਆਂ, ਕਮਜ਼ੋਰੀਆਂ ਵਿਚ ਕੁਝ ਕੁ ਤਬਦੀਲੀ ਆ ਜਾਣੀ ਸੁਭਾਵਕ ਹੈ। ਬੱਚੇ ਨੂੰ ਸੱਚ-ਝੂਠ, ਭਲਾ-ਬੁਰਾ, ਭਾਵ ਸਾਰਾ ਕੁਝ ਘਰ ਵਿਚ ਹੀ ਮਿਲਦਾ ਹੈ। ਪਿਆਰ, ਨਫਰਤ, ਡਰ ਆਦਿ ਵੀ ਘਰੋਂ ਹੀ ਪ੍ਰਾਪਤ ਹੁੰਦੇ ਹਨ। ਅਸੀਂ ਬੱਚੇ ਨੂੰ ਕੋਕੋ ਜਾਂ ਭੂਤ-ਪ੍ਰੇਤ ਦਾ ਡਰ ਪਾ ਦਿੰਦੇ ਹਾਂ। ਕੋਈ ਚੀਜ਼ ਉਸ ਨੂੰ ਨਾ ਦੇਣਾ ਚਾਹੀਏ ਤਾਂ ਕਹਿ ਦਿੰਦੇ ਹਾਂ, "ਕੋਕੋ ਲੈ 'ਗੀ।" ਇਹ ਕੋਕੋ ਕਿਸ 'ਬਲਾ' ਦਾ ਨਾਂ ਹੋਇਆ ਭਾਈ?

ਇਵੇਂ ਹੀ ਝੂਠ ਬੋਲਣ ਦੀ ਆਦਤ ਹੀ ਲੈ ਲਵੋ। ਮਿਸਾਲ ਵਜੋਂ ਬਾਹਰ ਦਰਵਾਜੇ 'ਤੇ ਦਸਤਕ ਹੁੰਦੀ ਹੈ, ਤੁਸੀਂ ਦਸਤਕ ਦੇਣ ਵਾਲੇ ਸ਼ਖਸ ਨੂੰ ਮਿਲਣਾ ਨਹੀਂ ਚਾਹੁੰਦੇ, ਕੋਈ ਬਹਾਨਾ ਘੜਦੇ ਹੋ। ਆਪਣੀ ਪਤਨੀ ਜਾਂ ਬੱਚੇ ਜ਼ਰੀਏ ਕਹਿ ਭੇਜਦੇ ਹੋ, 'ਉਹ ਤਾਂ ਘਰ ਨ੍ਹੀਂ ਜੀ।' ਇੰਜ ਤੁਸੀਂ ਖੁਦ ਤਾਂ ਝੂਠੇ ਹੁੰਦੇ ਹੀ ਹੋ, ਆਪਣੀ ਪਤਨੀ ਤੇ ਬੱਚਿਆਂ ਨੂੰ ਵੀ ਝੂਠੇ ਬਣਾ ਛੱਡਦੇ ਹੋ। ਮੋਬਾਇਲ 'ਤੇ ਵੀ ਤੁਸੀਂ ਏਦਾਂ ਹੀ ਕਰਦੇ ਹੋ, ਹੁੰਦੇ ਕਿਤੇ ਹੋ ਤੇ ਕਹਿੰਦੇ ਕਿਤੇ ਹੋ। ਆਮ ਲੋਕਾਂ ਦੀ ਤਾਂ ਗੱਲ ਛੱਡੋ, ਵੱਖ ਵੱਖ ਮਹਿਕਮਿਆਂ ਦੇ ਅਫਸਰ, ਅਧਿਆਪਕ ਤੇ ਬਾਬੂ ਆਦਿ ਵੀ ਝੂਠ ਬੋਲਣ ਵਿਚ ਮਾਹਰ ਹੋ ਜਾਂਦੇ ਹਨ ਕਿਉਂਕਿ ਮੋਬਾਇਲ 'ਤੇ ਕੀ ਪਤਾ ਲੱਗਦਾ ਹੈ ਕਿ ਕੋਈ ਕਿੱਥੇ ਬੈਠਾ ਹੈ ਜਾਂ ਘੁੰਮਦਾ ਹੈ!

ਹਰ ਕੋਈ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਚਿੰਤਾਤੁਰ ਹੈ, ਹੋਵੇ ਵੀ ਕਿਉਂ ਨਾ, ਚਿੰਤਾ ਤਾਂ ਆਪਣੇ ਬੱਚਿਆਂ ਦੀ ਹੁੰਦੀ ਹੀ ਹੈ। ਹਰ ਕੋਈ ਚਾਹੁੰਦਾ ਹੈ ਕਿ ਉਸ ਦਾ ਬੱਚਾ ਡਾਕਟਰ, ਇੰਜੀਨੀਅਰ, ਜੱਜ, ਮੈਜਿਸਟ੍ਰੇਟ ਬਣੇ ਜਾਂ ਹੋਰ ਕੋਈ ਉਚ ਅਹੁਦਾ ਹਾਸਲ ਕਰੇ। ਹਰ ਕੋਈ ਇਸ ਮੰਤਵ ਦੀ ਪੂਰਤੀ ਲਈ ਲੱਗਿਆ ਨਜ਼ਰ ਆਉਂਦਾ ਹੈ। ਉਹ ਕਿਸੇ ਵੀ ਕੀਮਤ 'ਤੇ ਆਪਣੇ ਬੱਚੇ ਨੂੰ ਜਲਦੀ ਜਲਦੀ ਪੜ੍ਹਾ ਕੇ ਕੋਈ ਵੱਡਾ ਅਫਸਰ ਬਣਿਆ ਦੇਖਣਾ ਚਾਹੁੰਦਾ ਹੈ। ਇਸ ਭੀੜ ਵਿਚ ਹਰ ਸ਼ਖਸ ਦੌੜਦਾ, ਦੌੜਦਾ ਕੀ ਭੰਬੀਰੀ ਬਣਿਆ ਨਜ਼ਰ ਆਉਂਦਾ ਹੈ।

ਸਕੂਲਾਂ-ਕਾਲਜਾਂ ਵਿਚ ਵੀ ਇਹੀ ਸਿਖਾਇਆ ਜਾਂਦਾ ਹੈ। ਇਕ ਤਾਂ ਸਿਲੇਬਸ ਹੀ ਇਸ ਤਰ੍ਹਾਂ ਦੇ ਹਨ, ਦੂਜਾ ਪੜ੍ਹਾਈ ਦੇ ਢੰਗ ਤਰੀਕੇ ਵੀ। ਅਧਿਆਪਕ ਵੀ ਪਹਿਲਾਂ ਵਰਗੇ ਮਿਹਨਤੀ ਤੇ ਨੇਕ ਦਿਲ ਇਨਸਾਨ ਨਹੀਂ ਰਹੇ। ਅਧਿਆਪਕ ਵਰਗ ਮੋਟੀਆਂ ਤਨਖਾਹਾਂ ਲੈਂਦਾ ਹੈ ਪਰ ਬੱਚੇ ਨੂੰ ਟਿਊਸ਼ਨ ਲਈ ਪ੍ਰੇਰਿਤ ਕਰਦਾ ਹੈ। ਸਰਕਾਰੀ ਸਕੂਲਾਂ ਵਿਚ ਜੇ ਸਹੂਲਤਾਂ ਨਾ ਵੀ ਸਹੀ, ਟੀਚਰ ਤਾਂ ਚੰਗੇ ਪੜ੍ਹੇ-ਲਿਖੇ ਹੁੰਦੇ ਹੀ ਹਨ, ਉਹ ਵੀ ਬੱਚਿਆਂ ਨੂੰ ਚੱਜ ਨਾਲ ਪੜ੍ਹਾਉਣ ਤੋਂ ਕੰਨੀ ਖਿਸਕਾਉਂਦੇ ਨਜ਼ਰ ਆਉਂਦੇ ਹਨ। ਪ੍ਰਾਈਵੇਟ ਤੇ ਕਾਨਵੈਂਟ ਸਕੂਲਾਂ ਦਾ ਬੋਲਬਾਲਾ ਹੈ। ਆਰਥਕ ਪੱਖੋਂ ਊਣੇ ਮਾਪੇ ਵੀ ਆਪਣੇ ਬੱਚੇ ਨੂੰ ਪਬਲਿਕ ਸਕੂਲਾਂ ਵਿਚ ਭੇਜਦੇ ਹਨ। ਪਿੰਡਾਂ ਦੇ ਸਰਕਾਰੀ ਸਕੂਲਾਂ ਵਿਚ ਤਾਂ ਅਸਲੋਂ ਹੀ ਗਰੀਬ ਬੱਚੇ ਪੜ੍ਹਨ ਜਾਂਦੇ ਹਨ।

ਭਾਰਤ ਵਿਚ ਧਰਮਾਂ ਨੂੰ ਪ੍ਰਮੁੱਖਤਾ ਹਾਸਲ ਹੈ, ਸਦੀਆਂ ਸਦੀਆਂ ਤੋਂ। ਦਰਅਸਲ ਇਕ ਤੋਂ ਬਾਅਦ ਇਕ ਤੇ ਅਨੇਕਾਂ ਧਰਮਾਂ ਦੇ ਹੋਂਦ ਵਿਚ ਆਉਣ ਦਾ ਕਾਰਨ ਵੀ ਇਹੀਓ ਦੱਸਿਆ ਜਾਂਦਾ ਹੈ ਕਿ ਇਹ ਮਨੁੱਖ ਦੀ ਬਿਹਤਰੀ ਲਈ ਹਨ-ਰੱਬ ਤੱਕ ਪਹੁੰਚਣ ਜਾਂ ਉਸ ਨੂੰ ਪਾਉਣ ਦਾ ਇਕੋ ਇਕ ਜ਼ਰੀਆ। ਸਮਾਜਕ ਤੇ ਸਿਆਸੀ ਸੰਦਰਭ ਵਿਚ ਵੀ ਧਰਮਾਂ ਦੀ ਭੂਮਿਕਾ ਰਹੀ ਹੈ। ਇਹ ਸਿਆਸਤ ਨੂੰ ਸੇਧ ਵੀ ਦਿੰਦੇ ਆਏ ਹਨ ਤੇ ਸਮਾਜਕ ਕੁਰੀਤੀਆਂ ਦੇ ਖਾਤਮੇ ਲਈ ਵੀ ਬਰਾਬਰ ਨਿਭਦੇ ਆਏ ਹਨ ਪਰ ਧਰਮ ਉਤੇ ਸਿਆਸਤ ਭਾਰੂ ਹੋ ਜਾਣ ਕਾਰਨ ਇਸ ਨੇ ਮਾਨਵਤਾ ਦਾ ਸੰਵਾਰਿਆ ਤਾਂ ਸ਼ਾਇਦ ਬਹੁਤ ਹੀ ਘੱਟ ਹੋਵੇਗਾ, ਵਿਗਾੜਿਆ ਬਹੁਤਾ ਹੈ। ਧਰਮ ਦੀ ਓਟ ਲੈ ਕੇ ਵੀ ਬੰਦਾ ਬੰਦੇ ਦਾ ਪੁੱਤ ਨਹੀਂ ਬਣਿਆ। ਇਕ ਧਰਮ ਵਾਲੇ ਦੂਜੇ ਧਰਮ ਦੇ ਵੈਰੀ ਹੀ ਬਣੇ ਨਜ਼ਰ ਆਏ ਹਨ। ਧਰਮ ਦੀ ਸਿਆਸਤ ਹੇਠ ਲੱਖਾਂ ਹੀ ਲੋਕਾਂ ਦਾ ਲਹੂ ਵਹਾਇਆ ਗਿਆ, ਜੋ ਇਨਸਾਨੀਅਤ ਦੇ ਮੱਥੇ 'ਤੇ ਇਕ ਬਦਨੁਮਾ ਧੱਬਾ ਹੈ। ਦਰਅਸਲ ਧਰਮ ਨੂੰ ਨਿਜ ਦੀ ਸੁਧਤਾ ਨਾਲ ਜੋੜਦਿਆਂ ਸਮੂਹਕ ਜਾਂ ਸਮਾਜਕ ਭਲਾਈ ਦੇ ਕੰਮਾਂ ਲਈ ਇਕ ਜੁਟ ਹੋਣ ਦੀ ਆਸ ਵਿਚ ਧਰਮ ਦੀ ਭੂਮਿਕਾ ਨੂੰ ਇਨ੍ਹਾਂ ਅਰਥਾਂ ਵਿਚ ਹੀ ਲੈਣ ਦੀ ਲੋੜ ਹੈ।

ਕਹਿਣ ਨੂੰ ਤਾਂ ਹਰ ਸਰਕਾਰ, ਨੇਤਾ ਜਾਂ ਆਮ ਆਦਮੀ ਵੀ ਕਹਿ ਛੱਡਦਾ ਹੈ ਕਿ ਭ੍ਰਿਸ਼ਟਾਚਾਰ ਖਤਮ ਹੋਣਾ ਚਾਹੀਦਾ ਹੈ ਪ੍ਰੰਤੂ ਹੱਥ ਆਇਆ ਮੌਕਾ ਹੱਥੋਂ ਕੋਈ ਵੀ ਨਹੀਂ ਜਾਣ ਦਿੰਦਾ। ਨੇਤਾ ਸਰਕਾਰੀ ਮੁਲਾਜ਼ਮਾਂ ਨੂੰ ਨਸੀਹਤ ਕਰਦੇ ਹਨ, ਸਰਕਾਰੀ ਮੁਲਾਜ਼ਮ ਸਰਕਾਰਾਂ ਨੂੰ ਅਤੇ ਜਨਤਾ ਆਪਣੇ ਆਪ ਨੂੰ ਦੁੱਧ ਧੋਤਾ ਮੰਨਦੀ ਹੈ, ਪਰ ਬੰਦਾ ਕੋਈ ਨਹੀਂ ਬਣਦਾ।

ਭਾਰਤ ਜਮਹੂਰੀ ਮੁਲਕ ਮੰਨਿਆ ਜਾਂਦਾ ਹੈ ਪਰ ਸਭ ਤੋਂ ਵੱਧ ਲੋਕਾਂ ਦਾ ਘਾਣ ਇਥੇ ਹੀ ਹੁੰਦਾ ਹੈ। ਲੀਡਰ, ਵਪਾਰੀ ਤੇ ਉਦਯੋਗਿਕ ਘਰਾਣੇ ਰਲ-ਮਿਲ ਕੇ ਅੱਗੇ ਤੋਂ ਅੱਗੇ ਵਧਣ ਦੀ ਦੌੜ ਤੇ ਹੋੜ 'ਚ ਵਿਅਸਥ ਹਨ, ਤੇ ਆਮ ਲੋਕਾਈ ਹਾਸ਼ੀਏ 'ਤੇ ਧੱਕ ਦਿੱਤੀ ਗਈ ਹੈ। ਜੇ ਇਸ ਖੋਟੇ ਨਿਜ਼ਾਮ ਤੋਂ ਖਹਿੜਾ ਛੁਡਾਉਣਾ ਹੈ ਤਾਂ ਆਮ ਆਦਮੀ ਨੂੰ ਸਭ ਤੋਂ ਪਹਿਲਾਂ ਆਦਮੀ ਤੋਂ ਇਨਸਾਨ ਤੱਕ ਦਾ ਸਫਰ ਤੈਅ ਕਰਦਿਆਂ ਆਪਣੇ ਰਾਹਾਂ ਨੂੰ ਮੋਕਲਾ ਕਰਨਾ ਪਵੇਗਾ। ਆਓ, ਸਾਰੇ ਰਲ-ਮਿਲ ਕੇ ਬੰਦਿਆਂ ਦੀ ਖੇਤੀ ਲਈ ਜ਼ਰਖੇਜ਼ ਜਮੀਨ ਤਿਆਰ ਕਰਨ ਲਈ ਹੰਭਲਾ ਮਾਰੀਏ।

#

# ਨਹੀਂ ਰੀਸਾਂ ਝਨਾਂ ਦੀਆਂ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਝਨਾਂ ਦੇ ਨਾਂ ਨਾਲ ਜਾਣਿਆ ਜਾਂਦਾ ਦਰਿਆ ਪੰਜਾਂ ਪਾਣੀਆਂ ਦੇ ਦੇਸ਼ ਪੰਜਾਬ ਦਾ ਚੌਥਾ ਪੱਛਮੀ ਦਰਿਆ ਹੈ, ਇਸ ਤੋਂ ਹੋਰ ਅੱਗੇ ਪੱਛਮ ਵਿਚ ਜੇਹਲਮ ਵਗਦਾ ਹੈ। ਪੰਜਾਬ ਨੂੰ ਆਪਣੇ ਦਰਿਆਵਾਂ 'ਤੇ ਬਹੁਤ ਮਾਣ ਹੈ, ਇਹ ਇਸ ਦੀ ਜਿੰਦ ਜਾਨ, ਇਸ ਦੀ ਜ਼ਾਤ, ਇਸ ਦੀ ਹਸਤੀ ਹਨ। ਫਿਰ ਵੀ ਪੰਜਾਬੀਆਂ ਨੂੰ ਇਨ੍ਹਾਂ ਹਿੱਕ 'ਤੇ ਲਾਏ ਪੰਜ ਪੁੱਤਰਾਂ ਵਿਚੋਂ ਝਨਾਂ ਨਾਲ ਖਾਸ ਮੋਹ ਹੈ ਜਿਵੇਂ ਕਹਿੰਦੇ ਹਨ, ਇਹ ਬਰਾਬਰਾਂ ਵਿਚੋਂ ਸਭ ਤੋਂ ਵੱਧ ਬਰਾਬਰ ਹੈ। ਪੂਰਨ ਸਿੰਘ ਦੇ ਸ਼ਬਦਾਂ ਵਿਚ:

ਰਾਵੀ ਸੁਹਣੀ ਪਈ ਵਗਦੀ
ਮੈਨੂੰ ਸਤਲੁਜ ਪਿਆਰਾ ਹੈ
ਮੈਨੂੰ ਬਿਆਸ ਪਈ ਖਿੱਚਦੀ
ਮੈਨੂੰ ਝਨਾਂ 'ਵਾਜਾਂ ਮਾਰਦੀ
ਮੈਨੂੰ ਜੇਹਲਮ ਪਿਆਰਦਾ...।

ਝਨਾਂ ਦੇ ਆਰ-ਪਾਰ ਜਾਣੋ ਰੁਮਾਨੀਅਤ ਦਾ ਵਾਸਾ ਹੈ। ਇਹ ਪੰਜਾਬ ਦੀਆਂ ਸੰਸਾਰ ਪ੍ਰਸਿੱਧ ਪ੍ਰੀਤ ਕਹਾਣੀਆਂ ਦਾ ਮੰਚ ਹੈ। ਹੀਰ-ਰਾਂਝਾ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ, ਪੂਰਨ ਭਗਤ, ਦੁੱਲਾ ਭੱਟੀ-ਇਸ ਖਿੱਤੇ ਵਿਚ ਆਪੋ ਆਪਣੇ ਇਸ਼ਟ ਲੈ ਕੇ ਜੰਮੇ ਤੇ ਜੂਝ ਮਰੇ। ਅਫਸੋਸ, ਅੱਜ ਚੜ੍ਹਦਾ ਪੰਜਾਬ ਇਸ ਤੋਂ ਵਿਰਵਾ ਰਹਿ ਗਿਆ ਹੈ ਪਰ ਤਾਂ ਵੀ ਚੜ੍ਹਦੇ ਪੰਜਾਬ ਵਿਚ ਇਸ ਪ੍ਰਤੀ ਭਾਵੁਕਤਾ ਉਸੇ ਤਰ੍ਹਾਂ ਕਾਇਮ ਹੈ। ਕਿਹੜਾ ਨਵਾਂ-ਪੁਰਾਣਾ ਪੰਜਾਬੀ ਕਵੀ ਹੈ, ਜਿਸ ਨੇ ਝਨਾਂ ਦਰਿਆ ਦਾ ਆਪਣੇ ਕਾਵਿ ਵਿਚ ਹਸਾਸ ਭਰਿਆ ਜ਼ਿਕਰ ਨਾ ਕੀਤਾ ਹੋਵੇ! ਇਸ ਨੂੰ ਇਸ਼ਕ ਜਾਂ ਮੁਹੱਬਤ ਦਾ ਦਰਿਆ ਕਿਹਾ ਗਿਆ ਹੈ। ਮੋਹਨ ਸਿੰਘ ਤੋਂ ਗੱਲ ਸ਼ੁਰੂ ਕਰਦੇ ਹਾਂ:

ਮੈਂ ਸ਼ਾਇਰ ਮੇਰੇ ਫੁੱਲ ਸੁਹਾਵੇ
ਕਦਰ ਇਨ੍ਹਾਂ ਦੀ ਕੋਈ ਆਸ਼ਕ ਪਾਵੇ
ਗੰਗਾ ਬਾਹਮਣੀ ਕੀ ਜਾਣੇ
ਮੇਰੇ ਫੁੱਲ ਝਨਾਂ ਵਿਚ ਪਾਣੇ।
ਰੂਹਾਂ ਹੀਰ ਤੇ ਸੋਹਣੀ ਦੀਆਂ
ਫਿਰਨ ਝਨਾਂ ਦੇ ਅੰਦਰ ਪਈਆਂ
ਪੈਰ ਦੋਹਾਂ ਦੇ ਵਾਹਣੇ।

ਹੀਰ ਵਾਰਿਸ ਵਿਚ ਮਲਾਹ ਦੀਆਂ ਰੰਨਾਂ ਰਾਂਝੇ 'ਤੇ ਫਿਦਾ ਹੁੰਦੀਆਂ ਹਨ:

ਸੈਈਂ ਵੰਝੀਂ ਝਨਾਉਂ ਦਾ ਅੰਤ ਨਾਹੀਂ
ਡੁਬ ਮਰੇਂਗਾ ਠਿਲ੍ਹ ਨਾ ਸੱਜਣਾ ਵੋ।
ਚਾੜ੍ਹ ਮੋਢਿਆਂ 'ਤੇ ਤੈਨੂੰ ਅਸੀਂ ਠਿੱਲ੍ਹਾਂ
ਕੋਈ ਜਾਨ ਤੋਂ ਢਿਲ ਨਾ ਸੱਜਣਾ ਵੋ।

ਅਤੇ ਸੁਰਜੀਤ ਪਾਤਰ:

ਸੁਣ ਹੇ ਝਨਾਂ ਦੇ ਪਾਣੀ
ਤੂੰ ਡੁੱਬ ਗਏ ਨਾ ਜਾਣੀਂ।
ਤੇਰੇ ਪਾਣੀਆਂ 'ਤੇ ਤਰਨੀ
ਇਸ ਪਿਆਰ ਦੀ ਕਹਾਣੀ।

ਜੇ ਝਨਾਂ ਨੂੰ ਅਜਿਹਾ ਮਾਣ-ਤਾਣ ਮਿਲਿਆ ਹੈ ਤਾਂ ਇਸ ਦੇ ਪਿਛੇ ਭੂਗੋਲਿਕ, ਇਤਿਹਾਸਕ ਅਤੇ ਧਾਰਮਕ ਕਾਰਨ ਛੁਪੇ ਹੋਏ ਹਨ। ਝਨਾਂ ਪੰਜਾਬ ਦੇ ਉਸ ਭੂ-ਖੇਤਰ ਵਿਚ ਸਥਿਤ ਹੈ, ਜਿਥੇ ਪੱਛਮ ਵਲੋਂ ਇਸਲਾਮ ਦੀ ਹਨੇਰੀ ਆਈ। ਇਸ ਨੇ ਪੰਜਾਬ ਅਤੇ ਭਾਰਤ ਵਿਚ ਵਿਚਾਰਧਾਰਕ ਹਲਚਲ ਮਚਾ ਦਿੱਤੀ। ਪੰਜਾਬ ਦੇ ਜੀਵਨ ਅਤੇ ਸਾਹਿਤ ਵਿਚ ਰੁਮਾਨੀਅਤ ਦੀ ਚੱਸ ਲੱਗ ਗਈ। ਦੇਸ਼ ਦੇ ਪੂਰਬੀ ਭਾਗ ਦੇ ਜੀਵਨ ਅਤੇ ਕਵਿਤਾ ਵਿਚ ਅਜਿਹਾ ਤੱਤ ਘਟ ਹੀ ਵਿਦਮਾਨ ਸੀ, ਜਿਸ ਨੂੰ ਮੋਟੇ ਤੌਰ 'ਤੇ ਸੂਫੀਵਾਦ ਕਿਹਾ ਜਾਂਦਾ ਹੈ। ਕਿਹਾ ਜਾ ਸਕਦਾ ਹੈ ਕਿ ਝਨਾਂ ਦਰਿਆ ਪੰਜਾਬ ਦੇ ਜੀਵਨ ਵਿਚ ਇਕ ਪਾਤਰ ਦੀ ਤਰ੍ਹਾਂ ਵਿਚਰਦਾ ਹੈ।



ਕਹਾਵਤ ਹੈ, 'ਨਹੀਂ ਰੀਸਾਂ ਝਨਾਂ ਦੀਆਂ, ਭਾਵੇਂ ਸੁੱਕਾ ਹੀ ਵਸੇ।' ਸਿੱਧੜ ਜਿਹੇ ਬੰਦੇ ਨੂੰ ਝਨਾਂ ਦਾ ਦੀਵਾ ਕਹਿ ਦਿੱਤਾ ਜਾਂਦਾ ਹੈ। ਹਰਿੰਦਰ ਸਿੰਘ ਮਹਿਬੂਬ ਦੀ ਕਿਤਾਬ ਦਾ ਨਾਂ 'ਝਨਾਂ ਦੀ ਰਾਤ ਹੈ' ਅਤੇ ਅਜਮੇਰ ਔਲਖ ਦੀ ਨਾਟ-ਪੁਸਤਕ ਹੈ, 'ਝਨਾਂ ਦੇ ਪਾਣੀ'। ਸੂਕਦੇ ਝਨਾਂ ਵਿਚਕਾਰ ਸੂਕਦਾ ਇਸ਼ਕ ਕਮਾਉਂਦੇ ਸੋਹਣੀ-ਮਹੀਂਵਾਲ ਦਾ ਸੋਭਾ ਸਿੰਘ ਵਲੋਂ ਬਣਾਇਆ ਚਿੱਤਰ ਪੰਜਾਬ ਦੇ ਘਰ ਘਰ ਦੀ ਸ਼ੋਭਾ ਹੈ। ਪੰਜਾਬ ਦੇ ਚੋਟੀ ਦੇ ਸ਼ਾਇਰ ਇਕਬਾਲ, ਫੈਜ਼ ਅਹਿਮਦ ਫੈਜ਼ ਅਤੇ ਸ਼ਿਵ ਕੁਮਾਰ ਬਟਾਲਵੀ ਇਸੇ ਇਲਾਕੇ ਵਿਚ ਪੈਦਾ ਹੋਏ।

ਝਨਾਂ ਅਸਲ ਵਿਚ ਦੋ ਮੁਢਲੇ ਪ੍ਰਵਾਹਾਂ ਦੇ ਸੰਗਮ ਤੋਂ ਬਣੇ ਦਰਿਆ ਦਾ ਨਾਂ ਹੈ। ਚੰਦਰ ਨਾਂ ਦਾ ਪਹਿਲਾ ਪ੍ਰਵਾਹ ਹਿਮਾਚਲ ਪ੍ਰਦੇਸ਼ ਦੇ ਬਾਰ-ਲਾਚ ਲਾ ਦੱਰੇ ਦੇ ਦੱਖਣ ਤੋਂ ਕੋਈ 5000 ਫੁੱਟ ਉਚਾਈ 'ਤੇ ਸਥਿਤ ਗਲੇਸ਼ੀਅਰ ਤੋਂ ਨਿਕਲਦਾ ਹੈ। ਤਿੱਬਤੀ ਭਾਸ਼ਾ ਵਿਚ 'ਲਾ' ਦਾ ਮਤਲਬ ਦੱਰਾ ਹੁੰਦਾ ਹੈ। ਹੋਰ ਦੇਖੋ: ਸ਼ੰਗਰੀ-ਲਾ ਜਿਥੋਂ ਦੀ ਰੰਮ ਮਸ਼ਹੂਰ ਹੈ, ਨਾਥੂ-ਲਾ ਅਤੇ ਡੋਕਲਮ ਲਾਗੇ ਡੋਕ-ਲਾ।

ਭਾਗਾ ਨਾਂ ਦਾ ਦੂਜੇ ਪ੍ਰਵਾਹ ਦਾ ਸੋਮਾ ਹੈ, ਲਾਹੌਲ ਸਪਿਤੀ ਦੀਆਂ ਉਤਰ ਪੱਛਮੀ ਢਲਾਣਾਂ। ਇਹ ਦੂਜਾ ਪ੍ਰਵਾਹ ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਵਗਦਾ ਹੋਇਆ ਕੋਈ 115 ਮੀਲ ਸਫਰ ਤੈਅ ਕਰਕੇ ਟਾਂਡੀ ਦੇ ਸਥਾਨ 'ਤੇ ਪਹਿਲੇ ਪ੍ਰਵਾਹ ਨਾਲ ਜਾ ਗਲਵੱਕੜੀ ਪਾਉਂਦਾ ਹੈ। ਇਥੇ ਆ ਕੇ ਇਸ ਨੂੰ ਚਿਨਾਬ ਦਾ ਨਾਂ ਮਿਲਦਾ ਹੈ। ਇਥੋਂ ਇਹ ਨਦੀ ਕਸ਼ਮੀਰ ਦੇ ਇਲਾਕੇ ਅਖਨੂਰ, ਕਿਸ਼ਤਵਾੜ ਤੇ ਚੰਬਾ ਵਿਚ ਦੀ ਵਹਿੰਦੀ ਹੋਈ ਸਿਆਲਕੋਟ-ਵਜ਼ੀਰਾਬਾਦ ਦੀ ਜਮੀਨ ਨੂੰ ਸੈਰਾਬ ਕਰਦੀ ਝੰਗ ਸਿਆਲਾਂ ਦੇ ਕੋਲ ਤ੍ਰਿਮੂੰ ਦੇ ਸਥਾਨ 'ਤੇ ਜੇਹਲਮ ਨਾਲ ਮਿਲ ਜਾਂਦੀ ਹੈ। ਤ੍ਰਿਮੂੰ ਸ਼ਬਦ ਤਿੰਨ+ਮੂੰਹ ਤੋਂ ਬਣਿਆ ਲਗਦਾ ਹੈ ਅਰਥਾਤ ਜਿਥੇ ਤਿੰਨ ਦਰਿਆ ਮਿਲਦੇ ਹਨ।

ਜੇਹਲਮ ਅਤੇ ਚਿਨਾਬ ਦੇ ਵਿਚਕਾਰਲੇ ਇਲਾਕੇ ਨੂੰ ਚੁੰਨਹਟ ਵੀ ਕਿਹਾ ਜਾਂਦਾ ਹੈ। ਇਹ ਸਿੰਧੂ ਪਾਸ ਰਾਵੀ ਨਾਲ ਇਕੱਠੀ ਹੋ ਕੇ ਮਚਨਕੋਟ ਦੇ ਮੁਕਾਮ 'ਤੇ ਸਿੰਧ ਦਰਿਆ ਵਿਚ ਜਾ ਮਿਲਦੀ ਹੈ। ਇਸ ਤਰ੍ਹਾਂ ਇਹ ਦਰਿਆ ਪੂਰਬੀ ਪੰਜਾਬ ਤੋਂ ਪਰੇ ਪਰੇ ਹੀ ਰਹਿ ਜਾਂਦਾ ਹੈ। ਰਾਵੀ ਅਤੇ ਚਿਨਾਬ ਵਿਚਕਾਰਲੇ ਦੁਆਬ ਨੂੰ ਰਚਨਾ (ਰ=ਰਾਵੀ+ਚਨਾ=ਚਿਨਾਬ) ਅਤੇ ਜੇਹਲਮ ਅਤੇ ਚਿਨਾਬ ਵਿਚਕਾਰਲੇ ਦੁਆਬ ਨੂੰ ਜੇਚ (ਜੇ=ਜੇਹਲਮ+ਚ=ਚਿਨਾਬ) ਆਖਿਆ ਜਾਂਦਾ ਹੈ।

ਜਿਵੇਂ ਅਸੀਂ ਪਿਛੇ ਦੇਖਿਆ ਹੈ, ਝਨਾਂ ਦਰਿਆ ਅਸਲ ਵਿਚ ਦੋ ਨਦੀਆਂ-ਚੰਦਰ ਅਤੇ ਭਾਗ ਦੇ ਮੇਲ ਤੋਂ ਬਣਿਆ ਹੈ। ਇਸ ਲਈ ਇਸ ਸੰਗ ਤੋਂ ਪਿਛੋਂ ਇਸ ਦਾ ਨਾਂ ਚੰਦਰਭਾਗ ਪੈ ਗਿਆ। ਪੱਛਮੀ ਪੰਜਾਬ ਵਿਚ ਜਾ ਕੇ ਇਹ ਚਿਨਾਬ ਦੇ ਨਾਂ ਨਾਲ ਜਾਣਿਆ ਜਾਣ ਲਗਦਾ ਹੈ ਜੋ ਕਿ ਚੰਦਰਭਾਗ ਦਾ ਹੀ ਘਸਿਆ ਤੇ ਵਿਉਤਪਤ ਰੂਪ ਹੈ। ਇਸ ਦਾ ਅਗਲਾ ਵਿਗਾੜ ਹੈ ਇਸ ਸ਼ਬਦ ਵਿਚ ਉਚੀ ਟੋਨ ਦਾ ਆ ਜਾਣਾ ਜਿਸ ਕਰਕੇ ਇਸ ਨੂੰ ਝਨਾਂ ਵਜੋਂ ਲਿਖਿਆ ਤੇ ਉਚਾਰਿਆ ਜਾਂਦਾ ਹੈ। ਸੁਣਨਯੋਗ ਹੈ ਕਿ ਭਾਵੇਂ ਝਨਾਂ ਸ਼ਬਦ 'ਝ' ਧੁਨੀ ਨਾਲ ਸ਼ੁਰੂ ਹੁੰਦਾ ਹੈ ਪਰ ਬੋਲੀ 'ਚ' ਧੁਨੀ ਹੀ ਜਾਂਦੀ ਹੈ, ਮੈਂ ਇਸ ਨੂੰ ਇਸ ਤਰ੍ਹਾਂ ਲਿਖਾਂਗਾ, 'ਚਿਨ੍ਹਾਂ।' ਅਸਲ ਵਿਚ ਇਸ ਦੀ ਆਖਰੀ 'ਨ' ਧੁਨੀ ਉਚੀ ਟੋਨ ਵਿਚ ਉਚਾਰੀ ਜਾਂਦੀ ਹੈ ਤੇ ਚਿਨਾਬ ਵਿਚਲੀ 'ਬ' ਧੁਨੀ ਇਕ ਤਰ੍ਹਾਂ ਖਾਧੀ ਹੀ ਜਾਂਦੀ ਹੈ, ਕੁਝ ਇਸ ਤਰ੍ਹਾਂ ਜਿਵੇਂ ਤਲਾਬ ਦਾ ਤਲਾ(ਅ) ਬਣ ਗਿਆ।

ਕਈ ਸ੍ਰੋਤ ਚਿਨਾਬ ਸ਼ਬਦ ਨੂੰ ਚੰਨ+ਆਬ ਤੋਂ ਬਣਿਆ ਦੱਸਦੇ ਹਨ ਜਿਸ ਤੋਂ ਭਾਵ ਹੈ ਕਿ ਇਸ ਦਾ ਪਾਣੀ (ਆਬ) ਚੰਦ ਦੀ ਚਾਂਦਨੀ ਵਿਚ ਓਤ-ਪੋਤ ਪ੍ਰਤੀਤ ਹੁੰਦਾ ਹੈ। ਇਹ ਇਕ ਕਾਵਿਕ ਜਿਹੀ ਵਿਆਖਿਆ ਹੀ ਹੈ ਜੋ ਬਹੁਤੀ ਮੰਨਣਯੋਗ ਨਹੀਂ। ਵੈਦਿਕ ਕਾਲ ਵਿਚ ਚਿਨਾਬ ਅਸਕਿਨੀ ਨਾਂ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ। ਪ੍ਰਾਚੀਨ ਗਰੀਕ ਵਿਚ ਇਸ ਨੂੰ Acesines ਕਿਹਾ ਜਾਂਦਾ ਸੀ। ਮਾਨਤਾ ਹੈ ਕਿ ਪੰਚਨਦ ਨਾਂ ਨਾਲ ਜਾਣੇ ਜਾਂਦੇ ਸਿੰਧ ਦਰਿਆ ਅਤੇ ਬਾਕੀ ਚਾਰ ਦਰਿਆਵਾਂ ਦੇ ਸੰਗਮ 'ਤੇ ਸਥਿਤ ਉਚ ਸ਼ਰੀਫ ਉਰਫ ਮਿਠਨਕੋਟ ਉਰਫ ਚਚਰਨ ਨਾਂ ਦੇ ਸ਼ਹਿਰਾਂ ਦੀ ਨੀਂਹ ਸਿਕੰਦਰ ਮਹਾਨ ਨੇ ਰੱਖੀ ਸੀ।

ਦਰਿਆਵਾਂ, ਹੋਰ ਕੁਦਰਤੀ ਸਥਾਨਾਂ ਤੇ ਪਿੰਡਾਂ ਸ਼ਹਿਰਾਂ ਦੇ ਨਾਂਵਾਂ ਪਿਛੇ ਅਕਸਰ ਲੋਕਯਾਨਕ ਕਹਾਣੀਆਂ ਵੀ ਜੁੜ ਜਾਂਦੀਆਂ ਹਨ। ਮੰਨਿਆ ਜਾਂਦਾ ਹੈ ਕਿ ਚੰਦਰ ਦੇਵਤਾ (ਚੰਦ) ਦੀ ਧੀ ਚੰਦਰ ਤਾਲ ਵਿਚ ਪੈਦਾ ਹੋਈ। ਸਪਸ਼ਟ ਹੈ, ਗਲੇਸ਼ੀਅਰ ਦਾ ਰੰਗ ਚੰਦ ਚਾਨਣੀ ਜਿਹਾ ਚਿੱਟਾ ਹੁੰਦਾ ਹੈ, ਇਸ ਲਈ ਇਸ ਤੋਂ ਬਣੇ ਤਾਲ ਨੂੰ ਅਜਿਹਾ ਨਾਂ ਮਿਲਿਆ। ਇਸ ਦਾ ਸੂਰਜ ਦੇਵਤਾ ਦੇ ਪੁੱਤਰ ਭਾਗ ਨਾਲ ਪਿਆਰ ਪੈ ਗਿਆ ਜਿਸ ਦਾ ਨਿਕਾਸ ਸੂਰਜ ਤਾਲ ਵਿਚੋਂ ਹੋਇਆ। ਦੋਵੇਂ ਬਾਰ-ਲਾਚਾ ਲਾ ਦੱਰੇ ਤੱਕ ਇਕੱਠੇ ਪ੍ਰੇਮ ਲੀਲਾ ਰਚਾਉਂਦੇ ਵਗਦੇ ਰਹੇ ਪਰ ਫਿਰ ਇਕਰਾਰ ਕੀਤਾ ਕਿ ਥੋੜ੍ਹੀ ਵਾਟ ਇਕ ਦੂਜੇ ਤੋਂ ਉਲਟ ਦਿਸ਼ਾਵਾਂ ਵਿਚ ਚਲੀਏ ਅਤੇ ਟਾਂਡੀ ਦੇ ਸਥਾਨ 'ਤੇ ਮਿਲ ਕੇ ਵਿਆਹ ਰਚਾਈਏ। ਚੰਦਰ ਤਾਂ ਬਹੁਤ ਫੁਰਤੀਲੀ ਸੀ, ਇਸ ਲਈ 71 ਮੀਲ ਦਾ ਸਫਰ ਤੈਅ ਕਰਕੇ ਛੇਤੀ ਹੀ ਆਪਣੇ ਮੁਕਾਮ 'ਤੇ ਪਹੁੰਚ ਗਈ ਪਰ ਭਾਗ ਦਾ 37 ਮੀਲ ਦਾ ਪੈਂਡਾ ਬਹੁਤ ਤੰਗ ਘਾਟੀਆਂ ਵਿਚੋਂ ਲੰਘਦਾ ਸੀ। ਚੰਦਰ ਨੂੰ ਫਿਕਰ ਹੋਇਆ ਤੇ ਉਹ ਕੇਲੌਂਗ ਤੱਕ ਉਸ ਨੂੰ ਲੱਭਣ ਗਈ। ਉਸ ਨੇ ਦੇਖਿਆ ਕਿ ਭਾਗ ਇਕ ਬਹੁਤ ਹੀ ਔਖੀ ਘਾਟੀ ਵਿਚੋਂ ਮੁਸ਼ਕਿਲ ਨਾਲ ਜੂਝਦਾ ਹੋਇਆ ਲੰਘ ਰਿਹਾ ਸੀ। ਖੈਰ! ਸ਼ੁਕਰ ਹੋਇਆ, ਦੋਵੇਂ ਆਖਰ ਟਾਂਡੀ ਦੇ ਸਥਾਨ 'ਤੇ ਮਿਲ ਗਏ ਤੇ ਵਿਆਹ ਰਚਾ ਲਿਆ।

ਜ਼ਿਕਰਯੋਗ ਹੈ ਕਿ ਭਾਰਤ ਵਿਚ ਚੰਦਰਭਾਗ ਨਾਂ ਦੀਆਂ ਕਈ ਨਦੀਆਂ ਹਨ। ਬੰਗਾਲ ਵਿਚ ਬੀਰਭੂਮ ਦੇ ਸਥਾਨ 'ਤੇ ਇਕ ਚੰਦਰਭਾਗ ਨਾਂ ਦਾ ਦਰਿਆ ਹੈ। ਇਸੇ ਤਰ੍ਹਾਂ ਗੁਜਰਾਤ ਵਿਚ ਅਹਿਮਦਾਬਾਦ ਲਾਗੇ ਵੀ ਇਕ ਚੰਦਰਭਾਗ ਨਾਮੀਂ ਦਰਿਆ ਹੈ। ਹੋਰ ਤਾਂ ਹੋਰ ਪੁਰੀ ਨੇੜੇ ਕੋਨਾਰਕ ਮੰਦਿਰ ਦੇ ਸਥਾਨ 'ਤੇ ਵੀ ਇਕ ਚੰਦਰਭਾਗ ਹੈ। ਪਾਠਕ ਜਾਣਦੇ ਹੋਣਗੇ, ਕੋਨਾਰਕ (ਕੋਨ+ਅਰਕ; ਅਰਕ=ਸੂਰਜ) ਦਾ ਮੰਦਿਰ ਅਸਲ ਵਿਚ ਸੂਰਜ ਦਾ ਮੰਦਿਰ ਹੈ।

ਮਹਾਰਾਸ਼ਟਰ ਵਿਚ ਪੰਢਰਪੁਰ ਵਿਖੇ ਭੀਮ ਦਰਿਆ ਦੇ ਕਿਨਾਰੇ ਵਿਠਲ ਮੰਦਿਰ ਹੈ। ਭੀਮ ਦਰਿਆ ਦਾ ਇਕ ਨਾਂ ਚੰਦਰਭਾਗਾ ਹੈ। ਬਿਹਾਰ ਵਿਚ ਵੀ ਇਕ ਚੰਦਰਭਾਗਾ ਹੈ, ਜਿਸ ਦਾ ਨਾਂ ਘਸ ਘਸ ਕੇ ਚੰਨਹਾ ਬਣ ਗਿਆ ਹੈ। ਹੋਰ ਕਈ ਨਾਂ ਵੀ ਨਾ ਸਿਰਫ ਭਾਰਤ ਵਿਚ ਸਗੋਂ ਹੋਰ ਦੇਸ਼ਾਂ ਵਿਚ ਵੀ ਇਕ ਤੋਂ ਵੱਧ ਦਰਿਆਵਾਂ ਦੇ ਸੂਚਕ ਹਨ। ਸਮੇਂ ਸਮੇਂ ਉਨ੍ਹਾਂ ਦੀ ਚਰਚਾ ਹੁੰਦੀ ਰਹੇਗੀ।

## ਸੰਪਾਦਕ ਦੀ ਡਾਕ

# ਪ੍ਰਿੰਸੀਪਲ ਸਿੱਧੂ ਦਾ ਪਹਿਲਾ ਪਿਆਰ

ਹਰ ਹਫਤੇ ਆਪ ਜੀ ਦਾ ਸਿਰਮੌਰ ਅਖਬਾਰ 'ਪੰਜਾਬ ਟਾਈਮਜ਼' ਨਵੀਆਂ ਨਵੀਆਂ ਖਬਰਾਂ ਤੇ ਜਾਣਕਾਰੀ ਭਰਪੂਰ ਲੇਖ ਲੈ ਕੇ ਆਉਂਦਾ ਹੈ ਜੋ ਬੜੇ ਹੀ ਲਾਭਦਾਇਕ ਤੇ ਰੌਚਕ ਹੁੰਦੇ ਹਨ। ਉਂਜ ਤਾਂ ਸਭ ਦਾ ਨਾਂ ਲੈਣ ਨੂੰ ਜੀ ਕਰਦਾ ਹੈ ਪਰ 10 ਫਰਵਰੀ ਦੇ ਅੰਕ ਵਿਚ ਇਕ ਲੇਖ ਅਜਿਹਾ ਹੈ ਜਿਸ ਦਾ ਜ਼ਿਕਰ ਤੇ ਤਾਰੀਫ ਕਰਨੋਂ ਨਹੀਂ ਰਿਹਾ ਜਾ ਸਕਦਾ। ਇਹ ਹੈ, ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਦਾ ਆਪਣੇ ਨਿਜੀ ਜੀਵਨ ਸਬੰਧੀ ਲੇਖ, 'ਮੇਰਾ ਪਹਿਲਾ ਪਿਆਰ।' ਇਹ ਲੇਖ ਕਈ ਤਰ੍ਹਾਂ ਨਾਲ ਵਿੱਲਖਣ ਹੈ ਤੇ ਉਨ੍ਹਾਂ ਦੇ ਜੀਵਨ ਭਰ ਦੇ ਨਰੋਏ ਤਜ਼ਰਬੇ 'ਤੇ ਆਧਾਰਤ ਹੈ। ਵੱਡੀ ਖੂਬੀ ਇਹ ਹੈ ਕਿ ਸਿਰਲੇਖ ਹੀ ਪਾਠਕ ਦਾ ਸਾਰਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ। ਉਹ ਸੋਚਣ ਲਗਦਾ ਹੈ ਕਿ ਕੋਈ ਰੋਮਾਂਚਿਕ ਹੱਡ-ਬੀਤੀ ਕਹਾਣੀ ਸਾਹਮਣੇ ਆਉਣ ਲੱਗੀ ਹੈ ਜੋ ਇਹ ਬਜ਼ੁਰਗ ਲੇਖਕ ਸ਼ਾਇਦ ਪਹਿਲੀ ਵਾਰ ਸਾਂਝੀ ਕਰਨ ਲੱਗੇ ਹਨ। ਉਸ ਨੂੰ ਅਜਿਹਾ ਤਾਂ ਕੁਝ ਨਹੀਂ ਮਿਲਦਾ ਪਰ ਜੋ ਮਿਲਦਾ ਹੈ, ਉਹ ਲੱਖ-ਕਰੋੜ ਪਿਆਰ ਕਥਾਵਾਂ ਤੋਂ ਵੀ ਵੱਧ ਕੇ ਹੈ।

ਸੂਫੀ ਅੰਦਾਜ਼ ਵਿਚ ਲਿਖੇ ਇਸ ਲੇਖ ਵਿਚ ਲੇਖਕ ਨੇ ਉਨ੍ਹਾਂ ਸਭ ਚੀਜ਼ਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਪਹਿਲੀ ਨਜ਼ਰੇ ਮੋਹ ਲਿਆ ਸੀ। ਭਾਵੇਂ ਇਹ ਪੱਕਾ ਰਾਗ ਹੋਵੇ ਜਾਂ ਤ੍ਰੇਲ ਦੇ ਅਦਭੁਤ ਤੁਪਕੇ, ਇਹ ਉਨ੍ਹਾਂ ਦੇ ਸੋਹਲ ਮਨ 'ਤੇ ਪਹਿਲੇ ਪਿਆਰ ਵਾਲੀ ਛਾਪ ਛੱਡ ਗਏ। ਅੱਸੂ ਕਤੱਕ ਦੇ ਮਹੀਨੇ ਚੰਨ ਦੀ ਚਾਨਣੀ ਵਿਚ ਹਾਲੀਆਂ ਦੇ ਹੇਕਾਂ ਵਾਲੇ ਗੀਤ ਜੋ ਸਭ ਨੂੰ ਕੀਲ ਲੈਂਦੇ ਹਨ, ਉਨ੍ਹਾਂ ਲਈ ਦਿਲੀ ਕਸ਼ਿਸ਼ ਬਣ ਕੇ ਪਹੁੰਚੇ। ਦੁਰਲੱਭ ਕੁਦਰਤੀ ਨਜ਼ਾਰੇ, ਵਿਗਿਆਨ ਦੀਆਂ ਜਾਣਕਾਰੀਆਂ ਤੇ ਰਾਹ ਜਾਂਦੇ ਅਜਨਬੀਆਂ ਨਾਲ ਅਚਨਚੇਤੀ ਮੇਲ ਮਿਲਾਪ, ਸਹਿ-ਕਰਮੀ ਸਵਾਣੀਆਂ ਨਾਲ ਜਾਣਕਾਰੀ ਅੰਦਾਜ਼ ਵਿਚ ਖੁਲ੍ਹੇ ਵਾਰਤਾਲਾਪ, ਸਭ ਪਹਿਲੇ ਪਿਆਰ ਵਾਂਗ ਹੀ ਉਨ੍ਹਾਂ ਦੀ ਆਤਮਾ ਵਿਚ ਰੰਗੀਨ ਹੁਲਾਰਾ ਲਿਆਉਂਦੇ ਹਨ। ਸੁਹਜ-ਸੁਆਦ ਤੇ ਸੋਚ ਵਿਚਾਰ ਨਾਲ ਜੁੜੀਆਂ ਕਈ ਹੋਰ ਅਜਿਹੀਆਂ ਗੱਲਾਂ ਵੀ ਉਨ੍ਹਾਂ ਦੀ ਯਾਦਦਾਸ਼ਤ ਵਿਚ ਭਰੀਆਂ ਪਈਆਂ ਹਨ ਜੋ ਯਾਦ ਆਉਣ 'ਤੇ ਉਨ੍ਹਾਂ ਦੇ ਦਿਲ ਨੂੰ ਪਹਿਲੇ ਪਿਆਰ ਵਰਗੀ ਚੀਸ ਦਿੰਦੀਆਂ ਹਨ।

ਇਸ ਦੇ ਨਾਲ ਨਾਲ ਉਨ੍ਹਾਂ ਨੇ ਕਈ ਐਕਟਰ-ਐਕਟਰੈਸਾਂ ਦੀਆਂ ਪਰਦੇ ਉਤੇ ਪਹਿਲੇ ਪਿਆਰ ਦੀਆਂ ਫਿਲਮੀ ਕਹਾਣੀਆਂ ਦਾ ਵੀ ਜ਼ਿਕਰ ਕੀਤਾ ਹੈ ਜੋ ਉਨ੍ਹਾਂ ਦੇ ਮਨ ਨੂੰ ਭਾ ਗਈਆਂ ਸਨ। ਲੱਗਦਾ ਹੈ, ਇਨ੍ਹਾਂ ਕਹਾਣੀਆਂ ਤੋਂ ਜੋ ਉਨ੍ਹਾਂ ਨੂੰ ਪਹਿਲੇ ਪਿਆਰ ਦਾ ਸੈਕੰਡ ਹੈਂਡ ਤਜ਼ਰਬਾ ਹੋਇਆ ਹੈ, ਉਹ ਵੀ ਉਨ੍ਹਾਂ ਦੇ ਮਨ ਦੀ ਕਿੱਸੇ ਗੁੱਠੇ ਮਿਸ਼ਰੀ ਦੀ ਡਲੀ ਵਾਂਗ ਸਾਂਭਿਆ ਪਿਆ ਹੈ। ਇਹ ਗੱਲ ਵੀ ਸਪਸ਼ਟ ਜਾਪਦੀ ਹੈ ਕਿ ਉਨ੍ਹਾਂ ਨੂੰ ਪਹਿਲੇ ਪਿਆਰ ਦਾ ਸਿੱਧਾ ਤੇ ਆਪ ਹੰਢਾਇਆ ਕੋਈ ਤਜ਼ਰਬਾ ਨਹੀਂ ਹੈ। ਇਸ ਲਈ ਉਨ੍ਹਾਂ ਦੇ ਨਿਰਮਲ ਮਨ ਨੂੰ ਇਸ ਦੀ ਤੜਫ ਦਾ ਕੀ ਪਤਾ। ਖੈਰ, ਹੁਣ ਤਾਂ ਜੋ ਹੋ ਗਿਆ ਸੋ ਹੋ ਗਿਆ, ਹਮਦਰਦੀ ਤੋਂ ਬਿਨਾ ਕੋਈ ਕੁਝ ਨਹੀਂ ਕਰ ਸਕਦਾ। ਪਰ ਇਹ ਗੱਲ ਜਰੂਰ ਹੈ ਕਿ ਜੇ ਉਨ੍ਹਾਂ ਨੂੰ ਉਹ ਤਜ਼ਰਬਾ ਹੋਇਆ ਹੁੰਦਾ ਤਾਂ ਉਹ ਇਕ ਦੀ ਥਾਂ ਦੋ ਲੇਖ ਲਿਖਦੇ। ਫਿਰ ਇਸ ਲੇਖ ਤੋਂ ਵੀ ਪਹਿਲਾਂ ਉਹ ਲੇਖ ਪਾਠਕਾਂ ਦੀ ਨਜ਼ਰ ਕਰਦੇ ਜੋ 'ਪਹਿਲੇ ਪਿਆਰ' ਦਾ ਅਸਲ ਦਰਦ ਬਿਆਨ ਕਰਦਾ।

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-634-2310*

# ਯਾਦਾਂ ਵਿਚੋਂ ਇਕ ਯਾਦ

ਗੁਲਜ਼ਾਰ ਸਿੰਘ ਸੰਧੂ ਦੀ ਇਹੋ ਖੂਬੀ ਹੈ ਕਿ ਉਹ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੰਦੇ ਹਨ। ਪੰਜਾਬ ਟਾਈਮਜ਼ ਦੇ 3 ਫਰਵਰੀ ਦੇ ਅੰਕ ਵਿਚ ਵੀ ਸੁਰਜਣ ਜ਼ੀਰਵੀ ਸਬੰਧੀ ਉਨ੍ਹਾਂ ਇਵੇਂ ਹੀ ਕੀਤਾ ਹੈ। ਜਾਪਦਾ ਹੈ, ਜਿਵੇਂ ਕੁਝ ਕੁ ਸ਼ਬਦਾਂ ਵਿਚ ਹੀ ਸੰਧੂ ਸਾਹਿਬ ਨੇ ਸ. ਸੁਰਜਣ ਜ਼ੀਰਵੀ ਦੀ ਸਾਰੀ ਜੀਵਨ ਗਾਥਾ ਹੀ ਬਿਆਨ ਕਰ ਦਿੱਤੀ ਹੋਵੇ।

ਮੇਰੀ ਵੀ ਇਕ ਭੁੱਲੀ ਵਿਸਰੀ ਯਾਦ ਤਾਜ਼ਾ ਹੋ ਗਈ ਹੈ। 1962 ਤੋਂ ਪਹਿਲਾਂ ਦੀ ਗੱਲ ਹੈ, ਜਦੋਂ ਮੈਨੂੰ ਵੀ ਅਖਬਾਰ 'ਨਵਾਂ ਜ਼ਮਾਨਾ' ਵਿਚ ਕੰਮ ਕਰਨ ਦਾ ਕੁਝ ਕੁ ਸਮਾਂ ਮਿਲਿਆ। ਮੈਂ ਕੰਮ ਤੋਂ ਬੇਕਾਰ ਸਾਂ। ਸ. ਹਰਕਿਸ਼ਨ ਸਿੰਘ ਸੁਰਜੀਤ ਮੇਰੇ ਪਿਤਾ ਸ. ਜਗਜੀਤ ਸਿੰਘ ਬਾਗੀ ਨੂੰ ਕਹਿੰਦੇ ਕਿ ਇਸ ਨੂੰ ਜਲੰਧਰ 'ਨਵਾਂ ਜ਼ਮਾਨਾ' ਅਦਾਰੇ ਵਿਚ ਭੇਜ ਦੇਹ, ਉਥੇ ਕੁਝ ਕੰਮ ਕਾਰ ਸਿੱਖ ਜਾਵੇਗਾ। ਮੈਂ ਚਲਿਆ ਗਿਆ।

ਜਿਥੇ ਹੁਣ ਦੇਸ਼ ਭਗਤ ਯਾਦਗਾਰ ਹਾਲ ਬਣਿਆ ਹੈ, ਉਥੇ ਕੁਝ ਕਮਰੇ ਹੁੰਦੇ ਸਨ। ਉਨ੍ਹਾਂ ਵਿਚ ਹੀ ਰਿਹਾਇਸ਼ ਹੁੰਦੀ ਸੀ। ਸ. ਸੋਹਣ ਸਿੰਘ ਜੋਸ਼, ਅਰਜਨ ਸਿੰਘ ਗੜਗਜ, ਪੰਡਿਤ ਕਿਸ਼ੋਰੀ ਲਾਲ, ਦਲੀਪ ਸਿੰਘ ਟਪਿਆਲਾ ਆਦਿ ਸਭ ਦੀ ਰਿਹਾਇਸ਼ ਵੀ ਉਥੇ ਹੀ ਸੀ। ਮੇਰਾ ਮੰਜਾ ਬਿਸਤਰਾ ਵੀ ਉਥੇ ਹੀ ਸੀ। ਕਾਫੀ ਖੁੱਲ੍ਹੀ ਜਗ੍ਹਾ ਸੀ। ਉਥੋਂ ਪੈਦਲ ਹੀ ਨਵਾਂ ਜ਼ਮਾਨਾ ਦੇ ਦਫਤਰ ਜਾਂਦਾ ਹੁੰਦਾ ਸਾਂ। ਸਭ ਰਸਤੇ ਖੁੱਲ੍ਹੇ ਖੁੱਲ੍ਹੇ ਸਨ।

ਪੌੜੀਆਂ ਚੜ੍ਹ ਕੇ ਦਰਵਾਜੇ ਦੇ ਸਾਹਮਣੇ ਹੀ ਸ. ਜ਼ੀਰਵੀ ਦੀ ਮੇਜ ਹੁੰਦੀ ਸੀ। ਲਾਗੇ-ਪਾਸੇ ਹੋਰ ਮੇਜ ਵੀ ਸਨ-ਸਬ ਐਡੀਟਰਾਂ, ਪਰੂਫ ਰੀਡਰਾਂ ਆਦਿ ਲਈ। ਬਾਕੀ ਹੋਰ ਸਟਾਫ ਵੀ ਸੀ। ਉਦੋਂ ਖਬਰਾਂ ਡਾਕ ਰਾਹੀਂ ਜਾਂ ਟੈਲੈਕਸ ਰਾਹੀਂ ਆਉਂਦੀਆਂ ਸਨ ਤੇ ਇਹ ਖਬਰਾਂ ਇਨ੍ਹਾਂ ਟੇਬਲਾਂ 'ਤੇ ਹੀ ਸੈਟ ਹੋ ਕੇ ਹੇਠਾਂ ਮਸ਼ੀਨ ਰੂਮ ਵਿਚ ਹੱਥਾਂ ਨਾਲ ਅੱਖਰ ਜੋੜ ਕੇ ਕੰਪੋਜ਼ ਹੋਣ ਜਾਂਦੀਆਂ। ਖਬਰਾਂ ਬਣਦੀਆਂ, ਪਰੂਫ ਪੜ੍ਹੇ ਜਾਂਦੇ, ਖਬਰਾਂ ਦੇ ਹੈਡਿੰਗ ਬਣਦੇ, ਗੱਪ-ਸ਼ੱਪ ਵੀ ਨਾਲੋ ਨਾਲ ਚਲਦੀ ਰਹਿੰਦੀ। ਜ਼ੀਰਵੀ-ਪੋਚਵੀਂ ਤਿੱਖੀ ਜਿਹੀ ਪੱਗ, ਲੰਮਾ-ਲੰਝਾ, ਹੱਸਦਾ ਚਿਹਰਾ, ਭਾਵਪੂਰਨ ਅੱਖਾਂ, ਚੰਗਾ ਜਚਵਾਂ ਗੱਭਰੂ। ਬੋਲਦਾ ਸੀ ਮਲਕੜੇ ਜਿਹੇ, ਜਿਵੇਂ ਕਿਸੇ ਨੂੰ ਗੁਲਾਬ ਦਾ ਫੁੱਲ ਦੇ ਰਿਹਾ ਹੋਵੇ। ਹਾਸਾ ਖਿਲਾਰਦੀਆਂ ਉਸ ਦੀਆਂ ਹਲਕੀਆਂ-ਫੁਲਕੀਆਂ ਗੱਲਾਂ ਬਹੁਤ ਵਜ਼ਨਦਾਰ ਹੁੰਦੀਆਂ ਤੇ ਕਲਮ ਇਕਦਮ ਬੇਲਿਹਾਜ਼, ਸੱਚਾਈ ਦੀ ਗੱਲ ਕਰਦੀ।

ਹਾਲੇ ਉਦੋਂ ਉਹ ਕੁਆਰਾ ਹੀ ਸੀ, ਉਸ ਵਕਤ ਬਾਬਾ ਬੰਨੂਆਣਾ ਸੁਖਦੇਵ ਸਿੰਘ ਆਦਿ ਵੀ ਹਾਸੇ-ਠੱਠੇ ਦਾ ਜਵਾਬ ਹਾਸੇ-ਠੱਠੇ ਵਿਚ ਹੀ ਦਿੰਦੇ ਹੁੰਦੇ ਸਨ।

ਬਹੁਤਾ ਸਮਾਂ ਤਾਂ ਉਥੇ ਰਹਿਣ ਦਾ ਸੁਭਾਗ ਨਹੀਂ ਮਿਲਿਆ, ਕਿਉਂਕਿ ਦੇਸ਼ ਭਗਤ ਬਾਬਾ ਗੁਰਮੁਖ ਸਿੰਘ ਲਲਤੋਂ ਲੁਧਿਆਣਾ ਤੋਂ ਪਾਰਲੀਮੈਂਟ ਦੀ ਚੋਣ ਲੜ ਰਹੇ ਸਨ। ਸਮਰਾਲਾ ਉਦੋਂ ਲੁਧਿਆਣਾ ਹਲਕੇ ਵਿਚ ਹੀ ਆਉਂਦਾ ਸੀ। ਬਾਪੂ ਜੀ ਕਰਕੇ ਬਾਬਾ ਜੀ ਦਾ ਸਾਡੇ ਘਰ ਆਉਣ-ਜਾਣ ਆਮ ਹੀ ਸੀ। ਵਿਚਾਰਾਂ ਦੀ ਸਾਂਝ ਸੀ। ਇਕ ਦਿਨ ਬਾਬਾ ਜੀ ਅਚਾਨਕ ਹੀ ਜਲੰਧਰ ਮਿਲ ਪਏ, ਕਹਿੰਦੇ, "ਤੂੰ ਇੱਥੇ ਕੀ ਕਰਦਾਂ? ਉਧਰ ਇਲੈਕਸ਼ਨ, ਵਰਕਰਾਂ ਦੀ ਘਾਟ ਏ, ਤੂੰ ਕੱਲ ਵਾਪਿਸ ਜਾਹ।" ਦਸ ਰੁਪਏ ਮੇਰੇ ਹੱਥ 'ਤੇ ਧਰਦਿਆਂ ਕਹਿੰਦੇ, "ਟਿਕਟ ਲੈ ਤੇ ਵਾਪਿਸ ਜਾਹ।" ਉਦੋਂ 10 ਰੁਪਏ ਵੀ ਬਹੁਤ ਹੁੰਦੇ ਸਨ। ਕਹਿਣਾ ਮੋੜਨਾ ਮੁਸ਼ਕਿਲ ਸੀ। ਹਾਲੇ 'ਨਵਾਂ ਜ਼ਮਾਨਾ' ਵਿਚ ਦਿਲ ਲੱਗਣਾ ਸ਼ੁਰੂ ਹੀ ਹੋਇਆ ਸੀ, ਚਲੇ ਜਾਣਾ ਪਿਆ। ਪਰ ਉਥੋਂ ਦਾ ਉਦੋਂ ਦਾ ਮਾਹੌਲ ਹਾਲੇ ਵੀ ਅੱਖਾਂ ਸਾਹਮਣੇ ਆ ਜਾਂਦਾ ਹੈ।

'ਪੰਜਾਬ ਟਾਈਮਜ਼' ਵਿਚ ਛਪੀ ਤਸਵੀਰ ਦੇਖ ਕੇ ਮਹਿਸੂਸ ਹੁੰਦਾ ਕਿ ਜ਼ੀਰਵੀ ਦੀ ਰੰਗੀਨ ਰੂਹ ਹਾਲੇ ਵੀ ਰੰਗੀਨੀਆਂ ਬਿਖੇਰਦੀ ਹੈ।

ਬਾਬਾ ਬੋਹੜ ਦੀ ਪੱਤਰਕਾਰੀ ਨੂੰ ਸਲਾਮ!

*-ਕਰਮਜੀਤ ਸਿੰਘ ਕੰਗ*
*ਬੇਕਰਜ਼ਫੀਲਡ*
*ਫੋਨ: 661-205-5214*

# ਬੰਦਿਆ! ਬਿਰਖ ਹੀ ਬਣ ਜਾਹ...

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ੀਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਹੁਣ ਨਵੀਂ ਸ਼ੁਰੂ ਕੀਤੀ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਰੁੱਖਾਂ ਦੀਆਂ ਨਿਆਮਤਾਂ ਦੀ ਗੱਲ ਕਰਦਿਆਂ ਹਉਕਾ ਲਿਆ ਸੀ, "ਕਦੇ ਵੇਲਾ ਸੀ ਕਿ ਖੂਹਾਂ 'ਤੇ ਬਾਬੇ ਬੋਹੜਾਂ ਅਤੇ ਪਿੱਪਲਾਂ ਦੀਆਂ ਛਾਂਵਾਂ, ਖੂਹ ਦੀ ਜੋਗ ਅਤੇ ਰਾਹੀਆਂ ਲਈ ਠੰਢੜੀ ਛਾਂ ਦਾ ਨਿਉਂਦਾ ਸੀ।" ਹਥਲੇ ਲੇਖ ਵਿਚ ਉਨ੍ਹਾਂ ਮਨੁੱਖ ਨੂੰ ਬਿਰਖ ਜਿਹਾ ਜੇਰਾ ਬਣਾਉਣ ਦੀ ਨਸੀਹਤ ਕਰਦਿਆਂ ਕਿਹਾ ਹੈ, "ਪੱਤਿਆਂ ਵਰਗਾ ਬਣਨ ਦਾ ਖਿਆਲ ਮਨ ਵਿਚ ਪੈਦਾ ਕਰ ਤਾਂ ਕਿ ਤੂੰ ਕਦੇ ਕਦਾਈਂ ਤਾਂ ਕਿਸੇ ਦੇ ਕੰਮ ਆ ਸਕੇਂ।" ਉਨ੍ਹਾਂ ਮਨੁੱਖ ਨੂੰ ਬਿਰਖ ਦੇ ਜ਼ਰੀਏ ਸਵਾਲ ਕੀਤਾ ਹੈ, "ਕਦੇ ਤੂੰ ਬਿਰਖ ਦੀ ਅਰਾਧਨਾ ਵਿਚੋਂ ਖੁਦ ਨੂੰ ਧਿਆਇਆ ਏ। ਮੈਂ ਕਦੇ ਵੀ ਬੇਅਰਥਾ ਨਹੀਂ ਜਿਉਂਦਾ। ਮੇਰਾ ਕੋਈ ਧਰਮ ਜਾਂ ਮਜ਼ਹਬ ਨਹੀਂ। ਕੋਈ ਰੰਗ-ਰੂਪ ਜਾਂ ਵਰਣ-ਵਰਗ ਨਹੀਂ। ਮੈਂ ਸਿਰਫ ਬਿਰਖ ਹਾਂ।" -ਸੰਪਾਦਕ***

ਐ ਮਨੁੱਖ!

ਕਦੇ ਮੇਰੇ ਵੰਨੀਂ ਨੀਝ ਨਾਲ ਦੇਖਿਆ ਏ? ਮੇਰੇ ਹਰ ਅੰਗ ਨੂੰ ਨਿਹਾਰਿਆ ਏ? ਕੀ ਮੇਰੀ ਫਿਤਰਤ 'ਤੇ ਲਿਖੀ ਹੋਈ ਸ਼ੁਭ-ਕਰਮਨ ਦੀ ਇਬਾਰਤ ਨੂੰ ਪੜ੍ਹਿਆ ਈ? ਕੀ ਇਸ ਦੀ ਇਬਾਦਤ ਵਿਚੋਂ ਕੁਝ ਕੁ ਨੂੰ ਆਪਣੀ ਕਰਮ-ਸ਼ੈਲੀ ਵਿਚ ਅਪਨਾਉਣ ਦੀ ਲੋੜ ਸਮਝੀ ਏ? ਕੀ ਮੇਰੇ ਵਰਗਾ ਬਣਨ ਦੀ ਲੋਚਾ ਮਨ ਵਿਚ ਪੈਦਾ ਹੋਈ ਏ? ਕੀ ਮੇਰੇ ਤਸੱਵਰ ਨੂੰ ਆਪਣੇ ਜ਼ਿਹਨ ਵਿਚ ਉਤਾਰਨ ਬਾਰੇ ਸੋਚਿਆ ਵੀ ਏ? ਮੇਰੇ ਸਮੁੱਚ ਵਰਗਾ ਬਣਨ ਲਈ ਤਾਂ ਤੂੰ ਕਦੇ ਵੀ ਨਾ ਸੋਚਿਆ ਹੋਵੇ ਜਾਂ ਬਣ ਹੀ ਨਾ ਸਕਦਾ ਹੋਵੇਂ। ਇਸ ਬਾਰੇ ਮੇਰੇ ਮਨ ਵਿਚ ਬਹੁਤ ਜ਼ਿਆਦਾ ਸ਼ੰਕੇ ਤੇ ਤੌਖਲੇ ਹਨ, ਪਰ ਮੇਰੇ ਕਿਸੇ ਨਾ ਕਿਸੇ ਅੰਗ ਵਰਗਾ ਬਣਨ ਬਾਰੇ ਤਾਂ ਆਪਣੇ ਮਨ ਵਿਚ ਸੁਪਨੇ ਬੁਣ।

ਐ ਮਨੁੱਖ!

ਕਦੇ ਕਦੇ ਮੈਂ ਸੋਚਦਾ ਹਾਂ ਜੇ ਤੂੰ ਕਦੇ ਮੇਰੇ ਤਣੇ ਵਰਗਾ ਹੋਵੇਂ ਤਾਂ ਕਿੰਜ ਦਾ ਹੋਵੇਂ। ਕਦੇ ਚਿਤਵੀਂ ਕਿ ਮੈਂ ਪੱਤਰ-ਹੀਣ ਹੋ ਕੇ ਸਦਾ ਖੁਦ ਨੂੰ ਸਿੱਧਾ ਰੱਖਦਾਂ, ਅੰਬਰ ਤੇ ਧਰਤ ਦੇ ਨੈਣਾਂ ਵਿਚ ਇਕਸਾਰ ਝਾਕਦਾਂ। ਮੈਂ ਕੁਝ ਨਾ ਵੀ ਹੋ ਕੇ ਸਭ ਕੁਝ ਹੋਣ ਦਾ ਧਰਮ ਪਾਲਦਾਂ। ਮੈਂ ਦੂਰ-ਉਡਾਰੀ ਮਾਰ ਗਏ ਪਰਿੰਦਿਆਂ, ਉਜੜੇ ਆਲ੍ਹਣਿਆਂ, ਬਿਖਰੇ ਤੀਲਿਆਂ ਅਤੇ ਮੇਰੀ ਜੂਹ ਵਿਚ ਸੱਜਦੀਆਂ ਮਹਿਫਿਲਾਂ ਦੀਆਂ ਯਾਦਾਂ ਨੂੰ ਹਿੱਕ ਵਿਚ ਸਾਂਭ, ਬੀਤੇ ਨੂੰ ਮਾਣਦਾ ਹਾਂ, 'ਅੱਜ' ਨੂੰ ਜਿਉਂਦਾ ਹਾਂ ਅਤੇ ਆਉਣ ਵਾਲੇ ਕੱਲ ਨੂੰ ਵੀ ਜਿਉਣ ਜੋਗਾ ਕਰਨ ਦਾ ਹੁਨਰ ਰੱਖਦਾ ਹਾਂ। ਤੂੰ ਨਾ 'ਕੱਲ' ਜੀਵਿਆ ਏਂ, ਨਾ ਤੂੰ 'ਅੱਜ' ਨੂੰ ਜੀਂਦਾ ਏ ਅਤੇ ਤੇਰੇ ਮਨ ਵਿਚ ਤਾਂ ਸਿਰਫ ਆਉਣ ਵਾਲੇ ਕੱਲ ਨੂੰ ਜਿਉਣ ਦਾ ਸੁਪਨਾ ਏ ਜੋ ਕਦੇ ਵੀ ਪੂਰਾ ਨਹੀਂ ਹੋਵੇਗਾ ਕਿਉਂਕਿ ਕੱਲ ਕਿਸ ਨੇ ਦੇਖਿਆ ਏ? ਜੇ ਤੇਰੇ ਮਨ ਵਿਚ ਤਣਾ ਬਣਨ ਦਾ ਖਿਆਲ ਏ ਤਾਂ ਸਭ ਤੋਂ ਪਹਿਲਾਂ ਅੱਜ ਨੂੰ ਜਿਉਣ ਦਾ ਹੁਨਰ ਸਿੱਖ। ਵਰਤਮਾਨ ਵਿਚੋਂ ਖੁਦ ਨੂੰ ਪਛਾਣ, ਸਿਰਜ ਅਤੇ ਇਸ ਵਿਚੋਂ ਹੀ ਆਪਣੇ ਆਪ ਨੂੰ ਵਿਸਥਾਰ, ਤੈਨੂੰ ਤਣੇ ਵਰਗੀ ਕਰਮਯੋਗਤਾ ਅਤੇ ਜੀਵਨ-ਜਾਚ ਦਾ ਅਹਿਸਾਸ ਹੋ ਜਾਵੇਗਾ। ਤਣਾ ਭੋਰਾ ਭੋਰਾ ਭੁਰ ਕੇ, ਆਪਣੀ ਹੋਂਦ ਦਾ ਅਲੰਬਰਦਾਰ ਰਹਿੰਦਾ ਹੈ ਅਤੇ ਇਸ ਵਿਚੋਂ ਹੀ ਇਹ ਖੁਦ ਦੀ ਪਛਾਣ ਸਿਰਜਣ ਦੇ ਸਮਰੱਥ ਹੈ।

ਐ ਮਨੁੱਖ!

ਮੈਨੂੰ ਲੱਗਦਾ ਏ ਕਿ ਤੈਨੂੰ ਪੱਤੇ, ਫੁੱਲ ਜਾਂ ਫਲ ਬਣਨ ਦੀ ਤਮੰਨਾ ਹੀ ਨਹੀਂ। ਪਰ ਜੇ ਤੂੰ ਟਾਹਣ ਅਤੇ ਲਗਰਾਂ ਬਣਨ ਦਾ ਹੀਆ ਕਰੇਂ ਤਾਂ ਇਹ ਤੇਰੀਆਂ ਆਉਣ ਵਾਲੀਆਂ ਨਸਲਾਂ ਦੀ ਚਿਰੰਜੀਵਤਾ ਲਈ ਚੰਗਾ ਹੋਵੇਗਾ। ਮੇਰੀਆਂ ਟਹਿਣੀਆਂ ਵਿਚਲੀ ਕਰਮ-ਯੋਗਤਾ ਨੂੰ ਆਪਣੇ ਖਿਆਲ ਵਿਚ ਧਾਰ। ਇਹ ਟਾਹਣ ਹੀ ਹੁੰਦੇ ਜੋ ਹਰੇਕ ਦੇ ਕੰਮ ਆਉਣ ਲਈ ਬੂਹੇ-ਬਾਰੀਆਂ, ਛਤੀਰੀਆਂ ਤੇ ਬਾਲੇ, ਮੇਜ ਤੇ ਕੁਰਸੀਆਂ, ਪਲੰਘ, ਬੱਚੇ ਦਾ ਗਡੀਰਾ ਅਤੇ ਦਾਦੀ ਮਾਂ ਦਾ ਚਰਖਾ, ਸੰਦੂਕ, ਵੇਲਣਾ ਆਦਿ ਬਣਦੇ। ਇਹ ਟਾਹਣ ਹੀ ਹੁੰਦੇ ਜੋ ਲਿਫ ਸਕਦੇ ਨੇ ਪਰ ਟੁੱਟਦੇ ਨਹੀਂ। ਤੇਰੇ ਵਰਗਾ ਤਾਂ ਲਿਫਣ ਨਾਲੋਂ ਟੁੱਟਣ ਨੂੰ ਤਰਜ਼ੀਹ ਦਿੰਦਾ ਏ। ਅਜੋਕੀ ਮਨੁੱਖੀ ਫਿਤਰਤ ਆਮ ਤੌਰ 'ਤੇ ਕਦੇ ਤੂਤ ਦਾ ਮੋਛਾ ਬਣਨ ਦਾ ਧਰਮ ਨਹੀਂ ਪਾਲਦੀ। ਬੋਹੜ ਜਾਂ ਸਫੈਦੇ ਦੀ ਕੱਚੀ ਲੱਕੜ ਵਰਗੇ ਮਨੁੱਖਾਂ ਦਾ ਕਾਹਦਾ ਸਾਥ ਜੋ ਲੋੜ ਪੈਣ 'ਤੇ ਦਗਾ ਦੇ ਜਾਣ। ਕਦੇ ਮੇਰੇ ਟਾਹਣ ਨੂੰ ਦੇਖਿਆ ਏ? ਸਿਖਰ 'ਤੇ ਜਾ ਰਹੇ ਵਿਅਕਤੀ ਲਈ ਪੌੜੀ ਬਣਦਾ ਹਾਂ ਅਤੇ ਫਿਰ ਸਿਖਰ 'ਤੇ ਪਹੁੰਚੇ ਨੂੰ ਸੰਭਾਲਦਾ, ਉਸ ਦੀ ਨਜ਼ਰ ਧਰਤੀ 'ਤੇ ਟਿਕਾਉਣ ਵਿਚ ਮਦਦ ਕਰਦਾ ਹਾਂ। ਇਹ ਟਾਹਣ ਹੀ ਹੁੰਦਾ ਜੋ ਮਨੁੱਖ ਦਾ ਆਖਰੀ ਹਮਸਫਰ ਬਣ, ਸਿਵਿਆਂ ਵਿਚ ਉਸ ਦੇ ਨਾਲ ਸੜ੍ਹਦਾ ਅਤੇ ਮਿੱਟੀ ਨਾਲ ਮਿੱਟੀ ਹੋ ਨਵੀਂ ਸਿਰਜਣਾ ਦੇ ਰਾਹ ਪੈਂਦਾ। ਕੀ ਤੂੰ ਕਦੇ ਅਜਿਹਾ ਧਰਮ ਪਾਲਿਆ ਏ ਜੋ ਆਖਰੀ ਸਾਹਾਂ ਤੀਕ ਤੋੜ ਨਿਭਾਇਆ ਹੋਵੇ? ਤੂੰ ਤਾਂ ਦੋ ਕੁ ਕਦਮ ਤੁਰ ਕੇ ਅਹਿਸਾਸ ਜਤਾਉਣ ਲੱਗ ਪੈਂਦਾ ਏ। ਯਾਦ ਰੱਖਣਾ! ਮੇਰੇ ਕਿਸੇ ਵੀ ਅੰਗ ਨੇ ਕਦੇ ਅਹਿਸਾਸ ਨਹੀਂ ਜਤਾਇਆ। ਤਾਹੀਉਂ ਮੇਰੀ ਲਿਵ ਸਦਾ ਧਰਤੀ ਨਾਲ ਲੱਗੀ ਰਹਿੰਦੀ ਏ। ਮੈਂ ਅੰਬਰ ਤੋਂ ਰੌਸ਼ਨੀ ਅਤੇ ਵਾਯੂਮੰਡਲ ਵਿਚੋਂ ਹਵਾ ਤੇ ਵਾਸ਼ਪ ਲੈਂਦਾ, ਇਨ੍ਹਾਂ ਦਾ ਹਮੇਸ਼ਾ ਸ਼ੁਕਰਗੁਜਾਰ ਰਹਿੰਦਾ ਹਾਂ। ਤੇਰੇ ਵਿਚ ਟਾਹਣ ਵਾਲੀ ਫਿਤਰਤ ਹੀ ਨਹੀਂ। ਇਸ ਲਈ ਤੇਰੇ ਤੋਂ ਆਸ ਨਹੀਂ ਰੱਖੀ ਜਾ ਸਕਦੀ ਕਿ ਤੂੰ ਟਾਹਣ ਬਣੇਂ? ਮੇਰੀਆਂ ਲਗਰਾਂ ਦੀਆਂ ਕਲਮਾਂ ਵੀ ਮੇਰੀ ਅੰਸ਼ ਦੇ ਵਾਧੇ ਦਾ ਸਬੱਬ ਬਣਦੀਆਂ ਨੇ। ਤੂੰ ਕਦੇ ਕਲਮ ਬਣਨ ਬਾਰੇ ਸੋਚਿਆ ਏ? ਕੀ ਮਨ ਦੇ ਵਿਹੜੇ ਵਿਚ ਕਦੇ ਚਾਨਣ ਦੀਆਂ ਕਲਮਾਂ ਲਾਈਆਂ ਨੇ ਤਾਂ ਕਿ ਚੁਫੇਰੇ ਪਸਰੇ ਹਨੇਰਿਆਂ ਨੂੰ ਦੂਰ ਕੀਤਾ ਜਾ ਸਕੇ?



ਐ ਮਨੁੱਖ! ਬੜਾ ਔਖਾ ਹੁੰਦਾ ਏ ਕਲਮ ਬਣਨਾ ਕਿਉਂਕਿ ਕਲਮ ਬਣਨ ਲਈ ਅੰਗ ਦੇ ਟੋਟੇ ਜੁ ਕਰਵਾਉਣੇ ਪੈਂਦੇ ਨੇ। ਇਹ ਮੈਂ ਹੀ ਹਾਂ ਜੋ ਆਪਣੇ ਟੋਟਿਆਂ ਨੂੰ ਵੀ ਵਜੂਦ ਬਖਸ਼ਣ ਦੇ ਸਮਰੱਥ ਹਾਂ। ਤੂੰ ਕਿਵੇਂ ਕਲਮ ਬਣੇਂਗਾ?

ਐ ਮਨੁੱਖ!

ਕੀ ਕਦੇ ਮੇਰੇ ਪੱਤਿਆਂ ਵਰਗਾ ਬਣਨ ਦਾ ਵਿਚਾਰ ਤੇਰੇ ਮਨ ਵਿਚ ਪੈਦਾ ਹੋਇਆ ਏ? ਪੱਤੇ ਜੋ ਮੇਰੀਆਂ ਟਹਿਣੀਆਂ ਲਈ ਨੇ ਹਰਿਆਵਲਾ ਕੱਜਣ। ਇਨ੍ਹਾਂ ਦੀ ਕੋਮਲਤਾ ਮੇਰੇ ਪਿੰਡੇ ਨਾਲ ਖਹਿੰਦੀ, ਮੈਨੂੰ ਸਰਸ਼ਾਰ ਕਰਦੀ। ਇਹ ਪੱਤੇ ਹੀ ਹੁੰਦੇ ਜੋ ਪਰਿੰਦਿਆਂ ਦੇ ਚੋਹਲ-ਮੋਹਲ ਲਈ ਓਹਲਾ ਬਣਦੇ। ਇਨ੍ਹਾਂ ਵਿਚ ਆਪਣਾ ਰੈਣ-ਬਸੇਰਾ ਬਣਾ ਲੈਂਦੇ। ਇਹ ਪੱਤੇ ਕਦੇ ਤੇਰੀ ਖੁਰਾਕ ਵੀ ਹੁੰਦੇ ਸਨ। ਪਰ ਹੁਣ ਇਹ ਜਾਨਵਰਾਂ ਤੇ ਪੰਛੀਆਂ ਦੀ ਖੁਰਾਕ ਤੱਕ ਸੀਮਤ ਹੋ ਗਏ ਨੇ ਅਤੇ ਉਨ੍ਹਾਂ ਦੀ ਤਲੀ 'ਤੇ ਅਰੋਗਤਾ ਧਰਦੇ ਨੇ। ਸ਼ਾਇਦ ਆਦਿ ਵਾਸੀ ਕਦੇ ਕਦਾਈਂ ਇਨ੍ਹਾਂ ਦਾ ਸਵਾਦ ਚੱਖਦੇ ਹੋਣ। ਮੇਰੇ ਪੱਤੇ ਹੀ ਹੁੰਦੇ ਜੋ ਜੇਠ-ਹਾੜ੍ਹ ਵਰਗੀਆਂ ਮੁਸੀਬਤਾਂ ਦੀ ਤਿੱਖੜ ਦੁਪਹਿਰ ਠੰਢੜੀ ਛਾਂ ਬਣਦੇ, ਰੁਮਕਦੀ ਪੌਣ ਵਿਚ ਸੰਗੀਤ ਪੈਦਾ ਕਰਦੇ ਜੋ ਪਰਿੰਦਿਆਂ ਲਈ ਲੋਰੀ ਬਣਦੀ ਜਾਂ ਛਾਂ ਹੇਠ ਅਲਸਾਏ ਮੁਸਾਫਰ ਨੂੰ ਸਹਿਲਾਉਣ ਵਰਗਾ ਕਾਰਜ ਕਰਦੀ। ਮੇਰੇ ਪੱਤੇ ਕਦੇ ਵੀ ਮੇਰਾ ਸਾਥ ਨਹੀਂ ਛੱਡਦੇ। ਅਗਰ ਤੂਫਾਨਾਂ, ਹਲੂਣਨ ਨਾਲ ਇਹ ਟੁੱਟ ਜਾਣ ਜਾਂ ਰੁੱਤ ਬਦਲਣ 'ਤੇ ਆਪਣਾ ਚੋਲਾ ਬਦਲਣ ਲਈ ਮੈਥੋਂ ਕੁਝ ਦੇਰ ਲਈ ਦੂਰ ਵੀ ਜਾਂਦੇ ਤਾਂ ਰੁੱਤ ਬਦਲਣ ਜਾਂ ਝੱਖੜ ਤੋਂ ਬਾਅਦ ਇਹ ਨਿੱਕੀਆਂ-ਨਿੱਕੀਆਂ ਕਰੂੰਬਲਾਂ ਦੇ ਰੂਪ ਵਿਚ ਫਿਰ ਮੇਰੇ ਦਰ 'ਤੇ ਬਹਾਰ ਦੀ ਦਸਤਕ ਬਣਦੇ। ਇਹ ਅਜੋਕੇ ਮਨੁੱਖ ਵਰਗੇ ਨਹੀਂ ਜੋ ਮੁਸੀਬਤ ਜਾਂ ਕਸ਼ਟ ਸਮੇਂ ਬੜੀ ਜਲਦੀ ਸਾਥ ਛੱਡ ਦੇਵੇ। ਇਹ ਤਾਂ ਸੁੱਕ ਕੇ ਵੀ ਹਵਾ ਦੇ ਕੰਧਾੜੇ ਚੜ੍ਹ ਮੇਰਾ ਸੁੱਖ-ਸੁਨੇਹਾ ਦੂਰ ਤੀਕ ਪਹੁੰਚਾਉਂਦੇ। ਖੁਰਾਕ ਬਣ, ਮੇਰੀਆਂ ਜੜ੍ਹਾਂ ਨੂੰ ਪੂਰਵ-ਪੁੰਗਰਨ ਦਾ ਵਰ ਦੇ ਜਾਂਦੇ। ਪੱਤਿਆਂ ਵਰਗਾ ਬਣਨ ਦਾ ਖਿਆਲ ਮਨ ਵਿਚ ਪੈਦਾ ਕਰ ਤਾਂ ਕਿ ਤੂੰ ਕਦੇ ਕਦਾਈਂ ਤਾਂ ਕਿਸੇ ਦੇ ਕੰਮ ਆ ਸਕੇਂ।

***ਕੀ ਕਦੇ ਮੇਰੇ ਪੱਤਿਆਂ ਵਰਗਾ ਬਣਨ ਦਾ ਵਿਚਾਰ ਤੇਰੇ ਮਨ ਵਿਚ ਪੈਦਾ ਹੋਇਆ ਏ? ਪੱਤੇ ਜੋ ਮੇਰੀਆਂ ਟਹਿਣੀਆਂ ਲਈ ਨੇ ਹਰਿਆਵਲਾ ਕੱਜਣ। ਇਨ੍ਹਾਂ ਦੀ ਕੋਮਲਤਾ ਮੇਰੇ ਪਿੰਡੇ ਨਾਲ ਖਹਿੰਦੀ, ਮੈਨੂੰ ਸਰਸ਼ਾਰ ਕਰਦੀ। ਇਹ ਪੱਤੇ ਹੀ ਹੁੰਦੇ ਜੋ ਪਰਿੰਦਿਆਂ ਦੇ ਚੋਹਲ-ਮੋਹਲ ਲਈ ਓਹਲਾ ਬਣਦੇ। ਇਨ੍ਹਾਂ ਵਿਚ ਆਪਣਾ ਰੈਣ-ਬਸੇਰਾ ਬਣਾ ਲੈਂਦੇ। ਇਹ ਪੱਤੇ ਕਦੇ ਤੇਰੀ ਖੁਰਾਕ ਵੀ ਹੁੰਦੇ ਸਨ। ਪਰ ਹੁਣ ਇਹ ਜਾਨਵਰਾਂ ਤੇ ਪੰਛੀਆਂ ਦੀ ਖੁਰਾਕ ਤੱਕ ਸੀਮਤ ਹੋ ਗਏ ਨੇ ਅਤੇ ਉਨ੍ਹਾਂ ਦੀ ਤਲੀ 'ਤੇ ਅਰੋਗਤਾ ਧਰਦੇ ਨੇ। ਸ਼ਾਇਦ ਆਦਿ ਵਾਸੀ ਕਦੇ ਕਦਾਈਂ ਇਨ੍ਹਾਂ ਦਾ ਸਵਾਦ ਚੱਖਦੇ ਹੋਣ।***

ਐ ਮਨੁੱਖ!

ਜੇ ਮੇਰੇ ਪੱਤਿਆਂ ਵਰਗਾ ਨਹੀਂ ਬਣਨਾ ਚਾਹੁੰਦਾ ਤਾਂ ਫੁੱਲ ਬਣਨ ਦਾ ਮਨ ਵਿਚ ਧਾਰ। ਫੁੱਲ ਜੋ ਰੰਗਾਂ ਤੇ ਮਹਿਕਾਂ ਦਾ ਸੰਧਾਰਾ, ਬਿਰਖ-ਜੂਹ ਦੇ ਨਾਮ ਕਰਦਾ, ਹਰ ਵਿਅਕਤੀ ਦੀ ਤਲੀ 'ਤੇ ਰੰਗਾਂ, ਮਹਿਕਾਂ ਅਤੇ ਖੇੜਿਆਂ ਦਾ ਸ਼ਗਨ ਪਾ, ਖੁਸ਼-ਮਿਜ਼ਾਜ ਪਲਾਂ ਦਾ ਨਿਉਂਦਾ ਬਣਦਾ। ਫੁੱਲ ਆਪਣੀ ਹਿੱਕ 'ਤੇ ਤਿੱਲੀਆਂ ਅਤੇ ਭੌਰਿਆਂ ਨੂੰ ਖਿਡਾਉਂਦਾ, ਲਾਡ ਲਡਾਉਂਦਿਆਂ, ਸਰਬ-ਸੁਖਨ ਦੀ ਕਾਮਨਾ ਬਣਦਾ। ਆਪਣੀ ਥੋੜ੍ਹ-ਚਿਰੀ ਜ਼ਿੰਦਗੀ ਵਿਚ ਹੀ ਸੰਦਲੀ ਚਾਵਾਂ ਦਾ ਅਜਿਹਾ ਖਜਾਨਾ ਲੁਟਾ ਜਾਂਦਾ ਏ ਕਿ ਫੁੱਲ ਦੀ ਕਰਮਯੋਗਤਾ ਹਰੇਕ ਦੇ ਚੇਤਿਆਂ ਵਿਚ ਸਦਾ ਵੱਸੀ ਰਹਿੰਦੀ। ਕਿਸੇ ਮਹਿਕ-ਵਿਹੂਣੇ ਤੇ ਲੋੜਵੰਦ ਦੇ ਜੀਵਨ-ਵਿਹੜੇ ਸੁਗੰਧੀਆਂ ਵੰਡਣ ਵਾਲੀ ਫੁੱਲਾਂ ਜਿਹੀ ਅਉਧ ਬਣ। ਪਰ ਦੁੱਖ ਏ ਕਿ ਬਹੁਤ ਘੱਟ ਲੋਕ ਫੁੱਲਾਂ ਵਰਗੇ ਹੁੰਦੇ ਜਿਨ੍ਹਾਂ ਦੇ ਹਰ ਬੋਲ ਤੇ ਕਰਮ ਵਿਚੋਂ ਫੁੱਲਾਂ ਵਰਗੀ ਸੰਵੇਦਨਾ ਝਰਦੀ। ਸ਼ਾਇਦ ਫੁੱਲ ਬਣਨਾ ਤੇਰੀ ਕਰਮ-ਧਾਰਨਾ ਨਹੀਂ। ਤੂੰ ਤਾਂ ਕੌੜ-ਤੁੰਮੇ ਵਾਂਗ ਨਫਰਤ, ਈਰਖਾ ਅਤੇ ਹਿੰਸਾ ਦਾ ਪੈਰੋਕਾਰ ਬਣਿਆ, ਸਮਾਜਕ ਨਾਕਾਰਾਤਮਕਤਾ ਵਿਚੋਂ ਹੀ ਸੁਖਨ ਦੀ ਨਿਹਫਲ ਕੋਸ਼ਿਸ਼ ਵਿਚ ਗਲਤਾਨ ਏਂ। ਕੁਦਰਤ ਇਸੇ ਲਈ ਤੇਰੇ ਵਰਗੇ ਨੂੰ ਫੁੱਲਾਂ ਦੀ ਜੂਨੇ ਨਹੀਂ ਪਾਉਂਦੀ।

ਐ ਮਨੁੱਖ!

ਜੇ ਤੂੰ ਫੁੱਲ ਦੇ ਮਲੂਕਪੁਣੇ ਤੋਂ ਸਹਿੰਮਦਾ ਏਂ, ਇਸ ਦੀ ਕੋਮਲਤਾ ਤੋਂ ਤੈਨੂੰ ਡਰ ਲੱਗਦਾ ਏ ਤਾਂ ਆਪਣੇ ਮਨ ਵਿਚ ਫਲ ਬਣਨ ਦਾ ਹੀਆ ਤਾਂ ਕਦੇ ਕਰਿਆ ਕਰ। ਫਲ ਜੋ ਜੀਵਨ-ਦਾਨੀ ਏ, ਇਸ ਦੀ ਲਜ਼ਤ ਵਿਚੋਂ ਸੁਖਨ, ਸੰਤੁਸ਼ਟੀ ਅਤੇ ਸਬਰ ਦਾ ਅਹਿਸਾਸ। ਫਲ ਵਿਚੋਂ ਹੋਂਦ ਦਾ ਜਾਗ ਵੀ ਲੱਗਦਾ ਕਿਉਂਕਿ ਫਲਾਂ ਵਿਚਲੇ ਬੀਜ, ਵੱਤਰ ਖੇਤ ਵਿਚ ਪੁੰਗਰ ਕੇ ਨਵੀਆਂ ਨਸਲਾਂ ਦਾ ਮੁੱਢ ਬੰਨਦੇ। ਯੋਗੀ, ਮੌਲੇ ਫਕੀਰ ਜਾਂ ਫੱਕਰ ਲੋਕ ਕਈ ਸਾਲਾਂ ਤੱਕ ਸਿਰਫ ਫਲਾਂ ਆਸਰੇ ਹੀ ਆਪਣੇ ਸਾਹਾਂ ਦੀ ਧੂਣੀ ਬਾਲਦੇ। ਫਲ ਹੀ ਹੁੰਦਾ ਜੋ ਇਸ਼ਟ ਨੂੰ ਚੜ੍ਹਾਇਆ ਜਾਂਦਾ, ਵਿਅਕਤੀ ਵਿਸ਼ੇਸ਼ ਲਈ ਉਚੇਚੇ ਤੌਰ 'ਤੇ ਪੇਸ਼ ਕੀਤਾ ਜਾਂਦਾ। ਫਲ ਹੀ ਵੱਸਦੇ ਘਰ ਦੀ ਕਾਮਨਾ ਅਤੇ ਅਰਦਾਸ ਦੀ ਪੂਰਤੀ ਬਣਦੇ।

ਪਰ ਤੇਰੀ ਕਮੀਨਗੀ ਨੂੰ ਕੀ ਆਖਾਂ ਜਿਸ ਨੇ ਮੇਰੇ ਬੀਜ ਦੀ ਰਹਿਤਲ ਬਦਲ ਕੇ, ਮੇਰੇ ਬੀਜਾਂ ਨੂੰ ਵੀ ਨਿਪੁੰਸਕ ਬਣਾ ਦਿੱਤਾ ਏ। ਸ਼ਾਇਦ ਤੂੰ ਵੀ ਇਸ ਕਰਕੇ ਫਲ ਬਣਨ ਤੋਂ ਤ੍ਰਹਿੰਦਾ ਏਂ ਕਿਉਂਕਿ ਨਿਪੁੰਸਕ ਦਾ ਲੇਬਲ ਲਵਾਉਣ ਤੋਂ ਡਰਦਾ ਏਂ। ਵੈਸੇ ਮੈਨੂੰ ਪਤਾ ਏ ਕਿ ਕਰਮ ਸ਼ੈਲੀ ਅਤੇ ਖਾਧ-ਖੁਰਾਕ ਕਾਰਨ ਤੂੰ ਮਾਨਸਿਕ ਤੌਰ 'ਤੇ ਹੀਣ-ਭਾਵਨਾ ਦਾ ਸ਼ਿਕਾਰ ਏਂ।

ਐ ਮਨੁੱਖ!

ਪਤਾ ਨਹੀਂ ਤੇਰੇ ਮਨ ਦੇ ਚਿੱਤਰਪਟ 'ਤੇ ਕਿਹੜੇ ਖਿਆਲ ਨਕਸ਼ ਉਲੀਕ ਰਹੇ ਹੋਣਗੇ? ਸ਼ਾਇਦ ਤੂੰ ਜੜ੍ਹਾਂ ਬਣਨ ਨੂੰ ਕਿਆਸ ਰਿਹਾ ਹੋਵੇਂ। ਪਰ ਯਾਦ ਰੱਖੀਂ! ਜੜ੍ਹ ਵਰਗਾ ਬਣਨਾ ਸਭ ਤੋਂ ਕਠਿਨ। ਕੀ ਤੈਨੂੰ ਪਤਾ ਏ ਕਿ ਮੇਰਾ ਸਮੁੱਚਾ ਦਾਰੋਮਦਾਰ ਜੜ੍ਹਾਂ 'ਤੇ ਹੈ। ਜੜ੍ਹਾਂ ਮੇਰਾ ਖੁਰਾਕ-ਭੰਡਾਰ, ਸਥਿਰਤਾ ਅਤੇ ਅਡੋਲਤਾ ਦਾ ਨਾਮਕਰਨ। ਜੜ੍ਹਾਂ ਮੇਰੀ ਔਕਾਤ ਦਾ ਸੁੱਚਾ ਹਰਫ। ਮੇਰਾ ਸਿਖਰ ਭਾਵੇਂ ਅੰਬਰ ਨੂੰ ਛੋਹਵੇ, ਤਾਰਿਆਂ ਨਾਲ ਗੱਲਾਂ ਕਰੇ ਜਾਂ ਚੰਨ ਚਾਨਣੀ ਵਿਚ ਨਹਾਵੇ, ਹਵਾ ਦੀ ਰੁਮਕਣੀ ਨੂੰ ਮਾਣੇ, ਪਰ ਜੜ੍ਹਾਂ ਮੈਨੂੰ ਨਿਮਰਤਾ, ਅਧੀਨਗੀ ਅਤੇ ਪੀਡੀ ਪਕੜ ਦਾ ਸਬਕ ਸਿਖਾਉਂਦੀਆਂ ਨੇ। ਜੜ੍ਹਾਂ ਦੀ ਕੇਹੀ ਮਾਨਵੀ ਮੁਹਾਰਨੀ ਮੇਰੇ ਚੇਤਿਆਂ ਵਿਚ ਵੱਸੀ ਏ ਕਿ ਮੈਂ ਵੱਡੇ-ਵੱਡੇ ਤੂਫਾਨਾਂ, ਹਨੇਰੀਆਂ, ਮਾਰੂ ਝੱਖੜਾਂ ਅਤੇ ਭੁਚਾਲਾਂ ਵਿਚ ਅਡੋਲ ਰਹਿੰਦਾ ਹਾਂ। ਮੇਰੇ ਮੱਥੇ 'ਤੇ ਹੋਣੀ ਦੇ ਨਕਸ਼ ਉਕਰਨ ਵਾਲੇ ਨਮੋਸ਼ੀ ਦਾ ਹੰਝੂ ਬਣ ਜਾਂਦੇ ਨੇ। ਮੈਂ ਪੀੜਾਂ-ਰੱਤੇ, ਦਰਦਾਂ-ਭਰੇ ਅਤੇ ਜ਼ਖਮਾਂ ਨਾਲ ਲਬਰੇਜ਼ ਪਲਾਂ ਨੂੰ ਸੀਨੇ 'ਤੇ ਹੰਢਾ, ਫਿਰ ਅਡੋਲਤਾ ਨਾਲ ਪੁਨਰ-ਸਿਰਜਣ ਦੇ ਰਾਹ ਤੁਰ ਪੈਂਦਾ ਹਾਂ। ਤੇਰੇ ਲਈ ਜੜ੍ਹ ਬਣਨ ਦਾ ਖਿਆਲ ਵੀ ਬੇਹੂਦਾ ਲਗੇਗਾ ਕਿਉਂਕਿ ਤੂੰ ਤਾਂ ਬੜੀ ਜਲਦੀ ਆਪਣੀ ਮਿੱਟੀ ਤੇ ਔਕਾਤ ਨੂੰ ਭੁੱਲ ਜਾਨੈਂ। ਆਖਰ ਨੂੰ ਤੇਰਾ ਫਤੂਰ ਹੀ ਤੇਰੇ ਸਾਹਾਂ ਵਿਚ ਸਿਸਕੀਆਂ ਬਣਦਾ ਏ। ਢਲਦੀ ਉਮਰੇ ਕਿਸੇ ਹਨੇਰ ਕੋਠੜੀ ਵਿਚ ਇਕੱਲ ਦੀ ਜੂਨ ਭੋਗਦਾ, ਆਪਣੇ ਬੀਤੇ 'ਤੇ ਖਾਰੇ ਪਾਣੀ ਤ੍ਰੌਂਕਦਾ, ਜੀਵਨ-ਪੈਂਡਾ ਖੋਟਾ ਕਰ ਜਾਂਦਾ ਏਂ। ਅਜਿਹੇ ਵੇਲੇ ਚਾਰ ਮੋਢੇ ਵੀ ਤੇਰੇ ਆਖਰੀ ਸਫਰ ਲਈ ਨਹੀਂ ਜੁੜਦੇ।

ਐ ਮਨੁੱਖ!

ਕਦੇ ਤੂੰ ਬਿਰਖ ਦੀ ਅਰਾਧਨਾ ਵਿਚੋਂ ਖੁਦ ਨੂੰ ਧਿਆਇਆ ਏ। ਮੈਂ ਕਦੇ ਵੀ ਬੇਅਰਥਾ ਨਹੀਂ ਜਿਉਂਦਾ। ਮੇਰਾ ਕੋਈ ਧਰਮ ਜਾਂ ਮਜ਼ਹਬ ਨਹੀਂ। ਕੋਈ ਰੰਗ-ਰੂਪ ਜਾਂ ਵਰਣ-ਵਰਗ ਨਹੀਂ। ਮੈਂ ਸਿਰਫ ਬਿਰਖ ਹਾਂ ਅਤੇ ਬਿਰਖ-ਬਾਣੇ ਨਾਲ ਅਰਥਾਂ ਦੀ ਤਸ਼ਬੀਹ ਬਣਿਆ, ਆਪਣੀ ਕਰਮ-ਸਾਧਨਾ ਤੇ ਧਰਮ-ਸਾਧਨਾ ਦੀ ਇਕਸਾਰਤਾ ਅਤੇ ਇਕਸੁਰਤਾ ਵਿਚੋਂ ਹੀ ਫੈਲਾਅ ਤੇ ਨਿਭਾਅ ਕਰਦਾ ਹਾਂ। ਮੇਰੀ ਸੰਪੂਰਨਤਾ ਨੂੰ ਆਪਣੀ ਸ਼ਖਸੀਅਤ ਦੇ ਮੇਚ ਦੀ ਕਰਨਾ, ਤੇਰੀ ਤਰਜ਼ੀਹ ਨਹੀਂ। ਪਰ ਮੈਂ ਦੁਆ ਕਰਦਾ ਹਾਂ ਕਿ ਜੇ ਤੂੰ ਮੇਰਾ ਸਮੁੱਚ ਨਹੀਂ ਬਣ ਸਕਦਾ ਤਾਂ ਕੁਝ ਤਾਂ ਬਣ। ਮੇਰੇ ਵਾਂਗ ਨਿਰੰਤਰ ਵਾਧੇ ਦਾ ਨਾਮ ਹੋਵੇਂ, ਤੇਰੇ ਵਿਚ ਲਿਫਣ ਦੀ ਤੌਫੀਕ ਹੋਵੇ ਤਾਂ ਕਿ ਕਦੇ ਵੀ ਟੁੱਟਣ ਦਾ ਦਰਦ ਨਾ ਹੰਢਾਵੇਂ। ਸ਼ਾਇਦ ਇਸ ਵਿਚੋਂ ਹੀ ਮਾਨਵਤਾ ਦੀ ਦੁਖਦੀ ਅੱਖ ਵਿਚ ਕੋਈ ਆਸ ਦੀ ਕਿਰਨ ਨਜ਼ਰ ਆਵੇ। ਦੁਹੱਥੜਾਂ ਮਾਰਦੀ ਅਤੇ ਸਿਆਪੇ ਕਰਦੀ ਦਾਨਾਈ, ਆਪਣੀ ਕਰਮ-ਭੂਮੀ ਤਲਾਸ਼ਣ ਵਿਚ ਸਫਲ ਹੋ ਸਕੇ। ਮਨੁੱਖ ਵਿਚੋਂ ਮਨਫੀ ਹੋ ਰਹੀ ਮਨੁੱਖਤਾ, ਆਦਮੀ ਵਿਚੋਂ ਮਲੀਆ-ਮੇਟ ਹੋ ਰਹੀ ਆਦਮੀਅਤ ਦੇ ਵਾਰਸ ਬਣਨ ਦਾ ਕੋਈ ਤਾਂ ਹੱਕ ਅਦਾ ਕਰ ਸਕੇ। ਮੈਂ ਤਾਂ ਅਬੋਲ ਹਾਂ ਪਰ ਸ਼ਾਇਦ ਤੂੰ ਮੇਰੀ ਚੁੱਪ-ਬੰਦਗੀ ਅਤੇ ਸਿੱਧ-ਸਾਧਨਾ ਵਿਚੋਂ ਕੁਝ ਕੁ ਚੰਗੇਰਾ ਆਪਣੀ ਝੋਲੀ ਵਿਚ ਪਵਾ, ਮਰਨਹਾਰੀ ਜ਼ਿੰਦਗੀ ਜਿਉਣ ਦੀ ਗੁੜ੍ਹਤੀ ਦੇ ਸਕੇਂ। ਅਜਿਹੀ ਗੁੜ੍ਹਤੀ ਸਦਕਾ ਕਈ ਨਸਲਾਂ ਆਬਾਦ ਹੋਣਗੀਆਂ ਅਤੇ ਇਹ ਨਸਲਾਂ ਤੇਰੀ ਗੁੜ੍ਹਤੀ ਨੂੰ ਯਾਦ ਜਰੂਰ ਰੱਖਣਗੀਆਂ। ਅਜਿਹੀ ਆਸ ਮੈਂ ਰੱਖ ਸਕਦਾਂ ਕਿਉਂਕਿ ਇਹ ਇਬਾਦਤ ਵੀ ਤੂੰ ਮੇਰੇ 'ਤੇ ਹੀ ਲਿਖ ਰਿਹਾ ਏਂ। ਤੂੰ ਮੇਰਾ ਕਰਜ਼ਦਾਰ ਏਂ। ਕਰਜ਼ ਜਲਦੀ ਉਤਾਰ ਦੇਣਾ ਚਾਹੀਦਾ ਏ ਵਰਨਾ ਸੂਦ ਦਰ ਸੂਦ ਕਰਜ਼ ਵਧਦਾ ਜਾਵੇ ਤਾਂ ਇਸ ਹੇਠ ਆਇਆ ਮਨੁੱਖ ਆਪਣਾ ਮਰਸੀਆ ਹੀ ਪੜ੍ਹਨ ਜੋਗਾ ਰਹਿ ਜਾਂਦਾ। ਆਸ ਹੈ, ਤੇਰੇ ਮਨ ਵਿਚ ਖੁਦ ਦਾ ਮਰਸੀਆ ਪੜ੍ਹਨ ਦਾ ਤਾਂ ਅਜੇ ਕੋਈ ਵਿਚਾਰ ਨਹੀਂ।

ਤੇਰਾ ਬਿਰਖ-ਬੋਧ।

***ਜੇ ਤੂੰ ਫੁੱਲ ਦੇ ਮਲੂਕਪੁਣੇ ਤੋਂ ਸਹਿੰਮਦਾ ਏਂ, ਇਸ ਦੀ ਕੋਮਲਤਾ ਤੋਂ ਤੈਨੂੰ ਡਰ ਲੱਗਦਾ ਏ ਤਾਂ ਆਪਣੇ ਮਨ ਵਿਚ ਫਲ ਬਣਨ ਦਾ ਹੀਆ ਤਾਂ ਕਦੇ ਕਰਿਆ ਕਰ। ਫਲ ਜੋ ਜੀਵਨ-ਦਾਨੀ ਏ, ਇਸ ਦੀ ਲਜ਼ਤ ਵਿਚੋਂ ਸੁਖਨ, ਸੰਤੁਸ਼ਟੀ ਅਤੇ ਸਬਰ ਦਾ ਅਹਿਸਾਸ।***

### ਰੁੱਖਾਂ ਬਾਰੇ ਬੋਲੀਆਂ

ਲੜ ਮੱਧਰੇ ਦੇ ਲਾਈ ਵੇ,
ਮੈਂ ਲਗਰ ਤੂਤ ਦੀ।

ਆ ਜਾ ਬਹਿ ਜਾ ਪਿੱਪਲ ਦੀ ਛਾਵੇਂ,
ਗਰਮੀ ਨੇ ਭੁੰਨ ਸੁੱਟਿਆ।

ਕੱਲਮ 'ਕੱਲੀ ਤੋੜਾਂ ਮੈਂ,
ਕਰੀਰਾਂ ਨਾਲੋਂ ਡੇਲੇ।
ਵੇ ਖੜ੍ਹਾ ਰਹਿ ਜ਼ਾਲਮਾਂ,
ਸਬੱਬੀ ਹੋ ਗਏ ਮੇਲੇ।

ਰਾਹੇ ਜਾਂਦਿਆਂ ਵੇ,
ਪੀਲੂ ਖਾਂਦਿਆ ਵੇ,
ਆਖੀਂ ਢੋਲ ਨੂੰ ਜਾ।

ਦਾਖਾਂ ਪੱਕੀਆਂ ਵੇ,
ਆਸਾਂ ਰੱਖੀਆਂ ਵੇ,
ਢੋਲਾ ਮੁੜ ਘਰ ਆ।

ਮੈਨੂੰ 'ਕੱਲੀ ਨੂੰ ਚੁਬਾਰਾ ਪਾ ਦੇ,
ਰੋਹੀ ਵਾਲਾ ਜੰਡ ਵੱਢ ਕੇ।

ਬੇਰੀਏ ਨੀਂ ਤੈਨੂੰ ਬੇਰ ਲੱਗਣਗੇ,
ਕਿੱਕਰਾਂ ਵੇ ਤੈਨੂੰ ਤੁੱਕੇ।
ਰਾਜਾ ਦੂਰ ਖੜ੍ਹਾ ਦੁੱਖ ਪੁੱਛੇ।

ਇਨ੍ਹਾਂ ਰੁੱਖਾਂ ਦੀ ਠੰਢੀ-ਠੰਢੀ ਛਾਂ,
ਤੇ ਹੋਰ ਕਿਤੋਂ ਮਿਲਦੀ ਵੀ ਨਾ।
ਇਨ੍ਹਾਂ ਨੂੰ ਘੁੱਟ-ਘੁੱਟ ਗਲ ਨਾਲ ਲਾਵਾਂ,
ਇਹ ਪਿਆਰ ਕਿਤੋਂ ਮਿਲਦਾ ਵੀ ਨਾ।

# ਸ਼ਹਿਰਾਂ 'ਚ ਵਸੇ ਪਿੰਡਾਂ ਦੀ ਕਹਾਣੀ:ਹਮਾਰਾ ਸ਼ਹਿਰ ਬੰਬੇ

ਦਸਤਾਵੇਜ਼ੀ ਫਿਲਮ 'ਹਮਾਰਾ ਸ਼ਹਿਰ ਬੰਬੇ' ਮਸ਼ਹੂਰ ਦਸਤਾਵੇਜ਼ੀ ਫਿਲਮਸਾਜ਼ ਆਨੰਦ ਪਟਵਰਧਨ ਨੇ 1985 ਵਿਚ ਬਣਾਈ ਸੀ। ਇਹ ਫਿਲਮ ਮੁੰਬਈ ਦੀ ਕਹਾਣੀ ਹੈ, ਪਰ ਆਮ ਬੰਬਈਆ ਫਿਲਮਾਂ ਵਾਂਗ ਇਹ ਕਹਾਣੀ ਹੋਂਦ-ਰਹਿਤ, ਕਲਪਿਤ ਪਾਤਰਾਂ ਦੀ ਕਹਾਣੀ ਨਹੀਂ, ਸਗੋਂ ਮੁੰਬਈ ਸ਼ਹਿਰ ਦੇ 40 ਲੱਖ ਲੋਕਾਂ ਦੀ ਕਹਾਣੀ ਹੈ। ਇਹ ਚਾਲੀ ਲੱਖ ਲੋਕ ਬੇਘਰ, ਸੜਕਾਂ, ਫੁੱਟਪਾਥਾਂ ਅਤੇ ਝੌਂਪੜਪੱਟੀਆਂ ਵਿਚ ਰਹਿੰਦੇ ਹਨ। ਇਹ ਲੋਕ ਹਿੰਦੁਸਤਾਨ ਤੇ ਖਾਸ ਕਰਕੇ ਮਹਾਂਰਾਸ਼ਟਰ ਦੇ ਪਿੰਡਾਂ ਵਿਚੋਂ ਉੱਠ ਕੇ ਰੁਜ਼ਗਾਰ ਦੀ ਭਾਲ ਵਿਚ ਬੰਬਈ ਆਏ ਹਨ।

ਸੁਖਵੰਤ ਹੁੰਦਲ, ਸਾਧੂ ਬਿਨਿੰਗ

ਉਨ੍ਹਾਂ ਵਿਚ ਬਹੁਤਿਆਂ ਦੀਆਂ ਥੋੜ੍ਹੀਆਂ ਬਹੁਤ ਜ਼ਮੀਨਾਂ ਜੋ ਪਿੰਡਾਂ ਵਿਚ ਸਨ, ਉਪਰ ਪਿੰਡ ਦੇ ਜਗੀਰਦਾਰਾਂ ਅਤੇ ਸ਼ਾਹੂਕਾਰਾਂ ਨੇ ਕਬਜ਼ਾ ਕਰ ਲਿਆ ਹੈ। ਜਿਹੜੇ ਲੋਕ ਸਿਰਫ ਮਿਹਨਤ, ਮਜ਼ਦੂਰੀ ਕਰਦੇ ਸਨ, ਉਨ੍ਹਾਂ ਨੂੰ ਇਨ੍ਹਾਂ ਸ਼ਾਹੂਕਾਰਾਂ ਅਤੇ ਜਗੀਰਦਾਰਾਂ ਦੀਆਂ ਵਗਾਰਾਂ ਕਰਨੀਆਂ ਪੈਂਦੀਆਂ ਸਨ। ਇਸ ਸਭ ਕੁਝ ਤੋਂ ਅੱਕ-ਥੱਕ ਕੇ ਇਹ ਲੋਕ ਮੁੰਬਈ ਸ਼ਹਿਰ ਵਿਚ ਰੋਜ਼ੀ ਦੀ ਤਲਾਸ਼ ਲਈ ਪਹੁੰਚੇ ਹਨ। ਪਿੰਡਾਂ ਵਿਚੋਂ ਸ਼ਹਿਰਾਂ ਵਲ ਜਾਣ ਦਾ ਰੁਝਾਨ ਇਕੱਲੇ ਬੰਬਈ ਵਿਚ ਹੀ ਨਹੀਂ ਵਾਪਰ ਰਿਹਾ, ਸਗੋਂ ਇਹ ਹਿੰਦੁਸਤਾਨ ਦੇ ਬਾਕੀ ਸ਼ਹਿਰਾਂ ਜਿਵੇਂ ਕੋਲਕਾਤਾ, ਦਿੱਲੀ ਆਦਿ ਵਿਚ ਵੀ ਵਾਪਰ ਰਿਹਾ ਹੈ। ਅਸਲ ਵਿਚ ਇਹ ਰੁਝਾਨ ਕੌਮਾਂਤਰੀ ਹੈ। ਸਰਮਾਏ ਦੇ ਵਿਕਾਸ ਨਾਲ ਵੱਡੀਆਂ ਵੱਡੀਆਂ ਫੈਕਟਰੀਆਂ ਅਤੇ ਉਦਯੋਗਾਂ ਦੇ ਲੱਗਣ ਕਾਰਨ ਰੁਜ਼ਗਾਰ ਅਤੇ ਜੀਣ ਦੇ ਸਾਧਨ ਸ਼ਹਿਰਾਂ ਵਿਚ ਕੇਂਦਰਿਤ ਹੁੰਦੇ ਜਾਂਦੇ ਹਨ। ਸ਼ਹਿਰਾਂ ਵਿਚ ਲੱਗੇ ਇਨ੍ਹਾਂ ਕਾਰਖਾਨਿਆਂ ਅਤੇ ਮਿੱਲਾਂ ਨੂੰ ਮਜ਼ਦੂਰਾਂ ਦੀ ਲੋੜ ਹੁੰਦੀ ਹੈ ਅਤੇ ਇਸ ਲੋੜ ਨੂੰ ਪੂਰਾ ਕਰਨ ਲਈ ਉਹ ਪਿੰਡਾਂ ਵਿਚ ਪਹੁੰਚਦੇ ਹਨ ਅਤੇ ਪਿੰਡਾਂ ਵਿਚੋਂ ਲੋਕ ਸ਼ਹਿਰਾਂ ਵੱਲ ਆਉਣੇ ਸ਼ੁਰੂ ਹੁੰਦੇ ਹਨ। ਸਭ ਤੋਂ ਪਹਿਲਾਂ ਇਹ ਰੁਝਾਨ ਇੰਗਲੈਂਡ ਵਿਚ ਸਨਅਤੀ ਇਨਕਲਾਬ ਤੋਂ ਬਾਅਦ ਸ਼ੁਰੂ ਹੋਇਆ ਤੇ ਅੱਜ ਇਹ ਵਿਕਾਸ ਕਰ ਰਹੇ ਦੇਸ਼ਾਂ ਵਿਚ ਵਾਪਰ ਰਿਹਾ ਹੈ। ਇਸ ਤਰ੍ਹਾਂ ਇਸ ਪੱਖੋਂ ਇਹ ਫਿਲਮ ਮੁੰਬਈ ਬਾਰੇ ਗੱਲ ਕਰਦੀ ਕਰਦੀ ਕੌਮਾਂਤਰੀ ਮਸਲੇ ਬਾਰੇ ਗੱਲ ਕਰਦੀ ਹੈ। ਜਦੋਂ ਪਿੰਡਾਂ ਵਿਚੋਂ ਰੋਜ਼ੀ ਦੀ ਭਾਲ ਵਿਚ ਇਹ ਲੋਕ ਮੁੰਬਈ ਪਹੁੰਚੇ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਇਮਾਰਤਾਂ ਬਣਾਉਣ ਦੀ ਸਨਅਤ (ਕੰਸਟਰੱਕਸ਼ਨ ਇੰਡਸਟਰੀ) ਵਿਚ ਕੰਮ ਮਿਲ ਗਿਆ। ਬਾਕੀ ਵੀ ਕੋਈ ਨਾ ਕੋਈ ਹੋਰ ਥਾਂਵਾਂ, ਜਿਵੇਂ ਘਰਾਂ ਵਿਚ ਨੌਕਰਾਂ ਦੇ ਤੌਰ 'ਤੇ ਕੰਮ ਕਰਨ ਲੱਗੇ। ਰੁਜ਼ਗਾਰ ਤਾਂ ਉਨ੍ਹਾਂ ਨੂੰ ਮਿਲ ਗਿਆ, ਪਰ ਉਨ੍ਹਾਂ ਕੋਲ ਰਹਿਣ ਲਈ ਕੋਈ ਥਾਂ ਟਿਕਾਣਾ ਨਹੀਂ, ਕਿਉਂਕਿ ਉਨ੍ਹਾਂ ਨੂੰ ਤਨਖਾਹ ਇੰਨੀ ਕੁ ਹੀ ਮਿਲਦੀ ਹੈ, ਜਿਸ ਨਾਲ ਉਹ ਰੁੱਖੀ-ਮਿੱਸੀ ਰੋਟੀ ਤਾਂ ਖਾ ਸਕਦੇ ਹਨ, ਪਰ ਮਕਾਨ ਦਾ ਪ੍ਰਬੰਧ ਨਹੀਂ ਕਰ ਸਕਦੇ। ਇਸ ਲਈ ਇਹ ਲੋਕ ਸੜਕਾਂ, ਫੁੱਟਪਾਥਾਂ ਅਤੇ ਬਣ ਰਹੀਆਂ ਇਮਾਰਤਾਂ ਦੇ ਨਾਲ ਲੱਗਦੀਆਂ ਖਾਲੀ ਥਾਂਵਾਂ ਵਿਚ ਝੌਂਪੜੀਆਂ ਬਣਾ ਕੇ ਰਹਿਣ ਲਈ ਮਜਬੂਰ ਹਨ। ਮੁੰਬਈ ਸ਼ਹਿਰ ਦੀ ਮਿਉਂਸਪਲ ਕਮੇਟੀ ਇਨ੍ਹਾਂ ਬੇਘਰਾਂ ਦੇ ਘਰ-ਬਾਰ ਦੀ ਸਮੱਸਿਆ ਦੂਰ ਕਰਨ ਦੀ ਥਾਂ ਉਨ੍ਹਾਂ ਦੀਆਂ ਝੌਂਪੜੀਆਂ ਉਖਾੜਨ ਲਈ ਸਰਗਰਮ ਹੈ; ਕਿਉਂਕਿ



ਉਸ ਉਪਰ ਸ਼ਹਿਰ ਦੇ ਅਮੀਰਾਂ ਦਾ ਅਸਰ ਹੈ ਅਤੇ ਇਨ੍ਹਾਂ ਅਮੀਰਾਂ ਨੂੰ ਲੋਕਾਂ ਦਾ ਸੜਕਾਂ, ਫੁੱਟਪਾਥਾਂ 'ਤੇ ਰਹਿਣਾ ਪਸੰਦ ਨਹੀਂ। ਉਨ੍ਹਾਂ ਦੇ ਖਿਆਲ ਵਿਚ ਮੁੰਬਈ ਦੀ ਖੂਬਸੂਰਤੀ ਖਰਾਬ ਹੁੰਦੀ ਹੈ। ਮੁੰਬਈ ਦੀ ਮਿਉਂਸਪਲ ਕਾਰਪੋਰੇਸ਼ਨ ਦੇ ਕਰਮਚਾਰੀ, ਪੁਲਿਸ ਫੋਰਸ ਆਪਣੇ ਨਾਲ ਲਿਜਾ ਕੇ ਝੌਂਪੜੀਆਂ ਢਾਹ ਦਿੰਦੇ ਹਨ ਅਤੇ ਲੋਕਾਂ ਦਾ ਸਾਮਾਨ ਟਰੱਕ ਵਿਚ ਲੱਦ ਕੇ ਲੈ ਜਾਂਦੇ ਹਨ; ਪਰ ਇਹ ਲੋਕ ਕੋਈ ਹੋਰ ਥਾਂ ਨਾ ਹੋਣ ਕਰ ਕੇ ਫਿਰ ਉਸ ਹੀ ਜਗ੍ਹਾ ਝੌਂਪੜੀਆਂ ਬਣਾਉਂਦੇ ਹਨ। ਇਸ ਦੇ ਨਾਲ ਨਾਲ ਇਹ ਲੋਕ ਸਰਕਾਰ ਦੀ ਇਸ ਵਧੀਕੀ ਵਿਰੁਧ ਜੱਦੋਜਹਿਦ ਕਰ ਰਹੇ ਹਨ। ਇਸ ਜੱਦੋਜਹਿਦ ਵਿਚ ਉਨ੍ਹਾਂ ਦੇ ਨਾਲ ਮੁੰਬਈ ਦੇ ਹੋਰ ਸਾਧਾਰਨ ਲੋਕ, ਜਿਵੇਂ ਮਜ਼ਦੂਰ ਯੂਨੀਅਨ ਤੇ ਲੋਕਪੱਖੀ ਪਾਰਟੀਆਂ ਸ਼ਾਮਲ ਹਨ। ਇਸ ਤਰ੍ਹਾਂ ਇਹ ਸਾਰੀ ਫਿਲਮ ਮੁੰਬਈ ਦੀ ਮਿਉਂਸਪਲ ਸਰਕਾਰ ਅਤੇ ਇਨ੍ਹਾਂ ਲੋਕਾਂ ਦਰਮਿਆਨ ਕਸ਼ਮਕਸ਼ ਦੀ ਕਹਾਣੀ ਹੈ। ਇਸ ਕਸ਼ਮਕਸ਼ ਦੌਰਾਨ ਜੋ ਕੁਝ ਸਾਹਮਣੇ ਆਉਂਦਾ ਹੈ, ਉਸ ਵਿਚ ਕੁਝ ਪੱਖ ਬੜੇ ਸਾਫ ਦਿਖਾਏ ਦਿੰਦੇ ਹਨ। ਜਿਵੇਂ: 1) ਇਸ ਬੇਘਰੇ ਜੀਵਨ ਦਾ ਇਨ੍ਹਾਂ ਚਾਲੀ ਲੱਖ ਲੋਕਾਂ ਦੇ ਜੀਵਨ ਉਪਰ ਕੀ ਅਸਰ ਪੈਂਦਾ ਹੈ? 2) ਬੰਬਈ ਦੇ ਅਮੀਰ ਲੋਕਾਂ ਦਾ ਇਨ੍ਹਾਂ ਲੋਕਾਂ ਬਾਰੇ ਕੀ ਰਵੱਈਆ ਹੈ। 3) ਮੁੰਬਈ ਦੀ ਮਿਉਂਸਪਲ ਸਰਕਾਰ ਅਤੇ ਮਹਾਂਰਾਸ਼ਟਰ ਦੀ ਪ੍ਰਾਂਤਕ ਤੇ ਹਿੰਦੁਸਤਾਨ ਦੀ ਕੇਂਦਰੀ ਸਰਕਾਰ ਦੀ ਨਾਲਾਇਕੀ। 4) ਬੰਬਈ ਦੀ ਫਿਲਮ ਇੰਡਸਟਰੀ ਦੀ ਬਦਮਾਸ਼ੀ।

ਝੌਂਪੜਪੱਟੀਆਂ 'ਚ ਰਹਿਣ ਵਾਲੇ ਇਨ੍ਹਾਂ ਚਾਲੀ ਲੱਖ ਲੋਕਾਂ ਵਿਚ ਕੁਝ ਅਜਿਹੇ ਹਨ, ਜੋ ਪੰਦਰਾਂ ਤੋਂ ਤੀਹ ਸਾਲਾਂ ਦੇ ਇਸ ਤਰ੍ਹਾਂ ਰਹਿ ਰਹੇ ਹਨ। ਕਈ ਅਜਿਹੇ ਹਨ ਜਿਹੜੇ ਦੂਜੀ ਪੀੜ੍ਹੀ ਦੇ ਉਥੇ ਰਹਿ ਰਹੇ ਹਨ। ਇਸ ਗੱਲ ਦਾ ਅੰਦਾਜ਼ਾ ਸੌਖਿਆਂ ਹੀ ਲਾਇਆ ਜਾ ਸਕਦਾ ਹੈ ਕਿ ਇਹ ਲੋਕ ਜਿਹੜੇ 15-20 ਸਾਲਾਂ ਤੋਂ ਇਸ ਤਰ੍ਹਾਂ ਬੇ-ਘਰਿਆਂ ਵਾਲਾ ਜੀਵਨ ਜੀ ਰਹੇ ਹਨ, ਉਨ੍ਹਾਂ ਦੇ ਜੀਵਨ 'ਤੇ ਇਸ ਦਾ ਕੀ ਅਸਰ ਪੈਂਦਾ ਹੋਵੇਗਾ। ਇਸ ਫਿਲਮ ਵਿਚੋਂ ਇਸ ਦੀ ਮਿਸਾਲ ਦਿੰਦੇ ਹਾਂ: ਭਾਰਤ ਸਰਕਾਰ ਦੇ ਕਾਨੂੰਨ ਮੁਤਾਬਕ, ਉਹ ਬੱਚੇ ਸਕੂਲਾਂ ਵਿਚ ਦਾਖਲ ਨਹੀਂ ਹੋ ਸਕਦੇ ਜਿਨ੍ਹਾਂ ਦਾ ਕੋਈ ਪੱਕਾ ਸਿਰਨਾਵਾਂ ਨਹੀਂ। ਇਸ ਤਰ੍ਹਾਂ ਇਨ੍ਹਾਂ ਚਾਲੀ ਲੱਖ ਲੋਕਾਂ ਦੇ ਪਤਾ ਨਹੀਂ ਕਿੰਨੇ ਲੱਖ ਬੱਚਿਆਂ ਨੂੰ ਪੜ੍ਹਨ ਦਾ ਕੋਈ ਮੌਕਾ ਨਹੀਂ ਮਿਲ ਰਿਹਾ। ਜਦੋਂ ਇਹ ਬੱਚੇ ਵੱਡੇ ਹੋਣਗੇ ਤਾਂ ਉਨ੍ਹਾਂ ਦਾ ਭਵਿਖ ਕੀ ਹੋਵੇਗਾ? ਫਿਲਮ ਵਿਚ ਕੁਝ ਅਮੀਰਾਂ ਅਤੇ ਉਥੋਂ ਦੀ ਪੁਲਿਸ ਦੇ ਇੰਸਪੈਕਟਰ ਜਨਰਲ ਰਿਬੈਰੋ (ਜੋ ਪੰਜਾਬ ਵਿਚ ਅਮਨ ਦੀ ਰਾਖੀ ਕਰਨ ਵੀ ਗਿਆ ਸੀ) ਨਾਲ ਵੀ ਮੁਲਾਕਾਤਾਂ ਜਾਂ ਉਨ੍ਹਾਂ ਦੇ ਭਾਸ਼ਨ ਦਿੱਤੇ ਗਏ ਹਨ। ਇਨ੍ਹਾਂ ਸਭ ਦੀ ਇਕ ਹੀ ਆਵਾਜ਼ ਹੈ ਕਿ ਇਹ ਲੋਕ ਮੁਜਰਿਮ ਹਨ, ਪਰ ਤੱਥ ਇਸ ਦੇ ਬਿਲਕੁਲ ਉਲਟ ਹਨ। ਝੌਂਪੜਪੱਟੀਆਂ ਵਿਚ ਰਹਿਣ ਵਾਲੇ ਇਹ ਲੋਕ ਮੁੰਬਈ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਇਹ ਲੋਕ ਘਰਾਂ ਵਿਚ ਨੌਕਰਾਂ ਦਾ ਕੰਮ ਕਰ ਕੇ, ਕਚਰੇ ਵਿਚੋਂ ਕਾਗਜ਼, ਕੱਚ ਤੇ ਵਾਲ ਚੁਗ ਕੇ, ਤੇ ਹੋਰ ਮਜ਼ਦੂਰੀ ਕਰ ਕੇ ਆਪਣਾ ਪੇਟ ਪਾਲਦੇ ਹਨ। ਮੁੰਬਈ ਦੀ ਇਮਾਰਤਾਂ ਬਣਾਉਣ ਦੀ ਸਨਅਤ ਇਨ੍ਹਾਂ ਲੋਕਾਂ ਦੀ ਮਿਹਨਤ ਦੀ ਲੁੱਟ ਕਰ ਕੇ ਹੀ ਇੰਨੀ ਪ੍ਰਫੁੱਲਿਤ ਹੈ। ਫਿਲਮ ਦੇ ਇਕ ਪਾਤਰ ਮੁਤਾਬਕ, "ਜੇ ਇਹ ਸਭ ਲੋਕ ਮੁੰਬਈ ਵਿਚ ਨਾ ਹੋਣ ਤਾਂ ਬੰਬਈ ਭੁੱਖੀ ਮਰ ਜਾਏ।" ਜਦੋਂ ਇਸ ਤਰ੍ਹਾਂ ਦੇ ਤੱਥਾਂ ਦੇ ਆਧਾਰ 'ਤੇ ਅਮੀਰਾਂ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਵੀ ਉਹ 'ਮੈਂ ਨਾ ਮਾਨੂੰ' ਦੀ ਰੱਟ ਲਾਈ ਇਹੀ ਕਹੀ ਜਾਂਦੇ ਹਨ ਕਿ ਝੌਂਪੜਪੱਟੀਆਂ 'ਚ ਰਹਿਣ ਵਾਲੇ ਇਹ ਲੋਕ ਮੁਜਰਿਮ ਹਨ, ਚੋਰ ਹਨ। ਇੰਨੀ ਵੱਡੀ ਗਿਣਤੀ ਵਿਚ ਲੋਕ ਮੁੰਬਈ 'ਚ ਬੇਘਰਿਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ, ਪਰ ਮੁੰਬਈ ਦੀ ਕਾਰਪੋਰੇਸ਼ਨ ਇਨ੍ਹਾਂ ਲਈ ਰਹਿਣ-ਸਹਿਣ ਦਾ ਪ੍ਰਬੰਧ ਕਰਨ ਦੀ ਥਾਂ ਸ਼ਹਿਰ ਦੀ ਖੂਬਸੂਰਤੀ ਕਾਇਮ ਰੱਖਣ ਲਈ ਇਨ੍ਹਾਂ ਲੋਕਾਂ ਨੂੰ ਮਜਬੂਰ ਕਰ ਰਹੀ ਹੈ ਕਿ ਉਹ ਮੁੰਬਈ ਛੱਡ ਕੇ ਪਿੰਡਾਂ ਨੂੰ ਪਰਤ ਜਾਣ। ਉਨ੍ਹਾਂ ਪਿੰਡਾਂ ਨੂੰ ਜਿਥੋਂ ਉਹ ਭੁੱਖ ਦੇ ਸਤਾਏ ਮੁੰਬਈ ਆਏ ਸਨ। ਮੁੰਬਈ ਦੀ ਇਹ ਕਾਰਪੋਰੇਸ਼ਨ ਇਨ੍ਹਾਂ ਲੋਕਾਂ ਦੀ ਭਲਾਈ ਲਈ ਕੋਈ ਪੈਸਾ ਖਰਚਣ ਨੂੰ ਤਿਆਰ ਨਹੀਂ, ਪਰ ਪੁਲਿਸ ਦੀ ਤਾਕਤ ਨੂੰ ਹੋਰ ਮਜ਼ਬੂਤ ਕਰਨ ਲਈ ਪੈਸਾ ਖਰਚਣ ਨੂੰ ਤਿਆਰ ਹੈ। ਇਸ ਤਰ੍ਹਾਂ ਪਤਾ ਲਗਦਾ ਹੈ ਕਿ ਮੁੰਬਈ ਦੀ ਮਿਉਂਸਪਲ ਸਰਕਾਰ ਅਤੇ ਮਹਾਂਰਾਸ਼ਟਰ ਦੀ ਪ੍ਰਾਂਤਕ ਸਰਕਾਰ ਨੂੰ ਸਾਧਾਰਨ ਲੋਕਾਂ ਦਾ ਕਿੰਨਾ ਕੁ ਫਿਕਰ ਹੈ। ਜਿਵੇਂ ਅਸੀਂ



*ਫਿਲਮਸਾਜ਼ ਆਨੰਦ ਪਟਵਰਧਨ*

ਪਹਿਲਾਂ ਦੱਸਿਆ ਹੈ ਕਿ ਇਹ ਕੁਝ ਇਕੱਲੇ ਬੰਬਈ ਵਿਚ ਨਹੀਂ ਵਾਪਰ ਰਿਹਾ, ਸਗੋਂ ਹਿੰਦੁਸਤਾਨ ਦੇ ਬਾਕੀ ਸ਼ਹਿਰਾਂ ਵਿਚ ਵੀ ਹਰ ਰੋਜ਼ ਅਜਿਹਾ ਕੁਝ ਵਾਪਰ ਰਿਹਾ ਹੈ। ਇਸ ਤੋਂ ਹਿੰਦੁਸਤਾਨ ਦੇ ਸਰਕਾਰੀ ਪ੍ਰਬੰਧ ਬਾਰੇ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਕਿ ਉਹ ਕਿੰਨਾ ਕੁ ਲੋਕ ਪੱਖੀ ਹੈ।

ਫਿਲਮ ਦੇਖਣ ਬਾਅਦ ਬੰਬੇ ਦੀ ਫਿਲਮ ਇੰਡਸਟਰੀ ਬਾਰੇ ਤਾਂ ਇਹ ਹੀ ਪਤਾ ਲਗਦਾ ਹੈ ਕਿ ਉਹ ਲੋਕਾਂ ਨਾਲ ਕਿੰਨੀ ਬਦਮਾਸ਼ੀ ਕਰ ਰਹੀ ਹੈ। ਹਰ ਸਾਲ ਮੁੰਬਈ ਵਿਚ ਸੈਂਕੜੇ ਫਿਲਮਾਂ ਬਣਦੀਆਂ ਹਨ। ਸਾਡੀ ਜਾਣਕਾਰੀ ਮੁਤਾਬਕ, 'ਹਮਾਰਾ ਸ਼ਹਿਰ ਬੰਬੇ' ਫਿਲਮ ਬਣਨ ਤੱਕ, ਸਿਰਫ ਇਕ ਫਿਲਮ (ਚੱਕਰਾ) ਤੋਂ ਬਿਨਾਂ ਕੋਈ ਵੀ ਅਜਿਹੀ ਫਿਲਮ ਨਹੀਂ ਬਣੀ ਜੋ ਮੁੰਬਈ ਦੇ ਇਨ੍ਹਾਂ ਚਾਲੀ ਲੱਖ ਲੋਕਾਂ ਦੀ ਜ਼ਿੰਦਗੀ ਉਪਰ ਸਹੀ ਰੋਸ਼ਨੀ ਪਾਉਂਦੀ ਹੋਵੇ; ਜਦੋਂਕਿ ਇਨ੍ਹਾਂ ਲੋਕਾਂ ਨਾਲ ਇਹ ਸਭ ਕੁਝ ਕਾਫੀ ਲੰਬੇ ਸਮੇਂ ਤੋਂ ਹੋ ਰਿਹਾ ਹੈ ਅਤੇ ਇਹ ਲੋਕ ਮੁੰਬਈ ਵਿਚ ਇਸ ਵਿਰੁਧ ਡਟ ਕੇ ਜੱਦੋਜਹਿਦ ਕਰ ਰਹੇ ਹਨ। ਜੇ ਮੁੰਬਈ ਦੀ ਫਿਲਮ ਇੰਡਸਟਰੀ ਆਪਣੇ ਨੱਕ ਹੇਠ ਰਹਿੰਦੇ ਲੋਕਾਂ ਦੀ ਸਹੀ ਤਸਵੀਰ ਪੇਸ਼ ਨਹੀਂ ਕਰ ਸਕਦੀ, ਤਾਂ ਬਾਕੀ ਭਾਰਤ ਵਿਚ ਰਹਿੰਦੇ ਲੋਕਾਂ ਦੇ ਜੀਵਨ ਬਾਰੇ ਕਿਸ ਤਰ੍ਹਾਂ ਦੀ ਸਚਾਈ ਪੇਸ਼ ਕਰਦੀ ਹੋਵੇਗੀ। ਸਾਫ ਜ਼ਾਹਿਰ ਹੈ ਕਿ ਮੁੰਬਈ ਦੀ ਫਿਲਮ ਇੰਡਸਟਰੀ ਹਰ ਸਾਲ ਲੋਕਾਂ ਦੀ ਜ਼ਿੰਦਗੀ ਨਾਲ ਦੂਰ ਦਾ ਵਾਸਤਾ ਨਾ ਰੱਖਣ ਵਾਲੀਆਂ, ਲੋਕਾਂ ਨੂੰ ਅਸਲੀਅਤ ਤੋਂ ਦੂਰ ਲਿਜਾਣ ਵਾਲੀਆਂ, ਸੈਂਕੜਿਆਂ ਦੀ ਗਿਣਤੀ ਵਿਚ ਫਿਲਮਾਂ ਬਣਾ ਕੇ, ਲੋਕਾਂ ਨਾਲ ਹੇਰਾ-ਫੇਰੀ ਕਰ ਰਹੀ ਹੈ।

ਇਸ ਫਿਲਮ ਦੀ ਸਾਰੀ ਕਹਾਣੀ ਫਿਲਮ ਦੇ ਇਕ ਪਾਤਰ ਵਲੋਂ ਕੀਤੀ ਅੱਗੇ ਦਿੱਤੀ ਗੱਲਬਾਤ ਵਿਚ ਸਮਾਈ ਹੈ: "ਕਿਸ ਕੀ ਕਦਰ ਹੈ? ਜੋ ਅਮੀਰ ਹੈ। ਜਿਸ ਕੇ ਪਾਸ ਮੋਟਰਕਾਰ ਹੈ, ਬੰਗਲਾ ਹੈ। ਉਸ ਕੇ ਸਾਥ ਦਸ ਆਦਮੀ ਖੜ੍ਹੇ ਰਹੇਂਗੇ। ਉਸ ਕੋ ਔਰ ਬੜਾ ਕਰੇਂਗੇ, ਪਰ ਯਿਹ ਕੋਈ ਨਹੀਂ ਸੋਚੇਗਾ ਕਿ ਕਿਤਨੇ ਗਰੀਬ ਲੋਕ ਹੈਂ। ਕਿਤਨੇ ਗਰੀਬ ਝੌਂਪੜਪੱਟੀਓਂ ਮੇਂ ਰਹਿਤੇ ਹੈਂ।" 'ਬੰਬੇ ਹਮਾਰਾ ਸ਼ਹਿਰ' ਹੈ ਤਾਂ ਦਸਤਾਵੇਜ਼ੀ ਫਿਲਮ, ਪਰ ਫੀਚਰ ਫਿਲਮਾਂ ਨਾਲੋਂ ਜ਼ਿਆਦਾ ਦਿਲਚਸਪ, ਮਨੋਰੰਜਨ ਅਤੇ ਜਾਣਕਾਰੀ ਭਰਪੂਰ ਹੈ। ਫਿਲਮ ਵਿਚ ਪੇਸ਼ ਕੀਤੇ ਨੁੱਕੜ ਨਾਟਕ ਦੇ ਦ੍ਰਿਸ਼ ਤੁਹਾਨੂੰ ਹਸਾਉਣੋਂ ਨਹੀਂ ਹਟਦੇ। 'ਆਵਾਹਨ ਨਾਟਯ ਮੰਚ' ਦੇ ਕਲਾਕਾਰਾਂ ਵਲੋਂ ਗਾਇਆ ਗੀਤ 'ਕਥਾ ਸੁਣੋ ਰੇ ਲੋਗੋ' ਮਨ ਨੂੰ ਛੂਹ ਜਾਂਦਾ ਹੈ।

ਇਸ ਫਿਲਮ ਦੇ ਡਾਇਰੈਕਟਰ ਆਨੰਦ ਪਟਵਰਧਨ ਕੈਨੇਡਾ ਦੀ ਪੰਜਾਬੀ ਕਮਿਊਨਿਟੀ ਦੀ ਆਪਣੀ ਸਾਂਝ ਹੈ। ਕੁਝ ਸਾਲ ਪਹਿਲਾਂ ਉਹਨੇ ਕੈਨੇਡਾ ਦੀ, ਖਾਸ ਕਰ ਕੇ ਵੈਨਕੂਵਰ ਦੀ ਪੰਜਾਬੀ ਕਮਿਊਨਿਟੀ ਦੇ ਇਕ ਹਿੱਸੇ (ਖੇਤ ਮਜ਼ਦੂਰਾਂ) ਬਾਰੇ ਫਿਲਮ 'ਉਠਣ ਦਾ ਵੇਲਾ' ਬਣਾਈ ਸੀ। 'ਉੱਠਣ ਦਾ ਵੇਲਾ' ਕੌਮਾਂਤਰੀ ਫਿਲਮ ਮੇਲਿਆਂ ਵਿਚ ਇਨਾਮ ਜਿੱਤ ਚੁੱਕੀ ਹੈ, ਪਰ ਹਿੰਦੁਸਤਾਨ ਦੀ ਸਰਕਾਰ ਨੇ 'ਉਠਣ ਦਾ ਵੇਲਾ' ਉਤੇ ਪਾਬੰਦੀ ਲਾ ਦਿੱਤੀ ਸੀ। ਸਾਡੀ ਜਾਚੇ ਇਸ ਫਿਲਮ ਨੂੰ ਜ਼ਿਆਦਾ ਲੋਕਾਂ ਨੂੰ ਦੇਖਣਾ ਚਾਹੀਦਾ ਹੈ। ਇਸ ਫਿਲਮ ਦਾ 'ਯੂਟਿਊਬ' ਲਿੰਕ http://www.youtube.com/watch?v=AdtHkpuZxUc ਹੈ।

# ਗੀਤਾ ਬਾਲੀ ਉਰਫ ਹਰਕੀਰਤਨ ਕੌਰ

ਬਹੁਤੇ ਲੋਕ ਸ਼ਾਇਦ ਉਸ ਨੂੰ ਭੁੱਲ ਭੁਲਾ ਗਏ ਹੋਣਗੇ, ਪਰ ਇਹ ਕੋਈ ਮਾਅਨੇ ਨਹੀਂ ਰੱਖਦਾ, ਕਿਉਂਕਿ ਕੁਝ ਤਿੱਖੀ ਨਜ਼ਰ ਵਾਲੇ ਸਿਨੇਮਾ ਪ੍ਰੇਮੀ ਅੱਜ ਵੀ ਉਸ ਦੀ ਚਰਚਾ ਕਰਦੇ ਹਨ। ਉਹ 65ਵਿਆਂ ਤੋਂ ਪਹਿਲਿਆਂ ਦੀ ਮਹੱਵਪੂਰਨ ਅਦਾਕਾਰਾ ਸੀ ਜਿਸ ਦਾ ਜਵਾਨੀ ਵਿਚ ਹੀ 21 ਜਨਵਰੀ, 1965 ਨੂੰ ਦੇਹਾਂਤ ਹੋ ਗਿਆ ਸੀ। ਗੀਤਾ ਬਾਲੀ ਨੇ ਆਪਣੇ ਸੰਖੇਪ ਜਿਹੇ ਫ਼ਿਲਮੀ

ਸੁਖਮਿੰਦਰ ਸੇਖੋਂ

ਸਫ਼ਰ ਵਿਚ ਹੀ ਇਹ ਸਾਬਤ ਕਰ ਦਿੱਤਾ ਸੀ ਕਿ ਉਸ ਵਿਚ ਉਹ ਸਾਰੀਆਂ ਖ਼ੂਬੀਆਂ ਮੌਜੂਦ ਹਨ ਜੋ ਕਿਸੇ ਉਮਦਾ ਅਦਾਕਾਰ ਵਿਚ ਹੋਣੀਆਂ ਲਾਜ਼ਮੀ ਹਨ। ਆਪਣੀਆਂ ਪਹਿਲੀਆਂ ਫ਼ਿਲਮਾਂ ਵਿਚ ਹੀ ਉਸ ਨੂੰ ਇਹ ਇਲਮ ਹੋ ਗਿਆ ਸੀ ਕਿ ਉਹ ਆਪਣੀਆਂ ਸਮਕਾਲੀ ਅਭਿਨੇਤਰੀਆਂ ਨਾਲੋਂ ਕਿਸੇ ਵੀ ਪੱਖੋਂ ਘੱਟ ਨਹੀਂ, ਨਾ ਅਦਾਕਾਰੀ ਦੇ ਪੱਖ ਤੋਂ ਅਤੇ ਨਾ ਹੀ ਖ਼ੂਬਸੂਰਤੀ ਪੱਖੋਂ। ਉਸ ਦਾ ਜੀਵਨ ਛੋਟਾ ਸੀ, ਪਰ ਫ਼ਿਲਮਾਂ ਦੀ ਗਿਣਤੀ ਤਸੱਲੀਬਖ਼ਸ਼ ਸੀ।

ਉਸ ਦੀਆਂ ਫਿਲਮਾਂ 'ਬੜੀ ਬਹਿਨ' (1949), 'ਜਾਲ' (1952), 'ਜਲ ਪਰੀ' (1952), 'ਵਚਨ' (1955) ਤੇ 'ਸਪਨੇ ਸੁਹਾਨੇ' (1961) ਕਾਫ਼ੀ ਮਕਬੂਲ ਹੋਈਆਂ ਸਨ। ਇਨ੍ਹਾਂ ਤੋਂ ਇਲਾਵਾ ਉਸ ਨੇ ਹੋਰ ਵੀ ਅਨੇਕਾਂ ਫ਼ਿਲਮਾਂ ਵਿਚ ਆਪਣੇ ਸ਼ੋਖ਼ ਤੇ ਨਿਰਾਲੇ ਅੰਦਾਜ਼ ਨਾਲ ਆਪਣੀਆਂ ਭੂਮਿਕਾਵਾਂ ਨੂੰ ਅੰਜਾਮ ਦਿੱਤਾ ਜਿਨ੍ਹਾਂ ਵਿਚ 'ਕਵੀ', 'ਮਿਲਾਪ', 'ਹੋਟਲ', 'ਮਿਸ ਇੰਡੀਆ', 'ਬਾਰਾਂਦਰ', 'ਸੈਲਾਬ', 'ਬਾਜ਼', 'ਜਵਾਬ', 'ਆਨੰਦ ਮੱਠ', 'ਅਲਬੇਲਾ', 'ਬੇਵਫ਼ਾ ਕੌਣ', 'ਸੀ.ਆਈ.ਡੀ. ਗਰਲ', 'ਗੁਨਾਹ', 'ਝਮੇਲਾ' ਆਦਿ ਸ਼ਾਮਲ ਹਨ।

ਪੱਛਮੀ ਪੰਜਾਬ ਦੀ ਜੰਮਪਲ ਇਸ ਅਦਾਕਾਰਾ ਨੇ 1950 ਵਿਚ ਐਕਟਰ ਸ਼ਮੀ ਕਪੂਰ ਨਾਲ ਵਿਆਹ ਕਰਵਾ ਲਿਆ, ਹਾਲਾਂਕਿ ਦੋਨੋਂ ਪੰਜਾਬੀ ਸਨ ਤੇ ਦੋਨਾਂ ਦੀ ਜਾਤ ਵਿਚ ਵੀ ਕੋਈ ਵਖਰੇਵਾਂ ਨਹੀਂ ਸੀ, ਪਰ ਕਪੂਰ ਖ਼ਾਨਦਾਨ ਵਿਚ ਇਸ ਵਿਆਹ ਨਾਲ ਹਲਚਲ ਮੱਚ ਗਈ। ਬਾਗ਼ੀ ਤਬੀਅਤ ਦੇ ਸ਼ਮੀ ਕਪੂਰ ਤੇ ਦਲੇਰ ਗੀਤਾ ਬਾਲੀ ਦੀ ਬਲਸ਼ਾਲੀ ਭੂਮਿਕਾ ਅੱਗੇ ਸਾਰਿਆਂ ਨੇ ਆਪਣੀ ਹਾਰ ਮੰਨ ਲਈ।

ਉਸ ਨੇ ਆਪਣੇ ਦੌਰ ਦੇ ਬਹੁਤ ਸਾਰੇ ਵੱਡੇ ਨਾਇਕਾਂ ਨਾਲ ਕੰਮ ਕੀਤਾ ਜਿਨ੍ਹਾਂ ਵਿਚੋਂ ਵਿਸ਼ੇਸ਼ ਸਨ : ਅਸ਼ੋਕ ਕੁਮਾਰ, ਦਿਲੀਪ ਕੁਮਾਰ, ਰਾਜ ਕਪੂਰ, ਦੇਵ ਆਨੰਦ, ਬਲਰਾਜ ਸਾਹਨੀ ਤੇ ਭਾਰਤ ਭੂਸ਼ਨ। ਦੇਵ ਆਨੰਦ ਨਾਲ ਉਸ ਦੀ ਜੋੜੀ ਬਹੁਤ ਫਬਦੀ ਸੀ। ਆਪਣੇ ਜ਼ਮਾਨੇ ਦੇ ਐਕਟਰ, ਹਾਸ ਕਲਾਕਾਰ ਭਗਵਾਨ ਦਾਦਾ ਨਾਲ ਵੀ ਉਸ ਨੇ ਬਤੌਰ



*ਅਦਾਕਾਰਾ ਗੀਤਾ ਬਾਲੀ*

ਨਾਇਕਾ ਫ਼ਿਲਮਾਂ ਕੀਤੀਆਂ, ਪਰ ਦੂਸਰੇ ਨਾਮੀ ਅਦਾਕਾਰ ਉਸ ਨਾਲ ਬਤੌਰ ਨਾਇਕ ਆਉਣ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਆਪਣੀਆਂ ਹੋਰ ਖ਼ਾਸ ਫ਼ਿਲਮਾਂ ਵਿਚ ਉਸ ਨੇ ਆਪਣੀ ਅਦਾਕਾਰੀ ਨੂੰ ਜਿਥੇ ਖ਼ਾਸ ਪਛਾਣ ਦਿੱਤੀ, ਉਥੇ ਆਪਣੀ ਹਰ ਭੂਮਿਕਾ ਨੂੰ ਯਾਦਗਾਰੀ ਵੀ ਬਣਾ ਦਿੱਤਾ। ਜਿਵੇਂ ਫ਼ਿਲਮ 'ਬਾਜ਼', 'ਬਾਜ਼ੀ', 'ਦੁਲਾਰੀ', 'ਪਾਕਿਟਮਾਰ', 'ਜੌਹਰੀ', 'ਇੰਸਪੈਕਟਰ', 'ਕਾਫੀ ਹਾਊਸ' ਤੇ 'ਜਲਸਾ'। ਬਿਨਾਂ ਸ਼ੱਕ ਗੀਤਾ ਉਮਦਾ ਅਭਿਨੇਤਰੀ ਤਾਂ ਸੀ ਹੀ, ਇਸ ਤੋਂ ਵੀ ਵਧੀਕ ਦਰਸ਼ਕ ਉਸ ਦੀ ਸੁੰਦਰਤਾ ਦੇ ਦੀਵਾਨੇ ਸਨ। ਉਸ ਦੀਆਂ ਅੱਖਾਂ ਬਹੁਤ ਖ਼ੂਬਸੂਰਤ ਸਨ ਜੋ ਗੋਲ-ਮਟੋਲ ਚਿਹਰੇ ਦੀ ਦਿੱਖ ਨੂੰ ਚਾਰ ਚੰਦ ਲਾਉਂਦੀਆਂ ਸਨ। ਉਸ ਦਾ ਗੀਤਾਂ ਦੇ ਨਾਲ ਨ੍ਰਿਤ ਕਰਨਾ ਤੇ ਅੱਖਾਂ ਅਤੇ ਚਿਹਰੇ ਦੀ ਅਦਾਇਗੀ ਹਰ ਦਰਸ਼ਕ ਨੂੰ ਧੂਹ ਪਾਉਂਦੀ ਸੀ। ਇਹੋ ਵਜ੍ਹਾ ਸੀ ਕਿ ਹਰ ਪਾਰਖੂ ਡਾਇਰੈਕਟਰ ਉਸ ਦੀਆਂ ਅਦਾਵਾਂ ਤੇ ਅਦਾਕਾਰੀ ਦਾ ਕਾਇਲ ਸੀ ਤੇ ਉਸ ਨੂੰ ਆਪਣੀਆਂ ਫ਼ਿਲਮਾਂ ਵਿਚ ਲੈਣ ਲਈ ਤਿਆਰ ਰਹਿੰਦਾ ਸੀ।

ਗੀਤਾ ਬਾਲੀ ਫ਼ਿਲਮ ਸਨਅਤ ਵਿਚ ਨਵੇਂ ਦਾਖਲ ਹੋਏ ਹੀਰੋ ਧਰਮਿੰਦਰ ਦੀ ਖ਼ੂਬਸੂਰਤੀ ਤੋਂ ਵੀ ਪ੍ਰਭਾਵਿਤ ਸੀ ਤੇ ਉਸ ਸੰਜੀਦਾ ਸੋਚ ਨੇ ਰਾਜਿੰਦਰ ਸਿੰਘ ਬੇਦੀ ਦਾ ਉਰਦੂ ਨਾਵਲ 'ਏਕ ਚਾਦਰ ਮੈਲੀ ਸੀ' ਪੜ੍ਹ ਕੇ ਇਹ ਫ਼ੈਸਲਾ ਕੀਤਾ ਸੀ ਕਿ ਇਸ ਉਤੇ ਫਿਲਮ ਬਣਾਏਗੀ, ਜਿਸ ਵਿਚ ਨਾਇਕ ਦੀ ਭੂਮਿਕਾ ਲਈ ਉਸ ਨੇ ਧਰਮਿੰਦਰ ਦੀ ਚੋਣ ਕੀਤੀ ਸੀ, ਪਰ ਉਮਰ ਨੇ ਉਸ ਨਾਲ ਵਫ਼ਾ ਨਹੀਂ ਕੀਤੀ। ਇਸ ਪੰਜਾਬੀ ਫ਼ਿਲਮ ਦਾ ਨਾਂ 'ਰਾਣੋ' ਸੀ। ਇਸ ਦੌਰਾਨ ਗੀਤਾ ਬਾਲੀ ਦੀ ਚੇਚਕ ਨਾਲ ਮੌਤ ਹੋ ਗਈ ਅਤੇ ਫ਼ਿਲਮ ਵਿਚਕਾਰ ਹੀ ਰਹਿ ਗਈ। ਸ਼ਮੀ ਕਪੂਰ ਨਾਲ ਵੀ ਉਸ ਦਾ ਸਾਥ ਥੋੜ੍ਹਚਿਰਾ ਹੀ ਰਿਹਾ। ਸ਼ਮੀ ਨੇ ਦੂਸਰੀ ਸ਼ਾਦੀ ਕਰਨ ਬਾਰੇ ਫ਼ੈਸਲੇ 'ਤੇ ਮੋਹਰ ਇਸ ਸ਼ਰਤ 'ਤੇ ਲਾਈ ਕਿ ਉਸ ਦੀ ਪਤਨੀ ਉਸ ਦੇ ਪਹਿਲੇ ਪਹਿਲੇ ਪਿਆਰ, ਭਾਵ ਪਹਿਲੀ ਘਰਵਾਲੀ (ਗੀਤਾ ਬਾਲੀ) ਦੇ ਬੱਚੇ ਨੂੰ ਹੀ ਆਪਣਾ ਬੱਚਾ ਸਮਝੇਗੀ। ਇਹ ਵਾਅਦਾ ਤੋੜ ਨਿਭਿਆ। ਸ਼ਮੀ ਕਪੂਰ ਤੇ ਉਸ ਦੀ ਦੂਸਰੀ ਪਤਨੀ ਨੇ ਹੋਰ ਕੋਈ ਬੱਚਾ ਪੈਦਾ ਨਹੀਂ ਕੀਤਾ। ਅੱਜ ਬੇਸ਼ਕ ਸਾਡੀ ਇਹ ਪੰਜਾਬਣ ਅਦਾਕਾਰਾ ਜਿਸ ਦਾ ਪਹਿਲਾ ਤੇ ਅਸਲ ਨਾਂ ਹਰਕੀਰਤਨ ਕੌਰ ਸੀ, ਨੂੰ ਸਾਥੋਂ ਵਿਛੜਿਆਂ ਬਹੁਤ ਸਮਾਂ ਹੋ ਗਿਆ ਹੈ, ਪਰ ਉਹ ਆਪਣੀ ਖ਼ੂਬਸੂਰਤੀ ਤੇ ਫ਼ਿਲਮਾਂ ਵਿਚ ਨਿਭਾਈਆਂ ਭੂਮਿਕਾਵਾਂ ਕਰ ਕੇ ਹਮੇਸ਼ਾ ਸਾਡੇ ਦਿਲਾਂ ਵਿਚ ਵਸਦੀ ਰਹੀ ਹੈ ਤੇ ਵਸਦੀ ਰਹੇਗੀ।



PTC PUNJABI
PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B, YUBA CITY, CA 95993
SUN WIRELESS
888-350-8005
114-11 101 AVE, SOUTH RICHMOND HILL, NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/18/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.